# ਪੂੰਜੀਵਾਦ ਦੀ ਨੈਤਿਕਤਾ

## ਤੁਹਾਡੇ ਪ੍ਰੋਫ਼ੈਸਰ ਜੋ ਤੁਹਾਨੂੰ ਨਹੀਂ ਦੱਸਣਗੇ


*ਸੰਪਾਦਨ :*

**ਟੱਮ ਜੀ. ਪਾਮਰ**

*ਅਨੁਵਾਦਕ:*

**ਕਿਰਨ ਬਾਲਾ**



ਸਟੂਡੈਂਟ ਫ਼ਾਰ ਲਿਬਰਟੀ

ਐਟਲਸ ਨੈਟਵਰਕ

ਸੈਂਟਰ ਫ਼ਾਰ ਸਿਵਲ ਸੋਸਾਇਟੀ

ਸੰਤ ਸਿੰਘ ਸੁੱਖਾ ਸਿੰਘ ਵਿਦਿਅਕ ਸੰਸਥਾਵਾਂ

**ਅੰਮ੍ਰਿਤਸਰ ਪਾਲਿਸੀ ਗਰੁੱਪ**

ਕਾਪੀਰਾਈਟ © 2011-ਸਟੂਡੈਂਟ ਫ਼ਾਰ ਲਿਬਰਟੀ ਅਤੇ ਐਟਲਸ ਇਕਨਾਮਿਕ ਰਿਸਰਚ ਫ਼ਾਉਂਡੇਸ਼ਨ

ਸਟੂਡੈਂਟ ਫ਼ਾਰ ਲਿਬਰਟੀ, ਐਟਲਸ ਨੈਟਵਰਕ, ਸੰਤ ਸਿੰਘ ਸੁੱਖਾ ਸਿੰਘ ਵਿਦਿਅਕ ਸੰਸਥਾਵਾਂ ਅਤੇ ਸੈਂਟਰ ਫ਼ਾਰ ਸਿਵਲ ਸੋਸਾਇਟੀ ਦੀ ਸਾਂਝੇਦਾਰੀ ਨਾਲ ਅੰਮ੍ਰਿਤਸਰ ਪਾਲਿਸੀ ਗਰੁੱਪ ਵਲੋਂ ਪ੍ਰਕਾਸ਼ਿਤ

ਐਟਲਸ ਇਕਨੋਮਿਕ ਰਿਸਰਚ ਫਾਉਂਡੇਸ਼ਨ ਦੁਆਰਾ ਮੁੜ ਛਾਪਣ ਦੀ ਆਗਿਆ ਜ਼ਰੂਰੀ। ਇੰਸਟੀਟਿਊਟ ਫਾੱਰ ਹਯੂਮੇਨ ਸਟਡੀਜ਼ ਦੀ ਆਗਿਆ ਨਾਲ ਲੁਡਵਿਗ ਲੈਚਮੈਨ ਦੀ 'ਦ ਮਾਰਕੀਟ ਇਕੋਨਮੀ ਐਂਡ ਦ ਡਿਸਟ੍ਰੀਬਿਊਸ਼ਨ ਆਫ ਵੈਲਥ' ਨੂੰ ਮੁੜ ਛਾਪਿਆ ਗਿਆ। ਫਾਉਂਡੇਸ਼ਨ ਫਾੱਰ ਇਕਨੋਮਿਕ ਐਜੂਕੇਸ਼ਨ ਦੀ ਆਗਿਆ ਨਾਲ ਵਰਨਾੱਨ ਸਮਿਥ ਦੀ 'ਹਯੂਮਨ ਬੈਟਰਮੈਂਟ ਥਰੂ ਗਲੋਬਲਾਈਜ਼ੇਸ਼ਨ' ਨੂੰ ਮੁੜ ਛਾਪਿਆ ਗਿਆ। ਜਾੱਨ ਟੇਮਪਲਟਨ ਫਾਉਂਡੇਸ਼ਨ ਦੀ ਆਗਿਆ ਨਾਲ ਜਗਦੀਸ਼ ਭਗਵਤੀ ਦੀ 'ਡਜ਼ ਦ ਫਰੀ ਮਾਰਕੀਟ ਕੋਰੋਡ ਮੋਰਲ ਕੈਰੇਕਟਰ? ਟੂ ਦ ਕੋਨਟਰੇਰੀ' ਨੂੰ ਮੁੜ ਛਾਪਿਆ ਗਿਆ। ਹੋਰ ਸਾਰੇ ਨਿਬੰਧਾਂ ਦੇ ਪ੍ਰਕਾਸ਼ਨ ਲਈ ਓਹਨਾਂ ਦੇ ਲੇਖ਼ਕਾਂ ਤੋ ਆਗਿਆ ਪ੍ਰਾਪਤ।

ਸੰਪਾਦਕ ਇਸ ਪੁਸਤਕ ਦੇ ਪ੍ਰਕਾਸ਼ਨ ਲਈ ਨਾ ਕੇਵਲ ਲੇਖਕਾਂ ਅਤੇ ਸੰਪੂਰਨ ਅਧਿਕਾਰ ਵਾਲਿਆਂ ਦਾ ਬਲਕਿ ਸਟੂਡੈਂਟ ਫਾਰ ਲਿਬਰਟੀ ਦੇ ਮੈਂਬਰਾ ਵਿਸ਼ੇਸ਼ ਕਰਕੇ ਕਲਾਰਕ ਰੂਪਰ, ਬ੍ਰੈਂਡਨ ਵਾਸਿਸਕੋ ਅਤੇ ਅੰਕੁਰ ਚਾਵਲਾ ਧੰਨਵਾਦ ਕਰਦਾ ਹੈ, ਜਿਹਨਾਂ ਦੀ ਮਦਦ ਸਦਕਾ ਇਹਨਾਂ ਨਿੰਬੰਧਾਂ ਦਾ ਪ੍ਰਕਾਸ਼ਨ ਸੰਭਵ ਹੋ ਸਕਿਆ। ਆਜ਼ਾਦੀ ਦੇ ਪ੍ਰਤੀ ਓਹਨਾਂ ਦਾ ਸਮਰਪਨ ਤੇ ਓਤਸ਼ਾਹ ਆਪਣੇ ਆਪ 'ਚ ਓਤਸ਼ਾਹ ਦੇਣ ਵਾਲਾ ਹੈ।

---

ਸੰਪਾਦਨ : **ਟਾੱਮ ਜੀ. ਪਾਮਰ**
ਅਨੁਵਾਦਕ : **ਕਿਰਨ ਬਾਲਾ**
ਕਵਰ ਡਿਜਾਇਨ : **ਸਿਮਰਪ੍ਰੀਤ ਕੌਰ**

ਪਹਿਲੀ ਐਡੀਸ਼ਨ : **ਸਤੰਬਰ**, 2015

*ਵਧੇਰੇ ਜਾਣਕਾਰੀ ਲਈ :*
**ਰਿਸ਼ੀ ਕੋਛੜ** (ਕੋਆਰਡੀਨੇਟਰ)
**ਅੰਮ੍ਰਿਤਸਰ ਪਾਲਿਸੀ ਗਰੁੱਪ**
ਅੰਮ੍ਰਿਤਸਰ, ਪੰਜਾਬ (ਭਾਰਤ)।
ਫ਼ੋਨ: 099144-15015
ਈ-ਮੇਲ: rishikochar@gmail.com
facebook.com/amritsarpolicygroup

*ਪ੍ਰਿੰਟਰ :*
**ਪ੍ਰਿੰਟਵੈਲ**,
146 ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਵਿਸ਼ਾ ਸੂਚੀ


| | | |
|---|---|---|
| ਪੂੰਜੀਵਾਦ ਵਿਚ ਅਭੇਦ ਨੈਤਿਕਤਾ ਸਬੰਧੀ ਦੋ ਸ਼ਬਦ | *ਜਗਦੀਸ਼ ਸਿੰਘ* | 5 |
| ਪੂੰਜੀਵਾਦ ਦਾ ਧਰਮ | *ਗੁਰਚਰਨ ਦਾਸ* | 8 |
| ਪ੍ਰਸਤਾਵਨਾ: ਪੂੰਜੀਵਾਦ ਵਿਚਲੀ ਨੈਤਿਕਤਾ | *ਟਾੱਮ ਜੀ. ਪਾਮਰ* | 14 |
| **• ਖੰਡ - 1** | | |
| **ਉੱਦਮਸ਼ੀਲ ਪੂੰਜੀਵਾਦ ਦੇ ਗੁਣ** | | 31 |
| ਇੱਕ ਉੱਦਮੀ ਨਾਲ ਮੁਲਾਕਾਤ | *ਟਾੱਮ ਜੀ. ਪਾਮਰ* | 33 |
| ਸੁਤੰਤਰਤਾ ਅਤੇ ਸਨਮਾਨ/ਗੌਰਵ ਆਧੁਨਿਕ.... | *ਡੇਰਦਰੇ ਐਨ. ਮੈਕਲੋਸਕੀ* | 50 |
| ਮੁਕਾਬਲਾ ਅਤੇ ਸਹਿਯੋਗ | *ਡੇਵਿਡ ਬੋਇਜ਼* | 56 |
| ਲਾਭ ਆਧਾਰਿਤ ਇਲਾਜ ਅਤੇ ਕਰੁਣਾ ਦਾ ਉਦੇਸ਼ | *ਟਾੱਮ ਜੀ. ਪਾਮਰ* | 64 |
| **• ਖੰਡ-2** | | |
| **ਸਵੈ-ਇਛੁੱਕ ਵਾਰਤਾਲਾਪ ਅਤੇ ਸਵੈਹਿੱਤ** | | 69 |
| ਵਿਰੋਧੀਭਾਸੀ ਨੈਤਿਕਤਾ | *ਮਾਉ ਯੂਸੀ* | 71 |
| ਬਾਜ਼ਾਰ ਆਧਾਰਿਤ ਸਮਾਜ ਵਿੱਚ ਸਮਾਨਤਾ ਅਤੇ ਅਸਮਾਨਤਾ... | *ਲਿਓਨਿਡ ਵੀ. ਨਿਕੋਨੋਵ* | 86 |
| ਐਡਮ ਸਮਿੱਥ ਅਤੇ ਲਾਲਚ ਦੀ ਮਿੱਥ | *ਟਾੱਮ ਜੀ. ਪਾਮਰ* | 95 |
| ਆਇਨ ਰੈਂਡ ਅਤੇ ਪੂੰਜੀਵਾਦ; ਨੈਤਿਕ ਕ੍ਰਾਂਤੀ | *ਡੇਵਿਡ ਕੈਲੀ* | 102 |
| **• ਖੰਡ-3** | | |
| **ਧਨ ਦਾ ਉਤਪਾਦਨ ਅਤੇ ਵੰਡ** | | 121 |
| ਭਾਰਤ ਦੀ ਮੁਸ਼ਕਿਲ: ਆਰਥਿਕ ਸੁਤੰਰਤਾ ਦੀ ਅਸਮਾਨ ਵੰਡ | *ਪਾਰਥ ਜੇ. ਸ਼ਾਹ* | 123 |
| ਅਸਮਾਨਤਾ ਲਈ ਚਿੰਤਾ ਨਾ ਕਰੋ | *ਸਵਾਮੀਨਾਥਨ ਸ. ਅੰਕਲੇਸਰੀਆ ਅਈਅਰ* | 132 |
| ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਅਤੇ ਧਨ ਦੀ ਵੰਡ | *ਲੁਡਵਿੰਗ ਲੈਚਮੇਨ* | 137 |
| ਰਾਜਨੀਤੀਕ ਅਤੇ ਆਰਥਿਕ ਸੁਤੰਤਰਤਾ ਦਾ ਸੰਯੋਜਨ/ਮੇਲ... | *ਟੈਂਬਾ ਏ. ਨੋਲੁਤਸ਼ੁੰਗੂ* | 148 |
| **• ਖੰਡ-4** | | |
| **ਵਿਸ਼ਵਿਕ ਪੂੰਜੀਵਾਦ** | | 153 |
| ਅੰਤਰ ਰਾਸ਼ਟਰੀ ਪੂੰਜੀਵਾਦ ਅਤੇ ਨਿਆਂ | *ਜੂਨ ਅਰੂੰਗਾਂ* | 155 |
| ਵਿਸ਼ਵੀਕਰਨ ਦੇ ਮਾਧਿਅਮ ਦੁਆਰਾ ਮਾਨਵਤਾ ਦੀ ਉੱਨਤੀ | *ਵੇਰਨਨ ਸਮਿਥ* | 160 |
| ਕੀ ਸੁਤੰਤਰਤਾ ਬਾਜ਼ਾਰ ਨੈਤਿਕ ਚਰਿਤ੍ਰ ਨੂੰ ਖਤਮ ਕਰਦੀ ਹੈ?... | *ਜਗਦੀਸ਼ ਭਗਵਤੀ* | 167 |
| ਸੱਭਿਆਚਾਰ ਦੀ ਸੁਤੰਤਰਤਾ | *ਮਾਰਿਆ ਵਰਗਾਸ ਲੋਸਾ* | 172 |
| ਅੰਮ੍ਰਿਤਸਰ ਪਾਲਿਸੀ ਗਰੁੱਪ-ਬਾਰੇ | | 184 |
| ਮਨੋਰੰਜਨ ਅਤੇ ਲਾਭ ਲਈ ਕੁਝ ਹੋਰ ਅਧਿਐਨ ਸਮਗਰੀ | *ਡਾ. ਟਾੱਮ ਜੀ. ਪਾੱਮਰ* | 184 |
| ਨੋਟਸ | | 186 |

# ਪੂੰਜੀਵਾਦ ਵਿਚ ਅਭੇਦ ਨੈਤਿਕਤਾ ਸਬੰਧੀ ਦੋ ਸ਼ਬਦ

ਬਾਜਾਰ ਸ਼ਬਦ ਕੰਨਾਂ ਵਿਚ ਪੈਂਦਿਆਂ ਹੀ ਅਕਸਰ ਲਾਭ-ਹਾਨੀ, ਮੋਲ-ਤੋਲ ਅਤੇ ਲੈਣ ਦੇਣ ਦੀ ਪ੍ਰਕਿਰਿਆ ਦੇ ਵਿਚਾਰ ਜਿਹਨ ਵਿਚ ਉਮੜ ਪੈਂਦੇ ਹਨ। ਅਸੀਂ ਹਰੇਕ ਇਨਸਾਨ ਬਾਜ਼ਾਰ ਸ਼ਬਦ ਦੇ ਨਾਲ ਇਨਸਾਨੀਅਤ ਦੇ ਰਿਸ਼ਤੇ ਨੂੰ ਪੂਰੀ ਸਿੱਧੇ ਅਰਥਾਂ ਵਿਚ ਬੇਹੱਦ ਘੱਟ ਵੇਖਦੇ ਹਾਂ। ਬਾਜ਼ਾਰ ਮਸ਼ੀਨੀ ਢੰਗ ਨਾਲ ਵਿਵਹਾਰ ਕਰਨ ਵਾਲਾ ਸਥਾਨ ਹੈ। ਜਿੱਥੇ ਜਜਬਾਤ ਅਤੇ ਭਾਵਨਾਵਾਂ ਦੀ ਕਦਰ ਤੇ ਪਰਵਾਹ ਕਰਨ ਦਾ ਵਿਚਾਰ ਬੇਇਮਾਨੇ ਲੱਗਦਾ ਹੈ। ਹੱਥਲੀ ਪੂੰਜੀਵਾਦ ਸਤਰ ਜਿਸਨੂੰ ਕਿ ਇਕ ਭੌਤਿਕਵਾਦੀ ਪ੍ਰਣਾਲੀ ਕਹਿ ਕੇ ਅਕਸਰ ਦਾਰਸ਼ਨਿਕਾਂ ਅਤੇ ਵਿਚਾਰਕਾਂ ਨੇ ਭੰਡਿਆ ਹੈ, ਨੂੰ ਨੈਤਿਕਤਾ ਨਾਲ ਜੋੜਦੀ ਹੋਈ ਬਜ਼ਾਰ ਨੂੰ, ਇਨਸਾਨੀਅਤ, ਕਰੁਣਾ ਅਤੇ ਭਾਵਨਾਵਾਂ ਨਾਲ ਜੋੜ ਰਹੀ ਹੈ।

ਬਤੌਰ ਇਤਿਹਾਸਕਾਰ ਜਾਇਸੀ ਟੇਪਲਬਾਏ ਨੇ ਆਪਣੇ ਹੁਣੇ ਕੀਤੇ ਅਧਿਐਨ 'ਦ ਰੀਨੈਂਟਲੈਸ ਰੈਵੋਲਿਊਸ਼ਨ : ਏ ਹਿਸਟਰੀ ਆਫ ਕੈਪਿਟਿਲਿਜ਼ਮ' ਵਿਚ ਲਿਖਿਆ ਹੈ ਕਿ, "ਪੂੰਜੀਵਾਦ ਇਕ ਸਭਿਆਚਾਰਕ ਪ੍ਰਣਾਲੀ ਹੈ, ਸਾਧਾਰਨ ਆਰਥਿਕ ਪ੍ਰਣਾਲੀ ਨਹੀ" ਇਸ ਲਈ ਇਸ ਦੀ ਵਿਆਖਿਆ ਸਿਰਫ ਭੌਤਿਕ ਕਾਰਨਾਂ/ਕਾਰਜਾਂ ਦੇ ਅਧਾਰ ਤੇ ਨਹੀ ਹੋ ਸਕਦੀ। ਪੂੰਜੀਵਾਦ ਮਨੁੱਖ ਦੀ ਸਿਰਜਨਸ਼ੀਲਤਾ ਨੂੰ ਆਦਰ ਦੇਂਦਾ ਹੋਇਆ ਇਸਦੇ ਓਦਮਸ਼ੀਲ ਅਤੇ ਨਵੀਆਂ ਕਾਢਾਂ ਵਾਲੇ ਸੁਭਾਓ ਨੂੰ ਉਤਸ਼ਾਹਿਤ ਕਰਕੇ ਮਾਨਵਤਾ ਦੀ ਹੀ ਸੇਵਾ ਕਰਦਾ ਹੈ।

ਪੂੰਜੀਵਾਦ ਸਮਾਜਵਾਦੀ ਤਾਨਾਸ਼ਾਹਾਂ ਵਾਂਗ ਝੂਠ ਤੇ ਲਾਰਿਆਂ ਜਾਂ ਥੋਥੇ ਉਪਦੇਸ਼ਾਂ ਦੇ ਅਧਾਰ ਤੇ ਲੋਕਾਂ ਨੂੰ ਵਿਕਾਸ ਕਰਨ ਲਈ ਨਹੀ ਕਹਿੰਦਾ ਬਲਕਿ ਇਹ ਨਵੀਆਂ ਕਦਰਾਂ ਕੀਮਤਾਂ ਨੂੰ ਉਸਾਰਦਾ ਹੋਇਆ ਆਰਥਿਕ ਬਜਾਰ ਨੂੰ ਨਵੀਆਂ ਤਕਨੀਕਾਂ ਤੇ ਢੰਗਾਂ ਨਾਲ ਅੱਗੇ ਵਧਣ ਦਾ ਸੁਪਨਾ ਅਤੇ ਫਿਰ ਉਸ ਨੂੰ ਹਕੀਕਤ ਵਿਚ ਬਦਲਣ ਲਈ ਉਤਸ਼ਾਹਿਤ ਕਰਦਾ ਹੈ। ਓਸਦੀ ਸਾਰੀ ਸਫਲਤਾ ਇਸੇ ਹੀ ਓਦਮ ਵਿਚ ਹੈ।

ਆਧੁਨਿਕ ਸੁਤੰਤਰ ਬਾਜਾਰ ਸਿਰਫ ਵਸਤੂਆਂ ਦੇ ਆਦਾਨ ਪ੍ਰਦਾਨ ਕਰਨ ਦੀ ਥਾਂ ਨਹੀ ਰਹਿ ਗਿਆ, ਬਲਕਿ ਹੁਣ ਇਸਦਾ ਕਿਰਦਾਰ ਰਚਨਾਤਮਕ ਵਿਨਾਸ਼ (Creative Destruction) ਦੀ ਲਹਿਰ ਦੇ ਨਿਰਮਾਤਾ ਦਾ ਹੋ ਗਿਆ ਹੈ।ਦਸ ਸਾਲ ਪਹਿਲਾਂ ਜੋ ਕੁਝ ਨਵਾਂ ਸੀ, ਅੱਜ ਪੁਰਾਣਾ ਹੈ। ਨਵੀਆਂ ਕਾਢਾਂ, ਯੰਤਰਾਂ, ਤਕਨੀਕਾਂ

ਨੇ ਉਸ ਪੁਰਾਣੇ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ। ਆਧੁਨਿਕ ਵਿਸ਼ਵ ਦੇ ਸੁਤੰਤਰ ਬਾਜਾਰਾਂ ਅਤੇ ਇਸਦੇ ਦੁਆਰਾ ਪਿੱਛੇ ਛੱਡੇ ਗਏ ਪੁਰਾਣੇ ਬਾਜਾਰਾਂ ਦੇ ਵਿਚਕਾਰ ਜੋ ਚੀਜ ਅੰਤਰ ਪੈਦਾ ਕਰ ਰਹੀ ਹੈ, ਉਸ ਨੂੰ ਪੂੰਜੀਵਾਦ ਦਾ ਨਾਮ ਦਿੱਤਾ ਗਿਆ ਹੈ। ਇਹ ਇਕ ਸਹਿਜ ਸੁਭਾਵਕ ਅਤੇ ਸਵੈ ਨਿਯੰਤਰਿਤ ਪ੍ਰਬੰਧ ਹੈ। ਵਰਤਮਾਨ ਸਮੇਂ ਉੱਪਰ ਪੂੰਜੀਵਾਦ ਸ਼ਬਦ ਦੇ ਨਾਲ ਨੈਤਿਕਤਾ ਸ਼ਬਦ ਨੂੰ ਜੋੜਦਿਆਂ ਇਸਦੈ ਮਨੁੱਖੀ ਗੁਣਾਂ ਨਾਲ ਤੇ ਖਾਸ ਕਰਕੇ ਉਸਦੇ ਫਾਇਦੇ (ਉਹ ਚਾਹੇ ਭੌਤਿਕ ਹੋਣ ਜਾਂ ਮਾਨਸਿਕ), ਨੂੰ ਦਰਸਾਇਆ ਗਿਆ ਹੈ।

ਪੂੰਜੀਵਾਦ ਸ਼ਬਦ ਨੂੰ ਇਨੇ ਮਾੜੇ ਅਰਥਾਂ ਵਿਚ ਪੇਸ਼ ਕੀਤਾ ਜਾ ਚੁੱਕਾ ਅਤੇ ਭੰਡਿਆ ਗਿਆ ਹੈ ਕਿ ਜਿਵੇਂ ਇਹ ਗੈਰ ਮਨੁਖੀ ਜਾਂ ਅਮਾਨਵੀ ਪ੍ਰਣਾਲੀ ਹੈ। ਪਰੰਤੂ ਇਸ ਦੇ ਨੈਤਿਕ ਪੱਖ ਨੇ ਇਸ ਗੱਲ ਨੂੰ ਸਿੱਧ ਕਰ ਦਿੱਤਾ ਹੈ ਕਿ ਇਹ ਪ੍ਰਣਾਲੀ ਫਾਇਦੇ ਦੀ ਗੱਲ ਤਾਂ ਕਰਦੀ ਹੈ ਪਰੰਤੂ ਉਸ ਵਿਚੋਂ ਇਨਸਾਨ ਦਾ ਹਰੇਕ ਹਿੱਤ (ਭੌਤਿਕ, ਮਾਨਸਿਕ) ਨੂੰ ਅੱਖੋਂ ਉਹਲੇ ਨਹੀ ਕਰਦੀ ਹੈ।

ਇਕ ਉਦਮਸ਼ੀਲ ਪੂੰਜੀਵਾਦੀ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਆਪਣੇ ਸਿਧਾਂਤਾ ਦੇ ਪ੍ਰਤੀ ਇਮਾਨਦਾਰ ਰਹੇ। ਉਹ ਸਿਰਫ ਖੁਦ ਲਈ ਪੈਸਾ ਨਾ ਕਮਾ ਰਿਹਾ ਹੋਵੇ ਬਲਕਿ ਸਾਰੀ ਦੁਨੀਆਂ ਦੇ ਲੋਕਾਂ ਦੇ ਫਾਇਦੇ ਬਾਰੇ ਅਤੇ ਹਿੱਤ ਬਾਰੇ ਸੋਚ ਰਿਹਾ ਹੋਵੇ। ਉਸਦੇ ਮਕਸਦ ਵਿਚ ਦੂਸਰਿਆਂ ਦਾ ਆਰਥਿਕ ਵਿਕਾਸ ਵੀ ਸਥਾਨ ਰਖਦਾ ਹੋਵੇ।

ਹੋਲ ਫੂਡ (Whole Food) ਦੇ ਸਹਾਇਕ ਮੁੱਖ ਕਾਰਜਕਰਤਾ ਅਧਿਕਾਰੀ ਜਾੱਨ ਮੈਕਏ ਤਾਂ ਇਥੋਂ ਤੱਕ ਕਹਿ ਰਿਹਾ ਹੈ ਕਿ ਅਸੀ ਮੁਨਾਫੇ ਦੇ ਵੱਡੇ ਹਿੱਸੇ ਵੀ ਆਪਣੀਆਂ ਜੇਬਾਂ ਵਿਚ ਨਹੀ ਰੱਖਦੇ ਬਲਕਿ ਹੋਰ ਵਧੀਆ ਯੋਜਨਾਵਾਂ ਤੇ ਦੂਸਰਿਆਂ ਲੋਕਾਂ ਦੀ ਤਰੱਕੀ ਅਤੇ ਲਾਭ ਨੂੰ ਵਧਾਉਣ ਲਈ ਵਪਾਰ ਵਿਚ ਖਰਚ ਕਰਦੇ ਹਾਂ ਅਤੇ ਇਹ ਹਮੇਸ਼ਾ ਇੰਝ ਹੁੰਦਾ ਆਇਆ ਹੈ, ਭਾਂਵੇਂ ਕਿ ਬਾਜਾਰ ਵਿਚ ਹਮੇਸ਼ਾਂ ਤੋਂ ਹੀ ਮੁਕਾਬਲੇ ਦੀ ਭਾਵਨਾ ਦਾ ਜਿਕਰ ਹੁੰਦਾ ਹੈ। ਪੂੰਜੀਵਾਦ ਇਸੇ ਮੁਕਾਬਲੇ ਨੂੰ ਸਹਿਯੋਗ ਸ਼ਬਦ ਨਾਲ ਮੇਲਦਾ ਹੋਇਆ ਕਹਿੰਦਾ ਹੈ ਕਿ ਮਨੁੱਖ ਸਹਿਯੋਗ ਲਈ ਪੈਦਾ ਹੋਇਆ ਹੈ ਨਾਂ ਕਿ ਮੁਕਾਬਲੇ ਲਈ।

ਨਿਰੀ ਭੌਤਿਕਵਾਦੀ ਸੋਚ ਤੇ ਮੁਕਾਬਲੇ ਦੀ ਅੰਨੀ ਭਾਵਨਾ ਦੇ ਅਧਾਰ ਤੇ ਕੋਈ ਵੀ ਵਿਸ਼ਵ ਤਰੱਕੀ ਨਹੀ ਕਰ ਸਕਦਾ ਕਿਉਂਕਿ ਤਰੱਕੀ ਕਦੀ ਵਿ ਵਸਤੂਆਂ ਦੀ ਨਹੀਂ ਹੁੰਦੀ ਬਲਕਿ ਮਨੁੱਖਤਾ ਦੀ ਉੱਨਤੀ ਵੀ ਹੁੰਦੀ ਹੈ। ਵਿਸ਼ਵ ਦੇ ਇਤਿਹਾਸ ਬੋਲਦੇ ਹਨ ਕਿ ਮਨੁੱਖ ਦੀ ਤਰੱਕੀ ਵਿਚ ਆਰਥਿਕ ਮੁਕਾਬਲਾ ਨਹੀ ਬਲਕਿ ਆਰਥਿਕ ਸਹਿਯੋਗ ਹਮੇਸ਼ਾ ਮੌਜੂਦ ਰਿਹਾ ਹੈ।

ਬਜ਼ਾਰ ਦੇ ਅਲੋਚਕ ਅਸਲ ਵਿਚ ਇਹ ਸ਼ਿਕਾਇਤ ਕਰਦੇ ਹਨ ਕਿ ਪੂੰਜੀਵਾਦ ਲੋਕਾਂ ਨੂੰ ਸਵਾਰਥ ਦੇ ਪ੍ਰਤੀ ਉਤਸ਼ਾਹਿਤ ਕਰਦਾ ਹੈ। ਹਕੀਕਤ ਇਹ ਹੈ ਕਿ ਲੋਕ ਸਾਰੀਆਂ

ਰਾਜਨੀਤਿਕ ਪ੍ਰਣਾਲੀਆਂ ਦੇ ਅਧੀਨ ਸਵਾਰਥੀ ਹੁੰਦੇ ਹਨ। ਬਜਾਰ ਤਾਂ ਉਹਨਾਂ ਦੇ ਸਵਾਰਥ ਨੂੰ ਸਮਾਜਿਕ ਲਾਭ ਦੀ ਦਿਸ਼ਾ ਵਿਚ ਮੋੜਦਾ ਹੈ। ਉਹ ਆਪਣੇ ਸਵੈ ਹਿੱਤ ਨੂੰ ਵੀ ਧਿਆਨ ਚ' ਰੱਖਦੇ ਹਨ ਪਰੰਤੂ ਦੂਸਰਿਆਂ ਨਾਲ ਸਹਿਯੋਗ ਕਰਦੇ ਹੋਏ ਯੋਜਨਾਵਾਂ ਬਣਾਉਂਦੇ ਤੇ ਕੰਮ ਕਰਦੇ ਹਨ, ਕਿਉਂਕਿ ਸਹਿਯੋਗ ਵਿਚ ਹੀ ਉਹਨਾਂ ਦਾ ਸਵੈ ਹਿੱਤ ਸਮਾਇਆ ਹੁੰਦਾ ਹੈ। ਉਹ ਇਕੱਠੇ ਮਿਲਕੇ ਕੰਮ ਕਰਨ ਅਤੇ ਆਪਸੀ ਸਹਿਯੋਗ ਲਈ ਬਿਹਤਰ ਢੰਗ ਲੱਭਣ ਦੇ ਪ੍ਰਯੋਗ ਕਰਦੇ ਰਹਿੰਦੇ ਹਨ। ਸਹਿਯੋਗ ਦੀ ਭਾਵਨਾ ਚ' ਵੀ ਵਾਧਾ ਹੁੰਦਾ ਹੈ ਤੇ ਵੱਡੇ ਆਰਥਿਕ ਕੰਮਾਂ ਨੂੰ ਕਰਨ ਦਾ ਉਤਸ਼ਾਹ ਵੀ ਮਿਲਦਾ ਹੈ। ਪੂੰਜੀਵਾਦੀ ਵਿਵਸਥਾ ਵਿਚ ਸਹਿਯੋਗ ਦੀ ਵੀ ਉਨੀ ਹੀ ਜਗ੍ਹਾ ਹੈ ਜਿੰਨੀ ਕਿ ਮੁਕਾਬਲੇ ਦੀ। ਇੰਝ ਪੂੰਜੀਵਾਦ ਮਾਨਵਤਾ ਨੂੰ ਕਰੁਣਾਮਈ ਹੋ ਕੇ ਆਰਥਿਕ ਵਿਕਾਸ ਵੱਲ ਤੋਰਨ ਦੀ ਗੱਲ ਕਰਦਾ ਹੈ। ਸੁਤੰਤਰ ਬਾਜਾਰ ਵਾਲੀ ਅਰਥ-ਵਿਵਸਥਾ ਵਿਚ ਲਾਭ ਦਾ ਇਕ ਮਕਸਦ ਹੋ ਸਕਦਾ ਹੈ ਪਰ ਉਸਦਾ ਦੂਸਰਾ ਨਾਮ ਕਰੁਣਾ ਹੋਣਾ ਚਾਹੀਦਾ ਹੈ।

ਇਸ ਵਿਵਾਦ ਦਾ ਹਲ ਪ੍ਰਸਿੱਧ ਅਰਥਸ਼ਾਸਤਰੀ ਡਾਕਟਰ ਟਾੱਮ ਜੀ. ਪਾਮਰ ਦੁਆਰਾ ਸੰਪਾਦਿਤ ਕਿਤਾਬ "ਪੂੰਜੀਵਾਦ ਦੀ ਨੈਤਿਕਤਾ" ਵਿਚ ਬੜੇ ਹੀ ਅਹਿਮ ਮੁੱਦੇ ਪੂੰਜੀਵਾਦ ਅਤੇ ਸਮਾਜਵਾਦ ਬਹੁ ਚਰਚਿਤ ਮੁੱਦੇ ਤੇ ਖੁੱਲ ਕੇ ਵੀਚਾਰਾਂ ਦਾ ਖੁਲਾਸਾ ਕੀਤਾ ਹੈ।

ਇਹ ਮੁੱਦਾ ਸੰਸਾਰ ਦੇ ਵੱਡੇ ਵੱਡੇ ਦੇਸ਼ਾਂ ਨੇ ਇਕ ਦੂਜੇ ਤੇ ਦੂਸ਼ਨਬਾਜ਼ੀ ਰਾਹੀਂ ਖੂਬ ਉਛਾਲਿਆ ਅਤੇ ਸੰਸਾਰ ਨੂੰ ਦੋ ਧੜਿਆਂ ਵਿਚ ਵੰਡ ਰੱਖਿਆ ਹੈ। ਮਜਬੂਤ ਗੁੱਟ ਹੋਂਦ ਵਿਚ ਆਏ ਹੋਏ ਹਨ, ਜੋ ਦੁਨੀਆਂ ਨੂੰ ਨਾਸ਼ਮਾਨਤਾ ਦੇ ਕਿਨਾਰੇ ਵੀ ਖੜ੍ਹਾ ਕਰ ਸਕਦੇ ਹਨ।

ਡਾਕਟਰ ਪਾਮਰ ਨੇ ਇਸ ਪੁਸਤਕ ਰਾਹੀਂ ਇਹ ਸਪਸ਼ਟ ਕਰਨ ਦਾ ਸਫਲ ਯਤਨ ਕੀਤਾ ਹੈ ਕਿ ਪੂੰਜੀਵਾਦ ਵਿਚ ਜੇ ਨੈਤਿਕਤਾ ਹੋਵੇ ਤਾਂ ਇਹ ਦੋਨੋ ਇਕ ਦੂਜੇ ਦੇ ਪੂਰਕ ਹੋ ਕੇ ਮਨੁੱਖ ਲਈ ਸੁੱਖ ਦੇ ਸਾਧਨ ਬਣਦੇ ਹਨ ਨਾਂ ਕਿ ਵਿਰੋਧੀ।ਡਾਕਟਰ ਪਾਮਰ ਨੇ ਆਪਣੀ ਇਸ ਥੀਸਿਜ਼ ਬਾਰੇ ਹਥਲੀ ਪੁਸਤਕ ਵਿਚ ਖੁੱਲ ਕੇ ਚਰਚਾ ਕੀਤੀ ਹੈ, ਜਿਸ ਨੂੰ ਪੜ੍ਹਨ ਉਪਰੰਤ ਪਾਠਕਾਂ ਨੂੰ ਪੂੰਜੀਵਾਦ ਦੀ ਨੈਤਿਕਤਾ ਤੇ ਮਨੁੱਖਤਾ ਲਈ ਹੋਣ ਵਾਲੇ ਲਾਭ ਦਾ ਗਿਆਨ ਹੋ ਜਾਂਦਾ ਹੈ।

ਮੈਂ ਨਿਜੀ ਤੌਰ ਤੇ ਸ਼੍ਰੀ ਰਿਸ਼ੀ ਕੋਛੜ ਜੀ, ਕੋਆਰਡੀਨੇਟਰ, ਅੰਮ੍ਰਿਤਸਰ ਪਾਲਿਸੀ ਗਰੁੱਪ ਦਾ ਰਿਣੀ ਹਾਂ ਜਿੰਨਾਂ ਨੇ ਡਾ: ਟਾੱਮ ਜੀ. ਪਾਮਰ, ਪ੍ਰਸਿੱਧ ਅੰਤਰਰਾਸ਼ਟਰੀ ਅਰਥ-ਸ਼ਾਸਤਰੀ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ, ਜੋ ਸੰਸਾਰ ਵਿਚ ਅਮਨ ਨੂੰ ਕਾਇਮ ਰੱਖਣ ਲਈ ਵਿਰੋਧੀ ਵੀਚਾਰਾਂ ਦਾ ਸਮੇਲ ਕਰਨ ਵਿਚ ਆਪਣਾ ਸਮਾਂ ਲਗਾ ਰਹੇ ਹਨ।

**ਜਗਦੀਸ਼ ਸਿੰਘ**

**02 ਸਤੰਬਰ, 2015**

*ਮੈ: ਡਾਇਰੈਕਟਰ*

*ਸੰਤ ਸਿੰਘ ਸੁੱਖਾ ਸਿੰਘ ਵਿਦਿਅਕ ਸੰਸਥਾਵਾਂ*

*ਹੈੱਡ ਆਫਿਸ, ਮਾਲ ਰੋਡ, ਸ਼੍ਰੀ ਅੰਮ੍ਰਿਤਸਰ*

# ਪੂੰਜੀਵਾਦ ਦਾ ਧਰਮ

ਟਾੱਮ-ਪਾਮਰ ਨੇ ਬਾਜ਼ਾਰ ਦੇ ਨੈਤਿਕ ਪੱਖਾਂ ਨਾਲ ਸੰਬੰਧਿਤ ਅਤਿ-ਮਹੱਤਵਪੂਰਨ ਵਿਚਾਰਾਂ ਉੱਪਰ ਅਧਾਰਿਤ ਇੱਕ ਦਿਲਕਸ਼ ਨਿਬੰਧ-ਮਾਲਾ ਦਾ ਸੰਪਾਦਨ ਕੀਤਾ ਹੈ। ਮੁੱਢਲੇ ਸ਼ਬਦਾਂ ਦੇ ਲੇਖਨ ਦੁਆਰਾ ਇਸ ਸੰਵਾਦ ਵਿੱਚ ਯੋਗਦਾਨ ਪਾਉਣ ਦਾ ਸੱਦਾ ਮਿਲਣ 'ਤੇ ਮੈਂ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰਦਾ ਹਾਂ।

ਭਾਵੇਂ ਕਿ 1991 ਤੋਂ ਹੀ ਭਾਰਤ ਵਿਚ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਹੋਇਆਂ ਅਤੇ ਉਦਾਰੀਕਰਣ ਦੁਆਰਾ 'ਬਾਜ਼ਾਰ' ਨਾਲ ਭਾਰਤੀਆ ਦਾ ਸੁਹਿਰਦ ਰਿਸ਼ਤਾ ਬਣਿਆ ਦੋ ਦਹਾਕੇ ਬੀਤ ਚੁੱਕੇ ਹਨ, ਪਰ ਇਸਦੇ ਬਾਵਜੂਦ ਪੂੰਜੀਵਾਦ ਨੂੰ ਭਾਰਤ ਵਿਚ ਆਪਣਾ ਸਹੀ ਮੁਕਾਮ ਹਾਸਿਲ ਕਰਨ ਲਈ ਅਜੇ ਤਕ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਜ਼ਿਆਦਾਤਰ ਲੋਕਾਂ ਵਾਂਗ ਭਾਰਤੀ ਵੀ ਮੰਨਦੇ ਹਨ ਕਿ ਬਾਜ਼ਾਰ (ਵਿਉਪਾਰ) ਫਾਇਦੇਮੰਦ ਤਾਂ ਹੈ ਪਰ ਨੈਤਿਕ ਨਹੀ ਹੈ। ਪਰੰਤੂ ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀ ਹਾਂ। ਮੇਰਾ ਵਿਸ਼ਵਾਸ਼ ਹੈ ਕਿ ਅਨੈਤਿਕ ਬਾਜ਼ਾਰ ਨਹੀਂ ਇਨਸਾਨ ਹੁੰਦਾ ਹੈ ਅਤੇ ਲੋਕਤੰਤਰ ਹੋਵੇ ਜਾਂ ਰਾਜਤੰਤਰ ਸਮਾਜਵਾਦ ਵਿਵਸਥਾ ਹੋਵੇ ਜਾਂ ਪੂੰਜੀਵਾਦੀ ਸਮਾਜ, ਬੁਰਾ ਵਿਵਹਾਰ ਤਾਂ ਉਹ ਅਨੈਤਿਕ ਇਨਸਾਨ ਹੀ ਕਰਦਾ ਹੈ। ਬਾਜ਼ਾਰ ਨਾਮਕ ਸੰਸਥਾ ਆਪਣੇ ਆਪ ਵਿਚ ਪੂਰੀ ਤਰ੍ਹਾਂ ਨੈਤਿਕ ਹੁੰਦੀ ਹੈ ਅਤੇ ਇਸਦੇ ਇਸ ਨੈਤਿਕ ਸੁਭਾਅ ਦੇ ਸਬੰਧ ਵਿਚ ਜੋ ਚੀਜ਼ ਮੈਨੂੰ ਪੂਰੀ ਤਰ੍ਹਾਂ ਆਸਵੰਦ ਬਣਾਉਦੀ ਹੈ ਉਹ ਹੈ ਭਾਰਤੀ ਧਰਮ ਪਰੰਪਰਾ ਦੇ ਪ੍ਰਤੀ ਮੇਰਾ ਵਿਸ਼ਵਾਸ਼। ਵਿਉਪਾਰ ਪ੍ਰਣਾਲੀ ਦੀ ਬੁਨਿਆਦ ਵਿੱਚ ਨਿੱਜੀ ਹਿੱਤ ਤੋਂ ਉਤਸ਼ਾਹਿਤ ਆਮ ਇਨਸਾਨ, ਜੋ ਬਾਜ਼ਾਰ ਵਿਚ ਸ਼ਾਂਤੀਪੂਰਨ ਤਰੀਕੇ ਨਾਲ ਆਪਣੇ ਵਿਉਪਾਰ ਨੂੰ ਅੱਗੇ ਵਧਾਉਂਦਾ ਹੈ, ਦੇ ਦਰਮਿਆਨ ਆਦਾਨ-ਪ੍ਰਦਾਨ ਪ੍ਰਕਿਰਿਆ ਮੱਖ ਉਦੇਸ਼ ਹੈ। ਧਰਮ ਹੀ ਉਹ ਕਾਰਨ ਹੈ ਜੋ ਬਾਜ਼ਾਰ ਵਿਚ ਦੋ ਅਜਨਬੀ ਇਨਸਾਨਾਂ ਨੂੰ ਇੱਕ ਦੂਜੇ ਉੱਪਰ ਵਿਸ਼ਵਾਸ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਇਹ ਇੱਕ ਅਦ੍ਰਿਸ਼ ਸ਼ਕਤੀ ਵਾਂਗਰ ਹੁੰਦਾ ਹੈ, ਜੋ ਅੰਤਰ-ਸਬੰਧਿਤ ਨਿਯਮਾਂ ਉੱਪਰ ਉਸਰਿਆ ਹੁੰਦਾ ਹੈ ਅਤੇ ਇਹ ਸਹਿਯੋਗ ਤੇ ਲੈਣ-ਦੇਣ ਦੌਰਾਨ ਇਸ ਪ੍ਰਕਿਰਿਆ ਵਿੱਚ ਸ਼ਾਮਿਲ ਲੋਕਾਂ ਨੂੰ ਸੁਰੱਖਿਆ ਦੀ ਭਾਵਨਾ ਨਾਲ ਭਰਪੂਰ ਕਰਦਾ ਹੈ।

ਇਹ ਵਿਚਾਰ ਕਿ ਇੱਕ ਪ੍ਰਾਚੀਨ ਭਾਰਤੀ ਵਿਸ਼ਵਾਸ ਪੂੰਜੀਵਾਦੀ ਪ੍ਰਕ੍ਰਿਤੀ ਨੂੰ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ, ਅਦਭੁਤ ਹੈ। ਕਾਲਜ ਦੇ ਦਿਨਾਂ ਵਿਚ ਮੈਂ ਪੱਛਮੀ ਵਿਚਾਰਾਂ ਦਾ ਅਧਿਐਨ ਕੀਤਾ ਅਤੇ ਬਿਨਾ ਸੋਚੇ ਵਿਚਾਰੇ ਇਹ ਮੰਨ ਲਿਆ ਕਿ

ਪੂੰਜੀਵਾਦ ਦੀ ਸ਼ੁਰੂਆਤ ਪੱਛਮ ਵਿਚ ਹੋਈ ਸੀ, ਮੈਂ ਏਡਮ ਸਿਮਥ, ਮਾਰਕਸ, ਜਾਨ-ਲਾੱਕ ਅਤੇ ਹੋਰ ਕਈ ਵਿਦਵਾਨਾਂ ਨੂੰ ਪੜ੍ਹਿਆ। ਜਿਸ ਨਾਲ ਮੇਰੀ ਉਦਾਰਵਾਦ ਨਾਲ ਜਾਣ-ਪਛਾਣ ਹੋਈ। ਪਰ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਕੁਝ ਸਮੇਂ ਬਾਅਦ ਹੋਇਆ, ਜਦ ਮੈਨੂੰ ਦੋ ਹਜ਼ਾਰ ਸਾਲ ਪੁਰਾਣੇ ਸੰਸਕ੍ਰਿਤ ਮਹਾਕਾਵਿ ਮਹਾਭਾਰਤ ਨੂੰ ਪੜ੍ਹਨ ਦਾ ਮੌਕਾ ਮਿਲਿਆ। ਇਹ ਮਹਾਕਾਵਿ ਧਰਮ ਦੇ ਵਿਚਾਰ ਤੋਂ ਪ੍ਰਭਾਵਿਤ ਹੈ ਅਤੇ ਜਿਵੇਂ-ਜਿਵੇਂ ਮੈਂ ਇਸਨੂੰ ਸਮਝਣ ਦੀ ਕੋਸ਼ਿਸ਼ ਕਰਦਾ ਗਿਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਉਦਾਰਵਾਦ ਅਤੇ ਬਾਜ਼ਾਰੀ ਪੂੰਜੀਵਾਦ ਓਪਰ ਅਧਾਰਿਤ ਵਿਚਾਰ ਦੀਆਂ ਜੜ੍ਹਾਂ ਗੈਰ ਪੱਛਮੀ ਵੀ ਹੋ ਸਕਦੀਆ ਹਨ ਅਤੇ ਉਦਾਰਵਾਦੀ ਪਰੰਪਰਾ ਅਸਲ ਵਿੱਚ ਇੱਕ ਅੰਤਰਰਾਸ਼ਟਰੀ ਵਿਚਾਰ ਹੈ।

ਧਰਮ ਸਾਨੂੰ ਉਲਝਾ ਕੇ ਥਕਾ ਦੇਣ ਵਾਲਾ ਸ਼ਬਦ ਹੈ (ਭਾਰਤ ਦੇ ਲੋਕਾਂ ਲਈ ਵੀ) ਅਤੇ ਇਸਦਾ ਪਾਲਨ ਕਰਨਾ ਆਸਾਨ ਕੰਮ ਨਹੀ ਹੈ। ਕਰਤੱਵ, ਪਰਉਪਕਾਰ, ਨਿਆਂ, ਕਾਨੂੰਨ ਤੇ ਰੀਤੀ-ਰਿਵਾਜ ਆਦਿ ਨਾਲ ਥੋੜਾ ਫਰਕ ਤਾਂ ਪੈਂਦਾ ਹੈ ਪਰ ਧਰਮ ਹੀ ਮੁੱਖ ਰੂਪ ਵਿੱਚ ਨਿੱਜੀ ਤੇ ਸਮਾਜਿਕ ਜੀਵਨ ਦੋਵਾਂ ਵਿੱਚ ਉਚਿਤ ਕੰਮ ਨੂੰ ਕਰਨ ਲਈ ਪ੍ਰੇਰਿਤ ਕਰਦਾ ਹੈ। ਇਹ ਮੂਲ ਤੌਰ ਤੇ ਸੰਸਕ੍ਰਿਤ ਦੇ 'ਧਮ' ਸ਼ਬਦ ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਨੀਂਹ ਦੀ ਤਰ੍ਹਾਂ ਮੌਜੂਦ ਰਹਿਣਾ ਤੇ ਉੱਪਰਲੀ ਇਮਾਰਤ ਨੂੰ ਬਰਕਰਾਰ ਰੱਖਣਾ। ਇਹ, ਓਹ ਨੈਤਿਕ ਸਿਧਾਂਤ ਹੈ ਜੋ ਇਨਸਾਨ, ਸਮਾਜ ਅਤੇ ਪੂਰੀ ਵਿਵਸਥਾ ਨੂੰ ਆਪਸ ਵਿਚ ਬੰਨ ਕੇ ਰੱਖਦਾ ਹੈ। ਨੀਂਹ ਦੀ ਤਰ੍ਹਾਂ ਮੌਜੂਦ ਰਹਿਣ ਤੋਂ ਧਰਮ ਦਾ ਅਰਥ ਸੰਤੁਲਨ ਨੂੰ ਬਣਾਈ ਰੱਖਣਾ ਹੈ। ਇਹ ਮਾਨਵ ਜਾਤੀ ਦਾ ਸੰਤੁਲਨ ਹੈ ਜੋ ਬ੍ਰਹਿਮੰਡ ਦੇ ਸੰਤੁਲਨ ਅਤੇ ਵਿਵਸਥਾ ਨਾਲ ਜਾ ਜੁੜਦਾ ਹੈ। ਜਦੋਂ ਲੋਕ ਧਰਮ ਦੇ ਅਨੁਸਾਰ ਵਿਵਹਾਰ ਕਰਦੇ ਹਨ ਤਾਂ ਸਮਾਜ ਵਿਚ ਵਿਵਸਥਾ, ਸੰਤੁਲਨ ਅਤੇ ਵਿਸ਼ਵਾਸ ਕਾਇਮ ਰਹਿੰਦਾ ਹੈ।

ਧਰਮ ਬਾਜ਼ਾਰ ਦੀ ਗਤੀਸ਼ੀਲਤਾ ਨੂੰ ਵਿਸ਼ੇਸ਼ ਤੌਰ ਤੇ ਅਤੇ ਲੋਕ ਨੀਤੀਆਂ ਨੂੰ ਸਮੂਹਕ ਤੌਰ ਤੇ ਸਮਝਣ ਦੇ ਲਈ ਉਪਯੋਗੀ ਹੈ। ਕਿਓਂਕਿ ਇਹ ਨੈਤਿਕ ਰੂਪ ਨਾਲ ਪੂਰਨਤਾ ਦੀ ਤਲਾਸ਼ ਨਹੀ ਕਰਦਾ। ਇਹ ਤਾਂ ਮਾਨਵ ਜਾਤੀ ਦੀ ਵਿਵਹਾਰ-ਮੂਲਕ ਦ੍ਰਿਸ਼ਟੀ ਉਪਰ ਅਧਾਰਿਤ ਹੈ; ਜੋ ਇਨਸਾਨ ਮਿਲਣਸਾਰ ਪਰ ਅਪੂਰਨ ਮੰਨਦੀ ਹੈ।ਇਨਸਾਨ ਜੋ ਕਿ ਬਹੁਤ ਸਾਰੀਆ ਇੱਛਾਵਾਂ ਤੇ ਲਾਲਸਾਵਾਂ ਨਾਲ ਭਰਪੂਰ ਹੈ ਅਤੇ ਉਸਨੂੰ ਸੰਤੁਲਨ ਅਧੀਨ ਰੱਖਣ ਲਈ ਧਰਮ ਸਮਾਜ ਦੀਆਂ ਉਦਪਾਦਨਸ਼ੀਲ ਸ਼ਕਤੀਆਂ ਨੂੰ ਬਚਾਉਣਾ ਤੇ ਉਹਨਾਂ ਦਾ ਵਿਕਾਸ ਹੈ।

"ਹੇ ਭਰਤ, ਇਕ ਰਾਜੇ ਨੂੰ ਵੈਸ਼ (ਵਿਉਪਾਰੀਆਂ) ਅਤੇ ਸਾਧਾਰਨ ਜਨਤਾ ਦੇ ਪ੍ਰਤੀ ਸਦਾ ਇਸ ਪ੍ਰਕਾਰ ਦਾ ਵਿਵਹਾਰ ਕਰਨਾ ਚਾਹੀਦਾ ਹੈ, ਜਿਸ ਨਾਲ ਉਹਨਾਂ ਦੀ ਉਤਪਾਦਨ ਸ਼ਕਤੀ ਦਾ ਵਿਕਾਸ ਹੋ ਸਕੇ",ਵੈਸ਼ (ਵਿਉਪਾਰੀ) ਰਾਜ ਦੀ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਖੇਤੀਬਾੜੀ

ਵਿੱਚ ਸੁਧਾਰ ਕਰਦਾ ਹੈ। ਅਤੇ ਆਪਣੇ ਵਿਉਪਾਰ ਦਾ ਵਿਕਾਸ ਕਰਦਾ ਹੈ। ਇੱਕ ਬੁੱਧੀਮਾਨ ਰਾਜਾ ਉਹਨਾਂ ਤੋਂ ਘੱਟ ਕਰ (ਟੈਕਸ) ਵਸੂਲ ਕਰਦਾ ਹੈ। (ਮਹਾਭਾਰਤ XII.87) ਅੱਤ ਵਿਵਹਾਰਿਕ ਸੁਝਾਅ ਦੇਂਦੇ ਹੋਇਆ ਮਹਾਕਾਵਿ ਅੱਗੇ ਇਹ ਕਹਿੰਦਾ ਹੈ ਕਿ ਜੇਕਰ ਇਸ ਤਰ੍ਹਾਂ ਨਹੀ ਹੁੰਦਾ ਤਾਂ ਵਿਉਪਾਰੀ ਲੋਕ ਗਵਾਂਢੀ ਰਾਜਾਂ ਵਿਚ ਚਲੇ ਜਾਂਦੇ ਹਨ"।

ਇਸ ਤਰ੍ਹਾਂ ਧਰਮ, ਸਮਾਜ ਨੂੰ ਇੱਕ ਬੁਨਿਆਦੀ ਨਿਯਮਾਵਲੀ ਪ੍ਰਦਾਨ ਕਰਦਾ ਹੈ। ਜਿਸਦਾ ਲੋਕਾਂ ਦੁਆਰਾ ਪਾਲਣ ਕੀਤਾ ਜਾਂਦਾ ਹੈ, ਅਤੇ ਇਹੀ ਲੋਕਾਂ ਨੂੰ ਇਕ ਦੂਸਰੇ ਨਾਲ ਸਹਿਯੋਗ ਕਰਨ ਯੋਗ ਸਥਿਤੀ ਪ੍ਰਦਾਨ ਕਰਦਾ ਹੈ। ਇਹ ਸ਼ਾਸਕ ਅਤੇ ਸ਼ਾਸਿਤ ਦੋਵਾਂ ਵਰਗਾਂ ਦੇ ਲਈ ਬੰਦਿਸ਼ਾਂ ਅਤੇ ਕਰਤੱਵਾ ਨੂੰ ਨਿਰਧਾਰਿਤ ਕਰਦਾ ਹੈ। ਬਾਜ਼ਾਰ ਵਿਚ ਧਰਮ ਹੀ ਗ੍ਰਾਹਕਾਂ ਤੇ ਵੇਚਣ ਵਾਲਿਆ ਲਈ ਕੁਝ ਪਾਬੰਦੀਆ ਵੀ ਨਿਸ਼ਚਿਤ ਕਰਦਾ ਹੈ। ਕਿਉਂਕਿ ਅਸੀਂ ਇਕ ਸਾਂਝੇ ਧਰਮ ਦਾ ਪਾਲਣ ਕਰਦੇ ਹਾਂ। ਇਸ ਲਈ ਹੀ ਮੈਂ ਕਿਸੇ ਦੁਆਰਾ ਦਿੱਤੇ ਚੈੱਕ ਨੂੰ ਪੂਰੇ ਵਿਸ਼ਵਾਸ਼ ਨਾਲ ਲੈ ਲੈਂਦਾ ਹਾਂ। ਇੱਕ ਬੱਘੀ ਜਾਂ ਟੈਕਸੀ ਚਾਲਕ ਮੈਂਨੂੰ ਇਕ ਮੁਸਾਫਿਰ ਵਜੋਂ ਆਪਣੀ ਗੱਡੀ ਵਿਚ ਬੈਠਾ ਲੈਂਦਾ ਹੈ ਕਿਉਂਕਿ ਉਸਨੂੰ ਵਿਸ਼ਵਾਸ਼ ਹੈ ਕਿ ਮੈਂ ਧਰਮ ਪਾਬੰਧੀ ਕਾਰਨ ਸਫ਼ਰ ਦੇ ਮੁੱਕਣ ਉਪਰੰਤ ਉਸਨੂੰ ਉਸਦੇ ਬਣਦੇ ਪੈਸੇ ਦੇ ਦੇਵਾਂਗਾਂ। ਮੈਂ ਇਕ ਫਲ ਵੇਚਣ ਵਾਲੇ ਦੇ ਉਸ ਦਾਅਵੇ ਉਪਰ ਯਕੀਨ ਕਰ ਲੈਂਦਾ ਹਾਂ ਜੋ ਅੰਬਾ ਦੇ ਇਸ ਹਫ਼ਤੇ ਪਹਿਲਾਂ ਨਾਲੋਂ ਮਹਿੰਗੇ ਹੋ ਜਾਣ ਦਾ ਕਾਰਣ ਚੰਗੇ ਅੰਬਾ ਦਾ ਬਾਜ਼ਾਰ ਵਿਚ ਆ ਜਾਣਾ ਦੱਸਦਾ ਹੈ। ਜੇਕਰ ਫਲ ਖ਼ਰਾਬ ਨਿਕਲਦੇ ਹਨ ਤਾਂ ਮੈਂ ਉਸਨੂੰ ਉਸਦੇ ਧਰਮ ਦਾ ਪਾਲਣ ਨਾ ਕਰਨ ਦਾ ਦੋਸ਼ੀ ਮੰਨਾਂਗਾਂ ਅਤੇ ਉਸਨੂੰ ਉਸਦੇ ਵਿਰੋਧੀ ਦੁਕਾਨਦਾਰ ਕੋਲੋਂ ਫ਼ਲ ਖਰੀਦ ਕੇ ਸਜ਼ਾ ਦੇਵਾਂਗਾਂ। ਉਹ ਨਾ ਕੇਵਲ ਸਿਰਫ਼ ਇੱਕ ਗ੍ਰਾਹਕ ਹੀ ਗਵਾਵੇਗਾ ਬਲਕਿ ਗੱਲਾਂ ਨਾਲ ਹੋਣ ਵਾਲੀ ਉਸਦੀ ਬੁਰਾਈ ਦੁਆਰਾ ਦੂਸਰਿਆ ਗ੍ਰਾਹਕਾਂ ਨੂੰ ਵੀ ਗਵਾ ਦੇਵੇਗਾ,ਉਹ ਧਰਮ ਦਾ ਪਾਲਣ ਨਾ ਕਰਨ ਵਾਲੇ ਦੇ ਰੂਪ ਵਿੱਚ ਜਾਣਿਆ ਜਾਵੇਗਾ। ਥੋਕ-ਵਿਉਪਾਰੀ (Suppliers) ਉਸ ਦਾ ਵਿਸ਼ਵਾਸ ਨਹੀ ਕਰਨਗੇ। ਉਹ ਚੰਗੇ ਮਜ਼ਦੂਰਾ ਨੂੰ ਵੀ ਆਪਣੇ ਨਾਲ ਕੰਮ ਕਰਨ ਲਈ ਲੁਭਾਉਣ ਵਿਚ ਕਾਮਯਾਬ ਨਹੀ ਹੋ ਸਕੇਗਾ। ਦੂਸਰੀ ਤਰਫ਼ ਧਰਮ ਦਾ ਸੱਚਾ ਪਾਲਣ ਕਰਨ ਵਾਲੇ ਨੂੰ ਇਨਾਮ ਵਜੋਂ ਸਤਿਕਾਰ ਪ੍ਰਾਪਤ ਹੁੰਦਾ ਹੈ ਅਤੇ ਉਸਨੂੰ ਗ੍ਰਾਹਕਾਂ, ਮਹਾਜਨਾਂ ਤੇ ਮਜ਼ਦੂਰਾਂ ਦੀ ਸੰਤੁਸ਼ਟੀ ਤੋਂ ਮਿਲਣ ਵਾਲੇ ਸਹਿਯੋਗ ਕਾਰਨ ਫਾਇਦਾ ਮਿਲਦਾ ਹੈ। ਸਮੁੱਚੇ ਰੂਪ ਵਿੱਚ ਵਿਉਪਾਰ ਪ੍ਰਣਾਲੀ ਕਾਨੂੰਨ ਉੱਤੇ ਨਹੀ ਬਲਕਿ ਲੋਕਾਂ ਦੇ ਸਵੈ-ਨਿਯੰਤਰਣ ਦੀ ਪ੍ਰਕ੍ਰਿਆ ਉੱਪਰ ਨਿਰਭਰ ਕਰਦੀ ਹੈ। ਧਰਮ ਦੀ ਭਾਵਨਾ ਜਿਆਦਾਤਰ ਸਮਾਜ ਦੇ ਅਜਿਹੇ ਲੋਕਾਂ ਨੂੰ ਨਿਯੰਤਰਿਤ ਕਰਦੀ ਜੋ ਇੱਕ ਦੂਸਰੇ ਦੇ ਨਾਲ ਸਨਮਾਨਜਨਕ ਵਿਵਹਾਰ ਕਰਨ ਵਿੱਚ ਯਕੀਨ ਰੱਖਦੇ ਹਨ। ਭਾਵੇਂ ਕਿ ਹਰੇਕ ਸਮਾਜ ਵਿੱਚ ਕੁੱਝ ਠੱਗ ਕਿਸਮ ਦੇ ਲੋਕ ਵੀ ਹੁੰਦੇ ਹਨ ਜੋ ਧਰਮ ਦੇ ਅੰਦਰ ਰਹਿਣ ਵਿੱਚ ਵਿਸ਼ਵਾਸ਼ ਨਹੀਂ

ਰੱਖਦੇ, ਅਜਿਹੇ ਲੋਕਾਂ ਲਈ ਸਖਤੀ ਨਾਲ ਕਾਨੂੰਨ ਨੂੰ ਲਾਗੂ ਕਰਨ ਦੀ ਲੋੜ ਪੈਂਦੀ ਹੈ। ਕੁਝ ਇਸ ਤਰ੍ਹਾਂ ਦਾ ਹੀ ਵਰਣਨ ਮਹਾਭਾਰਤ ਵਿੱਚ ਵੀ ਮਿਲਦਾ ਹੈ, ਜਦੋਂ ਰਾਜਾ ਯੁਧਿਸ਼ਟਰ ਨੂੰ ਨਿਰਦੇਸ਼ ਦੇਂਦੇ ਹੋ-ਏ ਭੀਸ਼ਮ ਕਹਿੰਦੇ ਹਨ ਕਿ ਰਾਜੇ ਨੂੰ ਅਧਰਮੀ ਲੋਕਾਂ ਨੂੰ ਸਜ਼ਾ ਦੇਣ ਲਈ ਕਾਇਦੇ ਕਾਨੂੰਨ ਅਤੇ ਸਾਜ਼ਾਵਾਂ (ਰਾਜਦੰਡ) ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ ਇਹ ਕਹਿਣਾ ਕਿ ਭਾਰਤ ਦਾ ਆਰਥਿਕ ਉਦੈ ਮੁਕਤ ਵਿਉਪਾਰ ਦੇ ਨਕਸ਼ੇ ਕਦਮ ਤੇ ਹੋਵੇਗਾ, ਬਿਲਕੁਲ ਵੀ ਹੈਰਾਨੀਜਨਕ ਨਹੀ ਲੱਗਦਾ ਬਾਜ਼ਾਰ ਦਾ ਆਪਣਾ ਇੱਕ ਲੰਮਾ ਇਤਿਹਾਸ ਰਿਹਾ ਹੈ।ਪ੍ਰਾਚੀਨ ਕਾਲ ਤੋਂ ਹੀ ਵਿਉਪਾਰੀ ਸਮਾਜ ਦਾ ਇੱਕ ਸਨਮਾਨ ਜਨਕ ਅੰਗ ਰਿਹਾ ਹੈ। ਭਾਰਤ ਨੂੰ ਹਮੇਸ਼ਾ ਤੋਂ ਹੀ ਕਮਜ਼ੋਰ ਸ਼ਾਸ਼ਨ ਅਤੇ ਮਜਬੂਤ ਸਮਾਜ ਮਿਲਿਆ ਹੈ ਜਦਕਿ ਚੀਨ ਨੂੰ ਇਤਿਹਾਸਿਕ ਤੌਰ ਤੇ ਮਜਬੂਤ ਸ਼ਾਸਨ ਅਤੇ ਕਮਜ਼ੋਰ ਸਮਾਜ ਮਿਲਿਆ ਹੈ। ਇਸ ਲਈ ਭਾਰਤ ਦਾ ਇਤਿਹਾਸ ਰਾਜਾਂ ਦੀ ਆਪਾਸੀ ਵਿਰੋਧਤਾ ਦਾ (ਖੰਡਿਤ ਰਾਜ) ਇਤਿਹਾਸ ਰਿਹਾ ਹੈ।ਜਦਕਿ ਚੀਨ ਦਾ ਇਤਿਹਾਸ ਸਮਰਾਜ (ਸੰਗਠਿਤ ਰਾਸ਼ਟਰ) ਵਾਲਾ। ਚੀਨ ਵਿੱਚ ਸਮਰਾਟ ਕਾਨੂੰਨ ਦਾ ਸਿਰਜਕ ਅਤੇ ਵਿਆਖਿਆਕਾਰ ਮੰਨਿਆ ਜਾਂਦਾ ਸੀ ਜਦਕਿ ਇਸਦੇ ਉਲਟ ਭਾਰਤ ਵਿੱਚ ਰਾਜੇ ਦੀਆਂ ਸ਼ਕਤੀਆ ਨੂੰ ਧਰਮ ਨਿਯੰਤਰਿਤ ਕਰਦਾ ਸੀ ਭਾਰਤ ਵਿੱਚ ਧਰਮ ਰਾਜੇ ਤੋਂ ਵੱਡਾ ਮੰਨਿਆ ਜਾਂਦਾ ਸੀ ਅਤੇ ਉਮੀਦ ਕੀਤੀ ਜਾਂਦੀ ਸੀ ਕਿ ਰਾਜਾ ਧਰਮ ਦਾ ਪਾਲਣ ਵੀ ਕਰੇ। ਏਥੇ ਧਰਮ ਦਾ ਪਾਲਣ ਵਿਆਖਿਆਕਾਰ ਰਾਜਾ ਨਹੀ ਬਲਕਿ ਬ੍ਰਾਹਮਣ ਹੁੰਦਾ ਸੀ ਜਿਸਦੇ ਦੁਆਰਾ ਪ੍ਰਾਚੀਨ ਭਾਰਤ ਵਿੱਚ ਸਰਕਾਰ ਦੀਆਂ ਸ਼ਕਤੀਆਂ ਨੂੰ ਕਾਬੂ ਹੇਠ ਰੱਖਿਆ ਜਾਂਦਾ ਸੀ।

ਇਸ ਤਰ੍ਹਾਂ 1950 ਤੋਂ 1990 ਦੇ ਦੌਰ ਦੀਆ ਆਰਥਿਕ, ਸਮਾਜਿਕ ਨਿਯੰਤਰਣ ਵਾਲੀਆਂ, ਸਰਕਾਰਾਂ ਭਾਰਤੀ ਇਤਿਹਾਸ ਵਿੱਚ ਬੇਕਾਇਦਗੀ ਜਾਂ ਅਨਿਯਮਿਤਤਾ ਵਾਲੇ ਸੁਭਾਅ ਦੀਆਂ ਰਹੀਆਂ। ਭਾਰਤ ਨੇ ਸਰਕਾਰੀ ਏਜੰਸੀਆਂ ਦੇ ਮਾਧਿਅਮ ਨਾਲ ਸਾਰਵਜਨਿਕ ਖੇਤਰ ਨੂੰ ਸਰਵ-ਉੱਚ ਰੱਖਦੇ ਹੋਏ ਤੇ ਨਿੱਜੀ ਉਦਯੋਗਾਂ ਉਪਰ ਦੁਨੀਆਂ ਵਿੱਚ ਸਭ ਤੋਂ ਬੁਰੀ ਤਰ੍ਹਾਂ ਨਿਯੰਤਰਣ ਕਰਦੇ ਹੋਏ ਉਦਯੋਗੀਕਰਣ ਕਰਨ ਦੀ ਕੋਸ਼ਿਸ ਕੀਤੀ। ਜਿਸਨੂੰ ਲਾਇਸੈਂਸ ਰਾਜ ਦੇ ਨਾਮ ਨਾਲ ਜਾਣਿਆ ਗਿਆ। ਹੈਰਾਨੀ ਦੀ ਗੱਲ ਨਹੀਂ ਕਿ ਇਹ ਪੂਰੀ ਤਰ੍ਹਾਂ ਅਸਫ਼ਲ ਰਿਹਾ। ਭਾਰਤ ਸਰਕਾਰ ਦੇ ਕੋਲ ਇਸ ਸਰਵਉੱਚ ਅਰਥਵਿਵਸਥਾ ਨੂੰ ਸੰਭਾਲਣ ਦੀ ਨਾ ਤੇਂ ਯੋਗਤਾ ਸੀ, ਅਤੇ ਨਾ ਹੀ ਅਜਿਹੀ ਕੇਂਦਰੀਕ੍ਰਿਤ ਨੌਕਰਸ਼ਾਹੀ ਸਰਕਾਰ ਸੀ ਜੋ ਦੇਸ਼ ਦੇ ਇਤਿਹਾਸਿਕ ਵਿਕੇਂਦਰੀਕਰਣ ਵਾਲੇ ਸੁਭਾਅ ਨੂੰ ਨਿਯੰਤਰਿਤ ਕਰ ਸਕਦੀ।

ਕੰਗਾਲ ਹੋਣ ਦੀ ਹੱਦ ਤੱਕ ਪਹੁੰਚ ਕੇ ਦੇਸ਼ ਨੇ ਸਾਲ 1991 ਵਿੱਚ ਨਿਰੰਤਰ ਆਰਥਿਕ ਸੁਧਾਰਾ ਦੁਆਰਾ 'ਯੂ-ਟਰਨ' ਲਿਆ ਅਤੇ ਸਮਾਜਵਾਦੀ ਵਿਵਸਥਾ ਨੂੰ ਤੋੜਕੇ ਬਾਜ਼ਾਰ ਆਧਾਰਿਤ ਵਿਵਸਥਾ ਦੀ ਸਥਾਪਨਾ ਕੀਤੀ। ਸਿਰਫ਼ 20 ਸਾਲਾਂ ਦੇ

ਪੂੰਜੀਵਾਦੀ ਵਿਕਾਸ ਨੇ ਭਾਰਤ ਨੂੰ ਵਿਸ਼ਵ ਦੀ ਦੂਸਰੀ ਸਭ ਤੋਂ ਤੇਜ਼ ਗਤੀ ਨਾਲ ਵੱਧਣ ਵਾਲੀ ਅਰਥਵਿਵਸਥਾ ਦੇ ਰੂਪ ਵਿੱਚ ਸਥਾਪਿਤ ਕਰ ਦਿੱਤਾ। ਉਸਦਾ ਤਕਨੀਕ ਤਾਂਤਰਿਕ (Technosatic) ਹੋਣ ਕਾਰਨ ਅਸਾਧਾਰਨ ਬੁਨਿਆਦੀ ਢਾਂਚਾ ਤਿਆਰ ਕਰਨ ਵਾਲੇ ਚੀਨ ਦੀ ਉਪਰ 'ਤੋਂ ਲਿਖੀ ਹੋਈ ਸਫ਼ਲਤਾ ਦੇ ਉਲਟ ਭਾਰਤ ਆਪਣੇ ਇਤਿਹਾਸ ਅਤੇ ਸੁਭਾਅ ਦੇ ਅਨੁਸਾਰ ਹੇਠਾਂ ਤੋਂ ਵਿਕਾਸ ਕਰ ਰਿਹਾ ਹੈ।

ਇਕ ਨਿਸ਼ਚਿਤ ਬਿੰਦੂ ਤੇ ਪਹੁੰਚਣ ਦੇ ਬਾਅਦ ਧਨ ਲੋਕਾਂ ਨੂੰ ਹੋਰ ਵੱਧ ਖੁਸ਼ੀ ਨਹੀਂ ਦੇ ਪਾਉਂਦਾ ਹੈ ਅਤੇ ਲੋਕ ਦੂਜੇ ਉਦੇਸ਼ਾ ਦੀ ਤਲਾਸ਼ ਵਿੱਚ ਲੱਗ ਜਾਂਦੇ ਹਨ। ਪੂੰਜੀਵਾਦ ਦੀ ਸਫ਼ਲਤਾ ਇੱਕ ਸਮੇਂ ਆਪਣੀ ਤਾਕਤ ਗਵਾਉਣ ਲੱਗਦੀ ਹੈ, ਜਦੋਂ ਬੱਚਤ ਕਰਨ ਵਾਲੀ ਪੀੜ੍ਹੀ ਖਰਚ ਕਰਨ ਦੇ ਪ੍ਰਤੀ ਸਮਰਪਿਤ ਪੀੜ੍ਹੀ ਦਾ ਸਥਾਨ ਲੈ ਲੈਂਦੀ ਹੈ। ਇਹ ਇੱਕ ਸਮੱਸਿਆ ਹੈ ਜਿਸਦਾ ਸਾਹਮਣਾ ਆਉਣ ਵਾਲੀ ਪੀੜ੍ਹੀ ਦੇ ਦੌਰਾਨ ਭਾਰਤ ਅਤੇ ਚੀਨ ਨੂੰ ਕਰਨਾ ਪਵੇਗਾ। ਬੇਰਹਿਮ ਮੁਕਾਬਲਾ ਮੁਕਤ ਬਾਜ਼ਾਰ ਦਾ ਦੂਸਰਾ ਪਹਿਲੂ ਹੈ। ਜੋ ਵਿਅੰਗਪੂਰਨ ਹੋ ਸਕਦਾ ਹੈ। ਪਰ ਮੁਕਾਬਲਾ ਆਰਥਿਕ ਤਰੱਕੀ ਦੇਣ ਵਾਲਾ ਵੀ ਹੁੰਦਾ ਹੈ ਜੋ ਆਪਸੀ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ।

ਆਰਥਿਕ ਗਤੀਵਿਧੀਆਂ ਵਿੱਚ ਇੱਕ ਉਦੇਸ਼ ਸਮਾਇਆ ਹੁੰਦਾ ਹੈ ਅਤੇ ਭਾਰਤ ਦੀਆਂ ਪ੍ਰਾਚੀਨ ਕਾਲੀ ਸੱਭਿਆਤਾਵਾਂ, ਅਰਥ (ਧਨ) ਨੂੰ ਖੁਸ਼ਹਾਲੀ ਦਾ ਅਧਾਰ ਮੰਨਣ ਕਾਰਣ ਇਸ ਉਦੇਸ਼ ਤੋਂ ਪੂਰੀ ਤਰ੍ਹਾਂ ਵਾਕਿਫ਼ ਸਨ। ਮਹਾਂਭਾਰਤ ਸਾਨੂੰ ਯਾਦ ਕਰਵਾਉਂਦਾ ਹੈ ਕਿ ਧਨ ਜੋੜਨਾ ਧਰਮ ਦੇ ਮਾਤਹਿਤ (ਆਧੀਨ) ਹੀ ਹੈ। ਦੂਸਰੇ ਸ਼ਬਦਾ ਵਿੱਚ ਧਨ ਕਮਾਉਣ ਜਾਂ ਜੋੜਨ ਦੇ ਸਹੀ ਅਤੇ ਗਲਤ ਦੋਵੇ ਤਰੀਕੇ ਹਨ। ਅੱਜ ਦੀ ਭਾਸ਼ਾ ਵਿੱਚ ਕਹੀਏ ਤਾਂ ਧਨ ਕਮਾਉਣਾ ਜਾਂ ਇਕੱਠੇ ਕਰਨ ਦਾ ਮਤਲਬ ਦੁਨੀਆਂ ਨੂੰ ਬੇਹਤਰ ਸਥਾਨ ਬਣਾਉਣਾ ਹੈ। ਗਰੀਬਾਂ ਨੂੰ ਗਰੀਬੀ ਤੋਂ ਬਾਹਰ ਕੱਢਣਾ ਹੈ। ਇਸ ਤਰ੍ਹਾਂ ਪੂੰਜੀਵਾਦੀ ਨੂੰ  ਨੈਤਿਕ ਉਦੇਸ਼ ਸਮਾਜ ਨੂੰ ਗਰੀਬੀ ਤੋਂ ਖੁਸ਼ਹਾਲੀ ਵੱਲ ਲੈ ਜਾਣਾ ਹੈ। ਅਸਲ ਸਮੱਸਿਆ ਉਸ ਸਮੇਂ ਸ਼ੁਰੂ ਹੁੰਦੀ ਹੈ ਜਦੋਂ ਗਰੀਬੀ ਤੇ ਜਿੱਤ ਪ੍ਰਾਪਤ ਕਰ ਲਈ ਜਾਂਦੀ ਹੈ ਅਤੇ ਸਮਾਜ ਖੁਸ਼ਹਾਲ ਤੇ ਮੱਧਵਰਗੀ ਹੋ ਜਾਂਦਾ ਹੈ। ਇਕ ਨਿਸ਼ਚਿਤ ਬਿੰਦੂ ਤੇ ਪਹੁੰਚਣ ਦੇ ਬਾਅਦ ਧਨ ਲੋਕਾਂ ਨੂੰ ਹੋਰ ਵੱਧ ਖੁਸ਼ੀ ਨਹੀਂ ਦੇ ਪਾਉਂਦਾ ਹੈ ਅਤੇ ਲੋਕ ਦੂਜੇ ਉਦੇਸ਼ਾ ਦੀ ਤਲਾਸ਼ ਵਿੱਚ ਲੱਗ ਜਾਂਦੇ ਹਨ। ਪੂੰਜੀਵਾਦ ਦੀ ਸਫ਼ਲਤਾ ਇੱਕ ਸਮੇਂ ਆਪਣੀ ਤਾਕਤ ਗਵਾਉਣ ਲੱਗਦੀ ਹੈ, ਜਦੋਂ ਬੱਚਤ ਕਰਨ ਵਾਲੀ ਪੀੜ੍ਹੀ ਖਰਚ ਕਰਨ ਦੇ ਪ੍ਰਤੀ ਸਮਰਪਿਤ ਪੀੜ੍ਹੀ ਦਾ ਸਥਾਨ ਲੈ ਲੈਂਦੀ ਹੈ। ਇਹ ਇੱਕ ਸਮੱਸਿਆ ਹੈ ਜਿਸਦਾ ਸਾਹਮਣਾ ਆਉਣ ਵਾਲੀ ਪੀੜ੍ਹੀ ਦੇ ਦੌਰਾਨ ਭਾਰਤ ਅਤੇ ਚੀਨ ਨੂੰ ਕਰਨਾ ਪਵੇਗਾ। ਬੇਰਹਿਮ ਮੁਕਾਬਲਾ ਮੁਕਤ ਬਾਜ਼ਾਰ ਦਾ ਦੂਸਰਾ ਪਹਿਲੂ ਹੈ। ਜੋ ਵਿਅੰਗਪੂਰਨ ਹੋ ਸਕਦਾ ਹੈ। ਪਰ ਮੁਕਾਬਲਾ ਆਰਥਿਕ ਤਰੱਕੀ ਦੇਣ ਵਾਲਾ ਵੀ ਹੁੰਦਾ ਹੈ ਜੋ ਆਪਸੀ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ।

ਜ਼ਿਆਦਾ ਦੀ ਇੱਛਾ ਰੱਖਣਾ ਮਨੁੱਖ ਦਾ ਸੁਭਾਅ ਹੈ, ਅਤੇ ਧਰਮ ਸਾਰੀਆਂ ਇੱਛਾਵਾਂ ਨੂੰ ਉਹਨਾਂ ਦੀ ਲੋੜ ਦੇ ਆਧਾਰ ਤੇ ਢੁੱਕਵੇਂ ਤਰੀਕੇ ਨਾਲ ਹੱਦਬੰਦੀ ਕਰਦਾ ਹੋਇਆ ਤਰਤੀਬ ਦੇਂਦਾ ਹੈ। ਕਿਉਂਕਿ ਕੋਈ ਨਿਯਮ ਅਨੈਤਿਕ ਇਨਸਾਨ ਨੂੰ ਬੁਰਾ ਵਿਵਹਾਰ ਕਰਨ ਤੋਂ ਨਹੀਂ ਰੋਕ ਸਕਦਾ। ਜਿਸ ਕਾਰਨ ਸਮਾਜ ਵਿਚਲੇ ਧਰਮ ਦੁਆਰਾ ਬਾਜ਼ਾਰ ਵਿੱਚ ਮੌਜੂਦ ਹਰ ਕਾਰਜ ਕਰਤਾ ਦੇ ਕੰਮ ਨੂੰ ਸਵੈ ਨਿਯੰਤਰਿਤ ਕਰਨ ਦੀ ਜ਼ਰੂਰਤ ਰਹਿੰਦੀ ਹੈ। ਨੀਤੀ ਨਿਰਮਾਤਾਵਾਂ ਦੇ ਸਾਹਮਣੇ ਬੇਨੇਮ ਸੁਤੰਤਰ ਬਾਜ਼ਾਰ (unregulated free markets) ਅਤੇ ਕੇਂਦਰੀਕ੍ਰਤ ਪਲਾਨਿੰਗ ਵਿੱਚੋ ਕਿਸੇ ਇੱਕ ਦੀ ਚੋਣ ਕਰਨ ਦਾ ਮਾਮਲਾ ਨਹੀਂ, ਬਲਕਿ ਵਿਓਪਾਰ ਲਈ ਓਚਿੱਤ ਨੇਮਬੱਧ ਮਿਸ਼ਰਤ ਪ੍ਰਣਾਲੀ ਨੂੰ ਪ੍ਰਾਪਤ ਕਰਨਾ ਹੈ। ਸਾਮਵਾਦੀਆਂ ਤੋਂ ਇਲਾਵਾ ਭਾਰਤ ਵਿੱਚ ਸ਼ਾਇਦ ਹੀ ਕੋਈ ਅਜਿਹਾ ਵਰਗ ਹੋਵੇਗਾ ਜੋ ਉਤਪਾਦਕਤਾ ਉੱਤੇ ਰਾਜਤੰਤਰ (State Ownership) ਦੀ ਇੱਛਾ ਕਰੇ, ਜਿੱਥੇ ਮੁਕਾਬਲੇ ਦੀ ਅਣਹੋਂਦ ਕਾਰਨ ਵਿਅਕਤੀਗਤ ਗੁਣ ਪੂਰੀ ਤਰਾਂ ਨਸ਼ਟ ਹੋ ਜਾਣ। ਧਰਮ ਦਾ ਝੁਕਾਅ ਕਦੇ ਵੀ ਉਸ ਕੱਟੜ ਨੈਤਿਕਤਾ ਵੱਲ ਨਹੀਂ ਰਿਹਾ ਜੋ ਕਿ ਦੈਵੀ ਸ਼ਾਸਨ ਪ੍ਰਬੰਧ (Theocractic) ਜਾਂ ਤਾਨਾਸ਼ਾਹੀ ਨੂੰ ਸੱਦਾ ਦੇਂਦੀ ਹੈ। ਇਹ ਤਾਂ ਇੱਕ ਸੰਤੁਲਿਤ ਤੇ ਸੰਗਠਿਤ ਦੁਨਿਆਂ ਦਾ ਸੁਝਾਅ ਪੇਸ਼ ਕਰਦਾ ਹੈ ਜੋ ਕਿ ਸਾਡੇ ਰੋਜ਼ਾਨਾ ਦੇ ਵਿਹਾਰਕ ਜੀਵਨ ਦੇ ਬੇਹੱਦ ਨਜ਼ਦੀਕ ਹੈ ਅਤੇ ਇਸੇ ਲਈ ਬਾਜ਼ਾਰ ਦੀ ਲੈਣ-ਦੇਣ ਪ੍ਰਕ੍ਰਿਆ ਵਾਸਤੇ ਬਿਲਕੁਲ ਢੁੱਕਵਾਂ ਵੀ। ਧਰਮ ਦਾ ਇੱਕ ਅਰਥ ਸਵੈ-ਨਿਯੰਤਰਤ ਵੀ ਹੁੰਦਾ ਹੈ, ਅਤੇ ਏਹੀ ਭਰੋਸਾ ਸਮਾਜ ਨੂੰ ਸਵੈ-ਨਿਯੰਤਰਿਤ ਹੋਣ ਵਿੱਚ ਸਹਾਇਤਾ ਕਰਦਾ - ਮੇਰੇ ਹਿਸਾਬ ਨਾਲ 'ਪੂੰਜੀਵਾਦ ਦਾ ਧਰਮ' ਹੈ।

**ਗੁਰਚਰਨ ਦਾਸ**

*ਨਵੀਂ ਦਿੱਲੀ*

*ਜਨਵਰੀ 2012*

# ਪ੍ਰਸਤਾਵਨਾ: ਪੂੰਜੀਵਾਦ ਵਿਚਲੀ ਨੈਤਿਕਤਾ

ਇਹ ਪੁਸਤਕ ਦਾਰਸ਼ਨਿਕ ਰਾਬਰਟ ਨਾਜ਼ਿਕ (Robert Noziek) ਦੇ ਕਥਨ "ਪੂੰਜੀਵਾਦ, ਸਿਆਣੇ ਲੋਕਾਂ ਵਿਚਕਾਰ ਸਰਬਸੰਮਤੀ ਨਾਲ ਬਣਿਆ ਵਿਧਾਨ ਹੈ" ਵਿਚਲੀ ਨੈਤਿਕਤਾ ਦੀ ਪ੍ਰਮਾਣਿਕਤਾ ਅਤੇ ਉਚਿੱਤਤਾ ਨਾਲ ਸੰਬੰਧਿਤ ਹੈ।[1] ਇਹ ਅਜਿਹੀ ਸਹਿਯੋਗ ਉਤਪਾਦਕ ਪ੍ਰਣਾਲੀ (Cooperative Production System) ਅਤੇ ਸੁਤੰਤਰ ਵਟਾਂਦਰੇ ਦੀ ਪ੍ਰਕ੍ਰਿਆ ਦੇ ਬਾਰੇ ਵਿੱਚ ਹੈ, ਜਿਸ ਵਿਚਲੇ ਕਾਰਜ ਆਪਣੇ ਸੰਤੁਤਰ ਤੇ ਸਹਿਯੋਗੀ ਸਰੂਪ ਕਾਰਨ ਪਹਿਚਾਣੇ ਜਾ ਸਕਦੇ ਹਨ।

ਕੁਝ ਸ਼ਬਦ ਸਿਰਲੇਖ-ਪੂੰਜੀਵਾਦ ਵਿਚਲੀ ਨੈਤਿਕਤਾ-ਨਾਲ ਸੰਬੰਧਿਤ ਇਸ ਪ੍ਰਕਾਰ ਹਨ। ਇਸ ਪੁਸਤਕ ਵਿਚਲੇ ਸਾਰੇ ਨਿਬੰਧ 'ਪੂੰਜੀਵਾਦ' ਵਿਚਲੀ ਨੈਤਿਕਤਾ ਦੇ ਬਾਰੇ ਵਿੱਚ ਹਨ, ਪਰੰਤੂ ਇਹ ਕੇਵਲ ਨੈਤਿਕ ਦਰਸ਼ਨ ਸ਼ਾਸਤਰ ਤੱਕ ਹੀ ਸੀਮਿਤ ਨਹੀਂ। ਇਹ ਅਰਥ-ਸ਼ਾਸਤਰ, ਤਰਕ-ਸ਼ਾਸਤਰ, ਇਤਿਹਾਸ, ਸਾਹਿਤ ਅਤੇ ਹੋਰ ਵਿਸ਼ਿਆ ਨਾਲ ਸਬੰਧਿਤ ਵਿਆਖਿਆ ਵੀ ਕਰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਾਰੇ ਨਿਬੰਧ 'ਪੂੰਜੀਵਾਦ' ਦੀ ਨੈਤਕਿਤਾ ਨਾਲ ਸਬੰਧਿਤ ਹਨ, ਨਾ ਕਿ ਕੇਵਲ ਬੇਨੇਮ ਆਦਾਨ ਪ੍ਰਦਾਨ ਦੀ ਪ੍ਰਕ੍ਰਿਆ ਨਾਲ। ਪੂੰਜੀਵਾਦ ਸੰਕਲਪ ਦਾ ਸੰਬੰਧ ਕੇਵਲ ਪ੍ਰਾਚੀਨ ਕਾਲ ਵਾਲੀ ਚੀਜ਼ਾ ਤੇ ਸੇਵਾਵਾਂ ਦੇ ਵਟਾਂਦਰੇ ਦੀ ਪ੍ਰਕ੍ਰਿਆ ਨਾਲ ਨਹੀਂ, ਬਲਕਿ ਇਸਦਾ ਸੰਬੰਧ ਨਿਰੰਤਰ ਹੋਣ ਵਾਲੀਆ ਨਵੀਆਂ ਕਾਢਾਂ, ਧਨ ਦੀ ਉਤਪਤੀ (ਧਨ ਦੇ ਨਵੇਂ ਸਰੂਪ, ਪੈਮਾਨੇ ਤੇ ਆਧਾਰਾ ਦੀ ਸਿਰਜਣਾ-ਜਿਵੇਂ ਵਸਤਾਂ ਦੀ ਜਗ੍ਹਾ ਪੈਸੇ ਦਾ ਲੈਣ ਦੇਣ) ਅਤੇ ਸਮਾਜਿਕ ਪਰਿਵਰਤਨ ਨਾਲ ਹੈ। ਜਿਸਨੇ ਕਰੋੜਾ ਲੋਕਾਂ ਦੀ ਜ਼ਿੰਦਗੀ ਨੂੰ ਅਜਿਹੀ ਖੁਸ਼ਹਾਲੀ ਨਾਲ ਭਰ ਦਿੱਤਾ ਹੈ, ਜਿਸਦੀ ਕਿ ਉਹਨਾਂ ਦੀ ਪਿਛਲੀ ਪੀੜ੍ਹੀ ਕਲਪਨਾ ਵੀ ਨਹੀ ਕਰ ਸਕਦੀ ਸੀ।

ਪੂੰਜੀਵਾਦ ਦਾ ਸੰਬੰਧ ਨਿਆਂ, ਸਮਾਜਿਕ, ਆਰਥਿਕ ਅਤੇ ਸੰਸਕ੍ਰਿਤ ਪ੍ਰਣਾਲੀ ਨਾਲ ਹੈ। ਜੋ ਸਮਾਨਤਾ ਦੇ ਆਧਾਰ ਨੂੰ ਅਪਣਾਉਂਦੀ ਦੀ ਹੋਈ ਪ੍ਰਤਿਭਾ ਨੂੰ ਨਿਖਾਰਣ ਦੇ ਉਤਸ਼ਾਹਿਤ ਕਰਨ ਲਈ ਮੌਕੇ ਦੇਂਦੀ ਹੈ। ਇਸ ਨਾਲ ਵਿਕੇਂਦਰੀਕਰਣ ਦੇ ਨਵੀਨੀਕਰਣ ਅਤੇ ਪ੍ਰਯੋਗ ਦੁਆਰਾ ਕਮੀਆਂ ਦੇ ਦੂਰ ਹੋਣ ਦੀ ਪ੍ਰਕ੍ਰਿਆ ਗਤੀਸ਼ੀਲ ਹੁੰਦੀ ਹੈ। ਜਿਸ ਨੂੰ ਅਰਥ-ਸ਼ਾਸਤਰੀ ਜੋਸੇਫ ਸ਼ਮਪੀਟਰ ਬਾਜ਼ਾਰ ਵਿਚਲੇ ਵਟਾਂਦਰੇ ਦੀ ਪ੍ਰਕ੍ਰਿਆ ਦੁਅਰਾ ਹੋਣ ਵਾਲਾ 'ਸਿਰਜਣਾਤਮਕ ਉਜਾੜ੍ਹਾ (ਅਜਿਹਾ ਉਜਾੜ੍ਹਾ ਜਿਸ ਨਾਲ ਸਿਰਜਣਾ ਦੇ ਨਵੇਂ ਬੀਜ ਫੁੱਟਦੇ ਹਨ-ਜਿਵੇਂ 'ਪੰਥ ਵੱਸੈ ਮੈਂ ਉਜੜਾ' ਕਥਨ ਹੈ) ਕਹਿੰਦਾ ਹੈ।

ਪੂੰਜੀਵਾਦੀ ਸੰਸਕ੍ਰਿਤੀ ਉਦਮਸ਼ੀਲ, ਵਿਗਿਆਨੀ, ਜੋਖਮ ਲੈਣ ਵਾਲੇ ਨਵੀਆਂ ਕਾਢਾਂ ਕੱਢਣ ਵਾਲੇ ਸਿਰਜਕ ਦਾ ਆਦਰ ਕਰਦੀ ਹੈ।ਪੂੰਜੀਵਾਦ ਦੀਆਂ ਜੜ੍ਹਾ ਵਿੱਚ ਅਧਿਆਤਮਕ ਤੇ ਸੱਭਿਆਚਾਰਕ ਉਦਮ ਸਮਾਇਆ ਹੋਇਆ ਹੈ, ਹਾਲਾਂਕਿ ਦਾਰਸ਼ਨਿਕਾਂ ਤੇ ਵਿਚਾਰਕਾਂ (ਮੁੱਖ ਰੂਪ ਵਿੱਚ ਮਾਰਕਸਵਾਦੀਆਂ) ਦੁਆਰਾ ਇਸਨੂੰ ਭੌਤਿਕਵਾਦੀ ਪ੍ਰਣਾਲੀ ਕਹਿਕੇ ਭੰਢਿਆ ਜਾਂਦਾ ਹੈ, ਜਦਕਿ ਉਹ ਖੁਦ ਵੀ ਭੋਤਿਕਵਾਦ ਨੂੰ ਗ੍ਰਹਿਣ ਕਰਦੇ ਜਾਂ ਮੰਨਦੇ ਹਨ। ਬਤੌਰ ਇਤਿਹਾਸਿਕ ਜਾਇਸੀ (ਟੇਪਲਬਾਏ ਨੇ ਆਪਣੇ ਹੁਣੇ ਕੀਤੇ ਅਧਿਐਨ 'ਦ ਰੀਲੈਂਟਲੈੱਸ ਰੈਵੋਲਿਊਸ਼ਨ: ਏ ਹਿਸਟਰੀ ਆਫ ਕੈਪਿਟਲਿਜ਼ਮ ਵਿੱਚ ਲਿਖਿਆ ਹੈ ਕਿ ਕਿਉਂਕਿ ਪੂੰਜੀਵਾਦ ਇੱਕ ਸੱਭਿਆਚਾਰਕ ਪ੍ਰਣਾਲੀ ਹੈ ਨਾ ਕਿ ਸਾਧਾਰਨ ਆਰਥਿਕ ਪ੍ਰਣਾਲੀ। (ਵਸਤੂ ਵਟਾਂਦਰੇ ਦਾ ਸਥੂਲ ਪ੍ਰਬੰਧ) ਇਸ ਲਈ ਇਸ ਦੀ ਵਿਆਖਿਆ ਸਿਰਫ ਭੌਤਿਕ ਕਾਰਨਾਂ/ਕਾਰਜਾਂ ਦੇ ਆਧਾਰ ਤੇ ਨਹੀਂ ਹੋ ਸਕਦੀ।[2]

ਪੂੰਜੀਵਾਦ ਇੱਕ ਸੱਭਿਆਚਾਰਕ, ਅਧਿਆਤਮਕ ਤੇ ਨੈਤਿਕ ਮੁੱਲਾਂ ਦੀ ਪ੍ਰਣਾਲੀ ਹੈ ਅਰਥਸ਼ਾਸਤਰੀ ਡੇਵਿਡ ਸ਼ਵੈਬ (David Schwab) ਅਤੇ ਏਲੀਨੋਰ ਆਸਟਰਾੱਮ (Elinor Ostrom) ਮੁਕਤ ਅਰਥ ਵਿਵਸਥਾ (Open Economies) ਦੇ ਸਾਂਭ ਸੰਭਾਲ ਨਾਲ ਜੁੜੇ ਨਿਯਮਾਂ ਅਤੇ ਕਾਇਦਿਆਂ ਦੀ ਭੂਮਿਕਾ ਦੇ ਸੰਬੰਧ ਵਿੱਚ ਇੱਕ ਉਪਯੋਗੀ ਖੇਡ ਅਧਿਐਨ ਨਿਬੰਧ ਵਿਚ ਲਿਖਦੇ ਹਨ, 'ਮੁਕਤ ਬਾਜ਼ਾਰ ਓਹਨਾਂ ਨਿਯਮਾਂ ਉਪਰ ਮਜ਼ਬੂਤੀ ਨਾਲ ਟਿਕੇ ਰਹਿੰਦੇ ਹਨ ਜੋ ਸਾਨੂੰ ਧੋਖਾਧੜੀ ਤੋਂ ਬਚਾਉਦੇ ਹਨ ਅਤੇ ਜੋ ਭਰੋਸਾ ਕਾਇਮ ਕਰਨ ਵੇਲੇ ਹੁੰਦੇ ਹਨ'।[3] ਫਾਇਦਿਆ ਦੇ ਮੁਕਾਬਲੇ ਵਾਲਾ ਨੀਤੀਹੀਣ ਅਖਾੜਾ ਬਨਣ ਤੋਂ ਦੂਰ - ਜਿਵੇਂ ਕਿ ਪੂੰਜੀਵਾਦ ਨੂੰ ਨੀਂਵਾ ਦਿਖਾਉਣ ਜਾਂ ਬਰਬਾਦ ਕਰਨ ਵਾਲੇ ਇਸਦੀ ਵਿਆਖਿਆ ਕਰਦੇ ਹਨ-ਪੂੰਜੀਵਾਦੀ ਸੰਬੰਧ ਨੈਤਿਕ ਨਿਯਮਾਂ ਤੇ ਅਧਾਰਿਤ ਇਕ ਅਤਿਅੰਤ ਸੰਰਚਾਨਾਮਈ ਪ੍ਰਕ੍ਰਿਆ ਹੈ। ਅਸਲ ਵਿੱਚ ਪੂੰਜੀਵਾਦੀ ਵਿਵਸਥਾ ਲੁੱਟ ਖਸੁੱਟ ਦੀ ਨੀਤੀ ਨੂੰ ਨਿਕਾਰਨ ਦੇ ਉਸ ਸਿਧਾਂਤ ਉਪਰ ਖੜੀ ਹੈ, ਜੋ ਹੋਰਨਾਂ ਅਰਥ ਵਿਵਸਥਾ-ਵਾਂ ਤੇ ਰਾਜਨੀਤੀ ਪ੍ਰਣਾਲੀ ਵਿੱਚ ਅਪਣਾਈ ਜਾਂਦੀ ਹੈ। ਜਿਸ ਨਾਲ ਕੁਝ ਇੱਕ ਧਨਾਢਾਂ/ਅਮੀਰਾਂ ਨੂੰ ਸਾਰੇ ਧਨ ਤੇ ਕਬਜ਼ਾ ਜਮਾਂ ਲੈਣ ਦਾ ਮੌਕਾ ਪ੍ਰਾਪਤ ਹੁੰਦਾ ਹੈ। (ਅਸਲ ਵਿੱਚ ਅੱਜ ਵੀ ਜ਼ਿਆਦਾਤਰ ਦੇਸ਼ਾਂ ਵਿੱਚ ਅਤੇ ਮਨੁੱਖ ਜਾਤੀ ਦੇ ਵਡੇਰੇ ਇਤਿਹਾਸਿਕ ਹਿੱਸੇ ਵਿੱਚ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਉਹ ਜੋ ਅਮੀਰ ਹਨ, ਉਹ ਦੂਸਰਿਆਂ ਦਾ ਹਿੱਸਾ ਖੋਹਕੇ ਤੇ ਖਾਸ ਕਰਕੇ ਸੰਗਠਿਤ ਤਾਕਤਾਂ/ ਸਰਕਾਰਾਂ ਉੱਤੇ ਨਿਯੰਤਰਣ ਰੱਖ ਕੇ ਅਮੀਰ ਬਣਦੇ ਹਨ। ਏਹੋ ਜਿਹੇ ਉੱਚ ਵਰਗੀ ਲੁਟੇਰੇ ਸ਼ਕਤੀਆਂ ਦਾ ਇਸਤੇਮਾਲ ਏਕਾਧਿਕਾਰ (ਸਮੂਹ ਉੱਤੇ ਇੱਕ ਦਾ ਕਬਜ਼ਾ) ਪ੍ਰਾਪਤ ਕਰਨ ਲਈ ਕਰਦੇ ਹਨ ਅਤੇ ਦੂਸਰਿਆਂ ਦੇ ਉਤਪਾਦ ਨੂੰ ਕਰ ਜਾਂ ਟੈਕਸ ਦੁਆਰਾ ਰੋਕਦੇ ਹਨ। ਉਹ ਸਰਕਾਰੀ ਖਜ਼ਾਨੇ ਨੂੰ ਭਰਦੇ ਹਨ ਅਤੇ ਬਦਲੇ ਵਿੱਚ ਰਾਜ

ਦੁਆਰਾ ਥੋਪੇ ਗਏ ਏਕਾਧਿਕਾਰ ਅਤੇ ਮੁਕਾਬਲੇ ਉੱਤੇ ਰੋਕ ਤੋਂ ਫਾਇਦਾ ਚੁੱਕਦੇ ਹਨ। ਆਮ ਲੋਕ ਅਪਰਾਧੀ ਬਣੇ ਬਗੈਰ ਅਮੀਰ ਹੋ ਜਾਏ ਇਹ ਸਿਰਫ਼ ਪੂੰਜੀਵਾਦੀ ਸ਼ਰਤਾ ਦੁਆਰਾ ਹੀ ਸੰਭਵ ਹੈ)।

ਅਰਥਸ਼ਾਸਤਰੀ ਤੇ ਇਤਿਹਾਸਕਾਰ ਡੇਰਦਰੇ ਮੈਕਲੋਸਕੀ ਦੇ ਕਥਨ 'ਦੀ ਗਰੇਟ ਫੈਕਟ' ਉੱਤੇ ਵਿਚਾਰ ਕੀਤਿਆ: "ਸੰਨ 1700 ਜਾਂ 1800" ਦੇ ਲਗਭਗ ਪ੍ਰਤੀ ਵਿਅਕਤੀ ਆਮਦਨ ਨੂੰ ਅਜੋਕੇ ਸਮੇਂ ਦੀ ਪ੍ਰਤੀ ਵਿਅਕਤੀ ਆਮਦਨ ਪਹਿਲਾਂ ਨਾਲ ਤੁਲਨਾ ਕਰੀਏ ਤਾਂ ਹੁਣ ਮਨੁੱਖ ਦੀ ਪ੍ਰਤੀ ਵਿਅਕਤੀ ਆਮਦਨ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਿੱਚ ਵੱਧ ਚੁੱਕੀ ਹੈ। ਇਸ ਪੱਖ ਤੋਂ ਉਦਾਹਰਣ ਲਈ ਘੱਟੋ-ਘੱਟ 16ਵੀਂ ਸ਼ਤਾਬਦੀ ਵਰਗੇ ਵੱਡੇ ਕਾਰਨਾਂ ਕਰਕੇ ਆਧੁਨਿਕ ਆਰਥਿਕ ਵਿਕਾਸ ਦਾ ਅਨੁਭਵ ਕਰ ਚੁੱਕੇ ਬ੍ਰਿਟੇਨ ਜਾਂ ਹੋਰ ਦੇਸ਼ਾ ਨੂੰ ਵੇਖਿਆ ਜਾ ਸਕਦਾ ਹੈ"।[4] ਮਨੁੱਖੀ ਇਤਿਹਾਸ ਵਿੱਚ ਇਹ ਸਭ ਤੋਂ ਨਿਵੇਕਲੀ (Close) ਘਟਨਾ ਮੰਨੀ ਗਈ ਹੈ। ਭਾਵੇਂ ਕਿ ਮੈਕਲੋਸਕੀ ਦਾ ਇਹ ਅੰਦਾਜ਼ਾ ਅਸਲ ਵਿੱਚ ਰੂੜੀਵਾਦੀ ਹੈ। ਇਹ ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿੱਚ ਹੋਏ ਚਮਤਕਾਰੀ ਵਿਕਾਸ ਨੂੰ ਧਿਆਨ ਵਿੱਚ ਨਹੀ ਰੱਖਦਾ ਜਿਸਨੇ ਕਿ ਪੂਰੀ ਦੁਨੀਆਂ ਨੂੰ ਸਾਡੀਆ ਉਂਗਲਾਂ ਦੀ ਹਰਕਤ ਤੱਕ ਸੀਮਿਤ ਕਰ ਦਿੱਤਾ ਹੈ।

ਪੂੰਜੀਵਾਦ ਮਨੁੱਖ ਦੀ ਸਿਰਜਣਸ਼ੀਲਤਾ ਨੂੰ ਆਦਰ ਦੇਂਦਾ ਹੋਇਆ ਇਸਦੇ ਉਦਮਸ਼ੀਲ ਅਤੇ ਨਵੀਨ ਕਾਢਾਂ ਵਾਲੇ ਸੁਭਾਅ (ਉਹ ਭਰਮਸ਼ੀਲ ਕਾਰਨ ਜੋ ਸਾਡੀ ਅੱਜ ਦੀ ਜੀਵਨਸ਼ੈਲੀ ਅਤੇ 19ਵੀਂ ਸ਼ਤਾਬਦੀ ਤੋਂ ਪਹਿਲਾ ਦੇ ਸਾਡੇ ਪੂਰਵਜਾਂ ਦੀਆਂ ਕਈ ਪੀੜ੍ਹੀਆਂ ਤੋਂ ਵੀ ਪਹਿਲਾਂ ਦੀ ਜੀਵਨਸ਼ੈਲੀ ਦੇ ਵਿਚਲੇ ਫਰਕ ਦੀ ਵਿਆਖਿਆ ਕਰਦਾ ਹੈ) ਨੂੰ ਉਤਸ਼ਾਹਿਤ ਕਰਕੇ ਮਾਨਵਤਾ ਦੀ ਹੀ ਸੇਵਾ ਕਰਦਾ ਹੈ। ਮਨੁੱਖੀ ਜੀਵਨ ਨੂੰ ਬੇਹਤਰ ਬਣਾਉਣ ਵਾਲੀਆ ਨਵੀਆਂ ਕਾਢਾਂ ਵਿੱਚ ਸਿਰਫ਼ ਤਕਨੀਕ ਤੇ ਵਿਗਿਆਨ ਦੀਆਂ ਕਾਢਾਂ ਹੀ ਨਹੀਂ, ਬਲਕਿ ਪ੍ਰਬੰਧਕੀ (ਸਮਾਜਿਕ, ਰਾਜਨੀਤਿਕ, ਸੱਭਿਆਚਾਰਕ ਆਦਿ) ਕਾਢਾਂ ਵੀ ਸ਼ਾਮਿਲ ਹੁੰਦੀਆਂ ਹਨ। ਹਰ ਤਰ੍ਹਾਂ ਦੀਆਂ ਨਵੀਆਂ ਵਿਉਪਾਰਕ ਫ਼ਰਮਾ ਦੀ ਸਥਾਪਨਾ ਬਹੁਤ ਸਾਰਿਆ ਲੋਕਾਂ ਦੁਆਰਾ ਕੀਤੇ ਕੰਮਾਂ ਵਿੱਚ ਇਕਾਗਰਤਾ ਸਥਾਪਿਤ ਹੋਣ ਨਾਲ ਹੀ ਹੁੰਦੀ ਹੈ। ਨਵੇਂ ਆਰਥਿਕ ਬਾਜ਼ਾਰ (ਮੰਡੀਆ) ਅਤੇ ਇਸਦੇ ਹੋਰ ਸੰਸਾਧਨ ਫਾਇਦੇ ਤੇ ਨਿਵੇਸ਼ ਨਾਲ ਸੰਬੰਧਿਤ ਕਰੋੜਾਂ ਲੋਕਾਂ ਦੇ ਫੈਸਲਿਆ ਨੂੰ ਇੱਕ ਦੂਸਰੇ ਨਾਲ ਜੋੜੀ ਰੱਖਦੇ ਹਨ। ਦੂਰਸੰਚਾਰ ਦੇ ਨਵੇਂ ਮਾਧਿਅਮ ਦੁਨੀਆਂ ਭਰ ਦੇ ਲੋਕਾਂ ਨੂੰ ਇੱਕ ਦੂਸਰੇ ਦੇ ਨੇੜੇ ਲਿਆਉਣ ਦਾ ਕੰਮ ਕਰਦੇ ਹਨ। (ਅੱਜ ਹੀ ਮੇਰੇ ਫਿਨਲੈਂਡ, ਚੀਨ, ਮੋਰੱਕੋ, ਯੂਨਾਇਟਿਡ ਸਟੇਟ ਅਤੇ ਰੂਸ ਵਿੱਚ, ਡੈਨਮਾਰਕ ਫ੍ਰਾਂਸ ਅਤੇ ਕਿਰਗਿਸਤਾਨ ਦੇ ਦੋਸਤਾਂ ਤੇ ਹੋਰ ਜਾਣਕਾਰਾਂ ਨਾਲ ਫੇਸਬੁੱਕ ਦੇ ਮਾਧਿਅਮ ਨਾਲ ਸੰਦੇਸ਼ ਗਏ ਤੇ ਆਏ ਹਨ)। ਨਵੇਂ ਉਤਪਾਦ ਸਾਨੂੰ ਐਸ਼ੋ-ਆਰਾਮ, ਖੁਸ਼ੀ ਅਤੇ ਸਿੱਖਿਆ ਪ੍ਰਦਾਨ ਕਰਦੇ ਹਨ ਜੋ ਪਿਛਲੀ ਪੀੜੀ ਦੇ ਲਈ ਕਲਪਨਾ ਤੋਂ ਪਰੇ ਦੀ ਚੀਜ਼ ਸੀ

(ਇਹ ਮੈਂ ਆਪਣੇ ਐਪਲ ਮੈਕਬੁੱਕ ਪਰੋ ਤੇ ਲਿਖ ਰਿਹਾਂ ਹਾਂ) ਇਨ੍ਹਾਂ ਤਬਦੀਲੀਆ ਨੇ ਸਾਡੇ ਸਮਾਜ ਵਿੱਚ ਪੁਰਾਣੇ ਸਮਾਜਾਂ ਦੀ ਤੁਲਨਾ ਵਿੱਚ ਨਾਟਕੀ ਬਦਲਾਅ ਲਿਆਂਦੇ ਹਨ।

ਪੂੰਜੀਵਾਦ ਸਮਾਜਵਾਦੀ ਤਾਨਾਸ਼ਾਹ ਦੁਆਰਾ ਆਪਣੇ ਦਾਸਾ ਨੂੰ 'ਭਵਿੱਖ ਸੁਆਰਣ' ਦੇ ਲਈ ਦਿੱਤੇ ਗਏ ਝੂਠੇ ਉਪਦੇਸ਼ ਨਹੀ, ਕੋਈ ਨਿਰਆਧਾਰ ਬਣਤਰ ਨਹੀਂ। ਪੂੰਜੀਵਾਦ ਦਾ ਸੰਬੰਧ ਮੁਸ਼ਕਿਲ ਕੰਮਾਂ ਨੂੰ ਕਰਨ, ਤਿਆਗ ਕਰਨ ਤੇ ਰੁੱਝੇ ਰਹਿਣ ਨਾਲ ਵੀ ਨਹੀਂ, ਬਲਕਿ ਇਸਦਾ ਸੰਬੰਧ ਤਾਂ ਨਵੀਆਂ ਕਦਰਾਂ-ਕੀਮਤਾਂ ਨੂੰ ਉਸਾਰਨਾ ਹੈ। ਜੋ ਲੋਕ ਪੂੰਜੀਵਾਦ ਨੂੰ ਸਮਝਣ ਵਿੱਚ ਅਸਫਲ ਰਹਿੰਦੇ ਹਨ ਉਹ ਰੋਜ਼ਗਾਰ ਪੈਦਾ ਕਰਨ ਵਾਲੇ 'ਰੋਜ਼ਗਾਰ ਸਿਰਜਣਾਂ' (Employment Generation) ਪ੍ਰੋਗਰਾਮਾਂ ਲਈ ਬਹੁਤ ਉਤਸ਼ਾਹਿਤ ਰਹਿੰਦੇ ਹਨ। ਉਹਨਾਂ ਦਾ ਗਲਤ ਕੰਮ ਪ੍ਰਤੀ ਨਜ਼ਰੀਆ ਗਲਤ ਹੈ ਅਤੇ ਪੂੰਜੀਵਾਦ ਦੇ ਸੰਬੰਧ ਵਿੱਚ ਤਾਂ ਹੋਰ ਵੀ ਜ਼ਿਆਦਾ ਗਲਤ। ਇੱਕ ਬਹੁਤ ਪ੍ਰਸਿੱਧ ਕਹਾਣੀ ਦੇ ਅਨੁਸਾਰ, ਅਰਥ ਸ਼ਾਸ਼ਤਰੀ ਮਿਲਟਨ ਫ੍ਰੀਡਮੈਨ ਨੂੰ ਏਸ਼ੀਆਂ ਵਿੱਚ ਚਲ ਰਹੇ ਵਿਸ਼ਾਲ ਨਹਿਰ ਕਾਰਜ ਨੂੰ ਵੇਖਣ ਲਈ ਬੁਲਾਇਆ ਗਿਆ। ਫ੍ਰੀਡਮੈਨ ਦਾ ਧਿਆਨ ਇੱਕ ਬੜੀ ਹੀ ਅਜੀਬ ਘਟਨਾ ਵੱਲ ਗਿਆ। ਉਹਨਾਂ ਵੇਖਿਆ ਕਿ ਮਜ਼ਦੂਰ ਵੱਡੇ-ਵੱਡੇ ਪੱਥਰਾ ਅਤੇ ਮਿੱਟੀ ਦੇ ਢੇਰਾਂ ਨੂੰ ਮਿੱਟੀ ਪੁੱਟਣ ਵਾਲੀ ਮਸ਼ੀਨ ਦੀ ਬਜਾਏ ਛੋਟੇ-ਛੋਟੇ ਬੇਲਚਿਆਂ (ਕਹੀਆਂ) ਦੀ ਮਦਦ ਨਾਲ ਹਟਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਫ੍ਰੀਡਮੈਨ ਦੁਆਰਾ ਇਸਦਾ ਕਾਰਣ ਪੁੱਛਣ ਤੇ ਕਿਹਾ ਗਿਆ ਕਿ, 'ਤੁਸੀਂ ਸਮਝੇ ਨਹੀਂ' ਇਹ ਇੱਕ ਰੋਜ਼ਗਾਰ ਪੈਦਾ ਕਰਨ ਦਾ ਤਰੀਕਾ ਹੈ। ਇਸ ਉੱਪਰ ਫ੍ਰੀਡਮੈਨ ਦੀ ਪ੍ਰਤੀਕਿਰਿਆ ਸੀ ਕਿ, 'ਅੱਛਾ, ਮੈਨੂੰ ਲੱਗਿਆ ਕਿ ਤੁਸੀਂ ਲੋਕ ਸ਼ਾਇਦ ਨਹਿਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ। ਜੇਕਰ ਤੁਸੀਂ ਰੋਜ਼ਗਾਰ ਹੀ ਪੈਦਾ ਕਰਨਾ ਚਾਹੁੰਦੇ ਹੋ ਤਾਂ ਬੇਲਚੇ ਦੀ ਥਾਂ ਤੇ ਉਹਨਾਂ ਨੂੰ ਚਮਚੇ ਕਿਉਂ ਨਹੀਂ ਦੇ ਦੇਂਦੇ?'

ਵਿਉਪਾਰੀ ਤੇ ਦੋਸਤਾਨਾ ਸੁਭਾਅ ਦਾ ਪੂੰਜੀਵਾਦੀ ਐਚ. ਰਾਸ ਜਦੋਂ 1992 ਵਿੱਚ ਯੂਨਾਇਟੇਡ ਸਟੇਟ (USA) ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ (Election) ਲੜ ਰਿਹਾ ਸੀ ਤਾਂ ਪ੍ਰਧਾਨਗੀ ਭਾਸ਼ਣ ਦੇ ਦੌਰਾਨ ਦੁੱਖ ਜ਼ਾਹਿਰ ਕੀਤਾ ਕਿ ਅਮਰੀਕੀ ਲੋਕ ਤਾਇਵਾਨ ਤੋਂ ਕੰਪਿਊਟਰ ਚਿਪ ਖਰੀਦ ਰਹੇ ਹਨ ਤੇ ਆਲੂ ਚਿਪਸ ਵੇਚ ਰਹੇ ਹਨ। ਇੰਝ ਲੱਗਦਾ ਹੈ ਕਿ ਜਿਵੇਂ ਐਚ. ਰਾਸ ਇਸ ਗੱਲ ਤੋਂ ਸ਼ਰਮਿੰਦਾ ਸਨ। ਉਹ ਲੈਨਿਨ ਦੀ ਵਿਚਾਰਧਾਰਾ ਨੂੰ ਲੈ ਕੇ ਆਏ ਜਿਸ ਅਨੁਸਾਰ ਕਦਰਾਂ-ਕੀਮਤਾਂ (ਮੁੱਲ-Value) ਵਿੱਚ ਵਾਧਾ ਕੇਵਲ ਕਾਰਖਾਨਿਆਂ ਵਿੱਚ ਬਨਣ ਵਾਲੇ ਉਤਪਾਦਾਂ ਦੁਆਰਾ ਹੀ ਹੁੰਦਾ ਹੈ। ਪਰੰਤੂ ਸਟੈਨਫੋਰਡ ਯੂਨੀਵਰਸਿਟੀ ਦੇ ਅਰਥ ਸ਼ਾਸ਼ਤਰੀ ਮਾਈਕਲ ਬੋਸਕਿਨ ਇਸ ਤੱਥ ਦਾ ਸਪੱਸ਼ਟੀਕਰਨ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਤੁਸੀਂ ਇੱਕ ਡਾਲਰ ਕੀਮਤ ਦੇ ਕੰਪਿਊਟਰ ਚਿਪ ਦੀ ਗੱਲ ਕਰਦੇ ਹੋ ਜਾਂ ਇਕ ਡਾਲਰ ਕੀਮਤ

ਦੇ ਆਲੂ ਦੀ ਚਿਪਸ ਦੀ ਗੱਲ ਕਰਦੇ ਹੋ ਤਾਂ ਅਸਲ ਵਿੱਚ ਤੁਸੀਂ ਸਿਰਫ ਇੱਕ ਡਾਲਰ ਦੇ ਮੁੱਲ ਸੰਬੰਧੀ ਹੀ ਚਰਚਾ ਕਰ ਰਹੇ ਹੋਂ। ਮੁੱਲ ਵਿੱਚ ਵਾਧਾ ਚਾਹੇ ਇਦਾਹੋ (Idaho-an American State) ਵਿੱਚ ਆਲੂ ਪੈਦਾ ਕਰਕੇ ਹੋਵੇ ਜਾਂ ਤਾਇਪੇ ਵਿੱਚ ਸਿਲੀਕਾਨ ਨੂੰ ਤਰਾਸ਼ਕੇ ਹੋਵੇ, ਮੁੱਲ ਵਿੱਚ ਵਾਧਾ ਤਾਂ ਹੁੰਦਾ ਹੀ ਹੈ। 'ਤੁਲਨਾਤਮਕ ਅਨੁਕੂਲ ਪਰਸਥਿਤੀਆਂ'[5] ਵਿਸ਼ੇਸ਼ ਕੰਮ ਵਿੱਚ ਮੁਹਾਰਤ ਤੇ ਵਿਉਪਾਰ ਦੀ ਕੁੰਜੀ ਹਨ। ਅਤੇ ਉਤਪਾਦਨ ਦੇ ਮੁੱਲਾਂ ਵਿੱਚ ਹੀਣਤਾਂ ਜਾਂ ਸ਼ਰਮਿੰਦਗੀ ਜਹੀ ਕੋਈ ਚੀਜ਼ ਨਹੀਂ ਹੁੰਦੀ।ਬੇਸ਼ੱਕ ਉਹ ਕਿਸਾਨ ਹੋਵੇ ਜਾਂ ਸਲਾਹਕਾਰ (ਅੱਜ ਆਪਣੀ ਲਾਇਬ੍ਰੇਰੀ ਦੀ ਸਜ਼ਾਵਟ ਲਈ ਮੈਂ ਤਿੰਨ ਸਲਾਹਕਾਰਾਂ ਦੀ ਮਦਦ ਲਈ ਅਤੇ ਜ਼ਿਆਦਾ ਤੋਂ ਜ਼ਿਆਦਾ ਕਿਤਾਬਾਂ ਨੂੰ ਸੋਹਣੇ ਤੇ ਸੁਚੱਜੇ ਢੰਗ ਨਾਲ ਲਗਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸ ਨਾਲ ਬੜੀ ਸਿੱਦਤ ਨਾਲ ਮੈਨੂੰ ਇਹ ਅਹਿਸਾਸ ਹੋਇਆ ਕਿ ਉਹਨਾਂ ਨੇ ਮੇਰੀ ਜ਼ਿੰਦਗੀ ਨੂੰ ਕਿੰਨੀ ਸੋਹਣੀ (Valueable) ਬਣਾ ਦਿੱਤਾ ਹੈ।) ਕੋਈ ਸ਼ਾਹੂਕਾਰ ਹੋਵੇ ਜਾਂ ਫਿਰ ਕਿਸੇ ਹੋਰ ਕਿੱਤੇ ਨਾਲ ਜੁੜਿਆ ਹੋਇਆ ਵਿਅਕਤੀ। ਬਾਜ਼ਾਰ (ਨਾ ਕਿ ਅਭਿਮਾਨੀ ਸਵਾਰਥੀ ਨੇਤਾ) ਸਾਨੂੰ ਦਿਖਾਉਂਦਾ ਹੈ ਕਿ ਅਸੀਂ ਕਦੋਂ ਮੁੱਲਾਂ ਵਿੱਚ ਵਾਧਾ ਕਰ ਰਹੇ ਹਾਂ। ਪਰੰਤੂ ਇਸਦੀ ਜਾਣਕਾਰੀ ਸੁਤੰਤਰ ਲੈਣ-ਦੇਣ ਦੀ ਪ੍ਰਕ੍ਰਿਆ ਵਾਲੇ ਪ੍ਰਬੰਧ (Free Market) ਦੇ ਬਿਨਾਂ ਸੰਭਵ ਨਹੀਂ।

ਪੂੰਜੀਵਾਦ ਸਿਰਫ ਲੋਕਾਂ ਦੁਆਰਾ ਆਂਡੇ ਬਣਾਉਣ ਲਈ ਮੱਖਣ ਖਰੀਦਣ ਤੱਕ ਦੀ ਪ੍ਰਕ੍ਰਿਆ ਨਹੀਂ, ਜਿਵੇਂ ਕਿ ਸਦੀਆਂ ਤੋਂ ਹੁੰਦਾ ਆ ਰਿਹਾ ਹੈ। ਇਹ ਮਨੁੱਖੀ ਸ਼ਕਤੀ ਅਤੇ ਕਲਾ ਨੂੰ ਵੱਡੇ ਪੈਮਾਨੇ 'ਤੇ ਇਕੱਠਾ ਕਰਨ ਅਤੇ ਉਸਦੀ ਕੀਮਤ ਦੱਸਣ ਤੇ ਦੇਣ ਦੀ ਉਹ ਪ੍ਰਕ੍ਰਿਆ ਹੈ ਜੋ ਮਨੱਖੀ ਇਤਿਹਾਸ ਵਿੱਚ ਪਹਿਲਾਂ ਕਦੇ ਵੀ ਵੇਖੀ ਨਹੀਂ ਗਈ। ਇਹ ਆਮ ਲੋਕਾਂ ਲਈ ਧਨ ਪੈਦਾ ਕਰਨ ਦੀ ਪ੍ਰਕ੍ਰਿਆ ਹੈ ਜੋ ਅਤੀਤ ਵਿੱਚ ਸ਼ਾਹੂਕਾਰਾ, ਬਹੁਤ ਸ਼ਕਤੀਸ਼ਾਲੀ ਰਾਜਿਆਂ, ਸੁਲਤਾਨਾਂ ਅਤੇ ਸਮਰਾਟਾਂ ਨੂੰ ਹੈਰਾਨ ਅਤੇ ਪਰੇਸ਼ਾਨ ਕਰ ਦਿੰਦੀ। ਇਹ ਲੰਮੇ ਸਮੇਂ ਤੋਂ ਮੋਰਚਾਬੰਦੀ ਕਰਕੇ ਬੈਠੀ ਸੱਤਾ, ਪ੍ਰਧਾਨਤਾ ਅਤੇ ਵਿਸ਼ੇਸ਼ ਅਧਿਕਾਰ ਦੀ ਪ੍ਰਣਾਲੀ ਨੂੰ ਖਤਮ ਕਰਕੇ ਪ੍ਰਤਿਭਾ ਦੇ ਅਨੁਸਾਰੀ ਭਵਿੱਖ (Careers to Talent) ਨਾਲ ਸੰਬੰਧਿਤ ਹੈ।[6] ਇਹ ਈਰਖਾ ਨੂੰ ਗੁਣ ਤੇ ਪ੍ਰਾਪਤੀ ਦੁਆਰਾ ਪ੍ਰਸੰਨਤਾਂ ਵਿੱਚ ਬਦਲਣ ਨਾਲ ਸੰਬੰਧਿਤ ਹੈ।[7] ਇਹ ਮੇਰੇ ਤੇ ਤੁਹਾਡੇ ਜੀਵਨ ਨੂੰ ਯੋਗ ਬਨਾਉਣ ਨਾਲ ਸੰਬੰਧਿਤ ਹੈ।

(ਇਹ ਕੇਵਲ ਸਾਧਾਰਣ ਲੋਕਾਂ ਦੇ ਉੱਪਰ ਪੁਰਾਣੇ ਰਾਜਿਆਂ, ਮਹਾਂਰਾਜਿਆ ਤੇ ਸੁਲਤਾਨਾਂ ਵਾਂਗ ਹਕੂਮਤ ਕਰਨ ਜੇਹੀ ਕੋਈ ਚੀਜ਼ (ਧਾਰਣਾ ਜਾਂ ਪ੍ਰਬੰਧ) ਨਹੀਂ।ਉਹਨਾਂ ਕੋਲ ਗੁਲਾਮਾਂ ਦੁਆਰਾ ਉਸਾਰੇ ਮਹਿਲ ਹੋਇਆ ਕਰਦੇ ਸਨ ਜੋ ਜਨਤਾ ਤੋਂ ਵਸੂਲੇ ਗਏ ਮਾਲੀਏ (Tax) ਦੇ ਪੈਸੇ ਨਾਲ ਬਣਦੇ ਸਨ। ਪਰ ਫਿਰ ਵੀ ਉਹਨਾਂ ਕੋਲ ਘਰ ਦੇ ਅੰਦਰ ਵਾਤਾਵਰਣ ਨੂੰ ਪ੍ਰਤੀਕੂਲ ਢਾਲ ਸਕਣ ਵਾਲੇ ਹੀਟਰ ਤੇ ਕੂਲਰ ਨਹੀਂ ਸਨ। ਉਹਨਾਂ ਕੋਲ ਗੁਲਾਮ ਤੇ ਨੌਕਰ ਤਾਂ ਹੁੰਦੇ

ਸਨ ਪਰ ਕੱਪੜੇ ਧੋਣ ਅਤੇ ਭਾਂਡੇ ਸਾਫ਼ ਕਰਨ ਵਾਲੀਆ ਮਸ਼ੀਨਾ ਨਹੀਂ। ਪੈਗਾਮ ਲੈ ਜਾਣ ਵਾਲਿਆ ਦੀ ਫ਼ੌਜ਼ ਹੋਇਆ ਕਰਦੀ ਸੀ ਪਰ ਮੋਬਾਇਲ ਤੇ ਵਾਈਫਾਈ (ਇੰਟਰਨੈੱਟ) ਨਹੀਂ। ਉਹਨਾਂ ਕੋਲ ਦਰਬਾਰੀ ਵੈਦ ਅਤੇ ਵਿਦਵਾਨ ਤਾਂ ਹੁੰਦੇ ਸਨ ਪਰ ਦਰਦ ਤੋਂ ਰਾਹਤ ਦਿਵਾਉਣ ਲਈ ਬੇਹੋਸ਼ (ਐਨਸਥਿਸਿਆਂ) ਕਰਨ ਵਾਲੇ ਮਾਹਿਰ ਨਹੀਂ। ਉਨਾਂ ਕੋਲ ਛੂਤ ਦੇ ਰੋਗਾਂ ਨੂੰ ਦੂਰ ਕਰਨ ਲਈ ਰੋਗਾਣੂਨਾਸ਼ਕ ਦਵਾਈ (Antibiotic) ਨਹੀਂ ਸੀ। ਉਹ ਬੇਸ਼ੱਕ ਤਾਕਤਵਾਰ ਸਨ ਪਰ ਸਾਡੇ ਵਰਤਮਾਨ ਮਿਆਰਾਂ ਅਨੁਸਾਰ ਬੇਹੱਦ ਗਰੀਬ ਸਨ।)

**ਸ਼ਬਦ ਦਾ ਇਤਿਹਾਸ**

ਮੁਕਤ ਬਾਜ਼ਾਰ (Free Markets) ਦਾ ਅਰਥ ਲੋਕਾਂ ਦੁਆਰਾ ਇੱਕ ਸੁਤੰਤਰ ਲੈਣ ਦੇਣ ਦੀ ਪ੍ਰਕਿਰਿਆ ਦੇ ਪ੍ਰਬੰਧ (System of Free Exchange) ਵਜੋਂ ਲਿਆ ਜਾਂਦਾ ਹੈ। ਇਸਦੇ ਨਾਲ-ਨਾਲ ਇਹ ਮੰਨਿਆ ਜਾਂਦਾ ਹੈ ਕਿ ਦੇਸ਼ ਦੇ ਸਮੂਹਿਕ ਵਸੀਲਿਆਂ ਦੇ ਸੀਮਿਤ ਹੋਣ ਦੀ ਸਥਿਤੀ ਵਿੱਚ ਆਧੁਨਿਕ ਸਮਾਜਾਂ ਲਈ ਹਰ ਵਿਅਕਤੀ ਦੀ ਆਰਥਿਕ ਤਰੱਕੀ ਲਈ ਮਨੁੱਖੀ ਅਧਿਕਾਰ ਸਪੱਸ਼ਟ ਕਾਨੂੰਨੀ ਤੌਰ ਤੇ ਸੁਰੱਖਿਅਤ ਅਤੇ ਹਰੇਕ ਵਿਅਕਤੀ ਨੂੰ ਆਸਾਨੀ ਨਾਲ ਸਮਝ ਆ ਸਕਣ ਵਾਲੇ ਹੋਣੇ ਚਾਹੀਦੇ ਹਨ। ਪਰ ਇਕ ਆਰਥਿਕ ਇਤਿਹਾਸਕਾਰ ਵਜੋਂ ਡੇਰਦਰੇ ਮੈਕਲੋਸਕੀ ਨੇ ਬਹੁਤ ਵਿਸ਼ਵਾਸ ਨਾਲ ਇਸ ਗੱਲ ਵੱਲ ਧਿਆਨ ਦੁਆਇਆ ਹੈ ਕਿ ਸੁਤੰਤਰਰ ਬਾਜ਼ਾਰ ਦੀ ਪ੍ਰਕ੍ਰਿਆ ਦੇ ਲਈ ਕੇਵਲ ਉਪਰੋਕਤ ਸਥਿਤੀਆਂ ਹੀ ਕਾਫ਼ੀ ਨਹੀਂ। ਇਸਦੇ ਲਈ ਇਕ ਹੋਰ ਚੀਜ਼ ਦੀ ਜਰੂਰਤ ਹੁੰਦੀ ਹੈ ਅਤੇ ਉਹ ਹੈ ਸੁਤੰਤਰ ਆਦਾਨ-ਪ੍ਰਦਾਨ ਅਤੇ ਨਵੀਆਂ ਕਾਢਾਂ ਦੁਆਰਾ ਧਨ ਉਤਪਤੀ (Wealth Production) ਦੀ ਪ੍ਰਕਿਰਿਆਂ ਵਿਚਲੀ ਨੈਤਿਕਤਾ।

'ਪੂੰਜੀਵਾਦ' ਸ਼ਬਦ ਦੇ ਹੋਂਦ ਅਖਤਿਆਰ ਕਰਕੇ ਪ੍ਰਯੋਗ ਵਿੱਚ ਆਉਣ ਸੰਬੰਧੀ ਕੁਝ ਸ਼ਬਦ ਕਹਿਣੇ ਵੀ ਸਾਰਥਕ ਹੋਣਗੇ। ਸਮਾਜ-ਇਤਿਹਾਸਕਾਰ ਫਰਨਾਦ ਬਗਦੇਲ ਦੁਆਰਾ ਪੂੰਜੀਵਾਦ ਸ਼ਬਦ ਦਾ ਪ੍ਰਯੋਗ ਬਾਹਰਵੀਂ ਅਤੇ ਤੇਹਰਵੀਂ ਸਦੀ ਦੇ ਦੌਰਾਨ ਮਾਲੀ ਵਸੀਲੇ (Funds), ਤਜ਼ਾਰਤੀ (ਖਰੀਦੋ ਫਰੋਖਤ), ਮਾਲ ਦੇ ਭੰਡਾਰ (Stock of Merchantise), ਕੁਲ ਜਮ੍ਹਾਂ ਰਾਸ਼ੀ (Sum of Money) ਜਾਂ ਵਿਆਜ ਉੱਪਰ ਦਿੱਤੇ ਜਾਣ ਵਾਲੇ ਧਨ (Money Lent on Interest) ਦੇ ਵਰਣਨ ਦੌਰਾਨ ਕੀਤਾ ਗਿਆ।[8] ਬਰਾਦੇਲ ਦੁਆਰਾ ਸੂਚੀਬੱਧ ਸਾਮਗ੍ਰੀ ਅਨੁਸਾਰ, 'ਪੂੰਜੀਵਾਦ' ਸ਼ਬਦ ਦਾ ਬਾਰ-ਬਾਰ ਬੜੇ ਹੀ ਰੁੱਖੇ ਤਰੀਕੇ ਨਾਲ-"ਇਸ ਸ਼ਬਦ ਦਾ ਕਦੀ ਵੀ ਮਿੱਤਰਤਪੂਰਨ ਜਾ ਆਪਸੀ ਸਹਿਯੋਗ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ"-ਪ੍ਰਯੋਗ ਹੋਇਆ ਹੈ।[9]

ਜਦੋਂ ਫਰਾਂਸ ਦੇ ਸਮਾਜਵਾਦੀ ਲੁਈਸ ਬਲੈਨ ਨੇ ਉਨੀਵੀਂ ਸਦੀ ਵਿੱਚ ਇਸ ਸੰਕਲਪ ਨੂੰ ਕੁਝ ਲੋਕਾਂ ਦੁਆਰਾ ਪੂੰਜੀ ਨੂੰ ਹਥਿਆਕੇ ਦੂਜਿਆਂ ਦਾ ਬਹਿਸ਼ਕਾਰ (Exclusion-ਰੋਕ ਕੇ ਜਾ ਛੁਟਿਆਕੇ) ਕਰਨ ਵਜੋਂ ਪਰਿਭਾਸ਼ਿਤ ਕੀਤਾ, ਉਸ ਸਮੇਂ

ਪੂੰਜੀਵਾਦ ਸ਼ਬਦ ਨੂੰ ਇਕ ਗਾਲ (Abuse) ਦੇ ਅਰਥਾਂ ਵਿੱਚ ਜਾਣਿਆ ਜਾਂਦਾ ਸੀ। ਕਾਲ ਮਾਰਕਸ ਨੇ ਪੂੰਜੀਵਾਦ ਨੂੰ 'ਉਤਪਾਦਕਤਾ ਦਾ ਸਰਮਾਏਦਾਰੀ ਸੁਭਾਅ' ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਤਾਂ ਉਸਦੇ ਇਕ ਉਤਸ਼ਾਹੀ ਚੇਲੇ ਵਾਰਨਰ ਸੋਮਬਰਟ ਨੇ ਇਸ ਧਾਰਣਾਂ ਨੂੰ 1912 ਵਿੱਚ ਆਈ ਆਪਣੀ ਪੁਸਤਕ 'Der Moderne Kapitalismus' ਦੁਆਰਾ ਅੱਗੇ ਪ੍ਰਚਲਿਤ ਕੀਤਾ। ਕਾਰਲ ਮਾਰਕਸ ਦੇ ਸਹਿਯੋਗੀ ਫ੍ਰੈਡਰਿਕ ਏਂਗਲ ਦਾ ਵਿਸ਼ਵਾਸ ਸੀ ਕਿ ਜਰਮਨੀ ਵਿੱਚ ਸਿਰਫ ਇਕ ਹੀ ਚਿੰਤਕ ਏਹੋ ਜਿਹਾ ਹੈ ਜੋ ਅਸਲ ਵਿੱਚ ਕਾਲ ਮਾਰਕਸ ਨੂੰ ਸਮਝਦਾ ਹੈ ਅਤੇ ਉਹ 'ਸੋਮਬਰਟ' ਹੈ। ਏਹੀ ਸੋਮਬਰਟ ਬਾਅਦ ਵਿੱਚ ਪੂੰਜੀਵਾਦ ਦੇ ਵਿਰੋਧ ਵਾਲੀ ਇੱਕ ਹੋਰ (ਮਾਰਕਸਵਾਦ ਤੋਂ ਵੱਖਰੀ) ਸ਼ਾਖ ਰਾਸ਼ਟਰੀ ਸਮਾਜਵਾਦ (National Socialism) ਭਾਵ ਨਾਜੀਨ ਦਾ ਸਮਰਥਕ ਬਣ ਗਿਆ।

'ਪੂੰਜੀਵਾਦ' ਅਤੇ ਉਤਪਾਦਕਤਾ ਦੇ ਸਰਮਾਏਦਾਰੀ ਸੁਭਾਅ ਉੱਪਰ ਕੀਤੇ ਗਏ ਆਪਣੇ ਹਮਲੇ ਦੁਆਰਾ ਮਾਰਕਸ ਅਤੇ ਏਂਗਲ ਨੇ ਵੇਖਿਆ ਕਿ, "ਬੁਰਜ਼ੁਆ ਸ਼੍ਰੇਣੀ (The bourgeoisie) (ਉਤਪਾਦਨ ਦੇ ਮਾਧਿਅਮਾਂ ਉੱਪਰ ਆਪਣਾ ਅਧਿਕਾਰ ਰੱਖਣ ਵਾਲੇ ਵਰਗ ਲਈ ਇਸਤੇਮਾਲ ਕੀਤਾ ਸੰਕਲਪ) ਨੇ ਦੁਨੀਆਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

> ਬੁਰਜ਼ੁਆ ਸ਼੍ਰੇਣੀ ਨੇ ਆਪਣੇ ਸੌ ਸਾਲਾਂ ਦੇ ਨਿੱਕੇ ਜਿਹੇ ਰਾਜਕਾਲ ਵਿੱਚ ਏਨੀਆਂ ਜ਼ਬਰਦਸਤ ਅਤੇ ਚਮਤਕਾਰੀ ਉਤਪਾਦਕ ਸ਼ਕਤੀਆਂ ਨੂੰ ਪੈਦਾ ਕੀਤਾ ਹੈ ਜਿਨ੍ਹਾਂ ਕਿ ਪਹਿਲਾਂ ਦੀਆਂ ਸਾਰੀਆਂ ਪੀੜ੍ਹੀਆਂ ਵੀ ਮਿਲਕੇ ਨਹੀਂ ਕਰ ਸਕੀਆਂ। ਕੁਦਰਤੀ ਸ਼ਕਤੀਆਂ ਦਾ ਮਨੁੱਖ ਦੇ ਅਧੀਨ ਹੋਣਾ, ਮਸ਼ੀਨਰੀ ਉਦਯੋਗਾਂ ਅਤੇ ਖੇਤੀਬਾੜੀ ਵਿੱਚ ਰਸਾਇਣਾਂ ਜਾਂ ਦਵਾਈਆਂ ਦਾ ਪ੍ਰਯੋਗ, ਭਾਫ਼ ਨਾਲ ਚੱਲਣ ਵਾਲੇ ਸਮੁੰਦਰੀ ਜਹਾਜ਼, ਰੇਲਾਂ, ਬਿਜਲਈ ਮਾਧਿਅਮ ਦੁਆਰਾ ਸੰਦੇਸ਼ ਭੇਜਣਾ (Electric Telegraphs) ਖੇਤੀਬਾੜੀ ਲਈ ਪੂਰੇ ਮਹਾਂਦੀਪਾਂ ਦੀ ਸਫ਼ਾਈ, ਨਦੀਆਂ ਦਾ ਨਹਿਰੀਕਰਣ, ਸਾਰੀ ਆਬਾਦੀ ਦਾ ਮੰਤਰ-ਮੁਗਧ ਆਪਣੇ ਦਾਇਰਿਆਂ 'ਚੋਂ ਨਿਕਲ ਆਉਣਾ ਆਦਿ ਅਜਿਹੀਆਂ ਸ਼ਕਤੀਆਂ ਹਨ ਜਿਨ੍ਹਾਂ ਲਈ ਪਿਛਲੇ ਸੌ ਸਾਲਾਂ ਦੌਰਾਨ ਅਨੁਮਾਨ ਲਗਾਇਆ ਜਾਂਦਾ ਰਿਹਾ ਕਿ ਇਹ ਸਮਾਜਿਕ ਕਿਰਤ (ਮਾਰਕਸਵਾਦ ਅਨੁਸਾਰ) ਦੀ ਗੋਦ ਵਿੱਚ ਸੁੱਤੀਆਂ ਪਈਆਂ ਹਨ।[11]

ਮਾਰਕਸ ਤੇ ਏਂਗਲ ਸਿਰਫ਼ ਤਕਨੀਕੀ ਨਵੀਆਂ ਕਾਢਾਂ ਨਾਲ ਹੀ ਹੈਰਾਨ ਨਹੀਂ ਸਨ ਬਲਕਿ ਉਹ ਇਸ ਗੱਲ ਤੋਂ ਵੀ ਹੈਰਾਨ ਸਨ ਕਿ ਪੂੰਜੀਵਾਦ 'ਸਾਰੀ ਆਬਾਦੀ ਦੇ ਮੰਤਰ ਮੁਗਧ ਹੋਕੇ ਬਾਹਰ ਨਿਕਲ ਆਉਣਾ' ਮੌਤ ਦੀ ਦਰ ਘੱਟਣਾ, ਜੀਵਨ ਪੱਧਰ ਦੇ ਉੱਚੇ ਉੱਠਣ ਅਤੇ ਔਸਤ ਉਮਰ ਵਿੱਚ ਵਾਧੇ ਨੂੰ ਪ੍ਰਭਾਸ਼ਿਤ ਕਰਨ ਦਾ ਜਬਰਦਸਤ

ਤਰੀਕਾ ਹੈ। ਅਜਿਹੀ ਯੋਗਤਾ ਦੇ ਬਾਵਜੂਦ ਵੀ ਮਾਰਕਸ ਅਤੇ ਏਂਗਲ ਨੇ ਉਤਪਾਦਨ ਦੇ ਪੂੰਜੀਵਾਦੀ ਸੁਭਾਅ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ। ਅਸਲ ਵਿੱਚ ਉਹਨਾਂ ਸੋਚਿਆ ਕਿ ਪੂੰਜੀਵਾਦ ਖੁਦ ਹੀ ਆਪਣੇ ਆਪ ਨੂੰ ਬਰਬਾਦ ਕਰ ਲਵੇਗਾ ਅਤੇ ਇਕ ਨਵੇਂ ਪ੍ਰਬੰਧ ਦੀ ਸ਼ੁਰੂਆਤ ਹੋਵੇਗੀ ਜੋ ਕਿ ਬਹੁਤ ਹੀ ਪ੍ਰਸ਼ੰਸ਼ਾਯੋਗ ਹੋਵੇਗੀ। (ਦਰਅਸਲ ਇਹ ਹਿੰਸਾਤਮਕ ਤਰੀਕੇ ਕਾਰਨ ਅਵਿਗਿਆਨਿਕ ਸੀ) ਹਾਲਾਂਕਿ ਉਹਨਾਂ ਨੇ ਇਹ ਦੱਸਣਾ ਵੀ ਜਰੂਰੀ ਨਹੀਂ ਸਮਝਿਆਂ ਕਿ ਇਹ ਪ੍ਰਬੰਧ ਆਖਿਰਕਾਰ ਕੰਮ ਕਿਵੇਂ ਕਰੇਗਾ?[12]

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮਾਰਕਸ ਅਤੇ ਏਂਗਲ ਨੇ ਪੂੰਜੀਵਾਦ ਦੀ ਆਲੋਚਨਾ (ਇੱਕ ਏਹੋ ਜਿਹੀ ਆਲੋਚਨਾ ਜੋ ਕਿ ਸਾਰੀ ਦੁਨੀਆ ਦੇ ਬੁੱਧੀ ਜੀਵੀ ਲੋਕਾਂ ਨੂੰ ਅਸਾਧਾਰਨ ਰੂਪ ਨਾਲ ਪ੍ਰਭਾਵਿਤ ਕਰਨ ਵਿੱਚ ਸਫ਼ਲ ਰਹੀ ਭਾਵੇਂ ਕਿ ਸਾਰੇ ਸਮਾਜਵਾਦੀ ਤਰੀਕਿਆਂ ਨੂੰ ਅਜਮਾਉਣ ਦੇ ਬਾਅਦ ਵੀ ਇਹ (ਸਮਾਜਵਾਦੀ ਪ੍ਰਣਾਲੀ) ਆਪਣੇ ਵਾਇਦਿਆਂ ਨੂੰ ਪੂਰਾ ਕਰਨ ਵਿੱਚ ਸਫ਼ਲ ਨਹੀਂ ਹੋ ਸਕੀ) ਦੀ ਸਥਾਪਨਾ ਇੱਕ ਵਿਸ਼ਾਲ ਭਰਮ ਦੇ ਆਧਾਰ ਤੇ ਕੀਤੀ ਹੈ। ਉਹ ਇਹ ਸ਼ਪੱਸ਼ਟ ਕਰਨ ਵਿੱਚ ਅਸਫ਼ਲ ਰਹੇ ਹਨ ਕਿ 'ਬੁਰਜ਼ੁਆ' ਸ਼ਬਦ ਤੋਂ ਉਹਨਾਂ ਦਾ ਕੀ ਅਰਥ ਸੀ। ਬਾਅਦ ਵਿੱਚ ਉਹਨਾਂ ਨੇ ਇਸਨੂੰ 'ਉਤਪਾਦਨ ਦੇ ਪੂੰਜੀਵਾਦੀ ਸੁਭਾਅ' ਨਾਲ ਜੋੜ ਦਿੱਤਾ। ਇਕ ਤਰਫ਼ ਤਾਂ ਉਹ ਇਸ ਸ਼ਬਦ ਦਾ ਪ੍ਰਯੋਗ ਧਨ ਦੇ ਮਾਲਕਾਂ ਦੇ ਤੌਰ ਤੇ ਕਰਦੇ ਹਨ ਜੋ ਉਤਪਾਦਨ ਦੀਆਂ ਯੋਜਨਾਵਾਂ ਨੂੰ ਸੰਯੋਜਿਤ ਕਰਦੇ ਹਨ। ਉੱਥੇ ਹੀ ਦੂਸਰੇ ਪਾਸੇ ਉਹ ਇਸਨੂੰ ਸਰਕਾਰ ਅਤੇ ਸੱਤਾਂ ਤੋਂ ਦੂਰ ਰਹਿਣ ਵਾਲਿਆਂ ਦੇ ਤੌਰ ਤੇ ਇਸਤੇਮਾਲ ਕਰਦੇ ਹਨ। ਜਿਵੇਂ ਕਿ ਮਾਰਕਸ ਨੇ ਰਾਜਨੀਤੀ ਸ਼ਾਸਤਰ ਸੰਬੰਧੀ ਆਪਣੇ ਇਕ ਨਿਬੰਧ ਵਿੱਚ ਕਿਹਾ ਹੈ:

> "ਵਿਸ਼ਾਲ ਅਤੇ ਦੂਰ ਤੱਕ ਫੈਲੀ ਸਰਕਾਰੀ ਮਸ਼ੀਨਰੀ ਦੀਆਂ ਸ਼ਾਖਾਵਾਂ ਦੀ ਦੇਖ-ਰੇਖ ਕਾਰਨ ਫਰੈਂਚ ਬੁਰਜ਼ੁਆ ਸ਼੍ਰੇਣੀ ਦੇ ਭੌਤਿਕ ਹਿੱਤ ਇੱਕ ਦੂਜੇ ਨਾਲ ਅੰਤਰ-ਨਿਰਭਰ ਤੇ ਗੂੜੇ ਸੰਬੰਧਾਂ ਵਿੱਚ ਬੱਝੇ ਹੁੰਦੇ ਹਨ। ਇਹ ਉਹੀ ਮਸ਼ੀਨ ਹੈ ਜੋ ਵਾਧੂ ਆਬਾਦੀ ਨੂੰ ਨੌਕਰੀਆਂ ਮੁਹੱਈਆਂ ਕਰਦੀ ਹੈ ਅਤੇ ਜਿਸ ਲਾਭ ਨੂੰ ਇਹ ਮੁਨਾਫੇ, ਵਿਆਜ, ਕਿਰਾਏ ਅਤੇ ਮੇਹਨਤਾਨੇ ਦੇ ਤੌਰ ਤੇ ਨਹੀਂ ਵੰਡ ਪਾਉਂਦੀ ਉਸਨੂੰ ਸਰਕਾਰੀ ਭੱਤੇ (State Salaries) ਦੇ ਰੂਪ ਵਿੱਚ ਮੁਹੱਈਆਂ ਕਰਦੀ ਹੈ। ਇਸਦਾ ਰਾਜਨੀਤਿਕ ਹਿੱਤ ਇਸ ਦੁਆਰਾ ਹਰ ਰੋਜ ਕੀਤੇ ਜਾਣ ਵਾਲੇ ਕੰਮਾਂ ਨੂੰ ਸਖ਼ਤੀ ਤੇ ਜਿੰਮੇਵਾਰੀ ਨਾਲ ਕੀਤੇ ਜਾਣ ਅਤੇ ਇਸਦੇ ਲਈ ਰਾਜ ਦੇ ਸਮੂਹਿਕ ਵਸੀਲਿਆਂ ਅਤੇ ਰਾਜ ਸੱਤਾ ਵਿੱਚ ਲੋਕਾਂ ਨੂੰ ਸ਼ਾਮਿਲ ਕਰਨ ਲਈ ਮਜ਼ਬੂਰ ਕਰਦਾ ਹੈ।"[13]

ਇਸ ਤਰ੍ਹਾਂ ਇਕ ਪਾਸੇ ਤਾਂ ਮਾਰਕਸ ਬੁਰਜ਼ੁਆ ਸ਼੍ਰੇਣੀ ਦੀ ਪਹਿਚਾਨ ਅਜਿਹੇ ਉਦਮਸ਼ੀਲ ਲੋਕਾਂ ਦੇ ਤੌਰ ਤੇ ਕਰਦਾ ਹੈ ਜੋ "ਸਾਰੇ ਦੇਸ਼ਾਂ ਵਿੱਚ ਉਤਪਾਦਨ ਅਤੇ ਉਪਭੋਗ/ਖਪਤ (Consumption) ਨੂੰ ਵਿਸ਼ਵ ਵਿਆਪੀ ਸੁਭਾਅ" ਪ੍ਰਦਾਨ ਕਰਦਾ

ਹੈ, ਜੋ ਰਾਸ਼ਟਰੀ ਧੜੇਬੰਦੀ (National one-sidedness) ਅਤੇ ਨਾਕਾਰਤਮਕ ਮਾਨਸਿਕਤਾ (National One-sidedness) ਨੂੰ ਵੱਧ ਤੋਂ ਵੱਧ ਨਾਮੁਮਕਿਨ ਬਣਾਉਂਦੇ ਹਨ, ਜੋ ਵਿਸ਼ਵ ਵਿਆਪੀ ਸਾਹਿਤ ਦੀ ਸਿਰਜਣਾ ਕਰਦੇ ਹਨ, ਜੋ ਉਤਪਾਦਨ ਦੇ ਸਾਰੇ ਉਪਕਰਣਾਂ ਨੂੰ ਬਹੁਤ ਤੇਜ਼ੀ ਨਾਲ ਉੱਨਤ ਕਰਦੇ ਹਨ, ਜੋ ਸੰਚਾਰ ਸਾਧਨਾਂ ਨੂੰ ਵਿਸ਼ਾਲ ਰੂਪ ਵਿੱਚ ਅੱਗੇ ਵਧਾਉਂਦੇ ਹੋਏ ਆਸਾਨ ਬਣਾਉਂਦੇ ਹਨ ਅਤੇ ਜੋ ਅਸੱਭਿਅਕ ਲੋਕਾਂ ਵੱਲੋਂ ਵਿਦੇਸ਼ੀਆਂ ਨਾਲ ਕੀਤੇ ਜਾਣ ਵਾਲੇ ਨਫ਼ਰਤ ਭਰੇ ਜਿੱਦੀ ਵਿਵਹਾਰ ਦੀ ਸਮੱਸਿਆ ਕਰਕੇ "ਆਪਣੇ ਉਤਪਾਦਾਂ ਨੂੰ ਸਸਤੇ ਤੋਂ ਸਸਤਾ ਉਪਲੱਬਧ ਕਰਾਕੇ ਇਸ ਸਥਿਤੀ ਤੋਂ ਨਿਕਲ ਪਾਉਂਦੇ ਹਨ"।[14] ਦੂਜੇ ਪਾਸੇ ਉਹਨਾਂ ਨੇ ਬੁਰਜ਼ੁਆ ਸ਼ਬਦ ਦਾ ਪ੍ਰਯੋਗ ਉਹਨਾਂ ਲੋਕਾਂ ਦੇ ਸੰਦਰਭ ਵਿੱਚ ਕੀਤਾ ਹੈ ਜੋ ਸਰਵਜਨਿਕ ਜਮਾਖਾਤੇ (ਜਿਵੇਂ ਸਰਕਾਰੀ ਕਰਜ ਆਦਿ) ਤੋਂ ਦੂਰ ਰਹਿੰਦੇ ਹਨ।

> ਸਮੁੱਚੇ ਆਧੁਨਿਕ ਧਨ ਬਾਜ਼ਾਰ ਤੇ ਸਾਰੇ ਬੈਕਿੰਗ ਕਿੱਤੇ ਮੁੱਖ ਤੌਰ ਤੇ ਜਨਤਾ ਦੇ ਪੈਸੇ ਨਾਲ ਅਟੁੱਟ ਰੂਪ ਵਿੱਚ ਜੁੜੇ ਹੁੰਦੇ ਹਨ। ਉਹਨਾਂ ਦੇ ਕਿੱਤੇ ਦੇ ਧਨ ਦਾ ਇੱਕ ਹਿੱਸਾ ਜ਼ਰੂਰੀ ਤੌਰ ਤੇ ਵੱਖ ਕਰਕੇ ਕੁਝ ਸਮੇਂ ਲਈ ਵਿਆਜ ਤੇ ਮੁਹੱਈਆਂ ਕਰਾਇਆ ਜਾਂਦਾ ਹੈ। ਲੋਕਾਂ ਦਾ ਜਮਾਂ ਧਨ (ਉਹ ਰਕਮ ਜੋ ਵਿਉਪਾਰੀਆਂ ਤੇ ਉਦਯੋਗਪੱਤੀਆਂ ਦੁਆਰਾ ਨਿਪਟਾਰੇ ਲਈ ਉਹਨਾਂ ਲੋਕਾਂ ਵਿੱਚ ਵੰਡ ਦਿੱਤੀ ਜਾਂਦੀ ਹੈ) ਸਰਕਾਰੀ ਬਾਂਡ (Government bonds) ਧਾਰਕਾਂ ਨੂੰ ਲਾਭ ਦੇ ਰੂਪ ਵਿੱਚ ਥੌੜਾ-ਥੌੜਾ ਕਰਕੇ ਮਿਲਦਾ ਰਹਿੰਦਾ ਹੈ।[15]

ਮਾਰਕਸ ਬੁਰਜ਼ੁਆ ਸ਼੍ਰੇਣੀ ਨੂੰ ਸਰਕਾਰੀ ਮਸ਼ੀਨਰੀ ਦੇ ਨਿਯੰਤਰਣ ਦੇ ਖਿਲਾਫ਼ ਸੰਘਰਸ਼ ਕਰਕੇ ਲਾਭ ਕਮਾਉਣ ਵਾਲੀ ਅਤੇ ਗੂੜੇ ਰੂਪ ਵਿੱਚ ਜੁੜੀ ਹੋਈ ਵੇਖਦਾ ਹੈ।

> ਰਾਜਨੀਤਿਕ ਉਤਰਾਅ-ਚੜਾਅ ਇਸ ਮਸ਼ੀਨ ਨੂੰ ਨਸ਼ਟ ਕਰਨ ਦੀ ਬਜਾਏ ਨਿਪੁੰਨਤਾ ਮੁਹੱਈਆਂ ਕਰਦੀ ਹੈ। ਮੁਹਾਰਤ ਦੇ ਲਈ ਲੜਨ ਵਾਲੇ ਦਲ ਉਹਨਾਂ ਨੂੰ ਵਿਸ਼ਾਲ ਰਾਜ ਭਵਨ ਤੇ ਕਬਜਾ ਇਸ ਪ੍ਰਕਾਰ ਦੇਂਦੇ ਹਨ ਜਿਵੇਂ ਜਿੱਤ ਦੇ ਦੌਰਾਨ ਲੁਟਿਆ ਮਾਲ ਹੋਵੇ।[16]

ਇਤਿਹਾਸਕਾਰ ਸ਼ਰਲੇ ਗਰਨੂਰ ਦੇ ਸ਼ਬਦਾਂ ਵਿੱਚ, 'ਮਾਰਕਸ ਨੂੰ ਲੱਗਦਾ ਸੀ ਕਿ ਬੁਰਜ਼ੁਆ ਨੂੰ ਪ੍ਰਾਪਤ ਕਰਕੇ ਉਹਨਾਂ ਦਾ ਵਾਸਤਵਿਕਤਾ ਤੇ ਕਾਬੂ ਹੋ ਗਿਆ ਹੈ। ਜਦ ਕਿ ਹਕੀਕਤ ਇਹ ਸੀ ਕਿ ਇਸ ਬੇਹੱਦ ਤਿਲਕਣ ਭਰੀ ਪਰਿਭਾਸ਼ਾ ਨੂੰ ਉਹ (ਮਾਰਕਸ) ਬੜੀ ਮੁਸ਼ਕਿਲ ਨਾਲ ਸਮਝ ਪਾਏ ਸੀ।[17] ਕੁਝ ਲੇਖਾਂ ਵਿੱਚ ਮਾਰਕਸ ਨੇ ਬੁਰਜ਼ੁਆ ਸ਼ਬਦ ਦਾ ਪ੍ਰਯੋਗ ਨਵੀਆਂ ਕਾਢਾਂ ਨਾਲ ਸੰਬੰਧਿਤ ਉਦਮੀ ਲੋਕਾਂ ਦੇ ਸੰਦਰਭ ਵਿੱਚ ਕੀਤਾ ਹੈ ਜੋ ਉਤਪਾਦਕੀ ਯੋਜਨਾਵਾਂ ਦਾ ਸੰਯੋਜਨ (Organize) ਕਰਦੇ ਹਨ ਅਤੇ ਧਨ ਦੀ ਉਤਪਤੀ ਲਈ ਨਿਵੇਸ਼ ਕਰਦੇ ਹਨ। ਜਦਕਿ ਦੂਸਰੇ ਪਾਸੇ ਉਹਨਾਂ

ਨੇ ਇਸ ਸ਼ਬਦ ਦਾ ਪ੍ਰਯੋਗ ਐਸੇ ਲੋਕਾਂ ਦੇ ਸੰਦਰਭ ਵਿੱਚ ਕੀਤਾ ਹੈ ਜੋ ਸਰਕਾਰ ਦੇ ਚਾਰੇ ਪਾਸੇ ਝੁੰਡ ਬਣਾਕੇ ਮੰਡਰਾਉਂਦੇ ਰਹਿੰਦੇ ਹਨ, ਜੋ ਕਰ ਦੇਣ ਤੋਂ ਬਚਦੇ ਰਹਿੰਦੇ ਹਨ, ਜੋ ਮੁਕਾਬਲੇ ਦੀ ਸਥਿਤੀ ਪੈਦਾ ਕਰਨ ਦੇ ਖਿਲਾਫ਼ ਅਤੇ ਵਪਾਰ ਦੀ ਸੁਤੰਤਰਤਾ ਤੇ ਰੋਕ ਲਾਉਣ ਦੇ ਲਈ ਸਰਕਾਰ ਨਾਲ ਸੰਬੰਧਿਤ ਅਧਿਕਾਰੀਆਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਸੰਖੇਪ ਵਿੱਚ ਕਹੀਏ ਤਾਂ ਏਹੋ ਜਿਹੇ ਲੋਕ ਜੋ ਨਿਵੇਸ਼ ਤਾਂ ਕਰਦੇ ਹਨ ਪਰ ਧਨ ਦੀ ਉਤਪਤੀ ਦੇ ਲਈ ਨਹੀਂ ਬਲਕਿ ਸੱਤਾ ਹਾਸਿਲ ਕਰਨ ਦੇ ਲਈ ਤਾਂ ਜੋ ਧਨ ਦੀ ਪੁਨਰ-ਵੰਡ ਕਰ ਸਕਣ ਜਾ ਦੂਸਰਿਆਂ ਦੇ ਧਨ ਨੂੰ ਬਰਬਾਦ ਕਰ ਸਕਣ। ਤਾਂ ਜੋ ਬਾਜ਼ਾਰ ਬੰਦ ਕਰਾ ਸਕਣ ਅਤੇ ਗਰੀਬਾਂ ਨੂੰ ਆਪਣੇ ਅਧੀਨ ਕਰਕੇ ਸਮਾਜ ਨੂੰ ਆਪਣੇ ਅੰਗੂਠੇ ਥੱਲੇ ਰੱਖ ਸਕਣ।

ਮਾਰਕਸ ਅਤੇ ਉਹਨਾਂ ਦੇ ਚੇਲੇ ਸੋਮਬਰਟ ਦੇ ਪ੍ਰਭਾਵ ਦੇ ਕਾਰਨ ਹੀ 'ਪੂੰਜੀਵਾਦ' ਸ਼ਬਦ ਪ੍ਰਚਲਿਤ ਹੋ ਸਕਿਆ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਪੂੰਜੀਵਾਦ ਸ਼ਬਦ ਨੂੰ ਉਹਨਾਂ ਲੋਕਾਂ ਨੇ ਹੀ ਮਸ਼ਹੂਰ ਕੀਤਾ ਜਿਨ੍ਹਾਂ ਨੇ ਨਾ ਸਿਰਫ਼ ਦੂਸਰਿਆਂ ਦੁਆਰਾ ਵਸੂਲੇ ਗਏ ਕਰ ਤੋਂ ਦੂਰ ਰਹਿਣ ਦੇ ਨਾਮ ਤੇ ਉਤਪਾਦਕ ਯੋਜਨਾਵਾਂ ਤੇ ਬਾਜ਼ਾਰੀ ਲੈਣ-ਦੇਣ ਪ੍ਰਤੀ ਭਰਮ ਪੈਦਾ ਕੀਤਾ ਸਗੋਂ ਉਹਨਾਂ ਨੇ ਸਰਮਾਏ ਬਾਜ਼ਾਰ ਧਨ, ਮੁੱਲ, ਮੇਹਨਤਾਨੇ ਦੀ ਵੰਡ ਜਾ ਸਮੁੱਚੇ ਉਦਾਰਵਾਦ ਦੇ ਕਿਲੇ (ਵਿਅਕਤੀਗਤ ਅਧਿਕਾਰਾਂ, ਧਾਰਮਿਕ ਸੁਤੰਤਰਤਾ, ਬੋਲਣ ਅਤੇ ਅਭਿਵਿਅਕਤੀ ਦੀ ਸੁਤੰਤਰਤਾ, ਕਾਨੂੰਨੀ ਸਮਾਨਤਾ ਅਤੇ ਸੰਵਿਧਾਨਿਕ ਰੂਪ ਤੋਂ ਲੋਕਤੰਤਰ ਸਰਕਾਰ ਦੀਆਂ ਸੀਮਾਵਾਂ) ਨੂੰ ਢਾਹੁਣ ਦਾ ਪੱਖ ਪੂਰਿਆ।

ਕੁਰੀਤੀਆਂ ਨਾਲ ਸੰਬੰਧਿਤ ਹੋਰ ਸੰਕਲਪਾਂ ਦੇ ਉਲਟ 'ਪੂੰਜੀਵਾਦ' ਸ਼ਬਦ ਨੂੰ ਉਹਨਾਂ ਹੀ ਸੁਤੰਤਰ ਵਿਉਪਾਰ ਦੇ ਸਮਰਥੱਕ ਬੁੱਧੀਜੀਵੀਆਂ ਦੁਆਰਾ ਗ੍ਰਹਿਣ ਕੀਤਾ ਜਾਣ ਲੱਗਾ ਜਿਨ੍ਹਾਂ ਦੇ ਖਿਲਾਫ਼ ਇਸ ਸੰਕਲਪ ਨੂੰ ਤਿਆਰ ਕੀਤਾ ਗਿਆ ਸੀ। ਉਹ ਲੋਕ ਜਿਨ੍ਹਾਂ ਨੇ ਪੂੰਜੀਵਾਦ ਸ਼ਬਦ ਦਾ ਪ੍ਰਯੋਗ ਚਾਹੇ ਜਿਸ ਵੀ ਚੀਜ਼ ਦੀ ਹਿਮਾਇਤ ਦੇ ਲਈ ਕੀਤਾ ਸੀ ਜਾਂ ਸਿਰਫ਼ ਸਮਾਜਿਕ ਵਿਗਿਆਨਿਕ ਸੰਵਾਦ ਲਈ ਹੀ ਇੱਕ ਨਿਰਪੱਖ ਸ਼ਬਦ ਦੇ ਤੌਰ ਤੇ ਗ੍ਰਹਿਣ ਕਰਿਆ ਕਰਦੇ ਸਨ, ਉਹ ਇਸ ਤੱਥ ਦੇ ਕਾਰਨ ਘਾਟੇ ਵਿੱਚ ਰਹੇ ਕਿਉਂਕਿ 1.) ਇਸ ਸ਼ਬਦ ਦਾ ਪ੍ਰਯੋਗ ਸ਼ੱਕੀ (ਮੁਕਤ ਬਾਜ਼ਾਰ ਦੀ ਯੋਜਨਾ ਤੇ ਕਰ ਤੋਂ ਦੂਰ ਰਹਿਣ ਵਾਲੇ ਅਤੇ ਸਰਕਾਰ ਦੀ ਸੱਤਾ ਤੇ ਸਰਪ੍ਰਸਤੀ ਦੋਵਾਂ ਸਥਿਤੀ ਦੇ ਵਰਨਣ ਲਈ) ਤਰੀਕੇ ਨਾਲ ਕੀਤਾ ਜਾ ਰਿਹਾ ਸੀ ਅਤੇ 2.) ਇਸਦਾ ਪ੍ਰਯੋਗ ਹਮੇਸ਼ਾ ਨਾਕਾਰਤਮਕ ਢੰਗ ਨਾਲ ਹੀ ਕੀਤਾ ਜਾਂਦਾ ਰਿਹਾ ਸੀ।

ਪੂੰਜੀਵਾਦ ਸ਼ਬਦ ਦੇ ਅੰਤਰ ਵਿਰੋਧੀ ਸਮਰਥ ਅਤੇ ਵਿਚਾਰਾਤਮਕ ਮਤਭੇਦ ਦੇ ਕਾਰਨ ਕੁਝ ਲੋਕਾਂ ਨੇ ਇਸ ਸ਼ਬਦ ਦੇ ਪ੍ਰਯੋਗ ਉੱਤੇ ਰੋਕ ਲਾਉਣ ਦੀ ਸਲਾਹ ਦਿੱਤੀ।[18] ਇਹ ਆਕਰਸ਼ਿਤ ਕਰਨ ਵਾਲਾ ਤਾਂ ਜ਼ਰੂਰ ਸੀ ਪਰ ਇਸਦੇ ਨਾਲ ਇੱਕ ਸਮੱਸਿਆਂ

ਵੀ ਸੀ। ਆਰਥਿਕ ਵਿਕਾਸ ਦੇ ਲਈ ਜਰੂਰੀ ਹੋਣ ਦੇ ਬਾਵਜੂਦ ਸਿਰਫ਼ ਲੋਕਾਂ ਨੂੰ ਸੁਤੰਤਰ ਰੂਪ ਨਾਲ ਵਿਉਪਾਰ ਕਰਨ ਦੇਣਾ ਅਤੇ ਫਾਇਦੇ, ਨੁਕਸਾਨ ਸੰਚਾਲਿਤ ਹੋਣ ਦੇਣਾ ਹੀ ਆਧੁਨਿਕ ਵਿਸ਼ਵ ਦੇ ਨਿਰਮਾਣ ਲਈ ਕਾਫੀ ਨਹੀਂ ਹੈ।

ਆਧੁਨਿਕ ਬਾਜ਼ਾਰ ਉਪਰੋਕਤ ਦੋਵਾਂ ਸਥਿਤੀਆਂ ਤੋਂ ਉੱਪਰ ਉਠਦਾ ਹੋਇਆ ਮੱਖਣ ਦੇ ਬਦਲੇ ਆਂਡੇ ਲੈਣ ਦੀ ਸਥੂਲ ਪ੍ਰਕ੍ਰਿਆ ਤੋਂ ਅੱਗੇ ਵੱਧਦਾ ਹੋਇਆ ਸੰਸਥਾਗਤ, ਤਕਨੀਕੀ, ਸੱਭਿਆਚਾਰ, ਕਲਾਤਮਕ ਅਤੇ ਸਮਾਜਿਕ ਨਵੀਨ ਕਾਢਾਂ ਦੇ ਚੱਕਰਵਾਤ ਨੂੰ ਗਤੀਸ਼ੀਲ ਕਰਦਾ ਹੈ। ਆਧੁਨਿਕ ਪੂੰਜੀਵਾਦੀ ਸੁਤੰਤਰ ਬਾਜ਼ਾਰ ਤਬਦੀਲੀ ਲਿਆਉਂਦਾ ਹੈ ਪਰ ਸਰਦੀਆਂ ਵਿੱਚ ਪਿਘਲਣ ਵਾਲੀ ਬਰਫ਼ੀਲੀ ਨਦੀ ਦੀ ਗਤੀ ਨਾਲ ਨਹੀਂ ਬਲਕਿ ਤੇਜ਼ ਬਹੁਤ ਤੇਜ਼ ਗਤੀ ਨਾਲ-ਜਿਸਨੂੰ ਕਿ ਦੋਵੇਂ ਸਮਾਜਵਾਦੀ (ਵਿਸ਼ੇਸ਼ ਕਰਕੇ ਮਾਰਕਸ) ਅਤੇ ਉਹਨਾਂ ਦੇ ਸਹਿਯੋਗੀ ਤੇ ਬਾਜ਼ਾਰ ਦੇ ਵਿਰੋਧੀ/ਰੂੜੀਵਾਧੀ ਖੌਫ਼ਨਾਕ ਮੰਨਦੇ ਸਨ। ਜੋਸੇਫ ਸ਼ਮਪੀਟਰ ਆਪਣੀ ਪੁਸਤਕ 'ਪੂੰਜੀਵਾਦ, ਸਮਾਜਵਾਦ ਅਤੇ ਲੋਕਤੰਤਰ' ਵਿੱਚ ਉਹਨਾਂ ਲੋਕਾਂ ਦੀ ਆਲੋਚਨਾ ਕਰਦੇ ਹਨ ਜਿਨ੍ਹਾਂ ਦੇ ਲਈ "ਸਮੱਸਿਆ ਜੋ ਦਿਖਾਈ ਦੇ ਰਹੀ ਹੈ ਉਹ ਇਹ ਹੈ ਕਿ ਕਿਸ ਤਰ੍ਹਾਂ ਪੂੰਜੀਵਾਦ ਵਰਤਮਾਨ ਵਿਵਸਥਾ ਜਾਂ ਸਥਿਤੀ ਨੂੰ ਸੰਚਾਲਿਤ ਕਰਦਾ ਹੈ, ਜਦ ਕਿ ਸਮੱਸਿਆ ਜੋ ਕਿ ਪ੍ਰਾਸੰਗਿਕ ਹੈ ਉਹ ਇਹ ਹੈ ਕਿ, ਇਹ ਕਿਸ ਪ੍ਰਕਾਰ ਉਸਨੂੰ (ਵਿਵਸਥਾ) ਰਚਦਾ ਅਤੇ ਬਰਬਾਦ ਕਰਦਾ ਹੈ"।[19]

ਆਧੁਨਿਕ ਸੁਤੰਤਰ ਬਾਜ਼ਾਰ ਸਿਰਫ ਵਸਤੂਆਂ ਦੇ ਆਦਾਨ-ਪ੍ਰਦਾਨ ਕਰਨ ਦੀ ਥਾਂ ਨਹੀਂ ਜਿਵੇਂ ਕਿ ਪੁਰਾਣੇ ਸਮੇਂ ਦੇ ਬਾਜ਼ਾਰ ਹੋਇਆ ਕਰਦੇ ਸਨ। ਅੱਜ ਉਹਨਾਂ ਦਾ ਚਰਿੱਤਰ ਚਿਤਰਣ 'ਰਚਨਾਤਮਕ ਵਿਨਾਸ਼' (Creative Destruction) ਦੀ ਲਹਿਰ ਦੇ ਤੌਰ ਤੇ ਕੀਤਾ ਜਾਂਦਾ ਹੈ। ਦਸ ਸਾਲ ਪਹਿਲਾ ਜੋ ਚੀਜ ਨਵੀਂ ਸੀ ਉਹ ਅੱਜ ਪੁਰਾਣੀ ਹੋ ਚੁੱਕੀ ਹੈ ਤੇ ਜੋ ਕਲਪਨਾ ਤੋਂ ਪਰੇ ਨਵੀਨ ਉੱਨਤ ਰੂਪਾਂ, ਨਵੇਂ ਯੰਤਰਾਂ, ਸੰਸਥਾਗਤ ਪ੍ਰਬੰਧਾਂ, ਤਕਨੀਕਾਂ ਅਤੇ ਸੰਪਰਕ ਕਰਨ ਦੇ ਤਰੀਕਿਆਂ ਦੁਆਰਾ ਹੁਣ ਪਿੱਛੇ ਛੱਡ ਦਿੱਤੀ ਗਈ ਹੈ। ਏਹੋ ਚੀਜ਼ਾਂ ਆਧੁਨਿਕ ਸੁਤੰਤਰ ਬਾਜ਼ਾਰ ਨੂੰ ਪੁਰਾਣੇ ਬਾਜ਼ਾਰ ਤੋਂ ਅਲੱਗ ਕਰਦੀਆਂ ਹਨ। ਆਧੁਨਿਕ ਵਿਸ਼ਵ ਦੇ ਸੁਤੰਤਰ ਬਾਜ਼ਾਰਾਂ ਅਤੇ ਇਸਦੇ ਦੁਆਰਾ ਪਿੱਛੇ ਛੱਡੇ ਗਏ ਪੁਰਾਣੇ ਬਾਜ਼ਾਰਾਂ ਦੇ ਵਿਚਕਾਰ ਜੋ ਚੀਜ ਅੰਤਰ ਪੈਦਾ ਕਰਦੀ ਹੈ ਮੇਰੇ ਵਿਚਾਰ ਨਾਲ ਉਸ ਲਈ ਸਭ ਤੋਂ ਢੁੱਕਵਾਂ ਨਾਮ 'ਪੂੰਜੀਵਾਦ' ਹੀ ਹੈ।

ਪੂੰਜੀਵਾਦ ਅਵਿਵਸਥਿਤ ਕਿਸਮ ਦਾ ਪ੍ਰਬੰਧ ਨਹੀਂ ਬਲਕਿ ਇਹ ਇੱਕ ਸਹਿਜਸੁਭਾਵਕ ਜਾ ਸਵੈ ਨਿਯੰਤਰਿਤ ਪ੍ਰਬੰਧ ਹੈ ਜੋ ਇੱਕ ਨਿਸ਼ਚਿਤ ਪ੍ਰਕ੍ਰਿਆ (ਕੁਝ ਵਿਦਵਾਨ ਇਸਨੂੰ ਅਚਾਨਕ ਹੋਣ ਵਾਲੀ ਘਟਨਾ ਕਹਿੰਦੇ ਹਨ) ਦੇ ਰੂਪ ਵਿੱਚ ਉਭਰਦਾ ਹੈ। ਵਿਧੀ ਪੂਰਵਕ ਨਿਯਮਾਂ ਅਤੇ ਅਧਿਕਾਰਾਂ ਦੀ ਸੁਰੱਖਿਆ ਨਾਲ ਸੰਬੰਧਿਤ ਦ੍ਰਿੜ ਪੂਰਵ-ਅਨੁਮਾਨ ਏਹੋ ਜਿਹੇ ਨਵੀਨੀਕਰਣ ਨੂੰ ਸੰਭਵ ਬਣਾਉਂਦੇ ਹਨ। ਜਿਵੇਂ ਕਿ ਡੇਵਿਡ

ਬੋਅਜ਼ "ਦ ਫਿਊਚਰਿਸਟ' ਵਿੱਚ ਲਿਖਦੇ ਹਨ :

> ਲੋਕਾਂ ਨੂੰ ਅਕਸਰ ਬਾਹਰੀ ਤੌਰ ਤੇ ਅਵਿਵਸਥਿਤ ਜਾਂ ਅਸਪੱਸ਼ਟ ਦਿਖਾਈ ਦੇਂਦੇ ਬਾਜ਼ਾਰ ਨੂੰ ਸਪੱਸ਼ਟ ਰੂਪ ਵਿੱਚ ਸਮਝਕੇ ਮੁਸ਼ਕਿਲ ਪੇਸ਼ ਆਉਂਦੀ ਹੈ। ਸਤਹੀ ਤੌਰ ਤੇ ਬਾਜ਼ਾਰ ਬਿਲਕੁੱਲ ਅਸੰਤੁਲਿਤ ਨਜ਼ਰ ਆਉਂਦਾ ਹੈ, ਇੱਥੋਂ ਤੱਕ ਕਿ ਮੁੱਲ ਪ੍ਰਬੰਧ ਵੀ ਦੇਸ਼ ਦੇ ਸਮੁੱਚੇ ਵਸੀਲਿਆਂ ਨੂੰ ਬਿਹਤਰ ਤੋਂ ਬਿਹਤਰ ਦਿਸ਼ਾ ਵਿੱਚ ਉਪਯੋਗ ਕੀਤੇ ਜਾਣ ਦੀ ਦਿਸ਼ਾ ਵੱਲ ਧਕੇਲਦਾ ਰਹਿੰਦਾ ਹੈ - ਕਾਰੋਬਾਰ ਅਸਫ਼ਲ ਹੋ ਰਹੇ ਹਨ, ਲੋਕਾਂ ਦੀਆਂ ਨੌਕਰੀਆਂ ਛੁੱਟ ਰਹੀਆਂ ਹਨ, ਲੋਕ ਬੇਹੱਦ ਤੇਜ਼ ਗਤੀ ਨਾਲ ਖੁਸ਼ਹਾਲ ਹੋ ਰਹੇ ਹਨ, ਨਿਵੇਸ਼ ਕੀਤੇ ਪੈਸੇ ਡੁੱਬ ਜਾਣ ਦਾ ਖੁਲਾਸਾ ਹੁੰਦਾ ਹੈ। ਵੱਡੀਆ-ਵੱਡੀਆਂ ਯੋਜਨਾਵਾਂ ਦੀ ਬਹੁਤ ਤੇਜ਼ੀ ਨਾਲ ਸ਼ੁਰੂਆਤ ਦੇ ਅੰਤ ਹੋ ਰਿਹਾ ਹੈ ਅਤੇ ਥੋੜੇ ਜਿਹੇ ਲੋਕਾਂ ਕੋਲ ਨਿਸ਼ਚਿਤ ਤੇ ਲੰਮੇ ਸਮੇਂ ਲਈ ਨੌਕਰੀਆਂ ਦੇ ਹੋਣ ਕਾਰਣ ਬਹੁਤ ਤੇਜ਼ ਗਤੀ ਵਾਲਾ ਨਵੀਨ ਯੁੱਗ ਹੋਰ ਵੀ ਜ਼ਿਆਦਾ ਅਰਾਜਕ ਤੇ ਅਵਿਵਸਥਿਤ ਜਾਪਣ ਲੱਗ ਜਾਂਦਾ ਹੈ। ਪਰ ਸੰਚਾਰ ਵਿਵਸਥਾ ਤੇ ਆਵਾਜਾਈ ਵਿਵਸਥਾ ਵਿੱਚ ਨਿਪੁੰਨਤਾ ਦੇ ਵਾਧੇ ਕਾਰਨ ਪੂੰਜੀਵਾਦੀ ਬਾਜ਼ਾਰ ਉਦਯੋਗਿਕ ਕਾਲ (Industrial Age) ਦੇ ਮੁਕਾਬਲੇ ਵਧੇਰੇ ਸੰਤੁਲਿਤ ਤੇ ਬੇਹਤਰ ਢੰਗ ਨਾਲ ਕਾਰਜ ਕਰਦੇ ਹਨ। ਮਸਲਾ ਦਮਨਕਾਰੀ ਸਰਕਾਰ ਦੀ 'ਜ਼ਿਆਦਤੀਆ ਦੇ ਬੇਰੋਕ ਪ੍ਰਵਾਹ' ਜਾਂ ਬਾਜ਼ਾਰ ਨੂੰ ਕਿਸੇ ਇੱਕ ਵਿਅਕਤੀ ਦੁਆਰਾ ਇੱਛਾ ਅਨੁਸਾਰ 'ਨਿਰਦੇਸ਼ਿਤ' ਕਰਨ ਲਈ-ਹੋ ਸਕਣ ਵਾਲੀ ਵਰਤੋਂ ਨੂੰ ਰੋਕਣਾ ਹੈ।[20]

**ਸੁਤੰਤਰ ਬਾਜ਼ਾਰ ਵਾਲਾ ਪੂੰਜੀਵਾਦ ਅਤੇ ਹਿਮਾਇਤੀ ਪੂੰਜੀਵਾਦੀ :**

ਸਮਾਜਵਾਦੀ ਬੁੱਧੀਜੀਵੀਆਂ ਦੁਅਰਾ 'ਪੂੰਜੀਵਾਦ' ਸ਼ਬਦ ਦੇ ਅਸਪੱਸ਼ਟ ਅਤੇ ਗੋਲਮੋਲ ਪ੍ਰਯੋਗ ਦੇ ਕਾਰਣ ਪੈਦਾ ਹੋਣ ਵਾਲੀ ਸ਼ੱਕ ਦੀ ਸਥਿਤੀ ਤੋਂ ਬਚਣ ਦੇ ਲਈ 'ਸੁਤੰਤਰ ਬਾਜਾਰ ਵਾਲੇ ਪੂੰਜੀਵਾਦ' ਅਤੇ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਭ੍ਰਿਸ਼ਟਾਚਾਰ ਤੇ ਪਛੜੇਪਨ ਦੀ ਦਲਦਲ ਵਿੱਚ ਫਸਾਕੇ ਰੱਖਣ ਵਾਲੇ 'ਹਿਮਾਇਤੀ/ਖੁਸ਼ਾਮਦ ਕਰਨ ਵਾਲੇ ਪੂੰਜੀਵਾਦ' ਵਿੱਚ ਅੰਤਰ-ਨਿਖੇੜ ਸਥਾਪਿਤ ਕਰਨਾ ਬਹੁਤ ਜ਼ਰੂਰੀ ਹੈ। ਜ਼ਿਅਦਾਤਰ ਮੁਲਕਾਂ ਵਿੱਚ ਜੇਕਰ ਕੋਈ ਅਮੀਰ ਵਿਅਕਤੀ ਹੁੰਦਾ ਹੈ ਤਾਂ ਇਸ ਗੱਲ ਦੀ ਬਹੁਤ ਸੰਭਾਵਨਾ ਹੁੰਦੀ ਹੈ ਕਿ ਰਾਜਨੀਤਿਕ ਸ਼ਕਤੀ ਉੱਪਰ ਵੀ ਉਸਦਾ ਨਿਯੰਤਰਣ ਹੋਵੇ ਜਾਂ ਰਾਜਨੇਤਾਵਾਂ ਨਾਲ ਉਸਦੇ ਨਜ਼ਦੀਕੀ ਸੰਬੰਧ ਹੋਣ ਜਾਂ ਉਹ ਉਸਦਾ ਮਦਦਗਾਰ ਹੋਵੇ। ਇੱਕ ਸ਼ਬਦ ਵਿੱਚ ਹਿਮਾਇਤੀ- ਉਹਨਾਂ ਲੋਕਾਂ ਲਈ ਸੰਬੰਧਿਤ ਸ਼ਬਦ ਹੈ ਜੋ ਰਾਜ ਸ਼ਕਤੀ ਨੂੰ ਨਿਯੰਤ੍ਰਿਤ ਕਰਦੇ ਹਨ ਅਤੇ ਇਨ੍ਹਾਂ ਦਾ ਧਨ ਜਾਂ ਮੁਨਾਫਾ ਉਪਯੋਗੀ ਵਸਤੂਆਂ ਨੂੰ ਪੈਦਾ ਕਰਨ ਦੇ ਏਵਜ਼ ਵਿੱਚ ਨਹੀਂ ਬਲਕਿ ਸਰਕਾਰ ਦੁਆਰਾ

'ਹਿਮਾਇਤ' ਨਾਲ ਮਿਲਣ ਵਾਲੀਆਂ ਸਹੂਲਤਾਂ ਕਾਰਣ ਹੁੰਦਾ ਹੈ ਜੋ ਜਨ-ਸਾਧਾਰਣ ਦੇ ਪੈਸੇ ਨੂੰ ਖਰਚ ਕਰਕੇ ਇਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ। ਇਹ ਬੜੇ ਹੀ ਦੁੱਖ ਦੀ ਗੱਲ ਹੈ ਕਿ ਅਮਰੀਕਾ ਦੀ ਅਰਥ ਵਿਵਸਥਾ ਵਿੱਚ ਵੀ ਅਸਫ਼ਲ ਕੰਪਨੀਆਂ ਨੂੰ ਸੰਕਟ ਤੋਂ ਬਾਹਰ ਕੱਢਣ ਲਈ ਸਰਕਾਰ ਦੁਆਰਾ ਜਨ-ਸਾਧਾਰਣ ਦੇ ਕਰ (Tax) ਰੂਪ ਵਿੱਚ ਦਿੱਤੇ ਜਾਂਦੇ ਪੈਸੇ ਨੂੰ ਜਮਾਨਤ ਰੱਖ ਕੇ ਪੈਸੇ ਦੇਣ ਦੇ ਨਿਯਮ (Bail Out) ਰਾਹੀ ਮੁਹੱਈਆ ਕਰਾਉਣ ਦੇ 'ਹਿਮਾਇਤੀ ਪੂੰਜੀਵਾਦੀ' ਢੰਗਾਂ ਦਾ ਰਿਵਾਜ਼ ਵੱਧਵਾ ਜਾ ਰਿਹਾ ਹੈ। ਇੱਥੋਂ ਤੱਕ ਕਿ ਰਾਸ਼ਟਰੀ ਰਾਜਧਾਨੀ ਦੀ ਸਥਿਤੀ 'ਪਟੇ' (ਲੰਮੇ ਸਮੇਂ ਲਈ ਕਿਰਾਏ ਤੇ ਲੈਣਾ) ਤੇ ਲੈਣ ਵਾਲੇ ਪੈਰੋਕਾਰਾਂ (Lobbyist) ਜੋ ਮੈਂਬਰਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਨਿਰੰਤਰ ਪ੍ਰੇਰਿਤ ਕਰਦੇ ਰਹਿੰਦੇ ਹਨ, ਸਰਕਾਰੀ ਕਰਮਚਾਰੀ, ਰਾਜਨੇਤਾਵਾਂ, ਸਲਾਹਕਾਰਾਂ ਤੇ ਕਿਰਾਏਦਾਰਾਂ ਰੂਪੀ ਮਧੂਮੱਖੀਆਂ ਨਾਲ ਘਿਰੇ ਹੋਏ ਸ਼ਹਿਦ ਦੇ ਵਿਸ਼ਲ ਛੱਤੇ ਜਿਹੀ ਹੋ ਗਈ ਹੈ, ਜਿੱਥੇ ਸਰਕਾਰੀ ਖਜਾਨੇ ਵਿੱਚ ਤੇ ਕੇਂਦਰੀ ਬੈਂਕ (The Federal Reserve System) ਵਿੱਚ ਨਿਯੁਕਤ ਅਧਿਕਾਰੀ ਕੁਝ ਫਰਮਾਂ ਨੂੰ ਸਨਮਾਨਿਤ ਕਰਨ ਤੇ ਬਾਕੀਆਂ ਨੂੰ ਨੁਕਸਾਨ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ। ਇਹੋ ਜਿਹੇ ਹਿਮਾਇਤਵਾਦੀ ਭ੍ਰਿਸ਼ਟਾਚਾਰ ਆਧਾਰਤ ਪ੍ਰਬੰਧ ਨੂੰ 'ਸੁਤੰਤਰ ਬਾਜ਼ਾਰ ਵਾਲਾ ਪੂੰਜੀਵਾਦ' ਸਮਝਣ ਦੀ ਗਲਤੀ ਨਹੀਂ ਕਰਨੀ ਚਾਹੀਦੀ। 'ਸੁਤੰਤਰ ਬਾਜ਼ਾਰ ਵਾਲਾ ਪੂੰਜੀਵਾਦ' ਤਾਂ ਉਤਪਾਦਨ ਅਤੇ ਲੈਣ-ਦੇਣ ਦੀ ਪ੍ਰਕ੍ਰਿਆ ਨਾਲ ਸੰਬੰਧਿਤ ਉਹ ਪ੍ਰਬੰਧ ਹੈ ਜੋ ਕਿ ਵਿਧੀ ਪੂਰਵਕ ਸਾਰਿਆ ਲਈ ਸਮਾਨਤਾ ਦੇ ਅਧਿਕਾਰ, ਨਿਯੁਕਤੀ ਦੀ ਸੁਤੰਤਰਤਾ, ਧੰਦੇ/ਕਿੱਤੇ ਦੀ ਸੁਤੰਤਰਤਾ, ਨਵੀਆਂ ਕਾਢਾਂ ਦੀ ਸੁਤੰਤਰਤਾ, ਫਾਇਦੇ ਜਾਂ ਨੁਕਸਾਨ ਦਾ ਪ੍ਰਬੰਧ ਯੁਕਤ ਮਾਰਗ ਦਰਸ਼ਨ, ਕਿਰਤ ਦਾ ਮਿਹਨਤਾਨੇ ਨੂੰ ਵਸੂਲਣ ਤੇ ਭੋਗਣ, ਬੱਚਤ ਕਰਨ, ਨਿਵੇਸ਼ ਕਰਨ, ਭ੍ਰਿਸ਼ਟ ਤੇ ਰਾਜ ਸੱਤਾ ਦੀ ਹਿਮਾਇਤ ਪ੍ਰਾਪਤ ਕਰਨ ਲਈ ਪੈਸਾ ਖਰਚ ਕਰਨ ਵਾਲਿਆਂ ਦੁਆਰਾ ਪੈਦਾ ਕੀਤੀਆਂ ਜਾਣ ਵਾਲੀਆਂ ਦਿੱਕਤਾਂ ਤੇ ਜ਼ਬਤੀਆਂ (ਗਲਤ ਢੰਗ ਨਾਲ ਕਬਜ਼ਾ ਕਰਨ ਦੀ ਸਥਿਤੀ) ਦੇ ਡਰ ਤੋਂ ਬਿਨ੍ਹਾਂ ਆਧਾਰਿਤ ਹੈ।

ਸੁਤੰਤਰ ਪੂੰਜੀਵਾਦੀ ਬਾਜ਼ਾਰ ਦੁਆਰਾ ਪੈਦਾ ਕੀਤੀ ਗਈ ਪਰਿਵਰਤਨ ਦੀ ਲਹਿਰ ਖਿਲਾਫ਼ ਮੋਰਚੇਬੰਦੀ ਉੱਚ ਵਰਗ ਦੁਆਰਾ ਹੀ ਕੀਤੀ ਜਾਂਦੀ ਹੈ। ਕਿਉਂਕਿ ਉਹ ਪੂਰੀ ਦੁਨੀਆਂ ਵਿੱਚ ਅਣਗਿਣਤੀ ਲੋਕਾਂ (ਨੀਵੀਆਂ ਜਾਤਾਂ) ਨੂੰ ਉੱਚ ਵਰਗ ਵਿੱਚ ਸ਼ਾਮਿਲ ਹੁੰਦੇ ਤੇ ਨਿਮਨ ਵਰਗ (ਗਰੀਬ) ਨੂੰ ਅਮੀਰ ਹੁੰਦੇ ਨਹੀਂ ਵੇਖ ਸਕਦੇ। ਉਨ੍ਹਾਂ ਦੇ ਨਜ਼ਰੀਏ ਤੋਂ ਸਭ ਤੋਂ ਵੱਧ ਨਾ-ਕਾਬਿਲੇ ਬਰਦਾਸ਼ਤ ਗੱਲ ਇਹ ਹੈ ਕਿ ਸੁਤੰਤਰ ਪੂੰਜੀਵਾਦੀ ਬਾਜ਼ਾਰਾਂ ਦੇ ਅਨੁਸਾਰ ਔਰਤਾਂ ਨੂੰ ਵੀ ਦ੍ਰਿੜਤਾ ਨਾਲ ਆਪਣੀ ਉਪਯੋਗਤਾ ਸਾਬਿਤ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ। ਵਰਣ-ਵਿਵਸਥਾ ਪੁਰਾਣੇ ਸਮੇਂ ਦੀ ਗੱਲ ਹੋ ਗਈ ਹੈ। ਲੋਕ ਚੋਣ ਅਤੇ ਸਹਿਮਤੀ ਦੇ ਆਧਾਰ ਤੇ ਸੰਬੰਧ ਬਣਾਉਂਦੇ ਹਨ ਨਾ ਕਿ ਜਨਮ

ਤੇ ਵਰਣ ਦੇ ਆਧਾਰ ਤੇ।[21] ਰੂੜੀਵਾਦੀ ਸੁਤੰਤਰ ਪੂੰਜੀਵਾਦੀ ਬਾਜ਼ਾਰ ਨੂੰ ਨਫ਼ਰਤ ਕਰਦੇ ਹਨ। ਜਿਸਦਾ ਵਰਨਣ ਮਾਰਕਸ ਦੁਆਰਾ ਆਪਣਿਆਂ ਲੇਖਾਂ ਵਿੱਚ ਬੜੇ ਹੀ ਸਪੱਸ਼ਟ ਸ਼ਬਦਾ ਵਿੱਚ ਮਿਲਦਾ ਹੈ। ਇਹ ਲੇਖ ਪਰਿਵਰਤਨਾਂ ਦੇ ਸੰਬੰਧ ਵਿੱਚ ਉਨ੍ਹਾਂ ਦੀ ਨਾਰਾਜ਼ਗੀ ਨੂੰ ਜਾਹਿਰ ਕਰਦਾ ਹੈ। ਜੋ ਕਿ ਵਿਸ਼ੇਸ਼ ਅਧਿਕਾਰਾਂ ਦੇ ਗੁਆਚਣ ਕਾਰਣ ਉਪਜਦੀ ਹੈ।ਲਿਓ ਮੇਲਾਮੇਡ ਆਪਣੀ ਕਹਾਣੀ (ਸੀ.ਐਸ.ਈ ਗਰੁੱਪ-ਪੁਰਾਣਾ ਨਾਮ ਸ਼ਿਕਾਗੋ ਮਰਕੇਂਟਾਇਲ ਐਕਸਚੇਂਜ) ਦੇ ਸੇਵਾ-ਮੁਕਤ ਚੇਅਰਮੈਨ, ਜਿਨ੍ਹਾਂ ਦੇ ਆਪਣੇ ਜੀਵਨ ਦੀ ਕਹਾਣੀ; ਜੋ ਗੇਸਟਾਪੋ (Gestapo) ਅਤੇ ਕੇ.ਜੀ.ਬੀ ਤੋਂ ਬੱਚ ਨਿਕਲਣ ਤੇ ਵਿਉਪਾਰਕ ਪ੍ਰਬੰਧ ਵਿੱਚ ਕ੍ਰਾਂਤੀ ਲਿਆਉਣ ਦੀ ਕਹਾਣੀ, ਸਾਹਸ ਤੇ ਦੂਰ-ਦ੍ਰਿਸ਼ਟੀ ਨਾਲ ਭਰੀ ਹੋਈ ਹੈ) ਨਾਲ ਸੰਬੰਧਿਤ ਅਨੁਭਵ ਸਾਂਝੇ ਕਰਦੇ ਹੋਏ ਕਹਿੰਦੇ ਹਨ ਕਿ "ਸ਼ਿਕਾਗੋ ਦੇ ਪੂੰਜੀ ਬਾਜ਼ਾਰ ਵਿੱਚ ਇਹ ਗੱਲ ਮਾਇਨੇ ਨਹੀਂ ਰੱਖਦੀ ਹੈ ਕਿ ਤੁਸੀ ਕੌਣ ਹੋ? ਕਿਸ ਵੰਸ਼ ਨਾਲ ਸੰਬੰਧਿਤ ਹੋ? ਤੁਹਾਡੀ ਪਰਿਵਾਰਿਕ ਪਿੱਠ-ਭੂਮੀ ਕੀ ਹੈ? ਤੁਸੀਂ ਸਰੀਰਿਕ ਤੌਰ ਤੇ ਕਿੰਨੇ ਕਾਬਿਲ ਹੋ? ਤੁਸੀਂ ਔਰਤ ਹੋ ਜਾ ਮਰਦ ਹੋ? ਉੱਥੇ ਕੇਵਲ ਇੰਨੀ ਗੱਲ ਮਾਇਨੇ ਰੱਖਦੀ ਹੈ ਕਿ ਤੁਸੀ ਉਪਭੋਗਤਾ/ਖਰੀਦਦਾਰ ਦੀ ਜ਼ਰੂਰਤ ਨੂੰ ਕਿਸ ਹੱਦ ਤੱਕ ਸਮਝਣ ਦੀ ਕਾਬਲੀਅਤ ਰੱਖਦੇ ਹੋ? ਥੌੜੀਆਂ ਬਹੁਤ ਕੁਝ ਹੋਰ ਨਿੱਕੀਆਂ ਮੋਟੀਆ ਜਾਣਕਾਰੀਆ ਹੋਣੀਆ ਚਾਹੀਦੀਆ ਹਨ"।[22] ਸੁਤੰਤਰ ਪੂੰਜੀਵਾਦੀ ਬਾਜ਼ਾਰ ਨੂੰ ਅਪਨਾਉਣ ਦਾ ਮਤਲਬ ਹੈ, ਪਰਿਵਰਤਨ, ਵਿਕਾਸਸ਼ੀਲ ਦ੍ਰਿਸ਼ਟੀ ਅਤੇ ਨਵੀਆਂ ਕਾਢਾਂ ਕਰਨ ਦੀ ਸੁਤੰਤਰਤਾ ਨੂੰ ਅਪਨਾਉਣਾ। ਇਸਦਾ ਅਰਥ ਪਰਿਵਰਤਨ ਨੂੰ ਪੂਰੀ ਤਰ੍ਹਾਂ ਸਵੀਕ੍ਰਿਤੀ ਦੇਂਦੇ ਹੋਏ ਦੂਜਿਆਂ ਦੀ ਉਸ ਸੁਤੰਤਰਤਾ ਦਾ ਆਦਰ ਕਰਨਾ ਹੈ ਜੋ ਉਹਨਾਂ ਨੂੰ ਆਪਣੇ ਲਾਗੇ-ਚਾਗੇ ਉਪਲੱਬਧ ਵਸਤੂਆਂ ਦਾ ਮਨ-ਭਾਉਂਦੇ ਕੰਮਾਂ ਲਈ ਇੱਛਾ-ਅਨੁਸਾਰ ਪ੍ਰਯੋਗ ਕਰਨ ਦੇਂਦੀ ਹੈ। ਇਸਦਾ ਅਰਥ ਹੈ ਨਵੀਆਂ ਤਕਨੀਕਾਂ, ਨਵੇਂ ਵਿਗਿਆਨਕ ਸਿਧਾਤਾਂ, ਕਲਾ ਦੇ ਨਵੇਂ ਪ੍ਰਾਰੂਪਾ ਅਤੇ ਨਵੀਂ ਸੁਤੰਤਰਤਾ ਨੂੰ ਪੂਰੀ ਤਰ੍ਹਾਂ ਅਪਨਾਉਣਾ ਹੈ; ਜੋ ਗਰੀਬੀ ਨੂੰ ਦੂਰ ਕਰਨ ਦਾ ਇੱਕੋ-ਇੱਕ ਤਰੀਕਾ ਹੈ।ਧਨ ਦਾ ਇੱਕ ਆਧਾਰ ਕਾਰਨ ਹੁੰਦਾ ਹੈ, ਜਦ ਕਿ ਗਰੀਬੀ ਦਾ ਕੋਈ ਨਹੀਂ। ਗਰੀਬੀ, ਧਨ ਦੀ ਉਤਪੱਤੀ ਨਾ ਹੋਣ ਕਾਰਨ ਹੋਂਦ ਵਿੱਚ ਆਉਂਦੀ ਹੈ। ਜਦ ਕਿ ਧਨ ਦੀ ਉਤਪਤੀ ਗਰੀਬੀ ਦੀ ਉਤਪਤੀ ਦੇ ਨਾ ਹੋਣ ਕਾਰਨ ਨਹੀਂ।[23] ਇਸ ਦਾ ਮਤਲਬ ਇਹ ਹੈ ਕਿ ਸਾਡੇ ਦੁਆਰਾ ਮਨੁੱਖੀ ਸੰਭਾਵਨਾਵਾਂ ਨੂੰ ਮਹਿਸੂਸ ਕਰਦੇ ਹੋਏ ਮਨੁੱਖੀ ਸੁਤੰਤਰਤਾ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਉਹ ਲੇਖਕ ਜਿਨ੍ਹਾਂ ਦੇ ਨਿਬੰਧਾਂ ਦਾ ਇਸ ਪੁਸਤਕ ਵਿੱਚ ਜ਼ਿਕਰ ਕੀਤਾ ਗਿਆ ਹੈ, ਉਹ ਵੱਖ-ਵੱਖ ਦੇਸ਼ਾਂ, ਸੱਭਿਆਚਾਰਾਂ, ਪੇਸ਼ਿਆਂ ਤੇ ਵਿਸ਼ਿਆ ਨਾਲ ਸੰਬੰਧ ਰੱਖਦੇ ਹਨ। ਪਰ ਸਾਰੇ ਇਸ ਗੱਲ ਨੂੰ ਸਲਾਹੁੰਦੇ ਹਨ ਕਿ ਕਿਵੇਂ ਸੁਤੰਤਰ ਬਾਜ਼ਾਰ ਨਾਲ ਸੰਬੰਧਿਤ ਲੈਣ-ਦੇਣ ਦੀ ਪ੍ਰਕ੍ਰਿਆ ਨੈਤਿਕਤਾ ਨਾਲ ਅਟੁੱਟ ਰਿਸ਼ਤੇ, ਵਿੱਚ ਬੱਝੀ ਹੋਈ ਹੈ ਅਤੇ

ਨੈਤਿਕ ਵਿਵਹਾਰ ਨੂੰ ਬਲ ਪ੍ਰਦਾਨ ਕਰਦੀ ਹੈ। ਇਹ ਨਿਬੰਧ ਚੋਣ ਕੁਝ ਛੋਟੇ, ਕੁਝ ਲੰਮੇ, ਕੁਝ ਬਹੁਤ ਸੌਖੇ ਤੇ ਕੁਝ ਬਹੁਤ ਅਕਾਦਮਿਕ ਨਿਬੰਧਾਂ ਵਾਲੀ ਹੈ। ਇਸ ਵਿੱਚ ਦੋ ਨਿਬੰਧ ਅਜਿਹੇ ਵੀ ਸ਼ਾਮਿਲ ਕੀਤੇ ਗਏ ਹਨ ਜੋ ਅੰਗ੍ਰੇਜ਼ੀ ਵਿੱਚ ਅਨੁਵਾਦਿਤ ਨਹੀਂ ਸਨ ਅਤੇ ਚੀਨੀ ਤੇ ਰੂਸੀ ਤੋਂ ਪਹਿਲੀ ਵਾਰ ਅਨੁਵਾਦ ਕੀਤੇ ਗਏ ਹਨ। ਇਸ ਵਿੱਚ ਦੋ ਨੋਬਲ ਪੁਰਕਸਾਰ ਵਿਜੇਤਾ, ਨਾਵਲ ਲੇਖਕਾ ਤੇ ਇੱਕ ਅਰਥ-ਸ਼ਾਸਤਰੀ ਦਾ ਸਹਿਯੋਗ ਲਿਆ ਗਿਆ ਹੈ। ਇਸ ਵਿੱਚ ਇਕ ਸਫ਼ਲ ਤੇ ਉਦਮੀ ਬੰਦੇ ਨਾਲ ਮੁਲਾਕਾਤ ਵੀ ਸ਼ਾਮਿਲ ਹੈ ਜੋ 'ਪੂੰਜੀਵਾਦੀ ਚੇਤਨਾ' ਦੇ ਮੁੱਖ ਸਮਰਥੱਕ ਹਨ। ਇਹ ਨਿਬੰਧ ਸੁਤੰਤਰ ਪੂੰਜੀਵਾਦੀ ਬਾਜ਼ਾਰ ਨਾਲ ਸੰਬੰਧਿਤ ਹਨ। ਇਹ ਨਿਬੰਧ ਸੁਤੰਤਰ ਪੂੰਜੀਵਾਦੀ ਬਾਜ਼ਾਰ ਨਾਲ ਸੰਬੰਧਿਤ ਸਾਰਿਆਂ ਤਰਕਾਂ ਨੂੰ ਮੁਹੱਈਆਂ ਨਹੀਂ ਕਰਦੇ, ਪਰ ਇਹ 'ਉੱਤਮ ਸਾਹਿਤ' ਨੂੰ ਜ਼ਰੂਰ ਮੁਹੱਈਆ ਕਰਵਾਉਂਦੇ ਹਨ। (ਏਹੋ ਜਿਹੇ ਸਾਹਿਤ ਦਾ ਛੋਟੀ ਜਿਹੀ ਉਦਾਹਰਣ, ਪੁਸਤਕ ਦੇ ਅੰਤ ਵਿੱਚ ਵਰਣਿਤ ਸਹਾਇਕ ਪੁਸਤਕ ਸੂਚੀ ਵੱਜੋਂ ਪੇਸ਼ ਕੀਤੀ ਗਈ ਹੈ)

ਇਸ ਪੁਸਤਕ ਵਿੱਚ ਸਿਰਫ਼ ਸੁਤੰਤਰ ਪੂੰਜੀਵਾਦੀ ਬਾਜ਼ਾਰ ਦੇ ਬਚਾਉ ਨਾਲ ਸੰਬੰਧਿਤ ਸਾਮਗ੍ਰੀ ਹੀ ਕਿਉਂ ਸ਼ਾਮਿਲ ਹੈ? ਕਿਉਂ ਕਿ ਬਾਜ਼ਾਰ ਤੇ ਆਧਾਰਿਤ ਸੈਕੜੇ ਤੇ ਕਈ ਹਜ਼ਾਰ ਪੁਸਤਕਾਂ ਅਜਿਹੀਆਂ ਹਨ ਜੋ ਇਸ ਵਿਸ਼ੇ ਨਾਲ ਸੰਬੰਧਿਤ 'ਸੰਤੁਲਿਤ' ਸੰਵਾਦ ਦੀ ਪੇਸ਼ਕਾਰੀ ਦਾ ਦਾਅਵਾ ਕਰਦੀਆਂ ਹਨ, ਪਰ ਅਸਲ ਵਿੱਚ ਉਹਨਾਂ ਵਿੱਚ ਕੁਝ ਹੋਰ ਨਹੀਂ ਬਲਕਿ ਜ਼ਿਆਦਾਤਰ ਯੋਜਨਾਬੱਧਤਾ, ਨਵੀਆਂ ਕਾਢਾਂ, ਵਿਕਾਸ਼ਸ਼ੀਲ ਦ੍ਰਿਸ਼ਟੀ, ਫਾਇਦੇ-ਨੁਕਸਾਨ ਆਧਾਰਿਤ ਪ੍ਰਬੰਧ ਦੁਆਰਾ ਧਨ ਉਤਪਤੀ ਦੇ ਤਰੀਕੇ ਅਤੇ ਸੁਤੰਤਰ ਪੂੰਜੀਵਾਦੀ ਬਾਜ਼ਾਰ ਉੱਪਰ ਹੋਏ ਹਮਲਿਆਂ ਦੀ ਭਰਮਾਰ ਹੁੰਦੀ ਹੈ। ਮੇਰੀ ਸਿੱਖਿਆ ਯਾਤਰਾ ਦੇ ਦੌਰਾਨ ਪਾਠਕ੍ਰਮ ਵਿੱਚ ਸ਼ਾਮਿਲ ਸੈਕੜੇ ਪੁਸਤਕਾਂ ਮੈਂ ਆਪ ਪੜ੍ਹੀਆਂ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੁਤੰਤਰ ਪੂੰਜੀਵਾਦੀ ਬਾਜ਼ਾਰ ਦੀ ਆਲੋਚਨਾ ਤੇ ਹੀ ਆਧਾਰਿਤ ਹੁੰਦੀਆ ਸਨ। ਮੈਂ ਤਰਕ ਦੇ ਆਧਾਰ ਤੇ ਉਨ੍ਹਾਂ ਦੀ ਖਿਲਾਫਤ ਕੀਤੀ। ਇਸ ਦੇ ਉਲਟ ਆਮ ਤੌਰ ਤੇ ਅਜਿਹੇ ਲੇਖਕਾਂ ਦਾ ਮਿਲਣਾ ਮੁਸ਼ਕਿਲ ਹੈ ਕਿ ਜਿਨ੍ਹਾਂ ਨੇ ਇੱਕ ਤੋਂ ਵੱਧ ਅਜਿਹੇ ਲੇਖਕਾਂ ਨੂੰ ਪੜ੍ਹਿਆ ਹੋਵੇ ਜਿਨ੍ਹਾਂ ਨੇ ਸੁਤੰਤਰ ਪੂੰਜੀਵਾਦੀ ਬਾਜ਼ਾਰ ਦੀ ਹਿਮਾਇਤ ਕੀਤੀ ਹੋਵੇ। ਆਧੁਨਿਕ ਐਂਗਲੋ-ਸੈਕਸ਼ਨ ਬੋਧਿਕ ਦੁਨੀਆਂ ਵਿੱਚ ਘੱਟੋਂ-ਘੱਟ ਇੱਕ ਅਜਿਹਾ ਲੇਖਕਾਂ ਤਾਂ ਜਰੂਰ ਹੈ ਜਿਸਦੀ ਮਿਸਾਲ ਦਿੱਤੀ ਜਾ ਸਕਦੀ ਹੈ, ਉਹ ਹੈ ਰਾਬਿਟ ਨਾਜਿਕ। ਇਸ ਦੇ ਬਾਵਜੂਦ ਉਹਨਾਂ ਦੀ ਸਮੁੱਚੀ ਪੁਸਤਕ ਦੇ ਇੱਕ ਅਧਿਆਏ ਨੂੰ ਹੀ ਜ਼ਿਆਦਾ ਪੜ੍ਹਿਆ ਗਿਆ ਹੈ। ਜਿਸ ਵਿੱਚ ਉਹਨਾਂ ਨੇ ਸੁਤੰਤਰ ਪੂੰਜੀਵਾਦ ਦੇ ਵਿਰੋਧੀਆਂ ਦੀ ਆਜਮਾਇਸ਼ ਲਈ 'ਪ੍ਰਯੋਗ' ਦੇ ਰੂਪ ਵਿੱਚ ਇੱਕ ਅਨੁਮਾਨਿਤ ਵਿਚਾਰ ਦੀ ਪੇਸ਼ਕਸ਼ ਕੀਤੀ। ਜ਼ਿਆਦਾਤਰ ਸਮਾਜਵਾਦੀ ਸਿਰਫ ਇਸ ਇੱਕੋਂ ਵਿਚਾਰ 'ਪ੍ਰਯੋਗ' ਦਾ ਖੰਡਨ ਕਰਨਾ ਸ਼ੁਰੂ ਕਰ ਦਿੰਦੇ

ਹਨ।[24] ਸਿਰਫ਼ ਇਕ ਤਰਕ ਨੂੰ ਪੜ੍ਹਕੇ ਅਤੇ ਉਸਦੇ ਖੰਡਨ ਦੁਆਰਾ ਸੁਤੰਤਰ ਪੂੰਜੀਵਾਦੀ ਬਾਜ਼ਾਰ ਨੂੰ ਦੋਸ਼ੀ ਠਹਿਰਾਉਣ ਵਾਲੇ, ਇਸਨੂੰ ਸਾਰਥਕ ਮੰਨਦੇ ਹੋਏ ਆਲੋਚਨਾ ਨੂੰ ਜਾਰੀ ਰੱਖਦੇ ਹਨ।

ਹਮੇਸ਼ਾ ਦੇ ਵਾਂਗ ਉਹ ਮਿਲਟਨ ਫ੍ਰੀਡਮੈਨ ਜਾਂ ਆਇਨ ਰੈਂਡ ਜਾਂ ਐਫ.ਏ.ਹਾਇਕ ਜਾਂ ਐਡਮ ਸਮਿਥ ਦੇ ਬਿਨਾਂ ਹਵਾਲੇ ਜਾਂ ਪ੍ਰਮਾਣ ਤੋਂ ਪੇਸ਼ ਕੀਤੇ ਇੱਕ ਜਾਂ ਦੋ ਬਿਆਨਾਂ ਜਾਂ ਵੱਖ-ਵੱਖ ਸੰਸਕਰਣਾ ਤੇ ਭਰੋਸਾ ਕਰ ਲੈਂਦੇ ਹਨ।

ਥੋੜਾ ਸਮਾਂ ਪਹਿਲਾਂ ਦਾ ਹੀ ਇੱਕ ਜੀਵੰਤ ਉਦਾਹਰਣ ਲੈਂਦੇ ਹਾਂ। ਹਾਵਰਡ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਮਾਇਕਲ ਸੈਂਡਲ ਨੇ ਆਪਣੀ ਨਵੀਂ ਕਿਤਾਬ "ਜਸਟਿਸ : ਵਟ ਇਸ ਦ ਰਾਈਟ ਥਿੰਗ ਟੂ ਡੂ" ਵਿੱਚ ਸੁਤੰਤਰ ਪੂੰਜੀਵਾਦੀ ਬਾਜ਼ਾਰ ਨਾਲ ਸੰਬੰਧਿਤ ਇੱਕ ਵਿਚਾਰ ਦਾ ਖੰਡਨ ਕੀਤਾ। ਕਿਤਾਬ ਵਿੱਚ ਰਾਬਰਟ ਨਾਜ਼ਿਕ ਦੇ ਨਾਲ-ਨਾਲ ਮਿਲਟਨ ਫ੍ਰੀਡਮੈਨ ਅਤੇ ਐਫ.ਏ ਹਾਇਕ ਦੀ ਵੀ ਆਲੋਚਨਾ ਕੀਤੀ ਗਈ। ਭਾਵੇਂ ਕਿ ਕਿਤਾਬ ਵਿੱਚ ਲੇਖਕ ਨੇ ਇਹ ਵੀ ਸਾਹਿਬ ਕਰ ਦਿੱਤਾ ਕਿ ਉਸਨੂੰ ਉਨ੍ਹਾਂ ਨੂੰ ਪੜ੍ਹਿਆ ਨਹੀਂ। ਉਸਨੇ ਮਿਲਟਨ ਫ੍ਰੀਡਮੈਨ ਦੁਆਰਾ ਕੀਤੇ ਗਏ ਸੁਆਲ, "ਉਸਨੇ (ਉਹ ਵਿਅਕਤੀ ਜਿਸਨੇ ਸੇਵਾ-ਮੁਕਤ ਹੋਣ ਤੋਂ ਬਾਅਦ ਦੇ ਜੀਵਨ ਲਈ ਕੁਝ ਵੀ ਨਹੀਂ ਬਚਾਇਆ) ਜਿਸ ਕੰਮ ਨੂੰ ਕਰਨ ਦਾ ਵਿਕਲਪ ਚੁਣਿਆ, ਕੀ ਅਸੀਂ ਉਸਨੂੰ ਉਸ ਕੰਮ ਤੋਂ ਰੋਕਣ ਲਈ ਬਲ ਦਾ ਪ੍ਰਯੋਗ ਕਰਨ ਦੇ ਅਧਿਕਾਰੀ ਹਾਂ?[25] ਪਰ ਉਹਨਾਂ ਨੇ ਇਸ ਗੱਲ ਉੱਪਰ ਧਿਆਨ ਨਹੀਂ ਦਿੱਤਾ ਜਿਸਦਾ ਵਰਨਣ ਫ੍ਰੀਡਮੈਨ ਨੇ ਅਗਲੇ ਪੈਰ੍ਹਾਂ ਵਿੱਚ ਕੀਤਾ ਸੀ।[26] ਦਰਅਸਲ ਫ੍ਰੀਡਮੈਨ ਇਸ ਬਲ ਦੇ ਪ੍ਰਯੋਗ ਦੇ ਕਾਰਣ ਦੱਸਦੇ ਹੋਏ ਕਹਿੰਦੇ ਹਨ ਕਿ "ਇਸ ਤਰਕ ਦਾ ਮਹੱਤਵ ਸਪੱਸ਼ਟ ਤੌਰ ਤੇ ਤੱਥਾਂ ਉੱਪਰ ਨਿਰਭਰ ਕਰਦਾ ਹੈ।"[27] (ਫ੍ਰੀਡਮੈਨ, "ਉਦਾਰਵਾਦ ਪਰਿਕਲਪਨਾ")[28] ਦੇ ਪ੍ਰਵਾਨਿਤ ਜਾਂ ਪ੍ਰਮਾਣਿਤ ਉਦਾਰਵਾਦੀ ਸਿਧਾਤਾਂ ਨੂੰ ਦੁਹਰਾ ਰਹੇ ਸਨ, ਨਾ ਕਿ ਅਧਿਕਾਰਾਂ ਦੇ ਸੰਬੰਧ ਵਿੱਚ ਨਿਸ਼ਚਿਤ ਜਾਂ ਨਿਰਣਾਇਕ ਬਿਆਨ ਦੇ ਰਹੇ ਸਨ, ਜਿਵੇਂ ਸੈਂਡਲ ਨੇ ਗਲਤ ਤਰੀਕੇ ਨਾਲ ਵਰਣਿਤ ਕੀਤਾ ਹੈ। ਸੈਂਡਲ ਅੱਗੇ ਚਲਕੇ ਫਿਰ ਕਹਿੰਦਾ ਹੈ, ਕਿ ਕਾਨਸਟਿਚਿਊਸ਼ਨ ਆਫ਼ ਲਿਬਰਟੀ (1960) ਵਿੱਚ ਆਸਟ੍ਰੀਅਨ ਅਰਥ-ਸ਼ਾਸਤਰੀ ਦਾਰਸ਼ਨਿਕ ਫ੍ਰੈਡਰਿਕ ਏ. ਹਾਇਕ (1899-1992) ਨੇ ਤਰਕ ਦਿੱਤਾ ਹੈ ਕਿ "ਵਿਆਪਕ ਆਰਥਿਕ ਸਮਾਨਤਾ ਲਿਆਉਣ ਲਈ ਕੀਤਾ ਜਾਣ ਵਾਲਾ ਕੋਈ ਯਤਨ ਸੁਭਾਵਿਕ ਰੂਪ ਨਾਲ ਸੁਤੰਤਰ ਬਾਜ਼ਾਰ ਲਈ ਦਮਨਕਾਰੀ ਤੇ ਵਿਨਾਸ਼ਕ ਹੁੰਦਾ ਹੈ"। ਇਹ ਐਸਾ ਦਾਅਵਾ ਹੈ ਜੋ ਹਾਇਕ ਨੇ ਕਦੀ ਕੀਤਾ ਹੀ ਨਹੀਂ। ਦਰਅਸਲ ਉਹ ਕਹਿੰਦੇ ਹਨ ਕਿ "ਪ੍ਰਗਤੀਸ਼ੀਲ ਆਮਦਨੀ ਕਰ" (Progressive Income Taxation) ਜਿਸ ਵਿੱਚ ਆਮਦਨੀ ਦੇ ਨਾਲ-ਨਾਲ ਕਰ ਵੀ ਵੱਧਦੇ ਰਹਿੰਦੇ ਹਨ, ਕਾਨੂੰਨੀ ਤੌਰ ਤੇ

ਅਸੰਗਤ ਹੈ। ਕਿਉਂਕਿ "ਸਾਪੇਖਤਾ ਦੇ ਵਿਰੋਧ ਵਿੱਚ, ਪ੍ਰਗਤੀਸ਼ੀਲਤਾ ਹੈ ਏਹੋ ਜਿਹਾ ਕੋਈ ਸਿਧਾਂਤ ਪੇਸ਼ ਨਹੀਂ ਕਰਦੀ ਜੋ ਸਾਨੂੰ ਇਹ ਦੱਸੇ ਕਿ ਵੱਖ-ਵੱਖ ਲੋਕਾਂ ਦੁਆਰਾ ਉਠਾਇਆ ਜਾਣ ਵਾਲਾ ਭਾਰ ਕੀ ਹੋਣਾ ਚਾਹੀਦਾ ਹੈ।[29] ਪਰ ਇਹ ਉਸ ਤਰ੍ਹਾਂ ਦਾ ਨਹੀਂ ਜਿਸ ਤਰ੍ਹਾਂ ਦਾ ਕਿ ਇਹ ਤਰਕ ਦੇਣਾ ਕਿ ਵਿਆਪਕ ਆਰਥਿਕ ਸਮਾਨਤਾ ਲਿਆਉਣ ਵਾਲੇ, ਕਿਸੇ ਵੀ ਯਤਨ (ਮੰਨ ਲਉ, ਅਮੀਰਾਂ ਨੂੰ ਮਿਲਣ ਵਾਲੀਆਂ ਵਿਸ਼ੇਸ਼ ਛੋਟਾਂ ਤੇ ਵਿਸ਼ੇਸ਼ ਅਧਿਕਾਰ) ਦਾ ਦਮਨਕਾਰੀ ਹੋਣਾ ਜਰੂਰੀ ਹੈ (ਸੈਂਡਲ ਦਾ ਅਪ੍ਰਮਾਣਿਕ ਦਾਅਵਾ ਅਤੇ ਉਸਦੀ ਵਿਆਖਿਆ ਦੋਵੇ ਇਹ ਦਰਸਾਉਂਦੇ ਹਨ ਕਿ ਸੈਂਡਲ ਨੇ ਹਾਇਕ ਦੀ ਪੁਸਤਕ ਨੂੰ ਪੜ੍ਹਨ ਦੀ ਮੁਸ਼ੱਕਤ ਤੱਕ ਨਹੀਂ ਕੀਤੀ। ਹੈਰਾਨੀ ਹੁੰਦੀ ਹੈ ਕਿ ਇਹ ਐਡਮ ਸਮਿਥ ਦੀ ਪਿਨ (ਫਨਿ) ਦਾ ਉਤਪਾਦਨ ਕਿਵੇਂ ਹੁੰਦਾ ਹੈ ਦੇ ਸੰਬੰਧ ਵਿੱਚ ਲਿਖੀ ਪੁਸਤਕ "ਐਨ ਇਨਕੁਇਰੀ ਇਨ ਟੂ ਨੇਚਰ ਐਂਡ ਆਫ਼ ਦ ਵੇਲਥ ਆਫ਼ ਨੇਸ਼ਨਜ਼' ਦੀ ਵਿਆਖਿਆ ਕਿਵੇਂ ਕੀਤੀ ਹੋਵੇਗੀ।

ਗੰਭੀਰ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਬਿਹਤਰ ਕੰਮ ਕਰਨ। ਮੈਂ ਆਪ ਇਸ ਨਿਬੰਧ ਤੇ ਪੁਸਤਕ ਦੇ ਪਾਠਕਾਂ ਨੂੰ ਬਿਹਤਰ ਕਰਨ ਲਈ ਪੂਰੇ ਦਿਲ ਨਾਲ ਉਤਸ਼ਾਹਿਤ ਕਰਨ ਦੇ ਯਤਨ ਵਿੱਚ ਹਾਂ। ਉਹ ਸੁਤੰਤਰ ਪੂੰਜੀਵਾਦੀ ਬਾਜ਼ਾਰ ਨਾਲ ਸੰਬੰਧਿਤ ਪ੍ਰਮਾਣਿਕ ਆਲੋਚਨਾ ਨੂੰ ਪੜੇ। ਮਾਰਕਸ ਨੂੰ ਪੜੇ, ਸੋਮਬਰਟ ਨੂੰ ਪੜੇ, ਗਲਸ ਨੂੰ ਪੜੇ, ਸੈਂਡਲ ਨੂੰ ਪੜੇ, ਉਹਨਾਂ ਨੂੰ ਸਮਝਣ ਦਾ ਯਤਨ ਕਰੇ। ਉਹਨਾਂ ਨਾਲ ਲੋੜ ਅਤੇ ਤਰਕ ਅਨੁਸਾਰ ਸਹਿਮਤ ਵੀ ਹੋਵੇ, ਉਹਨਾਂ ਦਾ ਚਿੰਤਨ ਕਰੇ। ਮੈਂ ਸੁਤੰਤਰ ਪੂੰਜੀਵਾਦੀ ਬਾਜ਼ਾਰ ਦੇ ਵਿਰੋਧੀਆਂ ਦੀ ਤੁਲਨਾ ਵਿੱਚ ਵਧੇਰੇ ਸੁਤੰਤਰ ਪੂੰਜੀਵਾਦੀ ਬਾਜ਼ਾਰ ਵਿਰੋਧੀ ਤਰਕਾਂ ਦਾ ਅਧਿਐਨ ਕੀਤਾ ਹੈ ਅਤੇ ਮੇਰਾ ਵਿਚਾਰ ਹੈ ਕਿ ਮੈਂ ਇਸ ਬਹਿਸ ਦੇ ਸੰਬੰਧ ਵਿੱਚ ਉਹਨਾਂ ਤੋਂ ਬਿਹਤਰ ਗੱਲ ਕਰ ਸਕਦਾ ਹਾਂ ਕਿਉਂਕਿ ਮੈਂ ਇਸਨੂੰ ਉਹਨਾਂ ਤੋਂ ਜ਼ਿਆਦਾ ਠੀਕ ਢੰਗ ਨਾਲ ਸਮਝਦਾ ਹਾਂ। ਏਥੇ ਇਸ ਬਹਿਸ ਦੇ ਇੱਕ ਨਵੇਂ ਪੱਖ ਨੂੰ ਪੇਸ਼ ਕੀਤਾ ਗਿਆ ਹੈ ਕਿ ਇਹ ਪੱਖ, ਜਿਸਦੇ ਅਸਤਿੱਤਵ ਨੂੰ ਬਹੁਤ ਘੱਟ ਸਮਝਣ ਦਾ ਯਤਨ ਕੀਤਾ ਗਿਆ ਹੈ।

ਹੁਣ ਅੱਗੇ ਪੜ੍ਹੋ ਤੇ ਇੱਕ ਵਾਰ ਪ੍ਰਯੋਗ ਕਰਕੇ ਵੇਖੋ। ਇਸ ਪੁਸਤਕ ਵਿਚ ਪੇਸ਼ ਨਿਬੰਧਾਂ ਵਿੱਚ ਦਿੱਤੇ ਗਏ ਤਰਕਾਂ ਤੇ ਵਿਚਾਰ ਕਰੋ। ਉਸ ਤੋਂ ਬਾਅਦ ਹੀ ਆਪਣੀ ਕੋਈ ਰਾਏ ਬਨਾਉਣਾ।

**ਟੱਮ ਜੀ. ਪਾਮਰ**

*ਵਾਸ਼ਿੰਗਟਨ, ਡੀ.ਸੀ.*

# ਖੰਡ - 1

# ਉੱਦਮਸ਼ੀਲ ਪੂੰਜੀਵਾਦ ਦੇ ਗੁਣ

# ਇੱਕ ਉੱਦਮੀ ਨਾਲ ਮੁਲਾਕਾਤ

**ਜਾਨ ਮੈਕਏ ਨਾਲ ਗੱਲਬਾਤ**

**(ਟਾੱਮ ਜੀ. ਪਾਮਰ ਦੁਆਰਾ ਨਿਰਦੇਸ਼ਿਤ)**

*ਇਸ ਮੁਲਾਕਾਤ ਵਿਚ, ਸਾਹਸੀ ਵਿਉਪਾਰੀ ਤੇ ਹੋਲ ਫੂਡ (Whole Foods) ਦੇ ਸਹਾਇਕ, ਮੁੱਖ ਕਾਰਜਕਰਤਾ ਅਧਿਕਾਰੀ (Co-CEO) ਜੱਾਨ ਮੈਕਏ (John Mackey) "ਚੇਤੰਨ ਪੂਜੀਵਾਦ" ਦੇ ਆਪਣੇ ਦਰਸ਼ਨ (ਦ੍ਰਿਸ਼ਟੀਕੋਣ) ਦੀ ਵਿਆਖਿਆ ਕਰਦਾ ਹੈ ਅਤੇ ਮਨੁੱਖੀ ਸੁਭਾਅ ਤੇ ਪ੍ਰੇਰਣਾ, ਵਿਉਪਾਰ ਦੀ ਪ੍ਰਕ੍ਰਿਤੀ ਤੇ ਸੁਤੰਤਰ ਪੂੰਜੀਵਾਦ ਬਾਜ਼ਾਰ ਤੇ "ਹਿਮਾਇਤੀ ਪੂੰਜੀਵਾਦ" ਦੇ ਸਬੰਧ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਹਨ।*

*ਜਾੱਨ ਮੈਕਏ ਨੇ ਸੰਨ 1980 ਵਿੱਚ ਹੋਲ ਫੂਡਸ ਬਾਜ਼ਾਰ ਦੀ ਸਥਾਪਨਾ ਵਿੱਚ ਸਹਾਇਕ-ਸਥਾਪਕ ਦੀ ਭੂਮਿਕਾ ਨਿਭਾਈ। ਉਹ ਸਿਹਤਮੰਦ ਭੋਜਨ, ਜਾਨਵਰਾਂ ਦੇ ਨਾਲ ਨੈਤਿਕ ਵਿਵਹਾਰ ਤੇ ਵਿਉਪਾਰੀਆਂ ਦੁਆਰਾ ਸਾਕਾਰਤਮਕ ਸਮੁਦਾਇਕ ਸਾਂਝੇਦਾਰੀ ਦੇ ਖੇਤਰ ਵਿੱਚ ਪ੍ਰਤੀਨਿਧ ਬਣੇ ਰਹੇ। ਉਹ 'ਚੇਤੰਨ ਪੂੰਜੀਵਾਦ ਸੰਸਥਾ' ਦੇ ਅਮਾਨਤਦਾਰ (Trustee) ਵੀ ਹਨ।*

***

**ਪਾਮਰ :** ਜਾੱਨ, ਵਿਉਪਾਰ ਦੀ ਦੁਨੀਆ ਵਿੱਚ ਤੁਹਾਡੇ (ਇੱਕ ਸਾਹਸੀ ਜੋ ਪੂੰਜੀਵਾਦ ਦੀ ਨੈਤਿਕਤਾ ਬੇਝਿਜਕ ਬਚਾਉ ਕਰ ਦੇ/ਪੱਖ ਪੂਰਦੇ ਹਨ) ਵਰਗੇ ਲੋਕ ਬਹੁਤ ਘੱਟ ਹਨ। ਤੁਸੀਂ ਆਪਣੇ ਇਸ ਕਥਨ ਲਈ ਵੀ ਜਾਣੇ ਜਾਂਦੇ ਹੋ ਕਿ ਪੂੰਜੀਵਾਦ ਲਈ ਸਿਰਫ਼ ਸਵੈ-ਹਿੱਤ ਦਾ ਹੋਣਾ ਹੀ ਕਾਫ਼ੀ ਨਹੀਂ ਹੈ। ਇਸਦਾ ਅਰਥ ਕੀ ਹੈ?

**ਮੈਕਏ :** ਸਵੈ-ਹਿੱਤ ਦੇ ਸਹਾਰੇ ਸਭ ਕੁਝ ਛੱਡਣਾ, ਮਨੁੱਖ ਸੁਭਾਅ ਦੇ ਅਤਿਅੰਤ ਅਪੂਰਣ ਸਿਧਾਂਤ' ਤੇ ਭਰੋਸਾ ਕਰਨਾ ਹੈ। ਇਹ ਮੈਨੂੰ ਕਾਲਜ ਦੇ ਦਿਨਾਂ ਵਿੱਚ ਹੋਈ ਇੱਕ ਬਹਿਸ ਦੀ ਯਾਦ ਦਿਵਾਉਦਾਂ ਹੈ। ਜਿਸ ਵਿੱਚ ਲੋਕ ਇਹ ਤਰਕ ਦੇਣ ਦੀ ਕੋਸ਼ਿਸ ਕਰ ਰਹੇ ਸਨ ਕਿ ਇਨਸਾਨ ਜੋ ਕੁਝ ਵੀ ਕਰਦਾ ਹੈ ਸਵੈ-ਹਿੱਤ ਦੇ ਆਧਾਰ 'ਤੇ ਹੀ ਕਰਦਾ ਹੈ। ਜਿਸ ਕੰਮ ਵਿੱਚ ਸਵੈ-ਹਿੱਤ ਨਾ ਹੋਵੇ ਉਸ ਕੰਮ ਨੂੰ ਉਹ ਕਰਦਾ ਹੀ ਨਹੀਂ। ਇਹ ਅਵਸਥਾ ਝੁਠਲਾਈ ਨਹੀਂ ਜਾ ਸਕਦੀ, ਪਰ ਇਹ ਉਸ ਵਕਤ ਤਰਕਹੀਣ ਸਾਬਤ ਹੁੰਦੀ ਹੈ ਜਦੋਂ ਤੁਸੀਂ ਕੋਈ ਕੰਮ ਅਜਿਹਾ ਕਰਦੇ ਹੋ ਜਿਸ ਵਿੱਚ ਕੋਈ ਹਿੱਤ ਨਹੀਂ ਸੀ, ਪਰ ਇਸਦੇ ਬਾਵੂਜਦ ਅਜਿਹੇ ਲੋਕ ਕਹਿੰਦੇ ਹਨ ਕਿ ਇਹ ਤੁਹਾਡੇ ਹਿੱਤ ਵਿਚ ਸੀ, ਨਹੀਂ ਤਾਂ ਤੁਸੀਂ

ਇਹ ਕੰਮ ਕਰਦੇ ਹੀ ਨਾ। ਇਸ ਤਰ੍ਹਾਂ ਇਹ ਇੱਕ ਗੋਲ-ਮੋਲ/ਉਲਝਾਉਣ ਵਾਲਾ ਤਰਕ ਹੈ।

**ਪਾਮਰ**: ਸਵੈ-ਹਿੱਤ ਦੇ ਇਲਾਵਾ ਹੋਰ ਕਈ ਤਰ੍ਹਾਂ ਦੀਆਂ ਪ੍ਰੇਰਣਾਵਾਂ ਵੀ ਪੂੰਜੀਵਾਦ ਦੇ ਲਈ ਮਹੱਤਵਪੂਰਨ ਹਨ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?

**ਮੈਕਏ**: ਮੈਨੂੰ ਏਹੋ ਜਿਹੇ ਪ੍ਰਸ਼ਨ ਪਸੰਦ ਨਹੀਂ ਕਿਉਂਕਿ ਵੱਖ-ਵੱਖ ਲੋਕਾਂ ਦੇ ਲਈ ਸਵੈ-ਹਿੱਤ ਦੀ ਵੱਖ-ਵੱਖ ਪਰਿਭਾਸ਼ਾ ਹੈ, ਅਤੇ ਅਜਿਹੇ ਸੁਆਲਾਂ ਕਾਰਨ ਅਸੀਂ ਇਸ ਵਿਸ਼ੇ ਸੰਬੰਧੀ ਗਲਬਾਤ ਦੌਰਾਨ ਪਿਛਲੀਆਂ ਗੱਲਾਂ ਨੂੰ ਬਾਰ-ਬਾਰ ਦੁਹਰਾਉਣ ਤੱਕ ਹੀ ਸੀਮਿਤ ਰਹਿ ਜਾਂਦੇ ਹਾਂ। ਇਸੇ ਲਈ ਮੈਂ ਕਾਲਜ ਵਿੱਚ ਕੀਤੀ ਜਾਣ ਵਾਲੀ ਹੋਛੀ/ ਕਾਹਲੀ ਵਿੱਚ ਕੀਤੀ ਬਿਆਨਬਾਜ਼ੀ (Sophomoric) ਕਿਸਮ ਦੀ ਚਰਚਾ ਦਾ ਹਵਾਲਾ ਦਿੱਤਾ ਹੈ। ਉਹ ਚਰਚਾ ਜਿਸਦੇ ਅਨੁਸਾਰ ਸਾਰਾ ਕੁਝ ਸਵੈ-ਹਿੱਤ ਨਾਲ ਹੀ ਸਬੰਧਿਤ ਹੁੰਦਾ ਹੈ। ਮੇਰਾ ਵਿਚਾਰ ਜਾਂ ਮਸ਼ਵਰਾ ਇਹ ਹੈ ਕਿ ਇਨਸਾਨ ਇਕ ਜਟਿਲ/ਗੁੰਝਲਦਾਰ ਪ੍ਰਕ੍ਰਿਤੀ ਵਾਲਾ ਜੀਵ ਹੈ ਅਤੇ ਉਸਦੀਆ ਬਹੁਤ ਸਾਰੀਆਂ ਪ੍ਰੇਰਣਾਵਾਂ (Insticts) ਹੁੰਦੀਆ ਹਨ, ਜਿਨ੍ਹਾਂ ਵਿੱਚੋਂ ਸਵੈ-ਹਿੱਤ ਵੀ ਆਪਣੀ ਹੀ ਤਰ੍ਹਾਂ ਦੀ ਇੱਕ ਪ੍ਰੇਰਣਾ ਹੈ। ਅਸੀਂ ਉਹਨਾਂ ਸਾਰੀਆਂ ਚੀਜ਼ਾਂ ਦੁਆਰਾ ਪ੍ਰੇਰਿਤ ਹੁੰਦੇ ਹਾਂ ਜਿਨ੍ਹਾਂ ਦੀ ਅਸੀਂ ਇੱਛਾ ਜਾਂ ਚਿੰਤਾ ਕਰਦੇ ਹਾਂ। ਇਹ ਸਿਰਫ਼ ਸਵੈ-ਹਿੱਤ ਤੱਕ ਹੀ ਸੀਮਿਤ ਨਹੀਂ। ਮੇਰਾ ਵਿਸ਼ਵਾਸ਼ ਹੈ ਕਿ ਸੰਭਾਵਿਤ ਤੌਰ 'ਤੇ ਆਇਨ ਰੈਂਡ ਤੇ ਹੋਰ ਕਈ ਅਰਥ-ਸ਼ਾਸਤ੍ਰੀਆਂ ਦੇ ਮਿਲੇ-ਜੁਲੇ ਪ੍ਰਭਾਵ ਕਾਰਣ, ਕੁਝ ਵਿਸ਼ੇਸ਼ ਕਾਰਣਾਂ ਦੇ ਚੱਲਦਿਆਂ ਉਦਾਰਵਾਦੀ ਅੰਦੋਲਨ ਇੱਕ ਪ੍ਰਕਾਰ ਦੇ ਵਿਚਾਰਧਾਰਕ ਅੰਤ ਵੱਲ ਤੁਰ ਪਿਆ ਹੈ। ਮੈਨੂੰ ਨਹੀਂ ਲੱਗਦਾ ਕਿ ਇਹ ਵਿਉਪਾਰ ਜਾਂ ਪੂੰਜੀਵਾਦ ਜਾਂ ਮਨੁੱਖੀ ਸੁਭਾਅ ਲਈ ਠੀਕ ਹੈ।

ਜੇਕਰ ਅਸੀਂ ਆਪਣੇ ਜੀਵਨ ਦੇ ਉਸ ਸਮੇਂ ਬਾਰੇ ਵਿਚਾਰ ਕਰੀਏ ਜਦੋਂ ਅਸੀਂ ਸਵੈ-ਹਿੱਤ ਦੀ ਭਾਵਨਾ ਨਾਲ ਭਰਪੂਰ ਹੁੰਦੇ ਹਾਂ ਤਾਂ ਪਤਾ ਲੱਗੇਗਾ ਕਿ ਉਸ ਸਮੇਂ ਅਸੀਂ ਜਵਾਨ ਅਤੇ ਭਾਵਨਾਤਮਕ ਤੌਰ 'ਤੇ ਅਪ੍ਰੌੜ (immature) ਸੀ। ਜ਼ਿਆਦਾ ਤਰ ਬੱਚੇ ਤੇ ਜਵਾਨ ਵਧੇਰੇ ਆਪਣੇ ਆਪ ਤੱਕ ਸੀਮਿਤ ਜਾਂ ਆਤਮ ਕੇਂਦਰਿਤ ਹੁੰਦੇ ਹਨ। ਉਹ ਸਮਾਜ ਵਿੱਚੋਂ ਸਵੈ-ਹਿੱਤ ਨੂੰ ਜਿਸ ਰੂਪ ਨਾਲ ਅਨੁਭਵ ਕਰਦੇ ਹਨ, ਉਸੇ ਅਨੁਸਾਰ ਹੀ ਉਹਨਾਂ ਦੇ ਸਾਰੇ ਅਧਾਰਿਤ ਕਾਰਜ ਸਮਾਜ ਵਿੱਚ ਆਮ ਪ੍ਰਚੱਲਿਤ ਧਾਰਵਾ (ਸਾਰੇ ਕਾਰਜ ਸਵੈ-ਹਿੱਤ ਅਧਾਰਿਤ ਹੁੰਦੇ ਹਨ) ਤੋਂ ਪ੍ਰਭਾਵਿਤ ਹੁੰਦੇ ਹਨ। ਜਿਵੇਂ-ਜਿਵੇਂ ਅਸੀਂ ਉਮਰ ਦੇ ਨਾਲ ਅਨੁਭਵਸ਼ੀਲ ਹੁੰਦੇ ਜਾਂਦੇ ਹਾਂ। ਅਸੀਂ ਹਮਦਰਦੀ, ਤਰਸ, ਪਿਆਰ ਅਤੇ ਸਾਰੀਆ ਮਨੁੱਖੀ ਸੰਵੇਦਨਾਵਾਂ ਨਾਲ ਭਰਪੂਰ ਹੁੰਦੇ ਜਾਂਦੇ ਹਾਂ। ਮਨੁੱਖ ਦੇ ਕੰਮਾਂ

ਪਿੱਛੇ ਇਕ ਤੋਂ ਵਧੀਕ ਕਾਰਨ ਗਤੀਸ਼ੀਲ ਹੋ ਜਾਂਦੇ ਹਨ।ਸਵੈ-ਹਿੱਤ ਜਾਂ ਸਵਾਰਥ ਅਤੇ ਪਰਉਪਕਾਰੀ ਦੇ ਦਰਮਿਆਨ ਇੱਕ ਉਲਝਾਉਣ ਵਾਲਾ ਦਵੰਦ ਸ਼ੁਰੂ ਹੋ ਜਾਂਦਾ ਹੈ। ਮੇਰੇ ਲਈ ਇਹ ਇੱਕ ਝੂਠਾ ਦਵੰਦ ਹੈ। ਕਿਉਂਕਿ ਸਾਡੇ ਅੰਦਰ ਦੋਵੇਂ ਹੀ ਸੰਭਾਵਨਾਵਾਂ ਹਨ। ਅਸੀਂ ਸਵਾਰਥੀ ਹਾਂ ਪਰ ਅਸੀਂ ਸਿਰਫ਼ ਸਵਾਰਥ ਤੱਕ ਹੀ ਸੀਮਿਤ ਨਹੀਂ। ਅਸੀਂ ਦੂਸਰਿਆ ਦੀ ਵੀ ਚਿੰਤਾ ਕਰਦੇ ਹਾਂ। ਅਸੀਂ ਆਪਣੇ ਪਰਿਵਾਰ ਦੇ ਭਲੇ ਦੀ ਬਹੁਤ ਚਿੰਤਾ ਕਰਦੇ ਹਾਂ। ਆਮ ਤੌਰ ਤੇ ਅਸੀਂ ਆਪਣੇ ਸਮੁਦਾਇ ਬਾਰੇ ਸੋਚਦੇ ਹਾਂ ਅਤੇ ਉਸ ਸਮਾਜ ਬਾਰੇ ਵੀ ਚਿੰਤਾਜਨਕ ਰੂਪ ਵਿੱਚ ਸੋਚਦੇ ਹਾਂ ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਅਸੀਂ ਜਾਨਵਰ ਤੱਕ ਦੇ ਭਲੇ ਦੀ ਵੀ ਚਿੰਤਾ ਕਰਦੇ ਹਾਂ ਅਤੇ ਆਪਣੇ ਵਾਤਾਵਰਨ ਲਈ ਵੀ ਚਿੰਤਿਤ ਹੁੰਦੇ ਹਾਂ। ਸਾਡੇ ਕੁਝ ਅਦਰਸ਼ ਹੁੰਦੇ ਹਨ ਜਿਨ੍ਹਾਂ ਤੋਂ ਸਾਨੂੰ ਇਸ ਦੁਨੀਆ ਨੂੰ ਰਹਿਣ ਲਾਇਕ ਬਿਹਤਰ ਜਗ੍ਹਾਂ ਬਨਾਉਣ ਦੀ ਪ੍ਰੇਰਨਾ ਮਿਲਦੀ ਹੈ। ਉਹ ਲੋਕ ਕਠੋਰ ਸ਼ਬਦਾ ਵਿਚ ਸਵੈ-ਹਿੱਤ ਦਾ ਖੰਡਨ ਕਰਦੇ ਹੋਏ ਨਜ਼ਰ ਆਉਂਦੇ ਹਨ। ਅਸੀਂ ਉਸ ਵਕਤ ਤੱਕ ਪ੍ਰੇਰਿਤ ਹੁੰਦੇ ਤੇ ਅਜਿਹੇ ਕੰਮ ਕਰਦੇ ਰਹਿੰਦੇ ਹਾਂ ਜਦ ਤੱਕ ਕਿ ਅਸੀਂ ਵਾਪਸ ਉਸ ਦੁਨੀਆਂ/ਵਿਚਾਰ ਸੰਸਾਰ ਵਿੱਚ ਨਹੀਂ ਪਹੁੰਚ ਜਾਂਦੇ ਜਿਸਦੇ ਵਿੱਚ ਜੋ ਕੁਝ ਵੀ ਅਸੀਂ ਕਰਦੇ ਹਾਂ ਜਾਂ ਜਿਸ ਚੀਜ਼ ਲਈ ਵੀ ਚਿੰਤਾ ਕਰਦੇ ਹਾਂ ਉਹ ਸਵੈ-ਹਿੱਤ ਤੋਂ ਪ੍ਰੇਰਿਤ ਮੰਨੀ ਜਾਂਦੀ ਹੈ।

ਇਸ ਲਈ ਮੈਂ ਨਹੀਂ ਮੰਨਦਾ ਕਿ ਸਵੈ-ਹਿੱਤ ਹੀ ਸਭ ਕੁਝ ਹੈ। ਮੈਂ ਨਹੀਂ ਮੰਨਦਾ ਕਿ ਮਨੁੱਖੀ ਸੁਭਾਅ ਨਾਲ ਜੁੜੀਆਂ ਸਾਰੀਆਂ ਕਿਰਿਆਵਾਂ ਲਈ ਸਵੈ-ਹਿੱਤ ਕੋਈ ਵਧੀਆ/ਸਾਰਥਕ ਸਿਧਾਂਤ ਹੈ। ਮੇਰਾ ਵਿਸ਼ਵਾਸ ਹੈ ਕਿ ਪੂੰਜੀਵਾਦ ਅਤੇ ਵਿਉਪਾਰ ਮਨੁੱਖ ਦੇ ਜਟਿਲ ਸੁਭਾਅ ਨਾਲ ਜੁੜਿਆ ਹੋਇਆ ਹੈ। ਮੈਂ ਇਹ ਵੀ ਮੰਨਦਾ ਹਾਂ ਕਿ ਇਹ ਸਿਧਾਂਤ ਪੂੰਜੀਵਾਦ ਦੇ ਵਿਉਪਾਰ ਦੀ ਧਾਰਣਾ ਨੂੰ ਵਿਗਾੜਦਾ ਹੈ। ਕਿਉਂ ਜੋ ਇਹ ਸਿਧਾਂਤ ਪੂੰਜੀਵਾਦ ਤੇ ਵਿਉਪਾਰ ਤੇ ਵਿਰੋਧੀਆਂ ਲਈ ਪੂੰਜੀਵਾਦ ਨੂੰ ਸੁਆਰਥੀ, ਲਾਲਚੀ ਅਤੇ ਸ਼ੋਸ਼ਣ-ਯੁਕਤ ਪ੍ਰਬੰਧ ਦੇ ਰੂਪ ਵਿਚ ਸਥਾਪਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਸਲ ਵਿੱਚ ਟਾੱਮ, ਇਹ ਗੱਲ ਮੈਨੂੰ ਵੀ ਪਰੇਸ਼ਾਨ ਕਰਦੀ ਹੈ ਕਿਉਂਕਿ ਪੂੰਜੀਵਾਦ ਅਤੇ ਵਿਉਪਾਰ ਦੁਨੀਆਂ ਦੀ ਭਲਾਈ ਲਈ ਸਭ ਤੋਂ ਵੱਡੀ ਤਾਕਤ ਹੈ। ਘੱਟ ਤੋਂ ਘੱਟ ਪਿਛਲੇ ਤਿੰਨ ਸੌ ਸਾਲਾਂ ਤੋਂ ਏਹੀ ਭੂਮਿਕਾ ਨਿਭਾ ਰਿਹਾ ਹੈ, ਪਰ ਜਿਨ੍ਹਾਂ ਸ਼ਾਨਦਾਰ ਮੁੱਲਾਂ (ਖੁਸ਼ਹਾਲੀ, ਨਵੀਆਂ ਕਾਢਾ, ਧਨ ਦੀ ਉਤਪਤੀ ਆਦਿ) ਦੀ ਉਸਨੇ ਸਿਰਜਣ ਕੀਤੀ ਹੈ। ਉਸਦਾ ਬਣਦਾ ਮਾਣ ਉਸਨੂੰ ਕਦੇ ਨਹੀਂ ਮਿਲਿਆ।

**ਪਾਮਰ:** ਸਵੈ-ਹਿੱਤ, ਸਵਾਰਥ ਅਤੇ ਲਾਭ ਕਮਾਉਣ ਤੋਂ ਇਲਾਵਾ ਵਪਾਰ ਹੋਰ ਕੀ ਕਰਦਾ ਹੈ?

**ਮੈਕਏ:** ਆਮ ਤੌਰ ਤੇ ਸਫ਼ਲ ਵਿਉਪਾਰੀ ਮੁੱਲਾਂ (ਮਨੁੱਖ ਲਈ ਇੱਕ ਨਵਾਂ ਵਿਵਹਾਰ, ਨਵੀਂ ਸੋਚ, ਨਵਾਂ ਢੰਗ, ਨਵਾਂ-ਵਿਸ਼ਵਾਸ਼-ਜਿਸ ਨਾਲ ਜੀਵਨ ਹੋਰ ਖੁਸ਼ਹਾਲ ਤੇ ਸਹਿਜ ਹੋ ਜਾਵੇਗਾ) ਦਾ ਸਿਰਜਣ ਕਰਦੇ ਹਨ। ਪੂੰਜੀਵਾਦ ਦੇ ਸੰਬੰਧ ਵਿੱਚ ਸਭ ਤੋਂ ਸੋਹਣੀ ਗੱਲ ਇਹ ਹੈ ਕਿ ਇਹ ਲੋਕਾਂ ਦੁਆਰਾ ਅੰਤਰ-ਸੰਬੰਧਿਤ ਤੇ ਇੱਕ-ਦੂਸਰੇ ਦੇ ਲਾਭ ਲਈ ਸਵੈ-ਇੱਛਾ ਨਾਲ ਕੀਤੀ ਜਾਣ ਵਾਲੀ ਵਟਾਂਦਰੇ ਦੀ ਪ੍ਰਕ੍ਰਿਆ ਹੈ। ਹੋਲ ਫੂਡ ਮਾਰਕਿਟ ਵਿਉਪਾਰ ਦਾ ਹੀ ਉਦਾਹਰਣ ਲਉ। ਅਸੀਂ ਆਪਣੇ ਗ੍ਰਾਹਕਾਂ ਨੂੰ ਵਸਤੂਆਂ ਤੇ ਸੇਵਾਵਾਂ ਮੁਹੱਈਆ ਕਰਾਕੇ ਉਹਨਾਂ ਕਰਮਚਾਰੀਆਂ ਲਈ ਮੁੱਲ ਪੈਦਾ ਕਰਦੇ ਹਾਂ। ਉਹਨਾਂ ਨੂੰ ਸਾਡੇ ਵਿਉਪਾਰ ਕਰਨ ਦੀ ਜਰੂਰਤ ਨਹੀਂ ਹੈ। ਉਹ ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਅਜਿਹਾ ਕਰਨਾ ਹੀ ਹਿੱਤਕਾਰੀ ਲੱਗਦਾ ਹੈ। ਅਸੀਂ ਉਨ੍ਹਾਂ ਲੋਕਾਂ ਲਈ ਵੀ ਮੁੱਲ ਸਿਰਜਦੇ ਹਾਂ ਜੋ ਸਾਡੇ ਲਈ ਕੰਮ ਕਰਦੇ ਹਨ, ਜੋ ਸਾਡੇ ਕਰਮਚਾਰੀ ਹਨ। ਉਹਨਾਂ ਵਿੱਚੋਂ ਕੋਈ ਵੀ ਸਾਡਾ ਗੁਲਾਮ ਨਹੀਂ ਹੈ। ਉਹ ਸਾਰੇ ਆਪਣੀ ਮਰਜ਼ੀ ਨਾਲ ਕੰਮ ਕਰ ਰਹੇ ਹਨ। ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਇਹ ਉਹੀ ਨੌਕਰੀ ਹੈ ਜੋ ਉਹ ਕਰਨਾ ਚਾਹੁੰਦੇ ਹਨ। ਉਹਨਾਂ ਦੀਆ ਤਨਖਾਹਾਂ ਸੰਤੋਸ਼ਜਨਕ ਹਨ। ਹੋਲ ਫੂਡ ਦੇ ਲਈ ਕੰਮ ਕਰਦੇ ਹੋਏ ਉਹ ਮਾਨਸਿਕ ਤੇ ਆਰਥਿਕ ਕਈ ਤਰ੍ਹਾਂ ਦੇ ਲਾਭ ਪ੍ਰਾਪਤ ਕਰਦੇ ਹਨ। ਇਸ ਪ੍ਰਕਾਰ ਅਸੀਂ ਉਹਨਾਂ ਲਈ ਮੁੱਲਾਂ ਦਾ ਸਿਰਜਣ ਕਰ ਰਹੇ ਹਾਂ। ਅਸੀਂ ਆਪਣੇ ਨਿਵੇਸ਼ਕਾਂ ਲਈ ਵੀ ਮੁੱਲਾਂ ਦਾ ਸਿਰਜਣ ਕਰ ਰਹੇ ਹਾਂ। ਕਿਉਂ ਜੋ ਸਾਡੀ ਬਾਜ਼ਾਰ ਵਿੱਚ ਸਮੱਰਥਾ 10 ਅਰਬ (billion) ਡਾਲਰ ਹੈ। ਜਦਕਿ ਅਸੀਂ ਸ਼ੁਰੂਆਤ ਸਿਫ਼ਰ (0) ਤੋਂ ਕੀਤੀ ਸੀ। ਇਸ ਪ੍ਰਕਾਰ ਅਸੀਂ ਆਪਣੇ ਪਿਛਲੇ 30 ਸਾਲਾਂ ਦੇ ਦੌਰਾਨ ਆਪਣੇ ਨਿਵੇਸ਼ਕਾ ਲਈ 10 ਬਿਲੀਅਨ ਡਾਲਰ ਤੋਂ ਵੀ ਵੱਧ ਦਾ ਮੁੱਲ ਸਿਰਿਜਆ ਹੈ। ਸਾਡੇ ਕਿਸੇ ਵੀ ਹਿੱਸੇਦਾਰ (Stock holder) ਨੂੰ ਸਾਡਾ ਸਾਮਾਨ ਖਰੀਦਣ ਲਈ ਮਜ਼ਬੂਰ ਨਹੀਂ ਕੀਤਾ ਜਾਂਦਾ। ਉਹ ਅਜਿਹਾ ਆਪਣੀ ਮਰਜ਼ੀ ਨਾਲ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਤੇ ਹੋਰ ਗ੍ਰਾਹਕਾਂ ਨੂੰ ਇੰਞ ਲੱਗਦਾ ਹੈ ਕਿ ਅਸੀਂ ਉਹਨਾਂ ਲਈ ਮੁੱਲ (ਭਰੋਸੇਯੋਗ, ਸਹੀ ਤੇ ਵਰਤੋਯੋਗ ਵਸਤਾਂ) ਸਿਰਜ ਰਹੇ ਹਾਂ। ਅਸੀਂ ਆਪਣੇ ਉਹਨਾਂ ਥੋਕ ਵਿਉਪਾਰੀਆਂ (Suppliers) ਲਈ ਮੁੱਲ ਸਿਰਜ ਰਹੇ ਹਾਂ ਜੋ ਸਾਡੇ ਨਾਲ ਵਿਉਪਾਰ ਕਰਦੇ ਹਨ। ਮੈਂ ਉਹਨਾਂ ਨੂੰ ਕਈ ਸਾਲਾਂ ਤੋਂ ਵੇਖ ਰਿਹਾ ਹਾਂ। ਜਿਨ੍ਹਾਂ ਸਾਲਾਂ ਵਿੱਚ ਉਹਨਾਂ ਨੇ ਆਪਣੇ ਵਿਉਪਾਰ ਵਿੱਚ ਵਾਧਾ ਕੀਤਾ ਤੇ ਪਹਿਲਾਂ ਨਾਲੋਂ ਵੱਧ ਖੁਸ਼ਹਾਲ ਹੋਏ ਸਨ।

ਇਹ ਸਭ ਕੁਝ ਸਵੈ-ਇੱਛਾ ਨਾਲ ਹੋਇਆ ਹੈ। ਉਹਨਾਂ ਨੇ ਹੋਲ ਫੂਡ ਨੂੰ ਬੇਹਤਰ ਬਣਾਇਆ ਅਤੇ ਅਸੀਂ ਉਹਨਾਂ ਨੂੰ ਬੇਹਤਰ ਬਨਣ ਵਿੱਚ ਮਦਦ ਕੀਤੀ ਹੈ।

**ਪਾਮਰ:** ਤੁਸੀਂ ਆਪਣੇ ਦਰਸ਼ਨ/ਵਿਚਾਰ ਨੂੰ 'ਚੇਤੰਨ ਪੂੰਜੀਵਾਦ' (Conscious Capitalism) ਦਾ ਨਾਮ ਦਿੱਤਾ ਹੈ। ਇਸ ਸੋਚ ਤੋਂ ਤੁਹਾਡਾ ਕੀ ਭਾਵ ਹੈ?

**ਮੈਕਏ:** ਅਸੀਂ ਇਸ ਸ਼ਬਦ ਦਾ ਪ੍ਰਯੋਗ ਇਸਨੂੰ ਉਹਨਾਂ ਦੂਸਰੇ-ਸੰਕਲਪਾਂ ਤੋਂ ਵੱਖ ਰੱਖਣ ਲਈ ਕਰਦੇ ਹਾਂ ਜੋ ਦੂਸਰੇ ਸੰਕਲਪਾਂ ਨਾਲ ਜੁੜਕੇ ਭਰਮ ਉਲਝਣ ਪੈਦਾ ਕਰਦੇ ਹਨ। ਜਿਵੇਂ ਕਿ 'ਕਾਰਪੋਰੇਟ ਸ਼ੋਸ਼ਲ ਰਿਸਪਾਂਸੀਬਿਲਟੀ' ਜਾਂ ਬਿਲ ਗੇਟਸ ਦਾ 'ਕਿਰਿਏਟਿਵ ਕੈਪਿਟਲਿਜ਼ਮ' ਤੇ 'ਸਸਟੇਨਏਬਲ ਕੈਪਿਟਲਿਜ਼ਮ' ਸਾਡੇ ਕੋਲ 'ਚੇਤੰਨ ਪੂੰਜੀਵਾਦ' ਦੀ ਸਪੱਸ਼ਟ ਪਰਿਭਾਸ਼ਾ ਹੈ। ਜੋ ਚਾਰ ਸਿਧਾਤਾਂ ਤੇ ਅਧਾਰਿਤ ਹੈ। ਪਹਿਲਾ ਸਿਧਾਂਤ ਇਹ ਕਿ ਵਿਉਪਾਰ ਵਿੱਚ ਵਡੇਰੇ ਮਕਸਦਾਂ ਦੀ ਪੂਰਤੀ ਕਰਨ ਦੀ ਸੰਭਾਵਨਾ ਹੁੰਦੀ ਹੈ, ਜਿਸ ਵਿੱਚੋਂ ਇਕ ਮਕਸਦ ਧਨ ਦੀ ਉਤਪੱਤੀ ਕਰਨਾ ਵੀ ਹੁੰਦਾ ਹੈ, ਪਰ ਚੇਤੰਨ ਪੂੰਜੀਵਾਦ ਧਨ ਦੀ ਉਤਪਤੀ ਤੱਕ ਹੀ ਸੀਮਿਤ ਨਹੀਂ। ਇਸ ਪ੍ਰਕਾਰ ਹਰ ਕਿਸਮ ਦੇ ਵਿਉਪਾਰ ਵਿੱਚ ਵਡੇਰੇ ਮਕਸਦਾਂ ਦੀ ਪੂਰਤੀ ਕਨ ਦੀ ਸੰਭਾਵਨਾ ਹੁੰਦੀ ਹੈ। ਜੇਕਰ ਤੁਸੀਂ ਸਿਧਾਂਤ ਤੇ ਵਿਚਾਰ ਕਰੋਗੇ ਤਾਂ ਤੁਹਾਨੂੰ ਪਤਾ ਚੱਲੇਗਾ ਹੈ ਕਿ ਹਰ ਕਿਸਮ ਦੇ ਵਿਉਪਾਰ ਵਿੱਚ ਕੁਝ ਅਜਿਹੇ ਮਕਸਦ ਮੌਜੂਦ ਰਹਿੰਦੇ ਹਨ ਜੋ ਸਿਰਫ ਲਾਭ ਕਮਾਉਣ ਦੇ ਸਿਧਾਂਤ ਦੀ ਸੀਮਾਂ ਤੋਂ ਪਾਰ ਫੈਲਦੇ ਹਨ। ਸਾਡੇ ਸਮਾਜ ਵਿੱਚ ਡਾਕਟਰਾਂ ਦੀ ਕਮਾਈ ਸਭ ਤੋਂ ਜ਼ਿਆਦਾ ਹੁੰਦੀ ਹੈ। ਫਿਰ ਵੀ ਉਹਨਾਂ ਦਾ ਮੁੱਖ ਮਕਸਦ ਲੋਕਾਂ ਦਾ ਇਲਾਜ਼ ਕਰਨਾ ਹੀ ਰਹਿੰਦਾ ਹੈ। ਇਸ ਪੈਸੇ ਦੀ ਇਹ ਨੈਤਿਕਤਾ ਹੁੰਦੀ ਹੈ, ਜਿਸਦੀ ਮੈਡੀਕਲ ਸਕੂਲਾਂ ਵਿੱਚ ਸਿੱਖਿਆ ਦਿੱਤੀ ਜਾਂਦੀ ਹੈ। ਅਜਿਹਾ ਨਹੀਂ ਕਿ ਦੁਨੀਆਂ ਵਿੱਚ ਲਾਲਚੀ ਡਾਕਟਰ ਨਹੀਂ ਹੁੰਦੇ। ਪਰ ਮੈਂ ਅਜਿਹੇ ਡਾਕਟਰਾਂ ਨੂੰ ਜਾਣਦਾ ਹਾਂ ਜੋ ਆਪਣੇ ਮਰੀਜ਼ ਦਾ ਇਲਾਜ਼ ਸਿਰਫ ਪੈਸੇ ਕਮਾਉਣ ਦੀ ਹੀ ਖਾਤਿਰ ਨਹੀਂ ਕਰਦੇ। ਬਲਕਿ ਆਪਣੀ ਨੈਤਿਕ ਜ਼ਿੰਮੇਵਾਰੀ ਕਾਰਣ ਵੀ ਕਰਦੇ ਹਨ। ਅਧਿਆਪਕਾਂ ਦਾ ਯਤਨ ਲੋਕਾਂ ਨੂੰ ਸਿੱਖਿਅਤ ਕਰਨਾ ਹੁੰਦਾ ਹੈ, ਭਵਨ ਨਿਰਮਾਣਕਾਰਾਂ (Architects) ਦਾ ਕੰਮ ਭਵਨਾਂ ਦਾ ਨਕਸ਼ਾ ਤਿਆਰ ਕਰਨਾ ਹੈ ਅਤੇ ਜੇਕਰ ਵਕੀਲਾਂ ਦੀ ਸਹੀ ਸਹੀ ਪਰਿਭਾਸ਼ਾ ਕੀਤੀ ਜਾਵੇ ਤਾਂ ਉਸਦਾ ਯਤਨ ਨਿਆਂ ਦੀ ਰੱਖਿਆ ਕਰਨਾ ਤੇ ਸਮਾਜ ਵਿੱਚ ਉਚਿੱਚਤਾ ਨੂੰ ਵਧਾਵਾ ਦੇਣਾ ਹੁੰਦਾ ਹੈ। ਸਾਰੇ ਪੇਸ਼ਿਆਂ ਦਾ ਇਕ ਅਜਿਹਾ ਉਦੇਸ਼ ਹੁੰਦਾ ਹੈ ਜੋ ਲਾਭ ਕਮਾਉਣ ਤੋਂ ਪਰੇ ਵੀ ਆਪਣੀ ਸਾਰਥਕਤਾ ਬਣਾਈ ਰੱਖਦਾ ਹੈ ਅਤੇ ਅਜਿਹਾ ਹੀ ਵਿਉਪਾਰ ਵਿੱਚ ਵੀ ਹੁੰਦਾ ਹੈ। ਹੋਲ ਫੂਡ ਕਰਿਆਨੇ ਦੇ ਵਿਉਪਾਰ ਨਾਲ ਸੰਬੰਧਿਤ ਹੈ। ਅਜਿਹੇ ਮਕਸਦ ਦੀ ਪੂਰਤੀ ਹਿੱਤ ਹੀ ਅਸੀਂ ਵਧੇਰੇ ਗੁਣ ਵਾਲੇ ਕੁਦਰਤੀ ਤਰੀਕੇ ਨਾਲ ਬਣੇ ਖਾਣ ਵਾਲੇ ਪਦਾਰਥ ਵੇਚਦੇ

ਹਾਂ, ਜੋ ਗ੍ਰਾਹਕ ਨੂੰ ਤੰਦਰੁਸਤ ਤੇ ਲੰਮ੍ਹੀ ਉਮਰ ਤੱਕ ਜਿਉਂਦੇ ਰਹਿਣ ਵਿੱਚ ਉਹਨਾਂ ਦੀ ਸਹਾਇਤਾ ਕਰਦੇ ਹਨ।

**ਪਾਮਰ**: ਅਤੇ ਦੂਸਰਾ ਸਿਧਾਂਤ ਕੀ ਹੈ?

**ਮੈਕਏ**: ਚੇਤੰਨ ਪੂੰਜੀਵਾਦ ਦਾ ਦੂਸਰਾ ਸਿਧਾਂਤ ਜਿਸ ਵੱਲ ਮੈਂ ਪਹਿਲਾਂ ਵੀ ਇਸ਼ਾਰਾ ਕੀਤਾ ਸੀ, ਹਿੱਸੇਦਾਰੀ ਦਾ ਸਿਧਾਂਤ ਹੈ। ਜਿਸਦੇ ਸੰਬੰਧ ਵਿੱਚ ਤੁਹਾਨੂੰ ਵੱਖ-ਵੱਖ ਹਿੱਸੇਦਾਰਾ ਲਈ ਸੋਚਣਾ ਪੈਂਦਾ ਹੈ। ਜਿਨ੍ਹਾਂ ਲਈ ਵਿਉਪਾਰ ਕਦਰਾਂ ਕੀਮਤਾਂ ਦੀ ਸਿਰਜਣਾ ਕਰਦਾ ਹੈ। ਉਹ ਹਿੱਸੇਦਾਰ ਜੋ ਮੁੜਵੇ ਰੂਪ ਵਿੱਚ ਵਿਉਪਾਰ ਨੂੰ ਪ੍ਰਭਾਵਿਤ ਕਰਦਾ ਹੈ। ਸਾਰੇ ਅੰਤਰ-ਸੰਬੰਧਿਤ ਹਿੱਸੇਦਾਰਾਂ ਜਿਵੇਂ ਗ੍ਰਾਹਕਾਂ, ਕਰਮਚਾਰੀਆਂ, ਥੋਕ ਵਿਉਪਾਰੀਆਂ, ਨਿਵੇਸ਼ਕਾ ਅਤੇ ਸਮੁਦਾਇਆ ਲਈ ਕਦਰਾਂ-ਕੀਮਤਾਂ ਦੀ ਸਿਰਜਣਾ ਦੇ ਦੌਰਾਨ ਤੁਹਾਨੂੰ ਆਪਣੇ ਪੇਸ਼ੇ/ ਵਿਉਪਾਰ ਦੀਆਂ ਜਟਿਲਤਾਵਾਂ ਦੇ ਬਾਰੇ ਵਿੱਚ ਵੀ ਸੋਚਣਾ ਪੈਂਦਾ ਹੈ।

ਤੀਸਰਾ ਸਿਧਾਂਤ ਇਹ ਹੈ ਕਿ ਇੱਕ ਪੈਸੇ ਨੂੰ ਪ੍ਰਤੀਨਿਧਤਾ ਕਰ ਸਕਣ ਵਾਲੇ ਦੀ ਜਰੂਰਤ ਹੁੰਦੀ ਹੈ ਜੋ ਉਚਕੋਟੀ ਦੇ ਸਦਾਚਾਰਕ ਤੇ ਨੀਤੀ-ਪਰਕ ਕਿਰਦਾਰਾਂ ਵਾਲਾ ਹੋਣਾ ਚਾਹੀਦਾ ਹੈ ਅਤੇ ਜੋ ਪੈਸੇ ਦੇ ਉਦੇਸ਼ਾ/ਮਕਸਦ ਨੂੰ ਪ੍ਰਮੁੱਖਤਾ ਪ੍ਰਦਾਨ ਕਰ ਸਕੇ। ਉਹ ਮਕਸਦਾਂ ਦੀ ਪੂਰਤੀ ਕਰਦਾ ਹੈ ਅਤੇ ਉਹ ਹਿੱਸੇਦਾਰਾਂ ਦੇ ਸਿਧਾਂਤ ਨੂੰ ਵੀ ਸਮਝਦਾ ਹੈ। ਇਸ ਪ੍ਰਕਾਰ ਉਹ ਪੈਸੇ ਨਾਲ ਸੰਬੰਧਿਤ ਲਗਭਗ ਸਾਰੀਆਂ ਜਰੂਰਤਾਂ ਦੀ ਪੂਰਤੀ ਕਰਦਾ ਹੈ।

ਚੇਤੰਨ ਪੂੰਜੀਵਾਦ ਦਾ ਚੌਥਾ ਸਿਧਾਂਤ ਇਹ ਹੈ ਕਿ ਤੁਹਾਨੂੰ ਇੱਕ ਅਜਿਹਾ ਕਿਰਤ-ਸੱਭਿਆਚਾਰ ਪੈਦਾ ਕਰਨਾ ਪੈਂਦਾ ਹੈ ਜੋ ਮਕਸਦਾਂ, ਹਿੱਸੇਦਾਰਾਂ ਤੇ ਪ੍ਰਤੀਨਿਧ ਤਿੰਨਾਂ ਲਈ ਸਹਾਇਕ ਸਿੱਧ ਹੋਵੇ। ਜਿਸਦੇ ਨਤੀਜੇ ਵਜੋਂ ਸਮੁੱਚਾ ਪ੍ਰਬੰਧ ਇੱਕ-ਜੁੱਟ ਹੋ ਕੇ ਸਫ਼ਲਤਾ ਪੂਰਕਵ ਕੰਮ ਕਰ ਸਕੇ।

**ਪਾਮਰ**: ਜਦੋਂ ਤੁਸੀਂ ਸਵੇਰੇ ਸਉਂ ਕੇ ਉੱਠਦੇ ਹੋ ਤਾਂ ਕੀ ਇਹ ਸਿਧਾਂਤ ਵਿਅਕਤੀਗਤ ਤੌਰ ਤੇ ਤੁਹਾਨੂੰ ਉਤਸ਼ਾਹਿਤ ਕਰਦੇ ਹਨ? ਕੀ ਤੁਸੀਂ ਇਹ ਕਹਿੰਦੇ ਹੋ ਕਿ, :ਮੈਂ ਹੋਰ ਡਾਲਰ ਕਮਾਵਾਂਗਾ" ਜਾਂ ਫਿਰ ਇਹ ਕਹਿੰਦੇ ਹੋ ਕਿ, "ਮੈਂ ਆਪਣੇ ਸਿਧਾਂਤਾਂ ਦੇ ਪ੍ਰਤੀ ਈਮਾਨਦਾਰੀ ਵਰਤਾਂਗਾ"?

**ਮੈਕਏ**: ਮੈਨੂੰ ਲੱਗਦਾ ਹੈ ਕਿ ਇਸ ਮਾਮਲੇ ਵਿੱਚ ਮੈਂ ਥੋੜਾ ਵੱਖਰੀ ਕਿਸਮ ਦਾ ਇਨਸਾਨ ਹਾਂ। ਕਿਉਂਕਿ ਗੁਜ਼ਰੇ ਪਿਛਲੇ ਪੰਜ ਸਾਲਾਂ ਤੋਂ ਮੈਂ ਹੋਲ ਫੂਡ ਤੋਂ ਕੋਈ ਮੇਹਨਤਾਨਾਂ/ ਤਨਖਾਹ ਨਹੀਂ ਲਈ। ਨਾ ਹੀ ਕੋਈ ਬੋਨਸ ਲਿਆ ਹੈ। ਮੈਂ ਆਪਣੇ ਅਧਿਕਾਰ ਖੇਤਰ ਵਿਚਲੇ ਹਿੱਸੇਦਾਰੀ ਦੇ ਵਿਕਲਪ ਦੀ ਵਰਤੋ ਕਰਦਾ ਹੋਇਆ ਹੋਲ ਪਲੈਨਟ ਫਾਉਂਡੇਸ਼ਨ ਦੁਆਰਾ ਸਾਰੀ ਦੁਨੀਆਂ ਦੇ ਗਰੀਬ ਲੋਕਾਂ ਲਈ ਛੋਟੇ-ਛੋਟੇ ਕਰਜ਼ ਦਾ ਪ੍ਰਬੰਧ ਕੀਤਾ ਹੈ। ਇਸ ਗੱਲ ਤੋਂ ਵੱਧ ਕਿ ਮੈਂ ਬਤੌਰ ਮੁਆਵਜ਼ੇ (Compensation) ਦੇ ਇਸ ਪੇਸ਼ੇ ਤੋਂ ਵੱਧ ਤੋਂ ਵੱਧ ਕਿੰਨਾ ਧਨ

ਕਮਾ ਲੈਂਦਾ ਹਾਂ, ਮੈਨੂੰ ਹੋਲ ਫੂਡ ਦੇ ਮਕਸਦਾਂ ਦੀ ਪੂਰਤੀ ਲਈ ਕੀਤਾ ਜਾਣ ਵਾਲਾ ਉੱਦਮ ਉਤਸ਼ਾਹਿਤ ਕਰਦਾ ਹੈ। ਬੇਸ਼ੱਕ ਮੇਰੇ ਕੋਲ ਕੰਪਨੀ ਦੁਆਰਾ ਮਿਲੀ ਹਿੱਸੇਦਾਰੀ ਦੀ ਮਦਦ ਨਾਲ ਵਿਅਕਤੀਗਤ ਤੌਰ ਤੇ ਜਰੂਰਤ ਤੋਂ ਵੀ ਵਧੇਰੇ ਧਨ ਇਕੱਠਾ ਹੋ ਗਿਆ ਹੈ।

**ਪਾਮਰ**: ਇਕ ਵਾਰ ਫਿਰ ਤੁਹਾਡੇ ਕੋਲੋਂ ਜਾਨਣਾ ਚਾਹੁੰਦੇ ਹਾਂ ਕਿ ਤੁਸੀਂ ਮਕਸਦ ਨੂੰ ਕਿਸ ਤਰ੍ਹਾਂ ਪ੍ਰਭਾਸ਼ਿਤ ਕਰਦੇ ਹੋ?

**ਮੈਕਏ**: ਹੋਲ ਫੂਡ ਦਾ ਮਕਸਦ ਹੈ ਕਿ ਆ...ਜੇਕਰ ਤੁਸੀਂ ਮੈਨੂੰ ਥੋੜਾ ਸਮਾਂ ਦੇਵੋ ਤਾਂ ਮੈਂ ਹੋਲ ਫੂਡ ਦੇ ਉੱਚੇ/ਮਹਾਨ ਮਕਸਦ ਦੇ ਸੰਬੰਧ ਵਿੱਚ ਵਿਸਥਾਰ ਨਾਲ ਦੱਸਣਾ ਚਾਹੁੰਦਾ ਹਾਂ। ਲਗਭਗ ਦੋ ਹਫ਼ਤੇ ਪਹਿਲਾਂ ਮੈਂ ਸਾਡੇ ਪ੍ਰਤੀਨਿਧਾਂ ਦੇ ਸਮੂਹ ਸਾਹਮਣੇ ਇੱਕ ਵਿਖਿਆਨ ਪੇਸ਼ ਕੀਤਾ। ਇੱਕ ਮਿੰਟ ਵਿੱਚ ਮੈਂ ਕੁਝ ਦੱਸ ਪਾਵਾਂਗਾਂ। ਉਹ ਇਹ ਹੈ ਕਿ ਸਾਡੀ ਕੰਪਨੀ ਸੱਤ ਮੁੱਲਾਂ ਦੇ ਦੁਆਲੇ ਘੁੰਮਦੀ ਹੈ। ਸਾਡਾ ਪਹਿਲਾ ਮੌਲਿਕ ਮੁੱਲ ਸਾਡੇ ਗ੍ਰਾਹਕਾਂ ਨੂੰ ਸੰਤੁਸ਼ਟ ਤੇ ਖੁਸ਼ ਕਰਨਾ ਹੁੰਦਾ ਹੈ। ਸਾਡਾ ਦੂਸਰਾ ਮੌਲਿਕ ਮੁੱਲ ਕਰਮਚਾਰੀਆਂ ਦੀ ਖੁਸ਼ੀ ਤੇ ਉੱਤਮਤਾ (Excellence) ਹੈ। (ਉਂਝ ਇਹ ਸਭ ਕੁਝ ਸਾਡੀ ਵੈਬਸਾਈਟ ਤੇ ਵੀ ਮੌਜੂਦ ਹੈ, ਅਤੇ ਅਸੀਂ ਇਹ ਸਰਵਜਨਕ ਤੌਰ ਤੇ ਪੇਸ਼ ਕਰਦੇ ਹਾਂ) ਸਾਡਾ ਤੀਸਰਾ ਮੌਲਿਕ ਮੁੱਲ ਲਾਭ ਤੇ ਤਰੱਕੀ ਦੇ ਮਾਧਿਅਮ ਦੁਆਰਾ ਧਨ ਦੀ ਉਤਪਤੀ ਕਰਨਾ ਹੈ।

ਚੌਥਾ ਮੌਲਿਕ ਮੁੱਲ ਇਹ ਹੈ ਕਿ ਅਸੀਂ ਜਿਸ ਸਮੁਦਾਇ ਵਿੱਚ ਕੰਮ ਕਰ ਰਹੇ ਹਾਂ ਉਸ ਲਈ ਖੁਦ ਨੂੰ ਨਿਖਾਰ ਸਕੀਏ। ਪੰਜਵਾ ਮੌਲਿਕ ਮੁੱਲ ਵਾਤਾਵਰਣ ਨੂੰ ਸਾਫ-ਸੁਥਰਾ ਤੇ ਮਹਿਫ਼ੂਜ਼ ਰੱਖਦੇ ਹੋਏ ਆਪਣਾ ਕੰਮ ਕਰਨਾ ਹੈ।ਛੇਵਾਂ ਮੌਲਿਕ ਮੁੱਲ ਇਹ ਹੈ ਕਿ ਅਸੀਂ ਆਪਣੇ ਨਾਲ ਜੁੜੇ ਥੋਕ ਵਿਉਪਾਰੀਆਂ ਨੂੰ ਹਿੱਸੇਦਾਰਾਂ ਦੇ ਤੌਰ ਤੇ ਵੇਕਦੇ ਹਾਂ ਅਤੇ ਸਾਡੀ ਕੋਸ਼ਿਸ਼ ਦੋਵਾਂ ਧਿਰਾਂ ਦੇ ਲਾਭ ਦਾ ਖਿਆਲ ਰੱਖਦੇ ਹੋਏ ਦੋਵਾਂ ਨੂੰ ਜੋੜੀ ਰੱਖਣ ਵਾਲੇ ਸੰਬੰਧ ਸਥਾਪਿਤ ਕਰਨਾ ਹੈ। ਸੱਤਵਾਂ ਮੌਲਿਕ ਮੁੱਲ ਆਪਣੇ ਸਾਰੇ ਹਿੱਸੇਦਾਰਾਂ ਅਤੇ ਕਰਮਚਾਰੀਆਂ ਨੂੰ ਤੰਦਰੁਸਤ ਭੋਜਨ ਅਤੇ ਤੰਦਰੁਸਤ ਜੀਵਨ ਸ਼ੈਲੀ ਨਾਲ ਸੰਬੰਧਿਤ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਪ੍ਰਕਾਰ ਸਾਡਾ ਸਭ ਤੋਂ ਵੱਡਾ ਮਕਸਦ ਆਪਣੇ ਮੌਲਿਕ ਮੁੱਲਾਂ ਨੂੰ ਪ੍ਰਤੱਖ ਤੇ ਸਪੱਸ਼ਟ ਤੌਰ ਤੇ ਵਿਸਤਾਰ ਸਹਿਤ ਪੇਸ਼ ਕਰਨਾ ਹੈ। ਜਿਸ ਵਿੱਚੋਂ ਇਕ ਹੈ ਅਮਰੀਕਾ ਦਾ ਇਲਾਜ ਕਰਨਾ। ਸਾਡੇ ਲੋਕ ਮੋਟੇ ਅਤੇ ਬੀਮਾਰ ਹਨ ਅਤੇ ਸਾਡੇ ਖਾਣ ਦਾ ਤਰੀਕਾ ਬੇਹੱਦ ਖਰਾਬ ਹੈ।ਅਸੀਂ ਦਿਲ ਦੀਆਂ ਬੀਮਾਰੀਆਂ ਨਾਲ ਜਾਂ ਕੈਂਸਰ ਨਾਲ ਜਾਂ ਫਿਰ ਸ਼ੂਗਰ ਆਦਿ ਨਾਲ ਮਰ ਰਹੇ ਹਾਂ। ਇਹ

ਸਾਰੀਆ ਜੀਵਨ ਸ਼ੈਲੀ ਨਾਲ ਜੁੜੀਆ ਹੋਈਆਂ ਬੀਮਾਰੀਆਂ ਹਨ, ਅਤੇ ਇਹ ਸਾਰੀਆ ਬੀਮਾਰੀਆਂ ਰੋਕਥਾਮਯੋਗ ਅਤੇ ਖਤਮ ਕੀਤੀਆਂ ਜਾ ਸਕਣ ਵਾਲੀਆਂ ਹਨ।ਇਸ ਲਈ ਇਹ ਮੌਲਿਕ ਮੁੱਲ ਸਾਡੀ ਸਭ ਤੋਂ ਪਹਿਲੀਆ ਪ੍ਰਾਥਮਿਕਤਾਵਾਂ ਵਿੱਚ ਸ਼ਾਮਿਲ ਹਨ।

ਦੇਸ਼ ਦੀ ਖੇਤੀਬਾੜੀ ਪ੍ਰਣਾਲੀ ਨੂੰ ਹੋਰ ਵੀ ਜ਼ਿਆਦਾ ਅਪਨਾਉਣਯੋਗ ਖੇਤੀ-ਪ੍ਰਬੰਧ ਬਨਾਉਣ ਦਾ ਮੌਲਿਕ ਮੁੱਲ-ਜੋ ਕਿ ਉਤਪਾਦਕਤਾ ਦੇ ਉੱਚੇ ਪੱਧਰ ਵਾਲੀ ਵੀ ਹੋਵੇ-ਵੀ ਸਾਡੇ ਮਹੱਤਵਪੂਰਨ ਮਕਸਦਾਂ ਵਿੱਚ ਸ਼ਾਮਿਲ ਹਨ।

ਸਾਡਾ ਤੀਸਰਾ ਮਹੱਤਵਪੂਰਨ ਮਕਸਦ ਸਾਡੀ 'ਦ ਹੋਲ ਪਲੈਨਟ ਸੰਸਥਾਂ' ਨੂੰ ਗ੍ਰਾਮੀਣ ਬੈਂਕਾ ਤੇ ਹੋਰ ਗ੍ਰਾਮੀਣ ਸੰਸਥਾਵਾਂ (Trusts) ਨਾਲ ਮਿਲਕੇ ਕੰਮ ਕਰਦੇ ਹੋਏ (ਸੰਪਾਦਕ ਦੀ ਟਿੱਪਣੀ: ਗ੍ਰਾਮੀਣ ਬੈਂਕ ਤੇ ਹੋਰ ਸੰਸਥਾਵਾਂ (Trusts) ਗਰੀਬ ਦੇਸ਼ਾ ਦੀ ਅਤੇ ਖਾਸ ਕਰਕੇ ਔਰਤਾਂ ਦੀ ਤਰੱਕੀ ਦੇ ਰਾਹ ਉੱਪਰ ਚੱਲਦੇ ਹੋਏ ਛੋਟੇ-ਛੋਟੇ ਕਰਜ਼ਿਆ ਦਾ ਪ੍ਰਬੰਧ ਕਰਦੇ ਹਨ) ਪੂਰੀ ਦੁਨੀਆਂ ਵਿੱਚੋਂ ਗਰੀਬੀ ਖਤਮ ਕਰਨ ਦੀ ਕੋਸ਼ਿਸ਼ ਹੈ। ਅਸੀਂ ਹੁਣ 34 ਦੇਸ਼ਾਂ (ਅਗਲੇ ਦੋ ਸਾਲਾਂ ਵਿੱਚ ਅਸੀਂ 56 ਦੇਸ਼ਾਂ ਵਿੱਚ ਹੋਵਾਂਗੇ) ਵਿੱਚ ਗਤੀਸ਼ੀਲ ਹਾਂ, ਅਤੇ ਇਹ ਪਹਿਲਾਂ ਤੋਂ ਹੀ ਕਈ ਸੌ ਹਜ਼ਾਰ ਲੋਕਾਂ ਉਪਰ ਸਾਕਾਰਤਮਕ ਪ੍ਰਭਾਵ ਪਾ ਚੁਕਿਆ ਹੈ। ਸਾਡਾ ਚੌਥਾ ਸਭ ਤੋਂ ਮਹੱਤਵਪੂਰਨ ਮਕਸਦ ਚੇਤੰਨ ਪੂੰਜੀਵਾਦ ਦਾ ਪ੍ਰਚਾਰ ਕਰਨਾ ਹੈ।

**ਪਾਮਰ**: ਤੁਸੀਂ ਵਿਉਪਾਰ ਦੇ ਮਕਸਦਾਂ ਦੇ ਸੰਬੰਧ ਵਿੱਚ ਦੱਸਿਆ, ਤਾਂ ਫਿਰ ਲਾਭ ਕਿਉਂ ਕਮਾਉਣਾ? ਕੀ ਵਿਉਪਾਰ ਇਕ ਲਾਭ ਕਮਾਉਣ ਦਾ ਤਰੀਕਾ ਨਹੀਂ ਹੈ? ਕੀ ਤੁਸੀਂ ਇਹ ਸਭ ਕਝ ਬਿਨਾਂ ਕਿਸੇ ਲਾਭ ਦੇ ਨਹੀਂ ਕਰ ਸਕਦੇ? ਕੀ ਤੁਸੀਂ ਸਿਰਫ ਏਨਾ ਨਹੀਂ ਕਮਾ ਸਕਦੇ ਕਿ ਜਿਸ ਨਾਲ ਸਿਰਫ ਤੁਹਾਡੀ ਲਾਗਤ ਨਿਕਲ ਆਵੇ?

**ਮੈਕਏ**: ਇਸਦਾ ਇੱਕ ਜਵਾਬ ਇਹ ਹੈ ਕਿ, ਇਹੋ ਜਿਹੀ ਸਥਿਤੀ ਵਿੱਚ ਤੁਸੀਂ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਰਹਿ ਜਾਂਦੇ ਮਹਿਸੂਸ ਕਰਦੇ ਹੋ। ਕਿਉਂਕਿ ਜੇਕਰ ਵਿਉਪਾਰ ਦੇ ਮਾਧਿਅਮ ਦੁਆਰਾ ਤੁਸੀਂ ਆਪਣੀ ਲਾਗਤ ਹੀ ਕੱਢਣਾ ਚਾਹੁੰਦੇ ਹੋ ਤਾਂ ਇਸ ਹਾਲਤ ਵਿਚ ਤੁਹਾਡਾ ਪ੍ਰਭਾਵ ਬਹੁਤ ਹੀ ਸੀਮਿਤ ਦਾਇਰੇ ਤੱਕ ਰਹਿ ਜਾਂਦਾ ਹੈ। ਹੋਲ ਫੂਡ ਦਾ ਜਿਨ੍ਹਾਂ ਪ੍ਰਭਾਵ 30 ਸਾਲ ਪਹਿਲਾਂ ਜਾਂ 20 ਸਾਲ ਜਾਂ 15 ਸਾਲ ਪਹਿਲਾਂ ਜਾਂ ਫਿਰ 10 ਸਾਲ ਪਹਿਲਾ ਸੀ, ਉਸਦੀ ਤੁਲਨਾ ਵਿੱਚ ਵਰਤਮਾਨ ਸਮੇਂ ਦੌਰਾਨ ਉਸ ਤੋਂ ਬਹੁਤ ਜ਼ਿਆਦਾ ਹੈ ਕਿਉਂਕਿ ਅੱਜ ਅਸੀਂ ਬਹੁਤ ਜਿਆਦਾ ਮੁਨਾਫਾ ਕਮਾਉਂਦੇ ਹਾਂ, ਕਿਉਂਕਿ ਅਸੀਂ ਤਰੱਕੀ ਕਰਨ ਵਿੱਚ ਸਫ਼ਲ ਰਹੇ ਹਾਂ। ਇਸ ਲਈ ਅਸੀਂ ਆਪਣੇ ਮਕਸਦਾਂ ਨੂੰ ਜ਼ਿਆਦਾ

ਤੋਂ ਜ਼ਿਆਦਾ ਸਾਕਾਰ ਕਰ ਸਕਣ ਵਿੱਚ ਵੀ ਸਫ਼ਲ ਰਹੇ ਹਾਂ। ਅਸੀਂ ਲੱਖਾਂ ਲੋਕਾਂ ਤੱਕ ਪਹੁੰਚਣ ਵਿੱਚ ਸਫਲ ਰਹੇ ਹਾਂ ਅਤੇ ਇਸ ਤਰਾਂ ਅਸੀਂ ਕੁਝ ਇਕ ਲੋਕਾਂ ਦੀ ਬਜਾਏ ਲੱਖਾਂ ਲੋਕਾਂ ਦੀ ਸਹਾਇਤਾ ਕਰਨ ਵਿਚ ਵੀ ਸਫਲ ਰਹੇ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਆਪਣੇ ਮਕਸਦ ਦੀ ਬਿਹਤਰ ਢੰਗ ਨਾਲ ਪ੍ਰਾਪਤੀ ਕਰਨ ਲਈ ਤੁਹਾਡਾ ਲਾਭ ਦੇ ਬਾਰੇ ਵਿੱਚ ਸੋਚਣਾ ਬਹੁਤ ਜਰੂਰੀ ਹੋ ਜਾਂਦਾ ਹੈ।

ਲਾਭ ਦੀ ਪ੍ਰਾਪਤੀ ਨਾਲ ਹੀ ਧਨ ਦੀ ਪ੍ਰਾਪਤੀ ਹੁੰਦੀ ਹੈ। ਜਿਸਦੀ ਜਰੂਰਤ ਸਾਡੀ ਦੁਨੀਆਂ ਨੂੰ ਨਵੀਨਤਾਂ, ਨਵੀਆਂ ਕਾਢਾ ਤੇ ਤਰੱਕੀ ਕਰਨ ਲਈ ਪੈਂਦੀ ਹੈ। ਲਾਭ ਨਹੀਂ ਤਾਂ ਤਰੱਕੀ ਨਹੀਂ। ਲਾਭ ਅਤੇ ਤਰੱਕੀ, ਇਹ ਦੋਵੇ ਇਕ ਦੂਜੇ ਤੇ ਪੂਰੀ ਤਰ੍ਹਾਂ ਨਿਰਭਰ ਕਰਦੇ ਹਨ।

**ਪਾਮਰ**: ਪਰ ਜੇਕਰ ਲਾਭ ਤੁਹਾਡੇ ਹਿੱਸੇਦਾਰਾਂ ਦੀਆਂ ਜੇਬਾਂ ਵਿੱਚ ਜਾਂਦਾ ਹੈ, ਤਾਂ ਕੀ ਇਹ ਫਿਰ ਵੀ ਤੁਹਾਡੇ ਮਕਸਦ ਨੂੰ ਉਨ੍ਹਾਂ ਹੀ ਪੂਰਾ ਕਰਨ ਵਿੱਚ ਸਹਾਇਕ ਸਿੱਧ ਹੁੰਦਾ ਹੈ?

**ਮੈਕਏ**: ਨਿਸ਼ਚਿਤ ਤੌਰ ਤੇ ਸਾਡੇ ਮੁਨਾਫ਼ੇ ਦਾ ਵਡੇਰਾ ਹਿੱਸਾ ਹਿੱਸੇਦਾਰਾਂ ਦੀਆਂ ਜੇਬਾਂ ਵਿੱਚ ਨਹੀਂ ਜਾਂਦਾ। ਤੁਲਨਾਤਮਕ ਤੌਰ ਤੇ ਇੱਕ ਛੋਟਾ ਜਿਹਾ ਹੀ ਹਿੱਸਾ ਜੋ ਅਸੀਂ ਲਾਭ ਦੇ ਰੂਪ ਵਿੱਚ ਅਦਾ ਕਰਦੇ ਹਾਂ ਉਹਨਾਂ ਦੀਆਂ ਜੇਬਾਂ ਵਿੱਚ ਜਾਂਦਾ ਹੈ। ਕਮਾਏ ਗਏ ਲਾਭ ਦਾ ਨੱਬੇ ਪ੍ਰਤੀਸ਼ਤ ਤੋਂ ਵੀ ਵੱਧ ਹਿੱਸਾ ਤਰੱਕੀ ਅਤੇ ਲਾਭ ਨੂੰ ਹੋਰ ਵਿਧੇਰਾ ਕਰਨ ਲਈ ਵਿਉਪਾਰ ਵਿੱਚ ਦੁਬਾਰਾ ਲਗਾ ਦਿੱਤਾ ਜਾਂਦਾ ਹੈ। ਸੱਚ ਪੁੱਛੋ ਤਾਂ ਤੁਹਾਡੀ ਗੱਲ ਸੱਚ ਹੋ ਸਕਦੀ ਹੈ। ਜੇਕਰ ਅਸੀਂ ਆਪਣਾ ਸਾਰੇ ਦਾ ਸਾਰਾ ਲਾਭ ਮੁਨਾਫ਼ੇ ਦੇ ਰੂਪ ਵਿੱਚ ਹਿੱਸੇਦਾਰਾਂ ਵਿੱਚ ਵੰਡ ਦਈਏ ਤਾਂ। ਪਰ ਮੈਂ ਰੀਅਲ ਇੰਨਵੇਸਟਮੈਂਟ ਟ੍ਰਸਟ (ਆਰ.ਈ.ਆਈ.ਟੀ) ਤੋਂ ਇਲਾਵਾ ਐਸੇ ਕਿਸੇ ਵੀ ਵਿਉਪਾਰ ਨੂੰ ਨਹੀਂ ਜਾਣਦਾ ਜੋ ਇਸ ਤਰ੍ਹਾਂ ਕਰਦਾ ਹੋਵੇ। ਨਹੀਂ ਤਾਂ ਹੋਰ ਸਾਰੇ ਵਿਉਪਾਰੀ ਤਰੱਕੀ ਦੇ ਲਈ ਦੁਬਾਰਾ ਨਿਵੇਸ਼ ਜ਼ਰੂਰ ਕਰਦੇ ਹਨ। ਹਿੱਸੇਦਾਰਾਂ ਲਈ ਲਾਭ ਸ਼ੁਰੂਆਤ ਵਿੱਚ ਉਨ੍ਹਾਂ ਨੂੰ ਤੁਹਾਡੇ ਪੇਸ਼ੇ ਵਿੱਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਜਿਸ ਤੋਂ ਬਗੈਰ ਤੁਸੀਂ ਉਹ ਧਨ ਇੱਕਠਾ ਨਹੀਂ ਕਰ ਸਕਦੇ ਜਿਸ ਨਾਲ ਕਿ ਤੁਸੀਂ ਆਪਣੇ ਸਭ ਤੋਂ ਵੱਡੇ ਮਕਸਦ ਦੀ ਪੂਰਤੀ ਕਰ ਸਕੋ। ਇਕ ਫਰਮ ਵਿੱਚ ਕੀਤੇ ਗਏ ਨਿਵੇਸ਼ ਦੇ ਬਰਾਬਰ ਆਰਥਿਕ ਮੁੱਲ ਵਿੱਚ ਵਾਧਾ ਕਰਨ ਦੀ ਸੰਭਾਵਨਾ ਦਾ ਅਰਥ ਇਹ ਹੈ ਕਿ ਤੁਸੀਂ ਮੁੱਲਾਂ ਦੀ ਉਤਪਤੀ ਕਰ ਸਕਣ ਦੇ ਕਾਬਿਲ ਹੋ ਜਿਸ ਨੂੰ ਪਰਖਣ ਦਾ ਇੱਕ ਆਸਾਨ ਅਤੇ ਉੱਤਮ ਪੈਮਾਨਾ ਤੁਹਾਡੇ ਸ਼ੇਅਰਾਂ ਦੀ ਕੀਮਤ ਹੈ ਅਤੇ ਅਸਲ ਵਿੱਚ ਉਸ ਸਮੇਂ ਮੈਂ ਤੁਹਾਨੂੰ ਏਹੀ ਦੱਸਣਾ ਚਾਹੁੰਦਾ ਸੀ ਜਦੋਂ ਮੈਂ ਇਹ

ਕਿਹਾ ਸੀ ਕਿ ਪਿਛੇ 30 ਤੋਂ ਵੱਧ ਸਾਲਾਂ ਵਿੱਚ ਅਸੀਂ 10 ਬਿਲੀਅਨ ਡਾਲਰ ਤੋਂ ਵੀ ਵੱਧ ਕੀਮਤ ਦੇ ਮੁੱਲ ਦੀ ਉਤਪਤੀ ਕੀਤੀ ਹੈ।

**ਪਾਮਰ**: ਕਦੀ ਕਦੀ ਲੋਕ ਇਹ ਕਹਿੰਦੇ ਹਨ ਕਿ ਸੁਤੰਤਰ ਬਾਜ਼ਾਰ ਅਸਮਾਨਤਾ ਪੈਦਾ ਕਰਦਾ ਹੈ। ਇਸ ਦਾਅਵੇ ਦੇ ਸੰਬੰਧ ਵਿੱਚ ਤੁਹਾਡਾ ਕੀ ਵਿਚਾਰ ਹੈ?

**ਮੈਕਏ**: ਮੈਨੂੰ ਨਹੀਂ ਲੱਗਦਾ ਕਿ ਇਹ ਸੱਚ ਹੈ। ਸਮੁੱਚੇ ਇਤਿਹਾਸ ਵਿੱਚ ਜ਼ਿਆਦਾਤਰ ਲੋਕਾਂ ਲਈ ਅਤਿ-ਗਰੀਬੀ ਇੱਕ ਸਾਧਾਰਣ ਮਨੁੱਖੀ ਸਥਿਤੀ ਰਹੀ ਹੈ। ਸਾਰੇ ਲੋਕ ਸਮਾਨ ਰੂਪ ਨਾਲ ਗਰੀਬ ਸਨ ਅਤੇ ਬਹੁਤ ਹੀ ਘੱਟ ਸਮੇਂ ਲਈ ਜਿੰਦਾ ਰਹਿੰਦੇ ਸਨ। ਦੋ ਸੌ ਸਾਲ ਪਹਿਲਾਂ ਧਰਤੀ ਤੇ ਰਹਿਣ ਵਾਲੇ 85 ਪ੍ਰਤੀਸ਼ਤ ਲੋਕ ਇੱਕ ਡਾਲਰ ਤੋਂ ਵੀ ਘੱਟ (ਅੱਜ ਦੇ ਇੱਕ ਡਾਲਰ ਦੇ ਹਿਸਾਬ ਨਾਲ) ਵਿੱਚ ਗੁਜ਼ਾਰਾ ਕਰਦੇ ਸਨ। 85 ਪ੍ਰਤੀਸ਼ਤ! ਇਹ ਆਕੜਾ ਅੱਜ ਦੇ ਸਮੇਂ ਵਿੱਚ ਘੱਟਦੇ-ਘੱਟਦੇ 20 ਪ੍ਰਤੀਸ਼ਤ ਤੱਕ ਆ ਪਹੁੰਚਿਆ ਹੈ ਅਤੇ ਇਸ ਸਦੀ ਦੇ ਅੰਤ ਤੱਕ ਇਹ ਘੱਟ ਕੇ ਸਿਫ਼ਰ ਪ੍ਰਤੀਸ਼ਤ ਤੱਕ ਪਹੁੰਚ ਜਾਵੇਗਾ। ਇਸ ਤਰ੍ਹਾਂ ਇਹ ਇੱਕ ਵਿਕਾਸਸ਼ੀਲ ਪ੍ਰਵਾਹ ਹੈ। ਦੁਨੀਆਂ ਅਮੀਰ ਅਤੇ ਹੋਰ ਅਮੀਰ ਹੁੰਦੀ ਜਾ ਰਹੀ ਹੈ। ਲੋਕ ਹੁਣ ਗਰੀਬੀ ਦੇ ਚੁੰਗਲ ਤੋਂ ਬਾਹਰ ਨਿਕਲ ਰਹੇ ਹਨ। ਮਨੁੱਖਤਾ ਅਸਲ ਵਿੱਚ ਵਿਕਾਸ ਕਰ ਰਹੀ ਹੈ। ਸਾਡੀ ਸੰਸਕ੍ਰਿਤੀ ਪ੍ਰਗਤੀ ਕਰ ਰਹੀ ਹੈ। ਸਾਡੀ ਬੌਧਿਕਤਾ ਪ੍ਰਗਤੀ ਕਰ ਰਹੀ ਹੈ ਕਿਉਂਕਿ ਕਦੀ-ਕਦੀ ਲੋਕ ਹਿੰਸਕ ਵੀ ਹੋ ਜਾਂਦੇ ਹਨ ਅਤੇ ਜੇਕਰ ਅਸੀਂ ਆਪਣੇ-ਆਪ ਨੂੰ ਬਰਬਾਦ ਹੋਣ ਤੋਂ ਬਚਣ ਦਾ ਪ੍ਰਬੰਧ ਕਰ ਲੈਂਦੇ ਹਾਂ - ਜੋ ਕਿ ਇਕ ਬਹੁਤ ਮੁਸ਼ਕਿਲ ਕੰਮ ਹੈ - ਤਾਂ ਅਸੀਂ ਸਿਖ਼ਰ ਦੇ ਦੁਆਲੇ-ਦੁਆਲੇ ਚੜ੍ਹਦੇ ਹੋਏ ਚੋਟੀ ਦੀ ਟੀਸੀ (ਪੂਰਨ ਸਫ਼ਲਤਾ) ਤੱਕ ਪਹੁੰਚ ਸਕਦੇ ਹਾਂ। ਉਂਝ ਇਹ ਵੀ ਇਕ ਕਾਰਣ ਹੈ ਕਿ ਸਾਨੂੰ ਵਿਉਪਾਰ ਅਤੇ ਯੋਜਨਾਵਾਂ ਤੇ ਧਨ ਦੀ ਉਤਪਤੀ ਨੂੰ, ਇੱਕ ਸਿਹਤਮੰਦ ਤੇ ਮਜ਼ਬੂਤ ਬਾਜ਼ਾਰ ਦੇ ਰੂਪ ਵਿੱਚ ਗਤੀਸ਼ੀਲ ਕਰਨ ਲਈ, ਉਤਸ਼ਾਹਿਤ ਕਰਨ ਦਾ ਕੰਮ ਕਰਨਾ ਚਾਹੀਦਾ ਹੈ। ਨਾ ਕਿ ਸੈਨਿਕ-ਸ਼ਾਸ਼ਨ, ਰਾਜਨੀਤਿਕ ਸੰਘਰਸ਼ 'ਤੇ ਧਨ ਖਰਚ ਕਰਨ ਨੂੰ। ਪਰ ਇਹ ਇੱਕ ਆਪਣੇ-ਆਪ ਵਿੱਚ ਵੱਖਰਾ ਬਹੁਤ ਵੱਡਾ ਮਸਲਾ ਹੈ।

ਤਾਂ ਇਸ ਤਰ੍ਹਾਂ ਕੀ ਇਹ ਅਸਮਾਨਤਾ ਨੂੰ ਵਧਾਉਂਦਾ ਹੈ? ਮੇਰਾ ਮੰਨਣਾ ਹੈ ਕਿ ਇਸ ਤਰ੍ਹਾਂ ਉਨ੍ਹਾਂ ਨਹੀਂ ਹੁੰਦਾ ਜਿਨ੍ਹਾਂ ਕਿ ਪੂੰਜੀਵਾਦ ਲੋਕਾਂ ਨੂੰ ਖੁਸ਼ਹਾਲ ਬਣਾਉਣ ਦਾ ਕੰਮ ਕਰਦਾ ਹੈ। ਸਮੁੱਚੇ ਰੂਪ ਵਿੱਚ ਇਸਦਾ ਅਰਥ ਇਹ ਹੈ ਕਿ ਸਾਰੇ ਲੋਕਾਂ ਦੀ ਤਰੱਕੀ ਇਕੋ ਜਿਹੀ ਗਤੀ ਨਾਲ ਨਹੀਂ ਹੋ ਸਕਦੀ। ਪਰ ਪੂੰਜੀਵਾਦ ਦੁਆਰਾ ਇੱਕ ਨਿਸ਼ਚਿਤ ਸਮੇਂ ਉਪਰੰਤ ਸਭ ਦੀ ਕਿਸੇ ਹੱਦ ਤੱਕ ਤਰੱਕੀ ਜ਼ਰੂਰ ਹੁੰਦੀ ਹੈ। ਪਿਛਲੇ 20 ਸਾਲਾਂ ਦੇ ਦੌਰਾਨ ਅਸੀਂ ਵਿਸ਼ੇਸ਼ ਤੌਰ

'ਤੇ ਇਸੇ ਤਰ੍ਹਾਂ ਹੁੰਦਾ ਵੇਖਿਆ ਹੈ। ਜਿਵੇਂ ਪੂੰਜੀਵਾਦ ਨੂੰ ਗਲੇ ਲਗਾਉਣ ਨਾਲ ਚੀਨ ਤੇ ਭਾਰਤ ਵਿੱਚ ਕਰੋੜਾਂ ਲੋਕ ਗਰੀਬੀ ਦੀ ਗ੍ਰਿਫ਼ਤ ਵਿੱਚੋਂ ਬਾਹਰ ਨਿਕਲ ਸਕੇ ਹਨ। ਅਸਲੀਅਤ ਤਾਂ ਇਹ ਹੈ ਕਿ ਕੁਝ ਲੋਕ ਤਾਂ ਆਸਾਨੀ ਨਾਲ ਇਸ ਗ੍ਰਿਫ਼ਤ ਵਿੱਚੋਂ ਬਾਹਰ ਨਿਕਲ ਪਾ ਰਹੇ ਹਨ ਅਤੇ ਦੂਸਰਿਆਂ ਕੁਝ ਲੋਕਾਂ ਦੀ ਤੁਲਨਾ ਵਿੱਚ ਜ਼ਿਆਦਾ ਤੇਜ਼ੀ ਨਾਲ ਖੁਸ਼ਹਾਲ ਹੋ ਰਹੇ ਹਨ। ਹੁਣ ਇਹ (ਪੂੰਜੀਵਾਦ) ਗਰੀਬੀ ਦਾ ਕਾਰਣ ਨਹੀਂ ਬਣ ਰਿਹਾ ਬਲਕਿ ਗਰੀਬੀ ਤੋਂ ਨਿਜ਼ਾਤ ਦਿਵਾ ਰਿਹਾ ਹੈ। ਪੂੰਜੀਵਾਦ ਸ਼ਬਦ ਦੇ ਸੰਬੰਧ ਵਿੱਚ ਜ਼ਿਆਦਾਤਰ ਲੋਕ ਸੋਚਦੇ ਹਨ ਕਿ ਇਹ ਅਸਮਾਨਤਾ ਪੈਦਾ ਕਰਦਾ ਹੈ। ਜਦਕਿ ਇਹ ਅਜਿਹਾ ਨਹੀਂ ਕਰਦਾ। ਇਤਿਹਾਸ ਵਿੱਚ ਪ੍ਰਾਪਤ ਹਰ ਪ੍ਰਕਾਰ ਦੀਆਂ ਸਮਾਜਿਕ ਸੰਸਥਾਵਾਂ ਤੇ ਪ੍ਰਬੰਧਾਂ ਵਿੱਚ ਅਸਮਾਨਤਾ ਸਪੱਸ਼ਟ ਤੌਰ ਤੇ ਸ਼ਾਮਿਲ ਰਹੀ ਹੈ। ਇੱਥੋਂ ਤੱਕ ਕਿ ਧਨ ਦੀ ਮਾਲਕੀਅਤ ਵਿੱਚ ਸਮਾਨਤਾ ਲਿਆਉਣ ਦਾ ਦਾਅਵਾ ਕਰਨ ਵਾਲਾ ਸਾਮਵਾਦ ਵੀ ਵਿਸ਼ੇਸ਼ ਅਧਿਕਾਰ ਰੱਖਣ ਵਾਲੇ ਕਈ ਕੁਲੀਨ ਵਰਗਾਂ ਦੀਆਂ ਪਰਤਾਂ ਨਾਲ ਭਰ ਗਿਆ ਹੈ। ਇਸ ਲਈ ਮੈਂ ਨਹੀਂ ਸਮਝਦਾ ਕਿ ਅਸਮਾਨਤਾ ਦਾ ਦੋਸ਼ ਪੂੰਜੀਵਾਦ ਦੇ ਸਿਰ ਮੜ੍ਹਿਆ ਜਾਣਾ ਚਾਹੀਦਾ ਹੈ। ਪੂੰਜੀਵਾਦ ਤਾਂ ਲੋਕਾਂ ਨੂੰ ਗਰੀਬੀ ਦੀ ਗ੍ਰਿਫ਼ਤ ਵਿਚੋਂ ਨਿਕਲਣ ਅਤੇ ਵੱਧ ਤੋਂ ਵੱਧ ਖੁਸ਼ਹਾਲ ਤੇ ਧਨਵਾਨ ਬਣਨ ਦੇ ਕਾਬਿਲ ਬਣਾਉਂਦਾ ਹੈ ਜੋ ਕਿ ਬਹੁਤ ਵਧੀਆ ਗੱਲ ਹੈ, ਏਹੀ ਉਹ ਬਿੰਦੂ ਹੈ ਜਿਸ ਉਪਰ ਸਾਨੂੰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਸਾਰੀ ਦੁਨੀਆਂ ਵਿੱਚ ਪੂੰਜੀਵਾਦ ਨੂੰ ਅਪਨਾ ਕੇ ਅਮੀਰ ਬਣ ਜਾਣ ਵਾਲੇ ਦੇਸ਼ਾਂ ਅਤੇ ਉਹਨਾਂ ਦੇਸ਼ਾਂ ਜਿਨ੍ਹਾਂ ਨੇ ਇਸਨੂੰ ਨਹੀਂ ਅਪਣਾਇਆ ਅਤੇ ਗਰੀਬ ਬਣੇ ਰਹੇ ਦੋਵਾਂ ਦੇ ਦਰਮਿਆਨ ਆਸਾਨੀ ਨਾਲ ਹੀ ਵਿਸ਼ਾਲ ਫਰਕ ਮਹਿਸੂਸ ਕੀਤਾ ਜਾ ਸਕਦਾ ਹੈ।

ਸਮੱਸਿਆ ਇਹ ਨਹੀਂ ਹੈ ਕਿ ਕੁਝ ਦੇਸ਼ ਅਮੀਰ ਹੋ ਗਏ, ਅਸਲ ਸਮੱਸਿਆ ਇਹ ਹੈ ਕਿ ਕੁਝ ਦੇਸ਼ ਗਰੀਬ ਹੀ ਬਣੇ ਰਹੇ। ਜਦਕਿ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਸੀ।

**ਪਾਮਰ**: ਤੁਸੀਂ ਸੁਤੰਤਰ ਪੂੰਜੀਵਾਦ ਬਾਜ਼ਾਰ ਤੇ ਹੋਰ ਆਰਥਿਕ ਪ੍ਰਣਾਲੀਆਂ ਵਿੱਚਲੀ ਵੱਖਰਤਾ ਦੀ ਵਿਆਖਿਆ ਕੀਤੀ। ਜਿਨ੍ਹਾਂ ਵਿਚ ਕਿ ਲੋਕ ਵਿਉਪਾਰ ਵੀ ਕਰਦੇ ਹਨ ਤੇ ਮੁਨਾਫ਼ਾ ਵੀ ਕਮਾਉਂਦੇ ਹਨ। ਪਰ ਏਸੇ ਸੰਬੰਧ ਵਿੱਚ ਇਸਨੂੰ ਦੋਸਤਾਨਾ ਪੂੰਜੀਵਾਦ ਜਾਂ ਹਿਮਾਇਤੀ ਪੂੰਜੀਵਾਦ (Crony Capitalism) ਦਾ ਵਿਸ਼ੇਸ਼ਣ ਦਿੱਤਾ ਜਾਂਦਾ ਹੈ। ਤੁਹਾਡੀ ਨੈਤਿਕ ਦ੍ਰਿਸ਼ਟੀ ਤੇ ਸਾਰੀ ਦੁਨੀਆਂ ਦੇ ਉਹਨਾਂ ਸਭ ਮੁਲਖਾਂ ਦੀ ਮੌਜੂਦਾ ਵਿਵਸਥਾ ਵਿਚਲੇ ਇਸ ਫਰਕ ਨੂੰ ਤੁਸੀਂ ਕਿਸ ਤਰ੍ਹਾਂ ਵੇਖਦੇ ਹੋ?

**ਮੈਕਏ**: ਤੁਹਾਡੇ ਕੋਲ ਕਾਨੂੰਨ ਪ੍ਰਬੰਧ ਦਾ ਹੋਣਾ ਬਹੁਤ ਜ਼ਰੂਰੀ ਹੈ। ਲੋਕਾਂ ਦੇ ਕੋਲ ਅਜਿਹੇ ਕਾਨੂੰਨਾਂ ਦਾ ਹੋਣਾ ਜ਼ਰੂਰੀ ਹੈ ਜੋ ਸਾਰਿਆਂ ਉਪਰ ਸਾਮਾਨ ਰੂਪ ਨਾਲ ਲਾਗੂ ਹੋਣ। ਇਸਤੋਂ ਇਲਾਵਾ ਇਕ ਅਜਿਹੀ ਨਿਆਂ ਪ੍ਰਣਾਲੀ ਦਾ ਹੋਣਾ ਵੀ ਬਹੁਤ ਜਰੂਰੀ ਹੈ ਜਿਸਦਾ ਸੱਭ ਤੋਂ ਪਹਿਲਾ ਮਕਸਦ ਸਾਰਿਆਂ ਸਾਂਝੇ ਕਾਨੂੰਨਾਂ ਦਾ ਸਮਾਨ ਰੂਪ ਵਿੱਚ ਪਾਲਣ ਕਰਵਾਉਣ ਵਾਲੀ ਵਿਵਸਥਾਂ ਨੂੰ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ। ਕਿਸੇ ਲਈ ਵਿਸ਼ੇਸ਼ ਅਧਿਕਾਰ ਨਹੀਂ ਹੋਣੇ ਚਾਹੀਦੇ। ਭਾਵੇਂ ਕਿ ਜ਼ਿਆਦਾਤਰ ਸਮਾਜਾਂ ਵਿੱਚ ਜੋ ਕੁਝ ਹੋ ਰਿਹਾ ਹੈ ਅਤੇ ਮੇਰੇ ਹਿਸਾਬ ਨਾਲ ਅਮਰੀਕਾ ਵਿੱਚ ਜੋ ਚੀਜ਼ ਜ਼ਿਆਦਾ ਵਾਪਰ ਰਹੀ ਹੈ ਉਹ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਰਾਜਨੀਤਿਕ ਸੰਬੰਧ ਹਨ ਉਹਨਾਂ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਜਾਂਦੀ ਹੈ। ਇਹ ਬਿਲਕੁਲ ਗਲਤ ਹੈ। ਇਹ ਬਹੁਤ ਬੁਰੀ ਚੀਜ਼ ਹੈ। ਇਸ ਤਰ੍ਹਾਂ ਯਾਰਾਨਾ ਪੂੰਜੀਵਾਦ ਜਾਂ ਹਿਮਾਇਤੀ ਪੂੰਜੀਵਾਦ ਜਾਂ ਮੇਰੇ ਮਿੱਤਰ ਮਿਚੇਲ ਸਟ੍ਰਾਗ ਦੁਆਰਾ ਕੈਪਿਟਲਿਜ਼ਮ (Capitalism) ਦੇ ਨਾਮ ਨਾਲ ਬੁਲਾਈ ਜਾਣ ਵਾਲੀ ਇਸ ਵਿਵਸਥਾ ਦੇ ਅਧੀਨ ਸਮਾਜ ਦੁਆਰਾ ਝੱਲੀਆਂ ਜਾਣ ਵਾਲੀਆਂ ਪਰੇਸ਼ਾਨੀਆਂ ਬਹੁਤ ਹੱਦ ਤੱਕ ਇਹ ਸਾਬਿਤ ਕਰਦੀਆਂ ਹਨ ਕਿ ਤੁਸੀਨ ਮੁਕਤ ਬਾਜ਼ਾਰ ਵਾਲੇ ਸਮਾਜ ਵਿੱਚ ਨਹੀਂ ਰਹਿੰਦੇ ਇਸ ਨਾਲ ਤੁਸੀਂ ਆਪਣੀ ਖੁਸ਼ਹਾਲੀ ਨੂੰ ਨਹੀਂ ਵਧਾ ਪਾਉਂਦੇ। ਜੇਕਰ ਤੁਹਾਡੇ ਕੋਲ ਸਹੀ ਅਰਥਾਂ ਵਿੱਚ ਸੁਤੰਤਰ ਬਾਜ਼ਾਰ ਦੀ ਵਿਵਸਥਾ ਤੇ ਕਾਨੂੰਨ ਦੁਆਰਾ ਇਸਨੂੰ ਸਹਿਯੋਗ ਪ੍ਰਾਪਤ ਹੋਵੇ ਤਾਂ ਤੁਸੀਂ ਵਰਤਮਾਨ ਸਥਿਤੀ ਤੋਂ ਨਿਕਲਕੇ ਵੱਧ ਖੁਸ਼ਹਾਲ ਹੋ ਸਕਦੇ ਹੋ, ਜਦਕਿ ਤੁਸੀਂ ਗੈਰ ਜ਼ਰੂਰੀ/ਗਲਤ ਢੰਗ ਨਾਲ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਖੁਸ਼ਹਾਲ ਹੋਣ ਤੋਂ ਰੋਕ ਰਹੇ ਹੋ।

**ਪਾਮਰ**: ਚਲੋਂ ਅਸੀਂ ਉਸ ਮੁਲਕ (ਅਮਰੀਕਾ) ਦੀ ਗੱਲ ਕਰਦੇ ਹਾਂ, ਜਿਸ ਵਿੱਚ ਤੁਸੀਂ ਰਹਿੰਦੇ ਹੋ ਕੀ ਤੁਹਾਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਯੂ.ਐੱਸ.ਏ. ਵਿੱਚ ਹਿਮਾਇਤੀ ਪੂੰਜੀਵਾਦ (Cryonyism) ਮੌਜੂਦ ਹੈ?

**ਮੈਕਏ**: ਮੈਂ ਥੌੜ੍ਹੇ ਸਮੇਂ ਪਹਿਲਾਂ ਦਾ ਆਪਣਾ ਇੱਕ ਪਸੰਦੀਦਾ ਉਦਾਹਰਣ ਦੇਂਦਾ ਹਾਂ। ਅਸਲ ਵਿੱਚ ਦੋ ਉਦਾਹਰਣਾ ਦੇਂਦਾ ਹਾਂ। ਉਹਨਾਂ ਵਿੱਚੋਂ ਇੱਕ ਇਹ ਹੈ ਕਿ ਹੁਣ ਸਾਨੂੰ ਹਾਜ਼ਾਰਾਂ ਚੀਜ਼ਾਂ ਤੇ ਛੋਟ ਮਿਲਦੀ ਹੈ। ਜੋ ਓਬਾਮਾ ਪ੍ਰਸ਼ਾਸ਼ਨ ਦੁਆਰਾ ਓਬਾਮਾਕੇਅਰ ਦੇ ਨਿਯਮਾਂ ਤੇ ਅਧਿਨਿਯਮਾਂ ਅਨੁਸਾਰ ਪਹਿਲਾਂ ਹੀ ਮੁਹੱਈਆਂ ਕਰਾ ਦਿੱਤੀ ਗਈ ਹੈ। ਇਹ ਯਾਰਾਨਾ ਪੂੰਜੀਵਾਦ ਜਾਂ ਹਿਮਾਇਤੀ ਪੂੰਜੀਵਾਦ ਦਾ ਹੀ ਇੱਕ ਰੂਪ ਹੈ। ਇਹ ਨਿਯਮ ਸਾਰਿਆਂ ਉੱਪਰ ਸਮਾਨ ਰੂਪ ਨਾਲ ਲਾਗੂ ਨਹੀਂ ਹੁੰਦੇ। ਇਸਦਾ ਅਰਥ ਇਹ ਹੈ ਕਿ ਜੇਕਰ ਕਿਸੇ ਨੂੰ ਛੋਟ ਦੇਣ ਦਾ ਅਧਿਕਾਰ ਪ੍ਰਾਪਤ ਹੈ ਤਾਂ ਉਸਦੇ ਕੋਲ ਛੋਟ ਨਾ ਦੇਣ ਦਾ ਵੀ ਅਧਿਕਾਰ

ਹੁੰਦਾ ਹੈ ਅਤੇ ਛੋਟ ਦੇਣ ਤੋਂ ਇਨਕਾਰ ਦਾ ਅਰਥ ਉਹਨਾਂ ਲੋਕਾਂ ਨੂੰ ਛੋਟ ਨਾ ਦੇਣਾ ਹੈ ਜੋ ਸੱਤਾਧਾਰੀ ਰਾਜਨੀਤਿਕ ਦਲਾਂ ਨੂੰ ਲੋੜੀਂਦੇ ਰੂਪ ਵਿੱਚ ਚੰਦਾ ਨਹੀਂ ਦੇਂਦੇ। ਹਾਂ ਫਿਰ ਤੁਸੀਂ ਉਹਨਾਂ ਦੇ ਹਿੱਤਾਂ ਦੀ ਪੂਰਤੀ (ਇਹ ਹਿੱਤ ਚਾਹੇ ਜੋ ਵੀ ਹੋਣ) ਨਹੀਂ ਕਰਦੇ। ਇਹ ਇਕ ਅਜਿਹਾ ਮਨਮਾਨੀ ਵਾਲਾ ਕਾਨੂੰਨ ਹੈ ਕਿ ਕੁਝ ਚੁਣੇ ਹੋਏ ਲੋਕਾਂ 'ਤੇ ਹੀ ਲਾਗੂ ਹੁੰਦਾ ਹੈ ਅਤੇ ਦੂਸਰੇ ਲੋਕਾਂ 'ਤੇ ਨਹੀਂ। ਦੂਸਰਾ ਉਦਾਹਰਣ ਜੋ ਹਿਮਾਇਤੀ ਪੂੰਜੀਵਾਦ ਦੇ ਅਧੀਨ ਮੈਂ ਵੇਖਦਾ ਹਾਂ, ਉਹ ਹੈ, "ਗ੍ਰੀਨ ਟੈਕਨਾਲੋਜੀ" ਦੇ ਨਾਮ 'ਤੇ ਦਿੱਤੀ ਜਾਣ ਵਾਲੀ ਸਬਸਿਡੀ। ਸਰਕਾਰ ਕੁਝ ਪੇਸ਼ਿਆਂ ਨੂੰ ਸਬਸਿਡੀ ਦੇ ਰਹੀ ਹੈ ਅਤੇ ਕਿਉਂਕਿ ਸਰਕਾਰ ਕੋਲ ਆਪਣਾ ਕੋਈ ਧਨ ਤਾਂ ਹੁੰਦਾ ਨਹੀਂ, ਇਸ ਲਈ ਉਹ ਲੋਕਾਂ ਕੋਲੋ ਕਰ (Tax) ਦੇ ਰੂਪ ਵਿੱਚ ਵਸੂਲੇ ਗਏ ਧਨ ਦੀ ਮੁੜ ਵੰਡ ਉਹਨਾਂ ਲੋਕਾਂ ਦੇ ਹਿੱਤ ਵਿੱਚ ਕਰਦੀ ਹੈ ਜੋ ਕਿ ਰਾਜਨੀਤਿਕ ਤੌਰ ਤੇ ਸਮਰੱਥ ਅਤੇ ਕਿਰਪਾ ਦੇ ਪਾਤਰ ਹੁੰਦੇ ਹਨ ਜਨਰਲ ਇਲੈਕਟ੍ਰਿਕਸ (ਜੀ.ਈ.) ਦੇ ਨਾਲ ਕਰ ਦੇਣ ਦੇ ਰੂਪ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਉਸਨੂੰ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਉਹਨਾਂ ਨੂੰ ਕਰਾਂ (Tax) ਨਾਲ ਸੰਬੰਧੀ ਕਾਨੂੰਨਾਂ ਵਿੱਚ ਬਦਲਾਅ ਕਰਕੇ ਵਿਸ਼ੇਸ਼ ਕਰ ਮੁਕਤੀ ਤੇ ਕਟੌਤੀ ਮੁਹੱਈਆ ਕਰਾਈ ਜਾ ਰਹੀ ਹੈ ਅਤੇ ਅਜਿਹਾ ਉਹਨਾਂ ਦੇ ਤਕਨੀਕੀ ਖੇਤਰ ਵਿੱਚ ਦ੍ਰਿੜਤਾ ਨਾਲ ਸ਼ਕਤੀਸ਼ਾਲੀ ਬਣ ਜਾਣ ਕਾਰਨ ਹੋ ਰਿਹਾ ਹੈ। ਉਹ ਆਪਣੇ ਰਾਜਨੀਤਿਕ ਸੰਬੰਧਾਂ ਕਾਰਣ ਅਜਿਹੀ ਸਥਿਤੀ ਵਿੱਚ ਪਹੁੰਚ ਗਏ ਹਨ ਕਿ ਉਹਨਾਂ ਨੂੰ ਆਪਣੀ ਜ਼ਿਆਦਾਤਰ ਕਮਾਈ ਲਈ ਟੈਕਸ ਅਦਾ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਇਸ ਨਾਲ ਮੈਨੂੰ ਬਹੁਤ ਦੁੱਖ ਹੁੰਦਾ ਹੈ। ਮੇਰੇ ਹਿਸਾਬ ਨਾਲ ਇਹ ਬਹੁਤ ਬੁਰੀ ਗੱਲ ਹੈ।

**ਪਾਮਰ**: ਕੀ ਤੁਸੀਂ ਇਸਨੂੰ ਅਨੈਤਿਕ ਮੰਨਦੇ ਹੋ?

**ਮੈਕਏ**: ਜੀ ਹਾਂ, ਮੈਂ ਮੰਨਦਾ ਹਾਂ। ਅਨੈਤਿਕ... ਹਾਂ, ਮੈਂ ਇਸਨੂੰ ਅਨੈਤਿਕ ਹੀ ਕਹਾਂਗਾ। ਪਰ ਇਸਦੇ ਲਈ ਤੁਹਾਨੂੰ ਅਨੈਤਿਕ ਸ਼ਬਦ ਦੇ ਅਰਥ ਦੀ ਵਿਆਖਿਆ ਕਰਨ ਦੀ ਵੀ ਜ਼ਰੂਰਤ ਪਵੇਗੀ। ਨਿਸ਼ਚਿਤ ਰੂਪ ਵਿੱਚ ਇਹ ਮੇਰੀ ਨੀਤੀ ਸ਼ਾਸ਼ਤਰ ਤੇ ਸਹੀ ਗਲਤ ਦੀ ਸਮਝ ਨੂੰ ਝੰਜੋੜਦਾ ਹੈ। ਇਹ ਹੋਰ ਕਈ ਲੋਕਾਂ ਦੇ ਨੀਤੀ-ਸ਼ਾਸ਼ਤਰ ਨੂੰ ਵੀ ਝੰਜੋੜਦਾ ਹੈ ਜਾਂ ਨਹੀਂ, ਇਹ ਕਹਿਣਾ ਜਰਾ ਮੁਸ਼ਕਿਲ ਹੈ। ਪਰ ਨਿਸ਼ਚਿਤ ਤੌਰ ਤੇ ਇਹ ਮੈਨੂੰ ਪਸੰਦ ਨਹੀਂ। ਮੈਂ ਇਸਦੇ ਬਿਲਕੁਲ ਖ਼ਿਲਾਫ ਹਾਂ। ਇਹ ਸਮਾਜ ਦੇ ਸੰਚਾਲਨ ਦੀ ਮੇਰੀ ਵਿਚਾਰਧਾਰਾ ਦਾ ਅਨੁਸਾਰੀ ਨਹੀਂ ਹੈ। ਇੱਕ ਐਸੇ ਸਮਾਜ ਵਿੱਚ, ਜੋ ਕਿ ਬੇਹੱਦ ਮਜ਼ਬੂਤ ਨਿਯਮਾਂ ਦੁਆਰਾ ਸੰਚਾਲਿਤ ਹੁੰਦਾ ਹੈ, ਉੱਥੇ ਇਸ ਪ੍ਰਕਾਰ ਦੀਆਂ ਚੀਜ਼ਾਂ ਨਹੀਂ ਹੋਣੀਆਂ ਚਾਹੀਦੀਆਂ।

**ਪਾਮਰ**: ਤੁਹਾਡੇ ਦੁਆਰਾ ਅਪਣਾਏ ਗਏ ਸੁਤੰਤਰ ਪੂੰਜੀਵਾਦੀ ਬਾਜ਼ਾਰ ਅਨੁਸਾਰ ਮੁੱਖ ਰੂਪ ਵਿੱਚ ਕਿਸਨੂੰ ਲਾਭ ਪ੍ਰਾਪਤ ਹੁੰਦਾ ਹੈ?

**ਮੈਕਏ**: ਸਾਰੇ ਲੋਕ ! ਸਮਾਜ ਦੇ ਸਾਰੇ ਲੋਕ ਇਸ ਤੋਂ ਲਾਭ ਪ੍ਰਾਪਤ ਕਰਦੇ ਹਨ। ਵੱਡੀ ਗਿਣਤੀ ਵਿੱਚ ਮਨੁੱਖ ਜਾਤੀ ਨੂੰ ਗਰੀਬੀ ਦੀ ਗ੍ਰਿਫ਼ਤ ਤੋਂ ਬਾਹਰ ਕੱਢਣ ਵਾਲਾ ਏਹੀ ਹੈ। ਇਸ ਦੇਸ਼ ਨੂੰ ਧਨਵਾਨ ਬਣਾਉਣ ਵਾਲਾ ਵੀ ਏਹੀ ਹੈ। ਅਸੀਂ ਬੇਹੱਦ ਗਰੀਬ ਸੀ। ਅਮਰੀਕਾ ਮੌਕਿਆਂ ਨਾਲ ਭਰਪੂਰ ਧਰਤੀ ਸੀ। ਪਰ ਇਹ ਅਮੀਰ ਮੁਲਕ ਨਹੀਂ ਸੀ। ਭਾਵੇਂ ਕਿ ਅਮਰੀਕਾ ਸਰਵ-ਉੱਚ ਨਹੀਂ ਹੈ ਪਰ, ਫਿਰ ਵੀ ਇਸਨੇ ਦੁਨੀਆਂ ਦੇ ਕੁਝ ਸਭ ਤੋਂ ਵੱਧ ਸੁਤੰਤਰ ਬਾਜ਼ਾਰਾਂ ਵਿੱਚੋਂ ਇੱਕ ਹੋਣ ਦਾ ਸਦੀਆ ਤੱਕ ਆਨੰਦ ਮਾਣਿਆ ਹੈ। ਨਤੀਜੇ ਵਜੋਂ ਅਸੀਂ ਬੇਹੱਦ ਗਰੀਬੀ ਤੋਂ ਖੁਸ਼ਹਾਲ ਤੇ ਪੱਕੇ ਤੌਰ ਤੇ ਅਮੀਰ ਦੇਸ਼ ਹੋਣ ਤੱਕ ਦੀ ਪ੍ਰਗਤੀ ਕੀਤੀ ਹੈ।

**ਪਾਮਰ**: 'ਬੁਰਜ਼ੁਆਜ਼ੀਸ ਡਿਗਨਿਟੀ' ਨਾਮ ਦੀ ਆਪਣੀ ਪੁਸਤਕ ਵਿੱਚ ਡੇਰਦਰੇ ਮੈਕਲੋਸਕੀ ਨੇ ਦਲੀਲ ਦਿੱਤੀ ਹੈ ਕਿ ਇਹ ਉਸ ਤਰੀਕੇ ਦਾ ਪਰਿਵਰਤਨ ਨਹੀਂ ਸੀ, ਜਿਸਨੇ ਕਿ ਲੋਕਾਂ ਨੂੰ ਵਿਉਪਾਰ ਤੇ ਯੋਜਨਾਸ਼ੀਲ ਨਵੀਨਤਾ ਤੇ ਨਵੀਆਂ ਕਾਢਾਂ ਦੀ ਦਿਸ਼ਾਂ ਵਿੱਚ ਸੋਚਣ ਲਈ ਮਜ਼ਬੂਰ ਕੀਤਾ। ਜਿਸਨੇ ਆਮ ਇਨਸਾਨ ਦੀ ਖੁਸ਼ਹਾਲੀ ਨੂੰ ਸੰਭਵ ਬਣਾਇਆ। ਕੀ ਤੁਹਾਨੂੰ ਲੱਗਦਾ ਹੈ ਕਿ ਧਨ ਦੀ ਉਤਪਤੀ ਵਾਲੇ ਵਿਉਪਾਰ ਦੇ ਸੰਦਰਭ ਵਿੱਚ ਅਸੀਂ ਦੁਬਾਰਾ ਉਸ ਸਨਮਾਨਜਨਕ ਸਥਿਤੀ ਨੂੰ ਪ੍ਰਾਪਤ ਕਰ ਸਕਾਂਗੇ?

**ਮੈਕਏ**: ਹਾਂ, ਮੈਨੂੰ ਲੱਗਦਾ ਹੈ ਕਿ ਅਸੀਂ ਉਸ ਸਨਮਾਨਜਨਕ ਸਥਿਤੀ ਨੂੰ ਦੁਬਾਰਾ ਪ੍ਰਾਪਤ ਕਰ ਸਕਦੇ ਹਾਂ। ਕਿਉਂਕਿ ਰੋਨਾਲਡ ਰੀਗਨ ਨੇ ਜਦੋਂ ਚੋਣਾਂ ਜਿੱਤੀਆਂ ਤਾਂ ਜੋ ਘਟਨਾਵਾਂ ਘਟੀਆਂ ਸਨ, ਉਹਨਾਂ ਨੂੰ ਮੈਂ ਖੁਦ ਵੇਖਿਆ ਸੀ। 1970 ਵਿੱਚ ਅਮਰੀਕਾ ਪਤਨ ਵੱਲ ਵੱਧ ਰਿਹਾ ਸੀ। (ਅਤੇ ਇਸ ਸੰਬੰਧ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ) ਤੁਸੀਂ ਖੁਦ ਵੇਖੋ ਕਿ ਸਾਡੀ ਮਹਿੰਗਾਈ ਦੀ ਦਰ ਕੀ ਸੀ, ਵਿਆਜ਼ ਦਰਾਂ ਕਿੱਥੇ ਸਨ, ਜੀ.ਡੀ.ਪੀ ਕਿਧਰ ਜਾ ਰਹੀ ਸੀ, ਤੇ ਮੰਦੀ ਦਾ ਤੇਜ਼ੀ ਨਾਲ ਵਧਣਾ। ਅਸੀਂ ਉਸ 'ਮੁਦਰਾ-ਸਫ਼ੀਤੀ ਵਿੱਚੋਂ ਜਨਮੀ ਮਹਿੰਗਾਈ' (Stagflation-ਉਤਪਾਦਨ ਤੇ ਮੁਕਾਬਲੇ ਵਧੇਰੇ ਮੁਦਰਾ-ਸਫੀਤੀ ਹੋਣ ਦਾ ਦੌਰ) ਤੇ ਮੁਕਾਬਲੇ ਵਧੇਰੇ ਮੁਦਰਾ-ਸਫੀਤੀ ਹੋਣ ਦਾ ਦੌਰ) ਨੂੰ ਬਰਦਾਸ਼ਤ ਕਰਨ ਲਈ ਮਜ਼ਬੂਰ ਸਾਂ ਜਿਸਨੇ ਕਿ ਕੇਨਸ ਦੇ ਆਰਥਿਕ ਸਿਧਾਂਤਾਂ (Keynesian Philosophy) ਦੀਆਂ ਬਹੁਤ ਸਾਰੀਆਂ ਕਮੀਆਂ ਨੂੰ ਉਜਾਗਰ ਕਰ ਦਿੱਤਾ ਸੀ। ਅਤੇ ਏਹੋ ਜਿਹੇ ਸਮੇਂ ਵਿੱਚ ਸਾਨੂੰ ਇੱਕ ਅਜਿਹਾ ਨੇਤਾ ਮਿਲਿਆ ਜਿਸਨੇ ਕਰਾਂ ਵਿੱਚ ਕਟੌਤੀ ਕੀਤੀ ਤੇ ਨਿਸ਼ਚਿਤ ਤੇ ਨਿਰਧਾਰਿਤ ਨਿਯਮਾਂ ਵਿੱਚ ਫੇਰਬਦਲ

ਕਰਕੇ ਸਾਰਿਆਂ ਉਦਯੋਗਾਂ ਨੂੰ ਸੁਤੰਤਰ ਕਰ ਦਿੱਤਾ। ਨਤੀਜੇ ਵਜੋਂ ਪੁਨਰ-ਜਾਗ੍ਰਿਤੀ ਦੁਆਰਾ ਅਮਰੀਕਾ ਦਾ ਨਵਾਂ ਜਨਮ ਹੋਇਆ। ਜਿਸਨੇ ਸਾਨੂੰ ਪਿਛਲੇ ਪੰਝੀਆਂ ਸਾਲਾਂ ਜਾਂ ਉਸਤੋਂ ਵੀ ਵੱਧ ਸਮੇਂ ਤੱਕ ਲਈ ਉਹਨਾਂ ਵਿਸ਼ਾਲ ਪਰੇਸ਼ਾਨੀਆਂ ਤੋਂ ਕਾਫ਼ੀ ਹੱਦ ਤੱਕ ਬਾਹਰ ਕੱਢਿਆਂ ਹੈ। ਅਸਲ ਵਿੱਚ ਉਸ ਦੌਰ ਦੌਰਾਨ ਅਸੀਂ ਵਿਕਾਸ ਅਤੇ ਉੱਨਤੀ ਦੇ ਸਿਖ਼ਰ ਵੱਲ ਵੱਧ ਰਹੇ ਸੀ। ਬਦਕਿਸਮਤੀ ਨਾਲ ਅਸੀਂ ਦੁਬਾਰਾ ਪੁਰਾਣੇ ਮੁਕਾਮ ਤੇ ਨਹੀਂ ਤਾਂ ਕੁਝ ਕਦਮ ਪਿੱਛੇ ਜ਼ਰੂਰ ਆ ਗਏ ਹਾਂ। ਪਹਿਲਾ ਉਹ ਦੌਰ... ਹਾਂ... ਦਰਅਸਲ ਮੈਂ ਇਹਨਾਂ ਸਾਰੇ ਰਾਸ਼ਟਰਪਤੀਆਂ ਤੇ ਰਾਜਨੇਤਾਵਾਂ ਦੀ ਨਿੰਦਾ ਕਰਦਾ ਹਾਂ ਅਤੇ ਰੀਗਨ ਵੀ ਕਿਸੇ ਮਾਮਲੇ ਵਿੱਚ ਬਹੁਤ ਵਧੀਆ ਨਹੀਂ ਸਨ। ਪਰ ਪਿਛਲੇ ਕੁਝ ਸਮੇਂ ਵਿੱਚ ਰਾਸ਼ਟਰਪਤੀ ਬੁਸ਼ ਨੇ ਇਸ ਪਿੱਛੇ ਵਧਣ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰ ਦਿੱਤਾ ਸੀ। ਹੁਣ ਓਬਾਮਾ ਇਸ ਕੰਮ (ਪਿੱਛੇ ਰਹਿ ਜਾਣ ਜਾ ਵਧਣ) ਨੂੰ ਏਨੇ ਅਸਾਧਾਰਨ ਤਰੀਕੇ ਨਾਲ ਅੱਗੇ ਵਧਾ ਰਹੇ ਹਨ ਜਿਵੇਂ ਕਿ ਹੁਣ ਤੱਕ ਕਿਸੇ ਰਾਸ਼ਟਰਪਤੀ ਨੇ ਨਹੀਂ ਕੀਤਾ ਸੀ। ਪਰ ਜਿਵੇਂ ਕਿ ਤੁਸੀਂ ਜਾਣਦੇ ਹੋ ਮੈਂ ਇੱਕ ਉੱਦਮੀ ਹਾਂ ਅਤੇ ਏਸੇ ਲਈ ਮੈਂ ਕਾਫ਼ੀ ਆਸ਼ਾਵਾਦੀ ਵੀ ਹਾਂ। ਮੈਨੂੰ ਲੱਗਦਾ ਹੈ ਕਿ ਇਸ ਸਥਿਤੀ ਉਪਰ ਕਾਬੂ ਪਾ ਸਕਣਾ ਅਜੇ ਵੀ ਸੰਭਵ ਹੈ। ਮੈਨੂੰ ਇਸ ਤਰ੍ਹਾਂ ਨਹੀਂ ਲੱਗਦਾ ਕਿ ਅਸੀਂ ਅਜੇ ਵੀ ਕਿਸੇ ਅਜਿਹੇ ਪਤਨ ਵੱਲ ਵੱਧ ਰਹੇ ਹਾਂ ਜਿਸ ਤੋਂ ਪਾਰ ਨਾ ਪਾਇਆ ਜਾ ਸਕੇਗਾ। ਬਲਕਿ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਬਹੁਤ ਜਲਦ ਕੁਝ ਵੱਡੇ ਅਤੇ ਗੰਭੀਰ ਕਦਮ ਚੁੱਕਣ ਵਾਲੇ ਹਾਂ। ਅਸੀਂ ਕੰਗਾਲ ਹੋਣ ਤੋਂ ਤਾਂ ਹੀ ਬੱਚ ਸਕਦੇ ਹਾਂ, ਜੇਕਰ ਅਸੀਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰੀਏ ਅਤੇ : ਕਰ ਦੀ ਮਾਤਰਾ ਵਿੱਚ ਵਾਧਾ ਤੇ ਅਮਰੀਕੀ ਉਦਯੋਗ ਦੇ ਵਿਕਾਸ ਨੂੰ ਰੋਕੇ ਬਗੈਰ ਇਸਦਾ ਕੋਈ ਹੱਲ ਤਲਾਸ਼ ਕਰੀਏ। ਜਦ ਤੱਕ ਅਸੀਂ ਇਸ ਸਥਿਤੀ ਦਾ ਕੋਈ ਹੱਲ ਕਰਨ ਲਈ ਤਿਆਰ ਨਹੀਂ ਹੁੰਦੇ, ਪਤਨ ਨਿਰੰਤਰ ਸਾਡੇ ਵੱਲ ਵੱਧਦਾ ਰਹੇਗਾ। ਪਰੰਤੂ ਅਜਿਹੀ ਸਥਿਤੀ ਦੇ ਬਾਵਜੂਦ ਵੀ ਮੈਂ ਹਾਲਾਤ ਬਿਹਤਰ ਹੋ ਜਾਣ ਲਈ ਆਸਵੰਦ ਹਾਂ।

**ਪਾਮਰ:** ਕੀ ਤੁਹਾਨੂੰ ਅਜਿਹਾ ਲੱਗਦਾ ਹੈ ਕਿ ਪੂੰਜੀਵਾਦ ਇਕਰੂਪਤਾ ਨੂੰ ਜਨਮ ਦਿੰਦਾ ਹੈ ਜਾ ਇਸ ਨਾਲ ਵਿਭਿੰਨਤਾ ਦਾ ਜਨਮ ਹੁੰਦਾ ਹੈ। ਇਹ ਪ੍ਰਸ਼ਨ ਮੈਂ ਉਹਨਾਂ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਪੁੱਛ ਰਿਹਾ ਹਾਂ, ਜੋ ਕੋਸ਼ਰ (ਖਾਣੇ-ਵਿਸ਼ੇਸ਼ ਕਰਕੇ ਮਾਸ - ਦੇ ਪਵਿਤ੍ਰ - ਅਪਵਿਤ੍ਰ ਭਾਗ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਜਾਣ ਵਾਲੀ ਪਾਕ ਵਿਧੀ ਦੁਆਰਾ ਬਣੇ) ਭੋਜਨ ਨੂੰ ਪਸੰਦ ਕਰਦੇ ਹਨ ਜਾਂ ਹਲਾਲ ਭੋਜਨ ਖਾਣ ਦੀ ਇੱਛਾ ਰੱਖਦੇ ਹਨ ਜਾਂ ਧਾਰਮਿਕ ਜਾਂ ਸੱਭਿਆਚਾਰਕ ਜਾਂ ਫਿਰ ਲਿੰਗਕ ਆਧਾਰ 'ਤੇ ਘੱਟ ਗਿਣਤੀ ਨਾਲ ਸੰਬੰਧਿਤ ਹਨ।

**ਮੈਕਏ:** ਆਪਣੇ ਪ੍ਰਸ਼ਨ ਵਿੱਚ ਉਪਰੋਕਤ ਵਰਗਾਂ ਨੂੰ ਸੂਚੀਬੱਧ ਕਰਕੇ ਤੁਸੀਂ ਆਪਣੇ ਪ੍ਰਸ਼ਨ ਦਾ ਲਗਭਗ ਪੂਰਾ ਜਵਾਬ ਵੀ ਨਾਲ ਹੀ ਦੇ ਦਿੱਤਾ ਹੈ। ਅਸਲ ਵਿੱਚ ਪੂੰਜੀਵਾਦ ਇੱਕ ਅਜਿਹੀ ਵਿਵਸਥਾ ਹੈ ਜਿਸਦੇ ਵਿੱਚ ਲੋਕ ਆਪਸੀ ਸਹਿਯੋਗ ਦੁਆਰਾ ਆਪਣੇ ਨਾਲ-ਨਾਲ ਦੂਸਰਿਆਂ ਦੇ ਲਈ ਵੀ ਮੁੱਲ/ਕਦਰਾਂ-ਕੀਮਤਾਂ ਦੀ ਉਤਪਤੀ ਕਰਦੇ ਹਨ। ਏਹੀ ਸਹੀ ਅਰਥਾਂ ਵਿੱਚ ਪੂੰਜੀਵਾਦ ਹੈ। ਹਾਂ, ਇਹ ਜ਼ਰੂਰ ਹੈ ਕਿ ਹੋਰ ਚੀਜ਼ਾਂ ਦੇ ਨਾਲ-ਨਾਲ ਇਸ ਵਿੱਚ ਸਵੈ-ਹਿੱਤ ਦਾ ਤੱਤ ਵੀ ਸ਼ਾਮਿਲ ਹੁੰਦਾ ਹੈ ਅਤੇ ਇਸਦਾ ਮੁੱਖ ਕਾਰਣ ਹੈ ਦੂਸਰਿਆਂ ਦੇ ਹਿੱਤ ਦੇ ਨਾਲ-ਨਾਲ ਆਪਣੇ ਹਿੱਤ ਦੀ ਭਾਵਨਾ ਦੁਆਰਾ ਸਹਿਯੋਗੀ ਢੰਗ ਨਾਲ ਮੁੱਲਾਂ ਦੀ ਉਤਪਤੀ ਕਰਨ ਵਾਲੀ ਯੋਗਤਾ ਦਾ ਹੋਣਾ। ਕਿਉਂਕਿ ਇਨਸਾਨ ਆਪਣੀਆਂ ਇੱਛਾਵਾਂ ਅਤੇ ਜ਼ਰੂਰਤਾਂ ਵਿੱਚ ਇੱਕ ਦੂਸਰੇ ਤੋਂ ਵਿਭਿੰਨਤਾ ਰੱਖਦੇ ਹਨ, ਇਸ ਲਈ ਇਹ ਉਤਪਾਦਨ ਪ੍ਰਕ੍ਰਿਆ ਅਤੇ ਉਤਪਾਦਨ ਨਾਲ ਜੁੜੇ ਕੰਮਾਂ ਵਿੱਚ ਵੀ ਵਿਭਿੰਨਤਾ ਦੀ ਸਿਰਜਣਾ ਕਰਦਾ ਹੈ। ਪੂੰਜੀਵਾਦ ਦਾ ਮਕਸਦ ਬਾਜ਼ਾਰ ਵਿੱਚ ਆਪਸੀ ਸਹਿਯੋਗ ਨਾਲ ਕੰਮ ਕਰਦੇ ਹੋਏ ਹਰ ਪ੍ਰਕਾਰ ਦੇ ਵਿਅਕਤੀ ਦੀ ਇੱਛਾ ਤੇ ਲੋੜ ਨੂੰ ਪੂਰਾ ਕਰਨਾ ਹੈ। ਇਸ ਪ੍ਰਕਾਰ ਇਹ ਵਿਅਕਤੀਗਤ ਤੌਰ 'ਤੇ ਵਿਸ਼ਾਲ ਮਾਤਰਾ ਵਿੱਚ ਵਿਭਿੰਨਤਾ ਦਾ ਸਿਰਜਣ ਕਰਦਾ ਹੈ। ਜੇਕਰ ਤੁਸੀਂ ਸੱਤਾਵਾਦੀ ਸਮਾਜ ਵਿੱਚ ਰਹਿੰਦੇ ਹੋ ਤਾਂ ਕੁਝ ਵਿਸ਼ੇਸ਼ ਰੁਚੀ ਵਾਲੇ ਸਮੂਹ (ਚਾਹੇ ਉਹ ਧਾਰਮਿਕ ਤਾਨਾਸ਼ਾਹੀ ਹੋਣ ਜਾਂ ਵਿਸ਼ਵਵਿਦਿਆਲੇ ਦੇ ਬੁੱਧੀਵਾਦੀ ਜਾਂ ਫਿਰ ਕੱਟੜਪੰਥੀਆਂ ਦੇ ਕੁਝ ਸਮੂਹ) ਸੋਚਦੇ ਹਨ ਕਿ ਉਹਨਾਂ ਨੂੰ ਸਭ ਕੁਝ ਪਤਾ ਹੈ ਕਿ ਕਿਸ ਲਈ ਕੀ ਸਹੀ ਹੈ ਅਤੇ ਉਹ ਬਾਕੀ ਸਾਰੇ ਲੋਕਾਂ ਉਪਰ ਆਪਣੇ ਮੁੱਲਾਂ ਨੂੰ ਜਬਰਦਸਤੀ ਲਾਗੂ ਕਰਦੇ ਹਨ। ਜਦਕਿ ਪੂੰਜੀਵਾਦ ਸਮਾਜ ਵਿੱਚ ਤੁਹਾਨੂੰ ਕਿਤੇ ਜ਼ਿਆਦਾ ਨਿੱਜੀ ਆਜ਼ਾਦੀ ਪ੍ਰਾਪਤ ਹੁੰਦੀ ਹੈ। ਆਮ ਤੌਰ 'ਤੇ ਪੂੰਜੀਵਾਦ ਸਮਾਜ ਵਿੱਚ ਕਰੋੜਾਂ ਫੁੱਲਾਂ ਨੂੰ ਵੱਧਣ-ਫੁੱਲਣ ਲਈ ਜ਼ਰੂਰਤ ਅਨੁਸਾਰ ਮੌਕੇ ਪ੍ਰਾਪਤ ਹੁੰਦੇ ਹਨ ਕਿਉਂਕਿ ਪੂੰਜੀਵਾਦ ਦਾ ਅੰਤਿਮ ਮਕਸਦ ਮਨੁੱਖ ਦਾ ਵਿਕਾਸ ਕਰਨਾ ਹੈ ਜੋ ਕਿ ਇਸਦੀ ਸਭ ਤੋਂ ਵੱਡੀ ਦੇਣ ਹੈ।

**ਪਾਮਰ:** ਨਿਆਂਯੁਕਤ, ਉਦਮਸ਼ੀਲ (ਨਵੀਨ) ਖੁਸ਼ਹਾਲ ਭਵਿੱਖ ਸੰਬੰਧੀ ਤੁਹਾਡਾ ਕੀ ਦ੍ਰਿਸ਼ਟੀਕੋਣ ਹੈ?

**ਮੈਕਏ:** ਜੋ ਕੁਝ ਮੈਂ ਹੁੰਦਿਆ ਦੇਖਣਾ ਚਾਹੁੰਦਾ ਹਾਂ ਉਸ ਵਿੱਚ ਸਭ ਤੋਂ ਪਹਿਲੀ ਚੀਜ਼ ਇਹ ਹੈ ਕਿ ਪੂੰਜੀਵਾਦ ਦੇ ਸਹਿਯੋਗੀ ਇਹ ਸਮਝਣਾ ਸ਼ੁਰੂ ਕਰ ਦੇਣ ਕਿ ਜੋ ਰਣਨੀਤੀ ਉਹ ਅਪਣਾ ਰਹੇ ਹਨ ਉਹ ਦਰਅਸਲ ਪੂੰਜੀਵਾਦ ਦੇ ਵਿਰੋਧੀਆਂ ਦੇ ਹੱਕ ਵਿੱਚ ਜਾ ਰਹੀ ਹੈ। ਉਹਨਾਂ ਨੇ ਉੱਚੇ ਨੈਤਿਕ ਆਧਾਰਾਂ ਨੂੰ ਹਾਰ ਕੇ ਪੂੰਜੀਵਾਦ ਦੇ ਵਿਰੋਧੀਆਂ ਹੱਥ ਪੂੰਜੀਵਾਦ ਨੂੰ ਇੱਕ ਸ਼ੋਸ਼ਕ, ਲਾਲਚੀ ਤੇ ਸਵਾਰਥੀ ਪ੍ਰਣਾਲੀ

ਦੇ ਰੂਪ ਵਿੱਚ ਪੇਸ਼ ਕਰਨ ਦਾ ਮੌਕਾ ਦਿੱਤਾ। ਜੋ ਕਿ ਅਸਮਾਨਤਾ ਪੈਦਾ ਕਰਦਾ ਹੈ, ਕਰਮਚਾਰੀਆ ਦਾ ਸ਼ੋਸ਼ਣ ਕਰਦਾ ਹੈ, ਗ੍ਰਾਹਕਾਂ ਨੂੰ ਠੱਗਦਾ ਹੈ ਅਤੇ ਵਾਤਾਵਰਣ ਨੂੰ ਬਰਬਾਦ ਕਰਕੇ ਸੱਭਿਆਚਾਰਕ ਸਮੁਦਾਵਾਂ ਨੂੰ ਹੌਲੀ-ਹੌਲੀ ਖਤਮ ਕਰ ਰਿਹਾ ਹੈ। ਜਦਕਿ ਪੂੰਜੀਵਾਦ ਦੇ ਸਮਰਥਕਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਇਸ ਸੰਬੰਧ ਵਿੱਚ ਕੀ ਪ੍ਰਤਿਕ੍ਰਿਆ ਦਿੱਤੀ ਜਾਵੇ। ਕਿਉਂਕਿ ਉਹਨਾਂ ਨੇ ਹੀ ਪੂੰਜੀਵਾਦ ਦੇ ਅਲੋਚਕਾਂ ਲਈ ਵਿਆਪਕ ਆਧਾਰ ਤਿਆਰ ਕਰ ਦਿੱਤਾ ਹੈ। ਅਜਿਹਾ ਕਰਨ ਦੀ ਬਜਾਏ ਉਨ੍ਹਾਂ ਨੂੰ ਸਵੈ-ਹਿੱਤ ਦੇ ਪ੍ਰਤੀ ਆਪਣੀ ਨਿਸ਼ਠਾ ਤੋਂ ਬਾਹਰ ਨਿਕਲਕੇ ਪੂੰਜੀਵਾਦ ਦੁਆਰਾ ਸਿਰਜੇ ਜਾਣ ਵਾਲੇ ਮੁੱਲਾਂ ਵੱਲ ਵੇਖਣਾ ਸ਼ੁਰੂ ਕਰਨਾ ਚਾਹੀਦਾ ਹੈ। ਜੋ ਕਿ ਨਾ ਕੇਵਲ ਨਿਵੇਸ਼ਕਾਂ ਨੂੰ ਲਾਭ ਪਹੁੰਚਾਉਂਦਾ ਹੈ (ਜਦਕਿ ਇਹ ਅਜਿਹਾ ਕਰਦਾ ਹੈ) ਬਲਕਿ ਵਿਉਪਾਰ ਵਿੱਚ ਲੈਣ-ਦੇਣ ਕਰਨ ਵਾਲੇ ਸਾਰੇ ਲੋਕਾਂ ਨੂੰ ਵੀ ਲਾਭ ਪਹੁੰਚਾਉਂਦਾ ਹੈ, ਇਹ ਕਰਮਚਾਰੀਆ ਨੂੰ ਲਾਭ ਪਹੁੰਚਾਉਂਦਾ ਹੈ, ਇਹ ਥੋਕ ਵਿਉਪਾਰੀਆਂ ਨੂੰ ਲਾਭ ਪਹੁੰਚਾਉਂਦਾ ਹੈ, ਇਹ ਪੂਰੇ ਸਮਾਜ ਨੂੰ ਲਾਭ ਪਹੁੰਚਾਉਂਦਾ ਹੈ ਤੇ ਇਹ ਸਰਕਾਰਾਂ ਨੂੰ ਵੀ ਲਾਭ ਪਹੁੰਚਾਉਂਦਾ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਨੌਕਰੀਆਂ ਮੁਹੱਈਆ ਕਰਵਾਉਣ ਵਾਲੀ; ਕਮਾਉਣ ਦੇ ਮੌਕੇ ਮੁਹੱਈਆ ਕਰਵਾਉਣ ਵਾਲੀ ਅਤੇ ਧਨ ਦੀ ਉਤਪਤੀ ਕਰਨ ਵਾਲੀ ਇਕ ਮਜ਼ਬੂਤ ਬਾਜ਼ਾਰ ਵਿਵਸਥਾ; ਜੋ ਕਿ ਬਾਅਦ ਵਿੱਚ ਸਰਕਾਰ ਨੂੰ ਕਰ ਇੱਕਠਾ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ, ਤੋਂ ਰਹਿਤ ਸਾਡੀ ਸਰਕਾਰ ਕਿਹੋ ਜਿਹੀ ਹੋਵੇਗੀ? ਪਰ ਧਿਆਨ ਰੱਖਣਾ ਕਿ ਅਜਿਹੇ ਵਿਚਾਰ ਨੂੰ ਸੋਚਕੇ ਮੈਂ ਕੋਈ ਬਹੁਤ ਆਨੰਦ ਮਹਿਸੂਸ ਨਹੀਂ ਕਰਦਾ।

ਪੂੰਜੀਵਾਦ ਮੁੱਲਾਂ ਦਾ ਸ੍ਰੋਤ ਹੈ। ਇਹ ਸਦਾ ਮੌਜੂਦ ਰਹਿਣ ਵਾਲਾ ਸਮਾਜਿਕ ਸਹਿਯੋਗ ਦਾ ਇੱਕ ਨਿਰਾਲਾ ਸਾਧਨ ਹੈ। ਅਤੇ ਇਹੀ ਉਹ ਕਹਾਣੀ ਹੈ ਜੋ ਅਸੀਂ ਸਾਰਿਆਂ ਨੂੰ ਸਣਾਉਣੀ ਹੈ। ਸਾਨੂੰ ਇਸਦੀ ਵਿਆਖਿਆ ਨੂੰ ਬਦਲਣ ਦੀ ਜ਼ਰੂਰਤ ਹੈ। ਇਹ ਦਰਸਾਉਣ ਲਈ ਕਿ ਇਹ ਸਾਂਝੇ ਮੁੱਲਾਂ ਦੀ ਉਤਪਤੀ ਸਿਰਫ਼ ਕੁਝ ਲੋਕਾਂ ਲਈ ਨਹੀਂ ਬਲਕਿ ਸਾਰਿਆਂ ਲਈ ਹੈ। ਸਾਨੂੰ ਪੂੰਜੀਵਾਦ ਦੀ ਵਿਆਖਿਆ ਨੂੰ ਨੈਤਿਕ ਦ੍ਰਿਸ਼ਟੀਕੋਣ ਵਿੱਚ ਬਦਲਣ ਦੀ ਜ਼ਰੂਰਤ ਹੈ। ਜੇਕਰ ਸਾਰੇ ਲੋਕ ਇਸਨੂੰ ਉਸੇ ਤਰੀਕੇ ਨਾਲ ਵੇਖ ਸਕਣ ਜਿਵੇਂ ਮੈਂ ਵੇਖਦਾ ਹਾਂ ਤਾਂ ਲੋਕ ਪੂੰਜੀਵਾਦ ਨਾਲ ਉਸੇ ਪ੍ਰਕਾਰ ਨਾਲ ਪਿਆਰ ਕਰਨਗੇ ਜਿਵੇਂ ਮੈਂ ਕਰਦਾ ਹਾਂ।

**ਪਾਮਰ**: ਸਾਨੂੰ ਦਿੱਤੇ ਗਏ ਅਨਮੋਲ ਸਮੇਂ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।

**ਮੈਕਦੇ**: ਇਹ ਮੇਰੀ ਖੁਸ਼ਨਸੀਬੀ ਹੈ, ਟਾੱਮ।

# ਸੁਤੰਤਰਤਾ ਅਤੇ ਸਨਮਾਨ/ਗੌਰਵ ਆਧੁਨਿਕ ਦੁਨੀਆਂ ਦੇ ਦੋ ਪਹਿਚਾਣ ਚਿੰਨ

**ਡੇਰਦਰੇ ਐਨ. ਮੈਕਲੌਸਕੀ**

*ਇਸ ਨਿਬੰਧ ਦੇ ਮਾਧਿਅਮ ਦੁਆਰਾ ਆਰਥਿਕ ਇਤਿਹਾਸਕਾਰ ਅਤੇ ਸਮਾਜਿਕ ਆਲੋਚਕ ਡੇਰਦਰੇ ਮੈਕਲੌਸਕੀ ਨੇ ਤਰਕ ਪੇਸ਼ ਕੀਤਾ ਹੈ ਕਿ ਆਧੁਨਿਕ ਪੂੰਜੀਵਾਦ ਦਾ ਵਿਕਾਸ ਅਤੇ ਇਸਨੂੰ ਸੰਭਵ ਬਨਾਉਣ ਵਾਲੇ ਜਗਤ ਦੀ ਵਿਆਖਿਆ ਸਿਰਫ਼ 'ਭੌਤਿਕ ਕਾਰਣਾਂ' (Material Factors) ਦੁਆਰਾ ਨਹੀਂ ਕੀਤੀ ਜਾ ਸਕਦੀ, ਜਿਵੇਂ ਕਿ ਇਤਿਹਾਸਕਾਰਾਂ ਦੀ ਪੁਰਾਣੀ ਪੀੜ੍ਹੀ ਕਰਦੀ ਆਈ ਹੈ। ਅਸਲ ਵਿੱਚ ਇਹ ਵਿਉਪਾਰ, ਵਟਾਂਦਰੇ, ਨਵੀਨਤਾ ਅਤੇ ਲਾਭ ਦੇ ਪ੍ਰਤੀ ਲੋਕਾਂ ਦੀ ਸੋਚ ਵਿਚ ਆਇਆ ਬਦਲਾਅ ਸੀ। ਜਿਸਨੇ ਆਧੁਨਿਕ ਪੂੰਜੀਵਾਦ ਦੀ ਉਤਪਤੀ ਕੀਤੀ ਅਤੇ ਔਰਤਾਂ, ਸਮਲਿੰਗੀ ਲੋਕਾਂ, ਧਾਰਮਿਕ ਮਤਭੇਦ ਰੱਖਣ ਵਾਲਿਆਂ ਅਤੇ ਹਮੇਸ਼ਾਂ ਤੋਂ ਦਬਾਏ ਤੇ ਕੁਚਲੇ ਜਾ ਰਹੇ ਦਲਿਤ ਲੋਕਾਂ ਪ੍ਰਤੀ ਉਦਾਰਵਾਦੀ ਨਜ਼ਰੀਆ ਪੈਦਾ ਕੀਤਾ। ਜਿਹਨਾਂ ਦਾ ਜੀਵਨ ਆਧੁਨਿਕ ਖੇਤੀਬਾੜੀ ਦੇ ਵਿਉਪਾਰੀਕਰਣ, ਖਾਦ ਪ੍ਰਣਾਲੀ, ਬਿਜਲੀ ਤੇ ਆਧੁਨਿਕ ਪੂੰਜੀਵਾਦੀ ਜੀਵਨ ਵਾਲੇ ਹੋਰ ਸਹਿਯੋਗੀ ਸੰਦਾਂ ਆਦਿ ਦੇ ਆਵਿਸ਼ਕਾਰ ਤੋਂ ਪਹਿਲਾਂ ਜਾਨਵਰਾਂ ਵਰਗਾ, ਤਕਲੀਫ਼ਦੇਹ ਅਤੇ ਘੱਟ ਉਮਰ ਵਾਲਾ ਹੁੰਦਾ ਸੀ।*

*ਡੇਰਦਰੇ ਐਨ. ਮੈਕੋਲਸਕੀ ਸ਼ਿਕਾਗੋ ਦੇ ਇਲੀਨਾਇਸ ਵਿਸ਼ਵਵਿਦਿਆਲੇ (University of Illinois) ਵਿੱਚ ਅਰਥ-ਸ਼ਾਸ਼ਤਰ, ਇਤਿਹਾਸ, ਅੰਗ੍ਰੇਜ਼ੀ ਤੇ ਸੰਚਾਰ ਦੀ ਪ੍ਰੋਫ਼ੈਸਰ ਹਨ। ਉਹ ਅਰਥ-ਸ਼ਾਸ਼ਤਰ, ਆਰਥਿਕ ਇਤਿਹਾਸ, ਸਥਿਤੀ-ਵਿਗਿਆਨ, (Statics) ਭਾਸ਼ਣ ਕਥਾ, ਸਾਹਿਤ ਜਿਹੇ ਵਿਸ਼ਿਆ ਉੱਪਰ 'ਕਰਾਸਿੰਗ' ਨਾਮਕ ਇੱਕ ਸੰਸਮਰਣ ਸਹਿਤ 13 ਪੁਸਤਕਾਂ ਦੀ ਲੇਖਿਕਾ ਹੈ। ਉਹ 'ਜਨਰਲ ਆਫ਼ ਇਕੋਨਾਮਿਕਸ ਹਿਸਟਰੀ' ਪਤ੍ਰਿਕਾ ਦੀ ਸਹਾਇਕ ਸੰਪਦਾਕ ਵੀ ਰਹਿ ਚੁੱਕੀ ਹੈ ਅਤੇ ਉਹਨਾਂ ਦੀਆਂ ਕਿਰਤਾ ਵਿਦਿਅਕ ਨਿਬੰਧਾਂ/ਲੇਖਾਂ ਨੂੰ ਛਾਪਣ ਵਾਲੇ ਰਸਾਲਿਆਂ ਵਿੱਚ ਛਪਦੀਆਂ ਰਹਿੰਦੀਆਂ ਹਨ। ਕੁਝ ਸਮਾਂ ਪਹਿਲਾਂ ਉਹਨਾਂ ਦੀ 'ਬੁਰਜੁਆ ਡਿਗਨਿਟੀ: ਵਾਏ ਇਕੋਨਾਮਿਕਸ ਕੈਨ ਨਾਟ ਐਕਸਪਲੇਨ ਦੀ ਮਾਡਰਨ ਵਰਲਡ' ਨਾਮ ਦੀ ਇੱਕ ਕਿਤਾਬ ਛਪਕੇ ਆਈ ਹੈ।*

ਬਾਜ਼ਾਰ ਅਤੇ ਨਵੀਨਤਾ ਦੇ ਪ੍ਰਤੀ ਲੋਕਾਂ ਦੀਆਂ ਧਾਰਨਾਵਾਂ ਵਿੱਚ ਪਰਿਵਰਤਨ ਹੋਣ ਤੇ ਇਸਦੇ ਪ੍ਰਤੀ ਸਨਮਾਨ ਦੀ ਭਾਵਨਾ ਜਾਗਣ ਦੀ ਘਟਨਾ ਪਹਿਲਾਂ ਉਦਯੋਗਿਕ ਕ੍ਰਾਂਤੀ ਦਾ ਕਾਰਣ ਬਣੀ ਅਤੇ ਬਾਅਦ ਵਿੱਚ ਇਸਨੇ ਆਧੁਨਿਕ ਵਿਸ਼ਵ ਦੇ ਨਿਰਮਾਣ

ਦੀ ਨਹੀਂ ਰੱਖੀ। ਪੁਰਾਣੀ ਰੂੜੀਵਾਦੀ ਵਿਚਾਰਧਾਰਾ ਵਿਚ ਮਨ ਦੀਆ ਭਾਵਨਾਵਾਂ ਲਈ ਕੋਈ ਥਾਂ ਨਹੀਂ ਹੁੰਦੀ ਸੀ 'ਤੇ ਨਾ ਹੀ ਉਦਾਰਵਾਦੀ, ਵਿਚਾਰਧਾਰਾ ਦੇ ਲਈ ਹੀ ਕੋਈ ਥਾਂ ਹੁੰਦੀ ਸੀ। ਪੁਰਾਣੀਆਂ ਭੌਤਿਕਵਾਦੀ ਕਥਾਵਾਂ ਤੋਂ ਇਹ ਪਤਾ ਲੱਗਦਾ ਹੈ ਕਿ ਉਦਯੋਗਿਕ ਕ੍ਰਾਂਤੀ ਭੌਤਿਕਵਾਦ ਦਾ ਨਤੀਜਾ ਹੈ, ਨਿਵੇਸ਼ ਅਤੇ ਚੋਰੀ ਦਾ ਨਤੀਜਾ ਹੈ, ਬਹੁਤ ਸਾਰੇ ਲਾਭ ਦਾ ਨਤੀਜਾ ਹੈ ਜਾਂ ਫਿਰ ਸਮਰਾਜਵਾਦ ਦਾ ਨਤੀਜਾ ਹੈ। ਤੁਸੀਂ ਇਹ ਕਹਾਵਤ ਤਾਂ ਜ਼ਰੂਰ ਸੁਣੀ ਹੋਵੇਗੀ, "ਯੂਰੋਪ ਆਪਣੇ ਸਾਮਰਾਜ (ਵਿਸ਼ਾਲ ਵਿਉਪਾਰਕ ਖੇਤਰ) ਕਾਰਣ ਅਮੀਰ ਹੈ, "ਅਮਰੀਕਾ ਦਾ ਨਿਰਮਾਣ ਦਾਸਾਂ ਦੀ ਮਦਦ ਨਾਲ ਹੋਇਆ ਹੈ", "ਚੀਨ ਆਪਣੇ ਵਿਉਪਾਰ ਕਾਰਨ ਅਮੀਰ ਹੋ ਰਿਹਾ ਹੈ"। ਪਰੰਤੂ ਫਿਰ ਕੀ ਹੁੰਦਾ ਜੇਕਰ ਉਦਯੋਗਿਕ ਕ੍ਰਾਂਤੀ ਦੀ ਚਿਣਗ ਲੋਕਾਂ ਦੀ ਵਿਚਾਰਧਾਰਾ ਵਿੱਚ ਆਏ ਪਰਿਵਰਤਨ ਦੇ ਕਾਰਣ ਭੜਕਦੀ। ਵਿਸ਼ੇਸ਼ ਕਰਕੇ ਦੂਸਰੇ ਦੇ ਪ੍ਰਤੀ ਉਹਨਾਂ ਦੀ ਸੋਚ ਦੇ ਕਾਰਨ? ਮੰਨ ਲਉ ਕਿ ਭਾਫ਼ ਦੇ ਇੰਜਣ ਅਤੇ ਕੰਪਿਊਟਰ ਦਾ ਅਵਿਸ਼ਕਾਰ ਨਵੀਨਤਾ ਦੇ ਹਿਮਾਇਤੀਆਂ ਪ੍ਰਤੀ ਪੈਦਾ ਹੋਏ ਸਨਮਾਨ ਕਾਰਣ ਹੋਇਆ ਹੁੰਦਾ। ਨਾ ਕਿ ਇੱਟਾਂ ਤੇ ਇੱਟਾਂ ਲਗਾਉਣ ਜਾਂ ਅਫਰੀਕੀਆਂ ਦੀਆ ਲਾਸ਼ਾਂ ਦੇ ਢੇਰ ਲਗਾਉਣ ਨਾਲ।

ਅਰਥ ਸ਼ਾਸ਼ਤਰੀਆਂ ਅਤੇ ਇਤਿਹਾਸ਼ਕਾਰਾਂ ਨੂੰ ਹੁਣ ਇਹ ਗੱਲ ਸਮਝ ਵਿੱਚ ਆਉਣ ਲੱਗ ਪਈ ਹੈ ਕਿ ਉਦਯੋਗਿਕ ਕ੍ਰਾਂਤੀ ਦੀ ਚਿਣਗ ਨੂੰ ਭੜਕਾਉਣ ਲਈ ਚੋਰੀ ਜਾਂ ਧਨ ਦੇ ਇੱਕਤਰੀਕਰਣ ਤੋਂ ਵੀ ਵੱਧ ਕਿਸੇ ਹੋਰ ਚੀਜ਼ ਦੀ ਜ਼ਰੂਰਤ ਸੀ। ਅਸਲ 'ਚ ਇਹ ਪੱਛਮ ਦੇ ਲੋਕਾਂ ਦੇ ਵਿਉਪਰ ਤੇ ਨਵੀਨਤਾ ਦੇ ਪ੍ਰਤੀ ਨਜ਼ਰੀਏ ਵਿੱਚ ਵੱਡੇ ਪਰਿਵਰਤਨ ਦੁਆਰਾ ਹੀ ਸੰਭਵ ਹੋ ਸਕਦਾ ਸੀ। ਲੋਕਾਂ ਨੇ 'ਵਿਨਾਸ਼ਕ ਉਤਪੱਤੀ'(Creative Destruction) ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਰਕੇ ਨਵੀਂ ਵਿਚਾਰਧਾਰਾ ਨੇ ਪੁਰਾਣੀ ਵਿਚਾਰਧਾਰਾ ਨੂੰ ਬਦਲ ਦਿੱਤਾ। ਇਹ ਬਿਲਕੁਲ ਸੰਗੀਤ ਵਰਗਾ ਹੈ। ਇੱਕ ਨਵਾਂ ਬੈਂਡ ਰਾਕ-ਸ਼ੈਲੀ ਵਿੱਚ ਕੁਝ ਨਵਾਂ ਵਿਚਾਰ ਨਾਲ ਲੈ ਕੇ ਆਉਂਦਾ ਹੈ ਅਤੇ ਜੇਕਰ ਲੋਕ ਇਸਨੂੰ ਸੁਤੰਤਰਤਾਪੂਰਵਕ ਸਹਿਮਤੀ ਦੇਂਦੇ ਹੋਏ ਸੁਨਣਾ ਸ਼ੁਰੂ ਕਰ ਦੇਂਦੇ ਹਨ ਤਾਂ ਪੁਰਾਣਾ ਸੰਗੀਤ ਭੁਲਾਇਆ ਜਾਣ ਲੱਗ ਪੈਂਦਾ ਹੈ। ਜੇਕਰ ਲੋਕ ਪੁਰਾਣੇ ਸੰਗੀਤ ਨੂੰ ਬੇਕਾਰ ਸਮਝਦੇ ਹਨ ਤਾਂ ਇਹ ਨਵੇਂ ਸੰਗਤ ਦੀ ਉਤਪਤੀ ਕਾਰਣ ਖਤਮ ਹੋ ਜਾਂਦਾ ਹੈ। ਠੀਕ ਉਸੇ ਪ੍ਰਕਾਰ ਜਿਵੇਂ ਕਿ ਬਿਜਲੀ ਦੇ ਪ੍ਰਕਾਸ਼ ਨੇ ਮਿੱਟੀ ਦੇ ਤੇਲ ਵਾਲੇ ਲੈਂਪ ਨੂੰ ਅਤੇ ਕੰਪਿਊਟਰ ਨੇ ਟਾਇਪ ਰਾਈਟਰ ਨੂੰ ਬਰਬਾਦ (ਖ਼ਤਮ) ਕਰ ਦਿੱਤਾ। ਪਰੰਤੂ ਇਸ ਬਰਬਾਦੀ ਵਿੱਚੋਂ ਹੀ ਸਾਡੀ ਬਿਹਤਰੀ ਨੇ ਜਨਮ ਲਿਆ।

ਸਹੀ ਇਤਿਹਾਸ ਇਸ ਪ੍ਰਕਾਰ ਹੈ: ਜਦ ਤੱਕ ਕਿ 16 ਵੀ: ਸਦੀ ਦੇ ਨੇੜੇ-ਤੇੜੇ ਦੇ ਡਚ (ਹਾਲੈਂਡ) ਤੇ 17 ਵੀ: ਸਦੀ ਦੇ ਨੇੜੇ-ਤੇੜੇ ਇੰਗਲੈਂਡ ਦੇ ਲੋਕਾਂ ਨੇ

ਆਪਣੀ ਵਿਚਾਰਧਾਰਾ ਵਿੱਚ ਪਰਿਵਰਤਨ ਨਹੀਂ ਕੀਤਾ ਤਦ ਤੱਕ ਲੋਕਾਂ ਨੂੰ ਸਨਮਾਨ ਸਿਰਫ਼ ਦੋ ਤਰੀਕਿਆਂ ਨਾਲ ਹੀ ਪ੍ਰਾਪਤ ਹੋ ਸਕਦਾ ਸੀ। ਪਹਿਲਾ, ਜਾਂ ਤਾਂ ਤੁਸੀਂ ਸੈਨਾ ਵਿੱਚ ਭਰਤੀ ਹੋ ਜਾਉ ਅਤੇ ਦੂਸਰਾ, ਜਾਂ ਫਿਰ ਪਾਦਰੀ ਬਣ ਜਾਵੋ। ਜਾ ਤਾਂ ਤੁਸੀਂ ਕਿਲੇ ਵਿੱਚ ਰਹੋ ਜਾਂ ਚਰਚ ਵਿੱਚ। ਲੋਕਾਂ ਨੇ ਜੇਕਰ: ਜੀਵਨ ਨਿਰਬਾਹ ਲਈ ਕਦੀ ਵੀ ਕਿਸੇ ਚੀਜ਼ ਦੀ ਖਰੀਦ ਜਾਂ ਵਿਕਰੀ ਕਰ ਲਈ ਜਾਂ ਅਜਿਹੀ ਕੋਈ ਨਵੀਨ ਪਰੰਪਰਾ ਚਲਾਉਣ ਦਾ ਯਤਨ ਕੀਤਾ ਤਾਂ ਉਹ ਪਾਪ ਨਾਲ ਭਰਿਆ ਧੋਖੇਬਾਜ਼ ਮੰਨਦੇ ਹੋਏ ਅਪਮਾਨਿਤ ਕੀਤਾ ਜਾਂਦਾ ਸੀ। ਬਾਰ੍ਹਵੀ ਸਦੀ ਵਿੱਚ ਇਕ ਜੇਲ੍ਹਰ ਨੇ ਇੱਕ ਅਮੀਰ ਬੰਦੇ ਦੇ ਮਾਫ਼ੀਨਾਮੇ ਨੂੰ ਇਹ ਕਹਿੰਦੇ ਹੋਏ ਖਾਰਜ਼ ਕਰ ਦਿੱਤਾ ਕਿ, "ਆਉ, ਮਾਸਟਰ ਅਰਨਾਲਡ ਫੇਜ਼ਰੀ, ਤੁਸੀਂ ਇਸ ਸਥਿਤੀ ਵਿੱਚ ਬਿਨਾਂ ਕੋਈ ਪਾਪ ਕੀਤੇ ਕਿਵੇਂ ਪਹੁੰਚ ਸਕਦੇ ਹੋ?"

18ਵੀਂ ਸ਼ਤਾਬਦੀ ਤੱਕ ਪੂਰੀ ਦੁਨੀਆਂ ਵਿੱਚ ਪ੍ਰਤੀ ਵਿਅਕਤੀ ਇੱਕ ਦਿਨ ਦੀ ਆਮਦਨੀ ਅੱਜ ਡਾਲਰ ਦੀ ਕੀਮਤ ਦੇ ਹਿਸਾਬ ਨਾਲ ਇੱਕ ਡਾਲਰ ਤੋਂ ਪੰਜ ਡਾਲਰ ਦੇ ਵਿੱਚ ਹੋਇਆ ਕਰਦੀ ਸੀ। ਜਾਂ ਇੰਝ ਕਹਿ ਸਕਦੇ ਹਾਂ ਔਸਤਨ ਤਿੰਨ ਡਾਲਰ ਪ੍ਰਤੀ ਵਿਅਕਤੀ ਪ੍ਰਤੀ ਦਿਨ। ਅੱਜ ਦੇ ਵਕਤ ਵਿੱਚ ਸਿਰਫ਼ ਤਿੰਨ ਡਾਲਰ ਪ੍ਰਤੀਦਿਨ ਵਿਚ ਰੀਓ ਜਾਂ ਏਥੇਂਜ਼ ਜਾਂ ਜੋਹਾਨਸਬਰਗ ਵਿੱਚ ਗੁਜ਼ਾਰਾ ਕਰਨ ਦੀ ਕਲਪਨਾ ਕਰੋ। (ਹਾਲਾਂਕਿ ਕੁਝ ਲੋਕ ਹੁਣ ਵੀ ਏਨੇ ਵਿੱਚ ਗੁਜ਼ਾਰਾ ਕਰਨ ਲਈ ਮਜ਼ਬੂਰ ਹਨ) ਏਨੇ ਵਿੱਚ ਸਟਾਰਬਕਸ ਵਿੱਚ ਮਿਲਣ ਵਾਲੀ ਕੈਪੇਚੀਨੋ (ਵਿਸ਼ੇਸ਼ ਪ੍ਰਕਾਰ ਦੀ ਕੌਫੀ) ਦਾ ਸਿਰਫ਼ ਤਿੰਨ ਚੌਥਾਈ ਹਿੱਸਾ ਪ੍ਰਾਪਤ ਹੋ ਸਕੇਗਾ। ਇਹ ਕੱਲ ਵੀ ਭਿਅੰਕਰ ਸੀ ਤੇ ਅੱਜ ਵੀ।

ਫਿਰ ਹਾਲੈਂਡ ਵਿੱਚ ਕੁਝ ਬਦਲਾਅ ਆਇਆ। ਇਸ ਤੋਂ ਬਾਅਦ ਇੰਗਲੈਂਡ ਵਿੱਚ ਵੀ ਪਰਿਵਰਤਨ ਹੋਇਆ। 1517 ਤੋਂ 1789 ਦੇ ਦੌਰਾਨ ਯੂਰਪ ਦੀ ਕ੍ਰਾਂਤੀ ਅਤੇ ਪੁਨਰ-ਜਾਗਰਣ ਨੇ ਧਰਮ ਗੁਰੂਆਂ ਅਤੇ ਅਮੀਰਾਂ (ਕੁਲੀਨ ਲੋਕਾਂ) ਦੇ ਸਮਾਨ ਬੋਲਣ ਦਾ ਅਧਿਕਾਰ ਮੁਹੱਈਆ ਕਰਵਾਇਆ। ਪਹਿਲਾਂ ਯੂਰੋਪ ਦੇ ਲੋਕਾਂ ਨੇ ਅਤੇ ਉਸਤੋਂ ਬਾਅਦ ਹੌਲੀ-ਹੌਲੀ ਹੋਰ ਲੋਕ ਵੀ ਬੇਨ ਫ੍ਰੈਂਕਲਿਨ, ਏਡਰਿਉ ਕਾਰਨੌਜੀ ਅਤੇ ਬਿਲ ਗੇਟਸ ਜਿਹੇ ਵੀ ਨਵੀਨਤਾ ਦੀ ਪ੍ਰਸ਼ੰਸਾ ਕਰਨ ਲੱਗ ਪਏ। ਮੱਧ-ਸ਼੍ਰੇਣੀ ਦੇ ਲੋਕਾਂ ਨੂੰ ਵੀ ਸਾਕਾਰਤਮਕ ਨਜ਼ਰੀਏ ਨਾਲ ਵੇਖਿਆਂ ਜਾਣ ਲੱਗ ਪਿਆ ਅਤੇ ਉਹਨਾਂ ਨੂੰ ਹੋਰ ਵਿਕਾਸ ਤੇ ਭਲਾਈ ਕਰਨ ਲਈ ਹਾਂ, ਮੁਖੀ ਹੁੰਗਾਰਾ ਮਿਲਿਆ। ਅੱਜ ਕੱਲ ਦੇ ਅਮੀਰ ਮੁਲਕਾਂ ਵਿੱਚ ਗਿਣੇ ਜਾਂਦੇ ਦੇਸ਼ਾਂ ਜਿਵੇਂ ਬ੍ਰਿਟੇਨ ਜਾਂ ਸਵੀਡਨ ਜਾਂ ਹਾਂਗਕਾਂਗ ਦੇ ਲੋਕਾਂ ਨੇ ਇੱਕ ਮੱਧਸ਼੍ਰੇਣੀ ਦੇ ਸਮਝੌਤੇ-"ਮੈਨੂੰ ਨਵੀਨਤਾ ਲਿਆਉਣ ਦਿਓ ਅਤੇ ਨਵੀਨਤਾ ਦੇ ਥੌੜੇ ਜਿਹੇ ਸਮੇਂ ਵਿੱਚ ਹੀ ਮੈਨੂੰ ਪੈਸਿਆ ਦੇ ਢੇਰ ਲਗਾ ਲੈਣ ਦਿਓ ਅਤੇ ਬਹੁਤ ਛੇਤੀ ਮੈਂ ਤੁਹਾਨੂੰ ਅਮੀਰ ਕਰ ਦੇਵਾਂਗੀ"- ਉੱਤੇ ਦਸਤਖ਼ਤ ਕੀਤੇ।

ਅਤੇ ਠੀਕ ਇੰਜ ਹੀ ਹੋਇਆ। 17ਵੀਂ ਸਦੀ ਵਿੱਚ ਫ੍ਰੈਂਕਲਿਨ ਦੀ ਬਿਜਲਈ ਰੌਸ਼ਨੀ (Lightning Rod) ਅਤੇ ਵਾਟ (Watt's) ਦੇ ਭਾਫ਼-ਇੰਜ਼ਣ ਜਿਹੇ ਆਵਿਸ਼ਕਾਰਾਂ ਨਾਲ 18ਵੀਂ ਸ਼ਤਾਬਦੀ ਤੋਂ ਇਸ ਫਲ਼ ਨੂੰ ਮਾਣਦੇ ਰਹੇ ਹਨ ਜਿਸਦਾ ਲਿਸਲਿਸਾ ਕਾਫ਼ੀ 21ਵੀਂ ਸਦੀ ਸ਼ੁਰੂ ਹੋਣ ਤੱਕ ਜਾਰੀ ਹੈ। ਇਹਨਾਂ ਮੁਲਕਾਂ ਨੇ ਪੂਰਬ ਦੇ, ਜੋ ਸਦੀਆਂ ਤੱਕ ਪਿਛੜੇ ਰਹੇ, ਚੀਨ ਤੇ ਹੋਰ ਇਸਲਾਮਿਕ ਮੁਲਕਾਂ ਦੇ ਮੁਕਾਬਲੇ ਹੈਰਾਨੀਜਨਕ ਰੂਪ ਨਾਲ ਵਿਕਾਸ ਕੀਤਾ ਹੈ।

ਮਨੁੱਖ ਜਾਤੀ ਦੇ ਇਤਿਹਾਸ ਵਿੱਚ ਮੱਧ ਸ਼੍ਰੇਣੀ ਨੂੰ ਪਹਿਲੀ ਵਾਰ ਸਨਮਾਨ ਤੇ ਸੰਤੁਤਰਤਾ ਪ੍ਰਾਪਤ ਹੋਈ ਤਾਂ ਹੈਰਾਨੀਜਨਕ ਨਤੀਜੇ ਪ੍ਰਾਪਤ ਹੋਏ। ਜਿਵੇਂ: ਭਾਫ ਦਾ ਇੰਜਣ, ਕੱਪੜਾ ਬਨਾਉਣ ਵਾਲੀ ਸਵੈਚਾਲਿਤ ਖੱਡੀ, ਅਸੈਂਬਲੀ ਲਾਈਨ, ਸੁਰ-ਸੰਗੀਤ ਵਾਲਾ ਆਰਕੈਸਟਰਾ (ਭਿੰਨ-ਭਿੰਨ ਸਾਜਾਂ ਦਾ ਸੰਯੁਕਤ ਸੰਗੀਤ), ਰੇਲਾਂ, ਵਿਉਪਾਰ ਸੰਘ, ਦਾਸ-ਪ੍ਰਥਾ ਦਾ ਅੰਤ, ਭਾਫ਼ ਨਾਲ ਚੱਲਣ ਵਾਲੀ ਪ੍ਰਿੰਟਿੰਗ ਪ੍ਰੈੱਸ, ਸਸਤਾ ਕਾਗਜ਼, ਸਿੱਖਿਆ ਦਾ ਪਸਾਰ, ਸਸਤਾ ਸਟੀਲ, ਸਸਤੇ ਬਰਤਨ, ਆਧੁਨਿਕ ਵਿਸ਼ਵ-ਵਿਦਿਆਲੇ, ਆਧੁਨਿਕ ਸਮਾਚਾਰ ਪੱਤਰ, ਸਾਫ਼ ਪਾਣੀ, ਸ਼ਕਤੀਸ਼ਾਲੀ ਕੰਕਰੀਟ, ਨਾਰੀ ਅੰਦਲੋਨ, ਬਿਜਲਈ ਪ੍ਰਕਾਸ਼, ਲਿਫਟ, ਮੋਟਰ ਵਾਹਨ, ਪੈਟਰੋਲ, ਯੈਲੋਸਟੋਨ ਵਿੱਚ ਛੁੱਟੀਆਂ, ਪਲਾਸਟਿਕ, ਹਰ ਸਾਲ ਪੰਜ ਲੱਖ ਅੰਗਰੇਜ਼ੀ ਭਾਸ਼ਾ ਦੀਆਂ ਪੁਸਤਕਾਂ ਦਾ ਪ੍ਰਕਾਸ਼ਨ, ਹਾਈਬ੍ਰਿਡ ਮੱਕੀ, ਛੂਤ ਰੋਗਾਂ ਨੂੰ ਰੋਕਣ ਵਾਲੀ ਦਵਾਈ (Penicillin), ਹਵਾਈ ਜਹਾਜ਼, ਸਾਫ਼-ਸੁਥਰੇ ਸ਼ਹਿਰ, ਨਾਗਰਿਕ ਅਧਿਕਾਰ, ਦਿਲ ਦਾ ਇਲਾਜ਼ (Open Heart Surgery) ਅਤੇ ਕੰਪਿਊਟਰ।

ਸਮੁੱਚੇ ਮਨੁੱਖੀ ਇਤਿਹਾਸ ਵਿੱਚ ਨਤੀਜੇ ਇਸ ਪ੍ਰਕਾਰ ਵਿਲੱਖਣ ਤੇ ਸਾਰਥਕ ਰਹੇ ਕਿ ਆਮ ਇਨਸਾਨ ਅਤੇ ਵਿਸ਼ੇਸ਼ ਤੌਰ ਤੇ ਬਹੁਤ ਜ਼ਿਆਦਾ ਗਰੀਬ ਲੋਕ ਪਹਿਲਾਂ ਦੇ ਮੁਕਾਬਲੇ ਬਹੁਤ ਬਿਹਤਰ ਹੋ ਗਏ। ਇਸ ਸੰਬੰਧ ਵਿੱਚ ਮੱਧ ਸ਼੍ਰੇਣੀ ਦਾ ਵਿਉਪਾਰਕ ਵਿਹਾਰ ਤੇ ਮਿਹਨਤ ਯਾਦ ਕੀਤੀ ਜਾ ਸਕਦੀ ਹੈ। ਅਮਰੀਕਾ ਦੀ ਕੁੱਲ ਜਨਸੰਖਿਆ ਵਿੱਚੋਂ ਪੰਜ ਪ੍ਰਤੀਸ਼ਤ ਗਰੀਬ ਆਬਾਦੀ ਅਜਿਹੀਆ ਵਾਤਾਵਰਣ ਦੇ ਅਨੁਕੂਲ ਮਸ਼ੀਨਾ ਅਤੇ ਮੋਟਰ ਗੱਡੀਆਂ ਦੀ ਵਰਤੋਂ ਕਰਦੀ ਹੈ, ਜਿਨ੍ਹਾਂ ਦੀ ਵਰਤੋਂ ਭਾਰਤ ਜਿਹੇ ਦੇਸ਼ ਵਿੱਚ ਉੱਚ ਅਮੀਰ ਵਰਗੀ ਲੋਕ ਹੀ ਕਰ ਸਕਦੇ ਹਨ।

ਹੁਣ ਅਜਿਹੀ ਹੀ ਤਬਦੀਲੀ ਦੁਨੀਆਂ ਦੀ ਕੁੱਲ ਆਬਾਦੀ ਦੀ ਚਾਲੀ (40) ਪ੍ਰਤੀਸ਼ਤ ਵਾਲੇ ਦੇਸ਼ ਚੀਨ ਤੇ ਭਾਰਤ ਵਿੱਚ ਵਾਪਰਦੇ ਹੋਏ ਵੇਖੀ ਜਾ ਸਕਦੀ ਹੈ। ਸਾਡੇ ਸਮੇਂ ਦੀ ਸਭ ਤੋਂ ਵੱਡੀ ਆਰਥਿਕ ਕਹਾਣੀ 2007-09 ਦੀ ਮਹਾਂਮੰਦੀ ਨਹੀਂ ਹੈ (ਭਾਵੇਂ ਕਿ ਇਹ ਦੁਖਦਾਈ ਜ਼ਰੂਰ ਸੀ)। ਪਰੰਤੂ ਵੱਡੀ ਕਹਾਣੀ ਤਾਂ ਇਹ ਸੀ ਕਿ ਚੀਨ ਨੇ 1918 ਵਿੱਚ ਅਤੇ ਬਾਅਦ ਵਿੱਚ ਭਾਰਤ ਨੇ 1991 ਵਿੱਚ ਅਰਥ-ਵਿਵਸਥਾ ਦੇ ਖੇਤਰ ਵਿੱਚ ਉਦਾਰਵਾਦੀ ਨੀਤੀਆਂ ਨੂੰ ਅਪਣਾਇਆ ਅਤੇ 'ਵਿਨਾਸ਼ਕ ਸਿਰਜਣਾ'

ਦਾ ਸਵਾਗਤ ਕੀਤਾ। ਹੁਣ ਇਨ੍ਹਾਂ ਮੁਲਕਾਂ ਵਿੱਚ ਪ੍ਰਤੀ ਵਿਅਕਤੀ ਵਸਤੂਆਂ ਤੇ ਸੁਵਿਧਾਵਾਂ ਦੀ ਸੰਖਿਆ ਹਰੇਕ ਪੀੜ੍ਹੀ ਤੋਂ ਬਾਅਦ ਚਾਰ ਗੁਣਾਂ ਵੱਧ ਰਹੀ ਹੈ।

ਹੁਣ ਤੱਕ, ਉਹਨਾਂ ਅਨੇਕਾਂ ਥਾਂਵਾਂ ਉੱਤੇ ਜਿੱਥੇ ਮੱਧ-ਸ਼੍ਰੇਣੀ ਦੀ ਸੁਤੰਤਰਤਾ ਤੇ ਸਨਮਾਨ ਜਹੇ ਗੁਣਾਂ ਨੂੰ ਅਪਣਾ ਲਿਆ ਗਿਆ ਹੈ। ਉੱਥੇ ਇਕ ਇਨਸਾਨ ਹਰ ਰੋਜ਼ ਔਸਤਨ ਸ਼ੌ ਡਾਲਰ ਤੋਂ ਵੱਧ ਕਮਾਉਂਦਾ ਹੈ ਅਤੇ ਉਸਦਾ ਆਨੰਦ ਮਾਣਦਾ ਹੈ। ਯਾਦ ਰਹੇ ਕਿ ਦੋ ਸਦੀਆਂ ਪਹਿਲਾਂ ਤੱਕ ਇਸੇ ਹੀ ਮਹਿੰਗਾਈ ਵਿੱਚ ਇਹ ਕਮਾਈ ਤਿੰਨ ਡਾਲਰ ਪ੍ਰਤੀ ਦਿਨ ਹੋਇਆ ਕਰਦੀ ਸੀ। ਇਸ ਵਿੱਚ ਇਲੈਕਟ੍ਰਿਕ ਗਿਟਾਰ ਤੋਂ ਲੈ ਕੇ ਐਂਟੀਬਾਇਉਟਿਕਸ ਤੱਕ, ਸਾਰੀਆਂ ਵਸਤੂਆਂ ਦੀ ਗੁਣਾਤਮਕਤਾ ਵਿੱਚ ਹੋਏ ਮਾੜੇ-ਮੋਟੇ ਜਿਹੀਆ ਗੱਲਾਂ ਸ਼ਾਮਿਲ ਨਹੀਂ ਹਨ। ਰੂੜੀਵਾਦੀ ਪ੍ਰਣਾਲੀ ਨਾਲ ਮਾਪੇ ਜਾਣ ਦੇ ਬਾਵਜੂਦ ਜਾਪਾਨ, ਨਾਰਵੇ ਅਤੇ ਇਟਲੀ ਦੀ ਪੀੜ੍ਹੀ ਭੌਤਿਕਵਾਦੀ ਪਰਿਸਥਿਤੀਆਂ ਵਿੱਚ ਆਪਣੇ ਦਾਦੇ ਦੇ ਦਾਦੇ, ਉਹਨਾਂ ਦੇ ਦਾਦੇ ਦੇ ਦਾਦੇ, ਉਹਨਾਂ ਦੇ ਦਾਦੇ ਦੇ ਦਾਦੇ ਦੀ ਤੁਲਨਾ ਵਿੱਚ ਲਗਭਗ ਤਿੰਨ ਗੁਣਾਂ ਬਿਹਤਰ ਜ਼ਿੰਦਗੀ ਜਿਉ ਰਹੀ ਹੈ। ਆਧੁਨਿਕ ਵਿਸ਼ਵ ਦੀਆਂ ਹੋਰ ਸਾਰੀਆਂ ਉਪਲਭਦੀਆਂ ਜਿਵੇਂ: ਵਿਆਪਕ ਲੋਕਤੰਤਰ, ਔਰਤਾਂ ਦੀ ਆਜ਼ਾਦੀ, ਬਿਹਤਰ ਜੀਵਨ ਦਾ ਸੁਪਨਾ, ਵੱਡੇ ਪੈਮਾਨੇ ਦੀ ਸਿੱਖਿਆ, ਅਧਿਆਤਮਕ ਵਿਕਾਸ, ਵਿਨਾਸ਼ਕ ਸਿਰਜਣਾ ਆਦਿ ਆਧੁਨਿਕ ਇਤਿਹਾਸ ਦੇ ਇੱਕ ਮਹਾਨ ਤੱਥ ਨਾਲ ਮਜ਼ਬੂਤੀ ਨਾਲ ਜੁੜੀਆ ਹੋਈ ਹਨ ਕਿ ਭੋਜਨ, ਸਿੱਖਿਆ ਅਤੇ ਯਾਤਰਾ ਵਿੱਚ 2900 ਪ੍ਰਤੀਸ਼ਤ ਦਾ ਵਾਧਾ ਹੋਇਆ।

ਮਹਾਨ ਤੱਥ ਏਨਾ ਵਿਆਪਕ ਅਤੇ ਏਨਾ ਵਿਲੱਖਣ ਹੁੰਦਾ ਹੈ ਕਿ ਇਸ ਨੂੰ ਇਕੋ ਵਾਰ ਵਿੱਚ ਵੇਖ ਸਕਣਾ ਨਾਮੁਨਕਿਨ ਹੁੰਦਾ ਹੈ ਪਰੰਤੂ ਇਸਦੀ ਵਿਆਪਕਤਾ ਕਾਰਣ ਇਸਨੂੰ ਰੋਜ਼ਗਰਾਂ ਦੇ ਜੀਵਨ ਵਿੱਚ ਹਰ ਜਗ੍ਹਾਂ ਮਹਿਸੂਸ ਕੀਤਾ ਜਾ ਸਕਦਾ ਹੈ ਜਿਵੇਂ ਵਿਉਪਾਰ ਜਾਂ ਸ਼ੋਸ਼ਣ ਜਾਂ ਫਿਰ ਨਿਵੇਸ਼ ਜਾ ਸਾਮਰਾਜਵਾਦ ਆਦਿ ਜੁੜੇ ਤੱਥ ਦੀ ਵਿਆਖਿਆ ਸਹੀ ਰੂਪ ਵਿੱਚ ਅਰਥ-ਸ਼ਾਸਤ੍ਰੀ ਹੀ ਕਰ ਸਕਦੇ ਹਨ। ਹੁਣ ਤੱਕ ਰੋਜ਼ਮਰਾਂ ਦੇ ਜੀਵਨ ਨਾਲ ਜੁੜੇ ਅਜਿਹੇ ਵਿਹਾਰ ਵੱਡੇ ਪੈਮਾਨੇ 'ਤੇ ਰੋਮ ਅਤੇ ਦੱਖਣੀ ਏਸ਼ੀਆ ਦੇ ਚੀਨ ਅਤੇ ਤੁਰਕ ਸਾਮਰਾਜ ਦੇ ਦੌਰਾਨ ਵੇਖੇ ਗਏ ਹਨ। ਮੱਧ-ਏਸ਼ੀਆ ਵਿੱਚ ਦਾਸ ਪ੍ਰਥਾ ਦਾ ਰਿਵਾਜ਼ ਸੀ, ਜਿਸਦਾ ਭਾਰਤ ਵਿੱਚ ਵੱਡੇ ਪੈਮਾਨੇ ਤੇ ਵਿਉਪਾਰ ਹੁੰਦਾ ਸੀ ਅਤੇ ਇਨ੍ਹਾਂ ਨੂੰ ਚੀਨ ਦੀਆਂ ਨਹਿਰਾਂ ਤੇ ਰੋਮ ਦੀਆਂ ਸੜਕਾਂ ਬਣਾਉਣ ਲਈ ਵੱਡੇ ਪੈਮਾਨੇ ਤੇ ਵਰਤਿਆ ਗਿਆ। ਇਸਦੇ ਬਾਵਜੂਦ ਇਸ ਨਾਲ ਸੰਬੰਧਿਤ ਕੋਈ ਮਹਾਨ ਤੱਥ ਸਾਹਮਣੇ ਨਹੀਂ ਆਇਆ। ਨਿਸ਼ਚਿਤ ਤੌਰ ਤੇ ਅਰਥ-ਸ਼ਾਸਤ੍ਰੀਆਂ ਤੋਂ ਕੋਈ ਭਾਰੀ ਭੁੱਲ ਹੋਈ ਹੈ।

ਦੂਸਰੇ ਸ਼ਬਦਾਂ ਵਿੱਚ ਕਹੀਏ ਤਾਂ, ਆਧੁਨਿਕ ਵਿਸ਼ਵ ਦੀ ਵਿਆਖਿਆ ਕਰਨ ਲਈ ਸਿਰਫ਼ ਆਰਥਿਕ ਭੌਤਿਕਵਾਦ ਉੱਤੇ ਨਿਰਭਰ ਰਹਿਣਾ ਗਲਤ ਹੋਵੇਗਾ। ਫਿਰ

ਚਾਹੇ ਇਹ ਭੌਤਿਕਵਾਦ ਖੱਬੀ ਪੱਖੀ ਸੋਚ ਵਾਲਿਆ ਦਾ ਇਤਿਹਾਸਕ ਭੌਤਿਕਵਾਦ ਹੋਵੇ ਜਾਂ ਦੱਖਣ ਪੰਥੀ ਸੋਚ ਵਾਲਿਆ ਦਾ ਅਰਥ-ਸ਼ਾਸਤ੍ਰ। ਮਨੁੱਖੀ ਗੋਰਵ ਅਤੇ ਆਜ਼ਾਦੀ ਦੇ ਸੰਕਲਪਾਂ/ਵਿਚਾਰਾਂ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ ਹੈ। ਆਰਥਿਕ ਇਤਿਹਾਸਕਾਰ ਜੋਇਲ ਮੋਕਿਰ ਦੇ ਅਨੁਸਾਰ, "ਸਾਰੇ ਕਾਲਾਂ ਵਿੱਚ ਆਰਥਿਕ ਤਬਦੀਲੀ ਲੋਕਾਂ ਦੀ ਸਹਿਮਤੀ ਤੇ ਵਿਸ਼ਵਾਸ਼ ਉਪਰ ਬਹੁਤ ਨਿਰਭਰ ਕਰਦੀ ਰਹੀ ਹੈ। ਉਸਤੋਂ ਵੀ ਜ਼ਿਆਦਾ ਜਿੰਨੀ ਕਿ ਜ਼ਿਆਦਾਤਰ ਅਰਥ-ਸ਼ਾਸਤ੍ਰੀ ਸੋਚਦੇ ਹਨ।" ਵਿਸ਼ਾਲ ਭੌਤਿਕ ਤਬਦੀਲੀਆਂ ਨਤੀਜੇ ਹਨ, ਨਾ ਕਿ ਕਾਰਣ। ਇਹ ਇਕ ਵਿਚਾਰ ਸੀ ਜਾਂ ਸ਼ਾਇਦ ਇਹ ਭਾਸ਼ਣ ਕਲਾ ਜੋ ਸਾਡੀ ਅਮੀਰੀ ਦਾ ਕਾਰਣ ਬਣੀ ਜਿਸਦੇ ਜਰੀਏ ਸਾਡੀ ਆਧੁਨਿਕ ਸੁਤੰਤਰਤਾ ਮੁਮਕਿਨ ਹੋ ਸਕੀ।

# ਮੁਕਾਬਲਾ ਅਤੇ ਸਹਿਯੋਗ

**ਡੇਵਿਡ ਬੋਇਜ਼**

*ਇਸ ਸੰਬੰਧ ਵਿਚ ਥਿੰਕਟੈਂਕ ਅਧਿਕਾਰੀ ਤੇ ਵਿਦਵਾਨ ਡੇਵਿਡ ਬੋਇਜ਼ ਨੇ ਮੁਕਾਬਲੇ ਅਤੇ ਸਹਿਯੋਗ ਦੇ ਦਰਮਿਆਨ ਗਤੀਸ਼ੀਲ ਸੰਬੰਧਾਂ ਨੂੰ ਪੇਸ਼ ਕੀਤਾ ਹੈ। ਕਿਉਂਕਿ ਸਮਾਜ ਦੇ ਦਰਮਿਆਨ ਢਾਂਚਾ ਕਿਸੇ ਨਾ ਕਿਸੇ ਸਿਧਾਂਤ ਉਤੇ ਆਧਾਰਿਤ ਹੁੰਦਾ ਹੈ, ਇਸ ਲਈ ਅਜਿਹੇ ਸੰਬੰਧ ਮਜ਼ਬੂਤ ਸਹਿਯੋਗੀ ਧਿਰਾਂ ਦੀ ਉਦਾਹਰਣ ਨਾਲ ਪੇਸ਼ ਕੀਤੇ ਜਾਂਦੇ ਹਨ। ਇਸ ਤੋਂ ਉਲਟ ਬੋਇਜ਼ ਦੀ ਵਿਆਖਿਆ ਅਨੁਸਾਰ ਪੂੰਜੀਵਾਦੀ ਵਿਵਸਥਾ ਵਿਚ ਲੋਕ ਮੁਕਾਬਲਾ ਕਰਦੇ ਹਨ, ਤਾਂ ਜੋ ਦੂਸਰਿਆਂ ਨਾਲ ਸਹਿਯੋਗ ਕਰ ਸਕਣ।*

*ਡੇਵਿਡ ਬੋਇਜ਼ ਕੈਟੋ ਇੰਨਸਟੀਚਿਊਟ ਦੇ ਕਾਰਜਕਾਰੀ ਉਪ-ਪ੍ਰਧਾਨ ਅਤੇ ਸਟੂਡੈਂਟ ਫ਼ਾਰ ਲਿਬਰਟੀ ਦੇ ਸਲਾਹਕਾਰ ਹਨ। ਉਹ 'ਲਿਬਰਟੇਰੀਅਨਇਜ਼ਮ: ਏ ਪ੍ਰਾਇਮਰ' ਦੇ ਲੇਖਕ ਹਨ ਅਤੇ 'ਲਿਬਰਟੇਰੀਅਨ ਰੀਡਰ: ਕਲਾਸਿਕ ਐਂਡ ਕਨਟੈਂਪੋਰੇਰੀ ਰਾਇਟਿੰਗਸ ਫਰਾੱਮ ਲਾਓ ਤਜ਼ੂ ਟੂ ਮਿਲਟਨ ਫਰੀਡਮੈਨ' ਸਮੇਤ 15 ਹੋਰ ਕਿਤਾਬਾਂ ਦੇ ਸੰਪਾਦਕ ਵੀ ਹਨ। ਉਹ ਨਿਊਯਾਰਕ ਟਾਇਮਸ, ਦ ਵਾਲ ਸਟ੍ਰੀਟ ਜਰਨਲ ਅਤੇ ਦ ਵਾਸ਼ਿੰਗਟਨ ਪੋਸਟ ਆਦਿ ਅਖ਼ਬਾਰਾ ਦੇ ਲਈ ਲਿਖਦੇ ਵੀ ਰਹੇ ਹਨ। ਉਹ ਇਸ ਤੋਂ ਇਲਾਵਾ ਰੇਡਿਓ ਅਤੇ ਟੈਲੀਵਿਜ਼ਨ ਤੇ ਕਮੈਂਟਰੀ ਕਰਦੇ ਹਨ ਅਤੇ ਕੈਟੋ/ਲਿਬਰਟੀ, ਦ ਗਾਰਜੀਅਨ, ਦ ਆਸਟ੍ਰੇਲੀਅਨ ਤੇ ਦ ਐਨਸਾਈਕਲੋਪੀਡੀਆ ਬ੍ਰੀਟੈਨਿਕਾ ਦੇ ਲਈ ਨਿਯਮਿਤ ਤੌਰ 'ਤੇ ਬਲਾਗਸ ਲਿਖਦੇ ਹਨ।*

ਬਾਜ਼ਾਰ ਦੀ ਪਰਕਿਰਿਆ ਦੇ ਸਮਰਥਕ ਅਸਲ ਵਿਚ ਮੁਕਾਬਲੇ ਦੇ ਮੁਨਾਫ਼ਿਆ ਉੱਪਰ ਜ਼ੋਰ ਦੇਂਦੇ ਹਨ। ਮੁਕਾਬਲੇ ਦੀ ਪ੍ਰਕ੍ਰਿਆ ਲੋਕਾਂ ਨੂੰ ਸਹੀ ਰੂਪ ਵਿਚ ਪ੍ਰਯੋਗ, ਕਾਢਾਂ ਤੇ ਪਰਿਵਰਤਨਸ਼ੀਲ ਪਰਿਸਥਿਤੀਆਂ ਦੀ ਪ੍ਰਕਿਰਿਆ ਵਿੱਚ ਓਸਦੇ ਨਾਲ ਅੰਤਰ ਸੰਵਾਦ ਸਥਾਪਿਤ ਕਰਨ ਦੀ ਆਗਿਆ ਪ੍ਰਦਾਨ ਕਰਦੀ ਹੈ। ਇਹ ਆਪਣੇ ਉਪਭੋਗਤਾਵਾਂ ਦੀ ਸੇਵਾ ਲਈ ਕਾਰੋਬਾਰ ਨੂੰ ਲਗਾਤਾਰ ਮਜ਼ਬੂਤ ਸਥਿਤੀ ਵਿੱਚ ਖੜ੍ਹੇ ਰਹਿਣ ਲਈ ਮਜ਼ਬੂਰ ਕਰਦਾ ਹੈ। ਇਹ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ ਕਿ ਮੁਕਾਬਲਾ ਪ੍ਰਣਾਲੀ, ਕੇਂਦਰ-ਯੁਕਤ ਵਿਵਸਥਾ ਅਤੇ ਏਕਾਧਿਕਾਰ ਯੁਕਤ ਪ੍ਰਣਾਲੀ ਦੀ ਤੁਲਨਾ ਵਿਚ ਵਿਸ਼ਲੇਸ਼ਣਾਤਮਕ ਅਤੇ ਅਨੁਭਵਸ਼ੀਲ ਦੋਵੇਂ ਪ੍ਰਕਾਰ ਨਾਲ ਜ਼ਿਆਦਾ ਬਿਹਤਰ ਨਤੀਜੇ ਪ੍ਰਦਾਨ ਕਰਦੀ ਹੈ। ਇਹੋ ਕਾਰਣ ਹੈ ਕਿ ਮੁਕਤ-ਬਾਜ਼ਾਰ ਪ੍ਰਣਾਲੀ ਦੀ ਟੈਲੀਵਿਜ਼ਨ ਓਪਰ ਚਰਚਾ ਵਿਚ ਹਮੇਸ਼ਾ ਬਾਜ਼ਾਰ ਵਿਚਲੇ ਮੁਕਾਬਲੇ ਦੇ ਮਹੱਤਵ

ਓਪਰ ਜ਼ੋਰ ਦਿੱਤਾ ਜਾਂਦਾ ਹੈ ਅਤੇ ਮੁਕਾਬਲੇ ਓਪਰ ਰੋਕ ਲਗਾਉਣ ਵਾਲੇ ਨਿਯਮਾਂ ਦਾ ਵਿਰੋਧ ਕਰਦੇ ਹਨ।

ਪਰੰਤੂ ਵੱਡੀ ਤਾਦਾਦ ਵਿਚ ਲੋਕ ਮੁਕਾਬਲੇ ਦੀ ਪ੍ਰਸ਼ੰਸਾ ਸੁਣਦੇ ਤਾਂ ਹਨ ਪਰੰਤੂ ਇਸਦਾ ਅਰਥ ਵੈਰ-ਵਿਰੋਧ, ਗਲਵੱਢ ਮੁਕਾਬਲਾ ਜਾਂ ਕਿਸੇ ਪ੍ਰਕਾਰ ਇਕ ਦੂਸਰੇ ਨੂੰ ਨੁਕਸਾਨ ਪਹੁੰਚਾਉਂਦੇ ਹੋਏ ਅੱਗੇ ਨਿਕਲਣ ਤੋਂ ਲਗਾਉਂਦੇ ਹਨ। ਉਹਨਾਂ ਨੂੰ ਹੈਰਾਨੀ ਹੁੰਦੀ ਹੈ ਕਿ, ਕੀ ਵਿਸ਼ਵ ਦੀ ਭਲਾਈ ਲਈ ਸਹਿਯੋਗ ਵਿਰੋਧਤਾ ਪੂਰਨ ਰਵੱਈਏ ਤੋਂ ਜ਼ਿਆਦਾ ਬਿਹਤਰ ਨਹੀਂ ਹੋਵੇਗਾ? ਉਦਾਹਰਣ ਲਈ ਕਰੋੜਪਤੀ ਨਿਵੇਸ਼ਕ ਜਾਰਜ ਸੋਰੋਸ ਪੱਤ੍ਰਿਕਾ ਐਟਲਾਂਟਿਕ ਮਾਸਿਕ ਵਿਚ ਲਿਖਦੇ ਹਨ ਕਿ, "ਬਹੁਤ ਜ਼ਿਆਦਾ ਮੁਕਾਬਲਾ ਅਤੇ ਬਹੁਤ ਘੱਟ ਸਹਿਯੋਗ ਨਾ ਸਹਿਣ ਵਾਲੀ ਅਸਮਾਨਤਾ ਅਤੇ ਸਥਿਰਤਾ ਦਾ ਕਾਰਣ ਬਣ ਸਕਦੀ ਹੈ"। ਅੱਗੇ ਉਹ ਲਿਖਦੇ ਹਨ ਕਿ" ਮੁੱਖ ਬਿੰਦੂ ਇਹ ਹੈ ਕਿ ਸਹਿਕਾਰਤਾ ਵੀ ਵਿਵਸਥਾ ਦਾ ਉਨਾ ਹੀ ਪ੍ਰਮੁੱਖ ਹਿੱਸਾ ਹੈ ਜਿੰਨਾ ਕਿ ਮੁਕਾਬਲਾ ਅਤੇ 'ਸਰਵਾਈਵਲ ਆਫ਼ ਦ ਫਿਟੇਸਟ' ਦਾ ਨਾਰਾ ਇਸ ਤੱਥ ਨੂੰ ਖੰਡਿਤ ਕਰਦਾ ਹੈ।"

ਹੁਣ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮੁਕਤ ਬਾਜ਼ਾਰ ਅਤੇ ਸੁਤੰਤਰਤਾ ਦੀ ਵਕਾਲਤ ਕਰਨ ਵਾਲਿਆ ਦੁਆਰਾ ਬਹੁਤ ਘੱਟ 'ਸਰਵਾਈਵਲ ਆਫ਼ ਦ ਫਿਟੇਸਟ' ਕਹਾਵਤ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਕਹਾਵਤ ਦੀ ਸਿਰਜਣਾ ਜੈਵਿਕ ਵਿਕਾਸ ਦੀ ਵਿਆਖਿਆ ਕਰਨ ਲਈ ਹੋਈ ਸੀ ਜੋ ਕਿ ਵਾਤਾਵਰਣ ਦੇ ਨਾਲ ਅਨੁਕੂਲਤਾ ਦੀ ਖਾਸੀਅਤ ਨੂੰ ਪੇਸ਼ ਕਰਨ ਲਈ ਜ਼ਿਆਦਾ ਮੁਨਾਸਿਬ ਹੈ। ਇਹ ਬਾਜ਼ਾਰ ਵਿਚ ਦੋ ਉਦਮਾਂ ਦੇ ਦਰਮਿਆਨ ਮੁਕਾਬਲੇ ਓਪਰ ਵੀ ਭਾਵੇਂ ਲਾਗੂ ਹੋ ਜਾਵੇ ਪਰੰਤੂ ਇਸਦਾ ਉਦੇਸ਼ ਪੂੰਜੀਵਾਦੀ ਵਿਵਸਥਾ ਵਿਚ ਸਿਰਫ਼ ਸਰਵ-ਉੱਤਮ ਵਿਅਕਤੀਆਂ ਦੀ ਮੌਜੂਦਗੀ ਦੇ ਸੰਬੰਧ ਵਿਚ ਲਾਗੂ ਕਰਨਾ ਕਦੇ ਨਹੀਂ ਰਿਹਾ। ਆਰਥਿਕ ਮੁਕਾਬਲੇ ਦੀ ਵਿਆਖਿਆ ਕਰਨ ਲਈ ਸਰਵਾਈਵਲ ਆਫ਼ ਦ ਫਿਟੇਸਟ ਸ਼ਬਦਾ ਦਾ ਪ੍ਰਯੋਗ ਕਰਨ ਵਾਲੇ ਬਾਜ਼ਾਰ ਦੇ ਮਿੱਤਰ ਨਹੀਂ ਦੁਸ਼ਮਣ ਹਨ।

ਇਹ ਗੱਲ ਸਪੱਸ਼ਟ ਕਰ ਦੇਣੀ ਜਰੂਰੀ ਹੈ ਕਿ 'ਮਨੁੱਖ, ਸਹਿਯੋਗ ਦੇ ਲਈ ਪੈਦਾ ਹਇਆ ਹੈ ਨਾ ਕਿ ਮੁਕਾਬਲੇ ਲਈ'- ਇਹ ਕਹਿਣ ਵਾਲੇ ਇਸ ਗੱਲ ਨੂੰ ਸਮਝਣ ਵਿਚ ਅਸਫਲ ਰਹੇ ਹਨ ਕਿ ਬਾਜ਼ਾਰ ਸਹਿਯੋਗ ਹੀ ਹੈ। ਅਸਲ ਵਿਚ 'ਜਿਵੇਂ ਕਿ ਹੇਠਾ ਚਰਚਾ ਕੀਤੀ ਹਈ ਹੈ, ਇਹ ਲੋਕ ਹੀ ਹਨ ਜੋ ਸਹਿਯੋਗ ਕਰਨ ਦੇ ਲਈ ਮੁਕਾਬਲਾ ਕਰਦੇ ਹਨ।

## ਵਿਅਕਤੀਗਤ ਅਤੇ ਸਮੁਦਾਇ

ਇਸੇ ਪ੍ਰਕਾਰ ਸਥਾਪਿਤ ਉਦਾਰਵਾਦ ਦੀ ਸ਼ਣਾਖਤ ਕਰਨ ਵਾਲੇ ਉਦਾਰਵਾਦੀਆਂ ਉਪਰ ਪਰਮਾਣੂਵਾਦੀ ਸੰਬਧ ਆਧਾਰਿਤ ਵਿਅਕਤੀਵਾਦ ਨੂੰ ਉਤਸ਼ਾਹਿਤ ਕਰਨ (ਜਿਸ ਵਿਚ ਕਿ ਹਰ ਵਿਅਕਤੀ ਆਪਣੇ ਆਪ ਦੇ ਲਈ ਇਕ

ਵੱਖਰੇ ਟਾਪੂ (Island) ਦੀ ਇੱਛਾ ਰੱਖਦਾ ਹੈ ਅਤੇ ਦੂਸਰਿਆਂ ਦੀਆਂ ਇੱਛਾਵਾ ਅਤੇ ਜ਼ਰੂਰਤਾਂ ਦੇ ਲਈ ਇਸ ਦੇ ਮਨ ਵਿਚ ਸਨਮਾਨ ਦੀ ਕੋਈ ਭਾਵਨਾ ਨਹੀਂ ਰਹਿੰਦੀ) ਜਹੇ ਆਰੋਪ ਲਗਾਉਣ ਵਿਚ ਤਨਦੇਹੀ ਨਾਲ ਲੱਗੇ ਰਹਿੰਦੇ ਹਨ। ਵਾਸ਼ਿੰਗਟਨ ਪੋਸਟ ਦੇ ਈ.ਜੇ ਡਾਇਨੇ ਜੂਨੀਅਰ ਨੇ ਲਿਖਿਆ ਹੈ ਕਿ ਆਧੁਨਿਕ ਉਦਾਰਵਾਦੀ ਮੰਨਦੇ ਹਨ ਕਿ "ਵਿਅਕਤੀ ਦੁਨੀਆਂ ਵਿਚ ਪੂਰਨ ਸਵੈਰੂਪ ਵਿਚ ਬਤੌਰ ਬਾਲਿਗ ਠਹਿਰਾਇਆ ਜਾ ਸਕਦਾ ਹੈ।" ਸਤੰਬਕਾਰ ਚਾਰਲਸ ਕਰਾਥੈਮਪਰ ਨੇ ਕਾਰਲਸ ਮਰੇ ਦੀ 'ਵੱਟ ਇਟ ਮੀਨਸ ਟੂ ਬੀ ਏ ਲਿਬਰਟੇਰਿਅਨ ਦੀ ਸਮੀਖਿਆ ਕਰਦੇ ਹੋਇਆ ਲਿਖਿਆ ਹੈ ਜੱਦ ਤੱਕ ਮਰੇ ਉਦਾਰਵਾਦੀ ਵਿਚਾਰਧਾਰਾ ਦੇ ਸੰਪਰਕ ਵਿਚ ਨਹੀਂ ਆਏ ਸਨ, ਉਹ "ਪਹਾੜ ਦੀ ਟੀਸੀ 'ਤੇ ਕੰਡਿਆਲੀਆ ਤਾਰਾਂ ਨਾਲ ਘਿਰੇ ਅਤੇ ਬਾਹਰ 'ਅਤਿਕਰਮਣ ਨਾ ਕਰੋ' ਲਿਖੇ ਕੋਠੀ ਵਿਚ ਰਹਿਣ ਵਾਲੇ ਵਿਅਕਤੀਵਾਦੀਆਂ ਦੀ ਪ੍ਰਜਾਤੀ ਦੇ ਸਨ"। ਸਕਲਪਨਾ ਵੀ ਨਹੀਂ ਕਰ ਸਕਦਾ ਕਿ ਉਹ "ਮਜਬੂਤ ਹਥਿਆਰਬੰਦ" ਲੋਕਾਂ ਨੂੰ ਸ਼ਾਮਿਲ ਕਰਨ ਦੀ ਅਣਦੇਖੀ ਕਿਵੇਂ ਕਰ ਸਕਦੇ ਹਨ।

ਕੋਈ ਵੀ ਵਿਅਕਤੀ ਅਸਲ ਵਿਚ "ਸਿਰਫ ਵਿਅਕਤੀਵਾਦ ਵਿਚ ਵਿਸ਼ਵਾਸ਼ ਨਹੀਂ ਕਰਦਾ। ਜਿਵੇਂ ਕਿ ਪ੍ਰੋਫੈਸਰ ਅਤੇ ਵਿਦਵਾਨਾਂ ਦੁਆਰਾ ਮਜ਼ਾਕ ਉਡਾਇਆ ਜਾਂਦਾ ਹੈ, ਅਸੀਂ ਤਾਂ ਸਾਰਿਆ ਦੇ ਨਾਲ ਰਹਿੰਦੇ ਅਤੇ ਸਮੂਹ ਵਿਚ ਕੰਮ ਕਰਦੇ ਹਾਂ। ਸਾਡੇ ਆਧੁਨਿਕ ਤੇ ਇਕ ਬੇਹੱਦ ਹੀ ਜਟਿਲ ਸਮਾਜ ਵਿਚ ਕੋਈ ਵਿਅਕਤੀ ਵੱਖਵਾਦੀ ਵਿਅਕਤੀਵਾਦੀ ਕਿਵੇਂ ਹੋ ਸਕਦਾ ਹੈ, ਉਹ ਸਪੱਸ਼ਟ ਨਹੀਂ ਹੈ ਕੀ ਇਸਦਾ ਅਰਥ ਇਹ ਹੈ ਕਿ ਤੁਸੀਂ ਸਿਰਫ਼ ਉਹੀ ਖਾਂਦੇ ਹੋ ਜੋ ਆਪਣੇ ਆਪ ਉਗਾਉਂਦੇ ਹੋ, ਉਹ ਹੀ ਪਾਉਂਦੇ ਹੋ ਜੋ ਤੁਸੀਂ ਆਪੇ ਬੁਣਦੇ ਹੋ, ਉਸੇ ਮਕਾਨ ਵਿਚ ਰਹਿੰਦੇ ਹੋ ਜੋ ਤੁਸੀਂ ਖ਼ੁਦ ਆਪਣੇ ਲਈ ਬਣਾਉਂਦੇ ਹੋ, ਆਪਣੇ ਆਪ ਨੂੰ ਸਿਰਫ਼ ਕੁਦਰਤੀ ਦਵਾਈਆਂ ਦੀ ਵਰਤੋਂ ਤੱਕ ਹੀ ਸੀਮਿਤ ਰੱਖਦੇ ਹੈ ਜੋ ਆਪ ਜਾ ਕੇ ਪੌਦਿਆ ਤੋਂ ਪ੍ਰਾਪਤ ਕਰਦੇ ਹੋ? ਹਾਂ, ਪੂੰਜੀਵਾਦ ਦੇ ਕੁਝ ਆਲੋਚਕ ਤੇ "ਕੁਦਰਤ ਵੱਲ ਮੁੜਨ" ਦੇ ਸਮਰਥਕ ਜਿਵੇਂ ਉਨਬਾਮਬਰ ਅਤੇ ਅਲਗੋਰ ਆਦਿ, ਜੇਕਰ ਉਹ ਅਸਲ ਵਿਚ ਉਸ ਗੱਲ ਤੇ ਵਿਸ਼ਵਾਸ਼ ਕਰਦੇ ਹਨ ਜੋ ਕਿ ਉਹਨਾਂ ਨੇ "ਅਰਥ ਇਨ ਦੀ ਬੇਲੈਂਸ" ਵਿਚ ਲਿਖਿਆ ਹੈ- ਅਜਿਹੀਆਂ ਯੋਜ਼ਨਾਵਾਂ - ਨੂੰ ਉਤਸ਼ਾਹਿਤ ਕਰਦਾ ਹੈ। ਪਰੰਤੂ ਕੁਝ ਉਦਾਰਵਾਦੀ ਇਹਨਾਂ ਮੁਨਾਫਿਆ ਦਾ ਤਿਆਗ ਕਰਕੇ ਰੇਗਿਸਤਾਨੀ ਦੀਪ ਉਪਰ ਜਾਣਾ ਚਾਹੁਣਗੇ ਜਿਸਨੂੰ ਐਡਮ ਸਮਿਥ ਮਹਾਨ ਸਮਾਜ ਕਹਿੰਦੇ ਹਨ ਜੋ ਕਿ ਅੰਤਰ ਨਿਰਭਰ ਸਮਾਜਿਕ ਕਿਰਿਆ ਦੁਆਰਾ ਸੰਭਵ ਹੋਇਆ ਇਕ ਜਟਿਲ ਤੇ ਉਤਪਾਦਕ ਸਮਾਜ ਹੈ। ਇਸ ਲਈ ਇਹ ਸੋਚਿਆ ਜਾਵੇਗਾ ਕਿ ਸਮਝਦਾਰ ਪੱਤਰਕਾਰ ਰੁੱਕ ਜਾਣਗੇ, ਆਪਣੇ ਦੁਆਰਾ ਟਾਇਪ ਕੀਤੇ ਗਏ ਸ਼ਬਦਾ ਨੂੰ ਵੇਖਣਗੇ ਅਤੇ ਮਨ ਵਿਚ ਵਿਚਾਰ ਕਰਨਗੇ ਕਿ "ਮੈਂ ਇਸ ਸ਼ਬਦ ਦੀ ਗਲਤ ਪ੍ਰਤੀਨਿਧਤਾ ਕੀਤੀ" ਮੈਨੂੰ ਵਾਪਸ ਮੁੜ ਜਾਣਾ ਚਾਹੀਦਾ ਅਤੇ ਉਦਾਰਵਾਦੀ ਵਿਚਾਰ ਨੂੰ ਦੁਬਾਰਾ ਪੜਨਾ ਚਾਹੀਦਾ ਹੈ"।

ਸਾਡੇ ਸਮੇਂ ਵਿਚ ਇਸ ਅਫਵਾਹ (ਅਲਗਾਵ ਅਤੇ ਆਪੋਧਾਪੀ ਦੇ ਸੰਬੰਧ ਵਿੱਚ) ਨੇ ਬਾਜ਼ਾਰ ਪ੍ਰਕ੍ਰਿਆ ਦੀ ਵਕਾਲਤ ਕਰਨ ਵਾਲਿਆਂ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ। ਅਸੀਂ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਅਸੀਂ ਜਾਰਜ ਸੋਰੋਸ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ "ਸਹਿਯੋਗ ਸਮਾਜ ਦਾ ਉਨਾ ਹੀ ਅਭਿੰਨ ਹਿੱਸਾ ਹੈ ਜਿੰਨਾ ਕਿ ਸ਼ੁਕਰਾਨਾ"। ਅਸਲ ਵਿਚ ਅਸੀਂ ਸਹਿਯੋਗ ਨੂੰ ਮਾਨਵੀ ਤਰੱਕੀ ਲਈ ਏਨੀ ਤਵੱਜੋਂ ਦੇਂਦੇ ਹਾਂ ਕਿ ਅਸੀਂ ਇਸ ਸੰਬੰਧ ਵਿਚ ਗੱਲਬਾਤ ਹੀ ਨਹੀਂ ਕਰਨਾ ਚਾਹੁੰਦੇ। ਅਸੀਂ ਅਜਿਹੀਆਂ ਸਮਾਜਿਕ ਸੰਸਥਾਵਾਂ ਦੀ ਸਥਾਪਨਾ ਕਰਨਾ ਚਾਹੁੰਦੇ ਹਾਂ ਜੋ ਕਿ ਇਸ ਨੂੰ ਸੰਭਵ ਬਣਾ ਸਕਣ। ਦਰਅਸਲ ਸੰਪੱਤੀ ਦਾ ਅਧਿਕਾਰ ਸੀਮਤ ਸਰਕਾਰਾਂ ਅਤੇ ਕਾਨੂੰਨ ਦਾ ਸ਼ਾਸਨ ਏਸੇ ਨਾਲ ਸੰਬੰਧਿਤ ਹਨ।

ਇਕ ਸੁਤੰਤਰ ਸਮਾਜ ਵਿਚ ਵਿਅਕਤੀ ਆਜਾਦ ਹੁੰਦਾ ਅਤੇ ਬਿਨਾਂ ਕਿਸੇ ਦੇ ਉਪਕਾਰ ਤੋਂ ਮਿਲਣ ਵਾਲੇ ਅਧਿਕਾਰਾਂ ਦਾ ਆਨੰਦ ਮਾਨਣ ਨਾਲ ਹੀ ਉਸ ਨੂੰ ਹੋਰ ਲੋਕਾਂ ਦਾ ਵੀ ਪਾਲਣ ਕਰਨਾ ਚਾਹੀਦਾ ਹੈ। ਸਾਡੇ ਹੋਰ ਕਰਤੱਵ ਉਹ ਹਨ ਜਿਨ੍ਹਾਂ ਦਾ ਚੁਨਾਉ ਅਸੀਂ ਪ੍ਰਤੀਬੱਧਤਾ (Contact) ਦੇ ਆਧਾਰ ਤੇ ਕਰਦੇ ਹਾਂ। ਸਮਾਜ, ਜੀਵਨ ਦੇ ਅਧਿਕਾਰ ਸੁਤੰਤਰਤਾ ਅਤੇ ਖੁਸ਼ਹਾਲੀ ਵੀ ਸਮਾਜਿਕ ਸ਼ਾਂਤੀ ਅਤੇ ਭੌਤਿਕ ਹਿੱਤਾਂ ਦਾ ਉਤਪਾਦਨ ਕਰਦੇ ਹਨ। ਇਹ ਸਮਾਜ ਨੂੰ ਯੋਗ ਮਾਤਰ ਨਹੀਂ। ਜਿਵੇਂ ਕਿ ਜਾਨ ਨਾਕ, ਡੇਵਿਡ ਹਯੂਮ ਅਤੇ ਹੋਰ ਸਥਾਪਿਤ ਉਦਾਰਵਾਦੀ ਅਧਿਕਾਰ ਪ੍ਰਣਾਲੀ ਦੀ ਜ਼ਰੂਰਤ ਹੈ ਅਤੇ ਇਸ ਤੋਂ ਬਗੈਰ ਲੋਕਾਂ ਦੀਆਂ ਉਪਲਬਦੀਆਂ ਬਹੁਤ ਘੱਟ ਰਹਿ ਜਾਣਗੀਆਂ। ਹਯੂਮ ਨੇ ਆਪਣੀ ਕਿਤਾਬ "ਟ੍ਰੀਟੀਜ਼ ਆਫ ਹਿਉਮਨ ਨੇਚਰ" 'ਚ ਲਿਖਿਆ ਹੈ ਕਿ ਮੁਨੱਖ ਦੇ ਸਾਹਮਣੇ ਪੈਦਾ ਹੋਣ ਵਾਲੀਆਂ ਪ੍ਰਸਥਿਤੀਆਂ ਹੇਠ ਅਨੁਸਾਰ ਹਨ। ਪਹਿਲਾਂ, ਸਾਡਾ ਆਪਣਾ ਸੁਆਰਥ, ਦੂਸਰਿਆਂ ਦੇ ਲਈ ਸਾਡੀ ਸੀਮਿਤ ਉਦਾਰਤਾ ਅਤੇ ਤੀਸਰਾ, ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਵਸੀਲਿਆਂ/ਸ੍ਰੋਤਾਂ ਦੀ ਕਮੀ। ਇਹਨਾਂ ਪ੍ਰਸਥਿਤੀਆਂ ਦੇ ਕਾਰਣ ਇਹ ਸਾਡੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਦੂਸਰਿਆ ਦੇ ਨਾਲ ਸਹਿਯੋਗ ਕਰੀਏ ਤੇ ਨਿਆ ਦਾ ਸ਼ਾਸਨ ਹੋਵੇ (ਵਿਸ਼ੇਸ਼ ਤੌਰ 'ਤੇ ਸੰਪੱਤੀ ਅਤੇ ਵਟਾਂਦਰੇ ਦੇ ਸੰਬੰਧ ਵਿੱਚ) ਤਾਂ ਜੋ ਅਸੀਂ ਇਸ ਗੱਲ ਦੀ ਵਿਆਖਿਆ ਕਰ ਸਕੀਏ ਕਿ ਅਜਿਹਾ ਕਿਵੇਂ ਹੋ ਸਕਦਾ ਹੈ। ਇਹ ਸ਼ਾਸ਼ਨ ਇਸ ਗੱਲ ਦੀ ਸਥਾਪਨਾ ਕਰਦਾ ਹੈ ਕਿ ਸਾਡੇ ਵਿਚੋਂ ਇਹ ਨਿਰਣਾ ਲੈਣ ਦਾ ਅਧਿਕਾਰ ਕਿਸਦਾ ਹੋਵੇਗਾ ਕਿ ਆਪਣੇ ਕਿਸੇ ਵਿਸ਼ੇਸ਼ ਅਧਿਕਾਰ ਦਾ ਪ੍ਰਯੋਗ ਅਸੀਂ ਕਿਵੇਂ ਕਰਾਂਗੇ ਸੰਪੱਤੀ ਦੇ ਅਧਿਕਾਰ ਦੀ ਵਿਆਪਕ ਵਿਆਖਿਆ ਦੀ ਘਾਟ ਵਿਚ ਸਾਨੂੰ ਉਪਰੋਕਤ ਮੁੱਦੇ ਉਪਰ ਲਗਾਤਾਰ ਵਿਰੋਧਾਭਾਸ ਦਾ ਸਾਹਮਣਾ ਕਰਨਾ ਪਵੇਗਾ। ਸੰਪੱਤੀ ਦੇ ਅਧਿਕਾਰ ਦੇ ਸੰਬੰਧ ਵਿਚ ਇਹ ਸਾਡਾ ਆਪਸੀ ਸਮਝੌਤਾ ਹੈ ਜੋ ਕਿ ਸਾਨੂੰ ਸਹਿਯੋਗ ਅਤੇ ਸਮਨਵੈ ਬਾਰੇ ਜਟਿਲ

ਸਮਾਜਿਕ ਕੰਮਾਂ ਨੂੰ ਕਰਨ ਦੀ ਆਗਿਆ ਦੇਂਦਾ ਹੈ। ਜਿਸਦੇ ਮਾਧਿਅਮ ਦੁਆਰਾ ਅਸੀ ਖੁਸ਼ਹਾਲੀ ਹਾਸਿਲ ਕਰਦੇ ਹਾਂ।

ਇਸ ਤੋਂ ਬਿਹਤਰ ਕੁਝ ਹੋਰ ਨਹੀਂ ਹੋ ਸਕਦਾ ਕਿ ਉਹ ਕੰਮ ਪਿਆਰ ਨਾਲ, ਸਵੈਹਿਤ ਅਤੇ ਵਿਅਕਤੀਗਤ ਅਧਿਕਾਰਾਂ ਤੇ ਜ਼ੋਰ ਦਿੱਤੇ ਬਗੈਰ ਪੂਰੇ ਕਰ ਲਏ ਜਾਣ। ਉਦਾਰਵਾਦ ਦੇ ਕਈ ਵਿਰੋਧੀਆਂ ਨੇ ਵਿਸ਼ਵਵਿਆਪੀ ਪਰਉਪਕਾਰ ਉਪਰ ਆਧਾਰਿਤ ਸਮਾਜ ਦੇ ਅਤਿਅੰਤ ਚਿਤਾਕਰਸ਼ਕ ਉਦੇਸ਼ ਨੂੰ ਪ੍ਰਸਤੁਤ ਕੀਤਾ ਹੈ। ਪਰ ਜਿਵੇਂ ਕਿ ਐਡਮ ਸਮਿੱਥ ਦੱਸਦੇ ਹਨ, "ਸਭਿਅਕ ਸਮਾਜ ਵਿਚ ਮਨੁੱਖ ਨੂੰ ਸਦਾ ਵੱਡੀ ਮਾਤਰਾ ਵਿੱਚ ਲੋਕਾਂ ਦੇ ਸਹਿਯੋਗ ਅਤੇ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ, "ਇਸਦੇ ਬਾਵਜੂਦ ਉਸ ਮਾਤਰਾ ਦੇ, ਜਿਸਦੀ ਕਿ ਉਸਨੂੰ ਜਰੂਰਤ ਪੈਂਦੀ ਹੈ, ਨਿੱਕੇ ਜਹੇ ਹਿੱਸੇ ਉਪਰ ਵੀ ਉਹ ਆਪਣੀ ਕਿਰਪਾ ਨਹੀਂ ਕਰ ਪਾਉਂਦਾ। ਜੇਕਰ ਅਸੀਂ ਸਹਿਯੋਗ ਪੈਦਾ ਕਰਨ ਲਈ ਪੂਰਨ ਰੂਪ ਵਿਚ ਪਰ ਉਪਕਾਰ ਉਪਰ ਨਿਰਭਰ ਹੋ ਜਾਈਏ ਤਾਂ ਅਸੀਂ ਜਟਿਲ ਕੰਮਾਂ ਦੀ ਜਿੰਮੇਵਾਰੀ ਕਦੀ ਵੀ ਨਹੀਂ ਲੈ ਸਕਾਂਗੇ। ਪੂਰਨ ਰੂਪ ਵਿੱਚ ਸਪੱਸ਼ਟ ਸੰਪੱਤੀ ਦੇ ਅਧਿਕਾਰ ਤੇ ਸੁਤੰਤਰ ਵਟਾਂਦਰੇ ਤੋਂ ਯੋਗ ਪ੍ਰਣਾਲੀ ਵਿਚ ਦੂਸਰਿਆਂ ਲੋਕਾਂ ਦੇ ਸਵੈਹਿਤ ਉਪਰ ਭਰੋਸਾ ਕਰਨਾ ਹੀ ਇਕ ਜਟਿਲ ਸਮਾਜ ਨੂੰ ਸੰਗਠਿਤ ਕਰਨ ਦਾ ਇਕ ਮਾਤਰ ਤਰੀਕਾ ਹੈ।

**ਨਾਗਰਿਕ ਸਮਾਜ (ਸਿਵਿਲ ਸੋਸਾਇਟੀ)**

ਸਾਡੀ ਇੱਛਾ ਮਸ਼ੀਨੀ ਤਰੀਕਿਆਂ ਨੂੰ ਪ੍ਰਾਪਤ ਕਰਨ ਦੇ ਲਈ ਦੂਸਰਿਆਂ ਲੋਕਾਂ ਨਾਲ ਜੁੜਨਾ ਹੈ ਜਿਸ ਨਾਲ ਕਿ ਜ਼ਿਆਦਾ ਤੋਂ ਜ਼ਿਆਦਾ ਭੋਜਨ ਦਾ ਉਤਪਾਦਨ ਕੀਤਾ ਜਾ ਸਕੇ, ਵਸਤੂਆਂ ਦਾ ਅਦਾਨ ਪ੍ਰਦਾਨ ਕੀਤਾ ਜਾ ਸਕੇ, ਨਵੀਂ ਤਕਨੀਕ ਦਾ ਵਿਕਾਸ ਕੀਤਾ ਜਾ ਸਕੇ। ਇਸਦੇ ਨਾਲ ਹੀ ਦੂਸਰੀਆਂ ਮਨੁੱਖੀ ਜ਼ਰੂਰਤਾਂ ਦੀ ਪੂਰਤੀ ਕਰਦੇ ਹਾਂ। ਇਸ ਪ੍ਰਕਾਰ ਨਾਗਰਿਕ ਸਮਾਜ ਨੂੰ ਸਮਾਜ ਦੇ ਸਾਰੇ ਅਬਦਲ ਅਧਿਕਾਰਾਂ ਤੇ ਸਵੈਇਛਿਤ ਸੰਗਠਨਾਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

ਕੁਝ ਵਿਸ਼ਲੇਸ਼ਣ ਉਦਯੋਗਿਕ ਤੇ ਗੈਰ ਲਾਭਕਾਰੀ ਸੰਗਠਨਾਂ ਦੇ ਵਿਚ ਇਸ ਤਰਕ ਦੇ ਨਾਲ ਅੰਤਰ ਕਰਦੇ ਹਨ ਕਿ ਵਿਉਪਾਰ ਬਾਜ਼ਾਰ ਦਾ ਹਿੱਸਾ ਹੈ, ਨਾ ਕਿ ਨਾਗਰਿਕ ਸਮਾਜ ਦਾ ਹਿੱਸਾ ਹੈ। ਪਰੰਤੂ ਮੈ ਉਸ ਪਰੰਪਰਾ ਨੂੰ ਮੰਨਦਾ ਹਾਂ ਜੋ ਕਿ ਵਿਭਿੰਨ ਸੰਗਠਨਾਂ ਦੇ ਵਿਚ ਵਾਸਤਵਿਕ ਸਵਰੂਪ ਦੇ ਆਧਾਰ 'ਤੇ ਖ਼ਾਸੀਅਤ ਦੱਸਦੇ ਹਨ। ਉਦਾਹਰਣ ਦੇ ਲਈ ਜ਼ਰੂਰੀ ਸੰਗਠਨ ਜਿਵੇਂ ਕਿ ਸਰਕਾਰ ਤੇ ਸਵੈਇੱਛੁਕ ਜਾਂ ਅਬਦਲ ਅਧਿਕਾਰਾਂ ਵਾਲੇ ਸੰਗਠਨ, ਜਿਵੇਂ ਕਿ ਬਾਕੀ ਸਾਰੀਆਂ ਚੀਜ਼ਾਂ। ਚਾਹੇ ਕੋਈ ਸੰਸਥਾ ਵਿਸ਼ੇਸ਼, ਜਿਸਦੀ ਸਥਾਪਨਾ ਲਾਭ ਪ੍ਰਾਪਤ ਕਰਨ ਦੇ ਲਈ ਹੋਈ ਹੋਵੇ ਜਾਂ ਕਿਸੇ ਦੂਸਰੇ ਉਦੇਸ਼ ਦੀ ਪੂਰੀ ਕਰਨ ਲਈ। ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸ ਸੰਸਥਾ ਦੇ ਨਾਲ ਤੁਹਾਡਾ ਲਗਾਉ ਜਾਂ ਸੰਬੰਧ ਸਵੈਇਛੁੱਕ ਚੁਣਾਉ ਦੇ ਆਧਾਰ ਤੇ ਹੋਇਆ ਹੈ।

ਨਾਗਰਿਕ ਸਮਾਜ ਤੇ "ਰਾਸ਼ਟਰੀ ਉਦੇਸ਼" ਦੇ ਸੰਬੰਧ ਵਿਚ ਸਮਕਾਲੀਨ ਭਰਮ ਦੀ ਸਥਿਤੀ ਵਿਚ ਸਾਨੂੰ ਐਫ. ਏ. ਹਾਇਕ ਦੀਆਂ ਉਹਨਾਂ ਗੱਲਾਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਨਾਗਰਿਕ ਸਮਾਜ ਦੇ ਅੰਤਰਗਤ ਜੁੜਾਉ ਦੀ ਸਿਰਜਣਾ ਕਿਸੇ ਵਿਸ਼ੇਸ ਉਦੇਸ਼ ਨੂੰ ਪ੍ਰਾਪਤ ਕਰਨਾ ਹੋ ਸਕਦਾ ਹੈ, ਪਰੰਤੂ ਵਿਆਪਕ ਤੌਰ ਤੇ ਕਿਸੇ ਨਾਗਰਿਕ ਸਮਾਜ ਦਾ ਕੋਈ ਇਕ ਉਦੇਸ਼ ਨਹੀਂ ਹੋ ਸਕਦਾ। ਇਹ ਇਕੋ ਵੇਲੇ ਕਿਸੇ ਉਦੇਸ਼ ਦੇ ਅਧੀਨ ਖੰਡਿਤ ਰੂਪ ਵਿੱਚ ਜੁੜਨ ਵਾਲੇ ਲੋਕਾਂ ਦੁਆਰਾ ਅਚੇਤ ਹੀ ਪ੍ਰਾਪਤ ਕੀਤਾ ਜਾਣ ਵਾਲਾ ਨਤੀਜਾ ਹੈ।

**ਬਾਜ਼ਾਰ ਬਤੌਰ ਸਹਿਯੋਗ**

ਬਾਜ਼ਾਰ ਕਿਸੇ ਨਾਗਰਿਕ ਸਮਾਜ ਦਾ ਇਕ ਜ਼ਰੂਰੀ ਤੱਤ ਹੈ। ਬਾਜ਼ਾਰ ਦਾ ਓਦੈ ਦੋ ਤੱਥਾਂ ਨਾਲ ਹੁੰਦਾ ਹੈ। ਪਹਿਲਾ ਇਹ ਕਿ ਮਨੁੱਖ ਵਿਅਕਤੀਗਤ ਰੂਪ ਵਿੱਚ ਕੀਤੇ ਜਾਣ ਵਾਲੇ ਕੰਮਾਂ ਦੀ ਤੁਲਨਾ ਵਿੱਚ ਦੂਸਰਿਆਂ ਲੋਕਾਂ ਦੇ ਸਹਿਯੋਗ ਨੂੰ ਜ਼ਿਆਦਾ ਹਾਸਿਲ ਕਰ ਸਕਦਾ ਹੈ ਅਤੇ ਇਸਦਾ ਅਨੁਭਵ ਵੀ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਅਜਿਹੇ ਜੀਵ ਹੁੰਦੇ ਜਿਨ੍ਹਾਂ ਲਈ ਵਿਅਕਤੀਗਤ ਰੂਪ ਵਿੱਚ ਕੀਤੇ ਜਾਣ ਵਾਲੇ ਕੰਮਾਂ ਦੀ ਤੁਲਨਾ ਵਿੱਚ ਸਹਿਯੋਗ ਦੇ ਅਧੀਨ ਕੀਤੇ ਜਾਣ ਵਾਲੇ ਕੰਮ ਜ਼ਿਆਦਾ ਉਤਪਾਦਕ ਨਾ ਹੁੰਦੇ, ਤਾਂ ਫਿਰ ਅਸੀਂ ਸਹਿਯੋਗ ਦੇ ਮੁਨਾਫ਼ਿਆਂ ਨੂੰ ਸਮਝਣ ਵਿੱਚ ਅਸਮੱਰਥ ਹੁੰਦੇ, ਤਾਂ ਅਸੀਂ ਨਿਸ਼ਚਿਤ ਹੀ ਖਿੱਲਰੇ ਖਿੰਡਰੇ ਤੇ ਇਕਾਂਤ ਵਿੱਚ ਰਹਿੰਦੇ। ਪਰੰਤੂ ਇਸ ਤੋਂ ਵੀ ਬੁਰਾ ਇਹ ਹੈ ਜਿਵੇਂ ਕਿ ਲੁਡਵਿਗ ਵਾਨ ਮੀਸਸ ਵਿਆਖਿਆ ਕਰੇ ਹਨ, "ਹਰੇਕ ਵਿਅਕਤੀ ਨੂੰ ਦੂਸਰੇ ਵਿਅਕਤੀ ਨੂੰ ਦੁਸ਼ਮਣ ਵਜੋਂ ਵੇਖਣ ਲਈ ਮਜ਼ਬੂਰ ਕੀਤਾ ਗਿਆ ਹੋਵੇਗਾ, ਆਪਣੀ ਨਿੱਜੀ ਭੁੱਖ ਨੂੰ ਸੰਤੁਸ਼ਟ ਕਰਨ ਦੀ ਉਸਦੀ ਲਾਲਸਾ ਨੇ ਉਸਨੂੰ ਆਪਣੇ ਗੁਆਂਢੀਆਂ ਦੇ ਨਾਲ ਸੰਗਦਿਲ ਸੰਘਰਸ਼ ਲਈ ਮਜ਼ਬੂਰ ਕੀਤਾ ਹੋਵੇਗਾ।" ਸਹਿਯੋਗ ਅਤੇ ਉੱਦਮ ਦੀ ਵੰਡ ਦੁਆਰਾ ਅੰਤਰ ਸੰਬੰਧਿਤ ਮੁਨਾਫ਼ੇ ਦੀ ਸੰਭਾਵਨਾ ਦੇ ਬਿਨਾਂ ਨਾ ਤਾਂ ਹਮਦਰਦੀ ਦੀ ਭਾਵਨਾ ਤੇ ਦੋਸਤੀ ਅਤੇ ਨਾ ਹੀ ਬਾਜ਼ਾਰ ਵਿਵਸਥਾ ਦਾ ਉਦੈ ਹੋ ਸਕਦਾ ਹੈ। ਸਮੁੱਚੀ ਬਾਜ਼ਾਰ ਪ੍ਰਕ੍ਰਿਆ ਦੇ ਦੌਰਾਨ ਵਿਅਕਤੀ ਅਤੇ ਸੰਸਥਾਵਾਂ ਬਿਹਤਰ ਸਹਿਯੋਗ ਪ੍ਰਦਾਨ ਕਰਨ ਲਈ ਆਪਸ ਵਿੱਚ ਮੁਕਾਬਲਾ ਕਰਦੀਆ ਰਹਿੰਦੀਆਂ ਹਨ 'ਜਨਰਲ ਮੋਟਰ' ਅਤੇ 'ਟੋਯੋਟਾ' ਜਿਹੀਆਂ ਕੰਪਨੀਆਂ ਪਰਿਵਾਹਨ ਦੇ ਮੇਰੇ ਲਕਸ਼ ਨੂੰ ਪ੍ਰਾਪਤ ਕਰਨ ਵਿਚ ਮੈਨੂੰ ਅੰਤਰਗਤ ਸਹਿਯੋਗ ਕਰਨ ਲਈ ਦੂਸਰਿਆਂ ਨਾਲ ਮੁਕਾਬਲਾ ਕਰਦੀਆਂ ਹਨ। 'ਏ. ਟੀ. ਐਂਡ ਟੀ.' ਅਤੇ 'ਐੱਮ. ਸੀ. ਆਈ.' ਜਿਹੀਆਂ ਕੰਪਨੀਆਂ ਸੰਚਾਰ ਦੇ ਮੇਰੇ ਲਕਸ਼ ਨੂੰ ਪ੍ਰਾਪਤ ਕਰਨ ਵਿਚ ਮੈਨੂੰ ਅੰਤਰਗਤ ਸਹਿਯੋਗ ਕਰਨ ਲਈ ਦੂਸਰਿਆਂ ਨਾਲ ਮੁਕਾਬਲਾ ਕਰਦੀਆਂ ਹਨ। ਅਸਲ ਵਿਚ ਉਹ ਮੇਰੇ ਮਤਲਬ ਲਈ ਏਨੇ ਆਕਰਸ਼ਕ ਤਰੀਕੇ ਨਾਲ ਇਕ ਦੂਸਰੇ ਦਾ ਮੁਕਾਬਲਾ ਕਰਦੀਆਂ ਹਨ ਕਿ ਸੰਚਾਰ ਦੇ ਖੇਤਰ ਵਿੱਚ ਕਿਸੇ ਹੋਰ ਕੰਪਨੀ ਦੁਆਰਾ

ਮੈਨੂੰ ਸੈਲਫੋਨ ਪ੍ਰਦਾਨ ਕਰਕੇ ਮਾਨਸਿਕ ਸ਼ਾਂਤੀ ਅਤੇ ਸਕੂਨ ਦੋਵੇਂ ਹੀ ਪ੍ਰਦਾਨ ਕੀਤੇ ਗਏ।

ਬਾਜ਼ਾਰ ਦੇ ਆਲੋਚਕ ਅਸਲ ਵਿੱਚ ਇਹ ਸ਼ਿਕਾਇਤ ਕਰਦੇ ਹਨ ਕਿ ਪੂੰਜੀਵਾਦ ਲੋਕਾਂ ਨੂੰ ਸਵਾਰਥ ਦੇ ਪ੍ਰਤੀ ਉਤਸ਼ਾਹਿਤ ਕਰਦਾ ਹੈ ਅਤੇ ਉਹਨਾਂ ਨੂੰ ਇਸ ਲਈ ਸਨਮਾਨਿਤ ਕਰਦਾ ਹੈ। ਹਕੀਕਤ ਇਹ ਹੈ ਕਿ ਲੋਕ ਸਾਰੀਆਂ ਰਾਜਨੀਤਿਕ ਪ੍ਰਣਾਲੀਆਂ ਦੇ ਅਨੁਸਾਰ ਸਵਾਰਥੀ ਹੁੰਦੇ ਹਨ। ਬਾਜ਼ਾਰ ਤਾਂ ਸਿਰਫ ਉਹਨਾਂ ਦੇ ਸਵਾਰਥ ਨੂੰ ਸਮਾਜਿਕ ਲਾਭ ਦੀ ਦਿਸ਼ਾ ਵਿਚ ਮੋੜਦਾ ਹੈ ਅਤੇ ਲੋਕ ਇਕ ਸੁਤੰਤਰਰ ਬਾਜ਼ਾਰ ਵਿਚ ਆਪਣੇ ਉਦੇਸ਼ਾਂ ਨੂੰ ਪੂਰਾ ਕਰ ਪਾਉਂਦੇ ਹਨ, ਇਹ ਵੇਖਦੇ ਹੋਏ ਕਿ ਕੌਣ ਉਸਦੇ ਲਈ ਅਜਿਹਾ ਕਰਨਾ ਚਾਹੁੰਦਾ ਹੈ ਅਤੇ ਉਹ ਬਦਲੇ ਵਿੱਚ ਉਸਨੂੰ ਕੀ ਮੁਹੱਈਆ ਕਰ ਸਕਦੇ ਹਨ। ਇਹ ਕਈ ਲੋਕਾਂ ਲਈ ਮੱਛੀ ਫੜਨ ਦਾ ਜਾਲ ਜਾਂ ਸੜਕ ਦੇ ਨਿਰਮਾਣ ਲਈ ਇੱਕ ਮਿਲਕੇ ਕੰਮ ਕਰਨ ਦਾ ਮਾਧਿਅਮ ਹੋ ਸਕਦਾ ਹੈ। ਹੋਰ ਜ਼ਿਆਦਾ ਜਟਿਲ ਅਰਥਵਿਵਸਥਾ ਵਿੱਚ ਇਸਦਾ ਅਰਥ ਇੱਕ ਵਿਅਕਤੀ ਦੁਆਰਾ ਸਵੈ ਦੇ ਹਿੱਤ ਨੂੰ ਵੇਖਦੇ ਹੋਏ ਦੂਸਰਿਆਂ ਨੂੰ ਆਪਣੀਆਂ ਵਸਤੂਆਂ ਅਤੇ ਸੇਵਾਵਾਂ, ਜੋ ਉਸਨੂੰ ਸੰਤੁਸ਼ਟੀ ਦੇ ਸਕਦਾ ਹੈ, ਪ੍ਰਦਾਨ ਕਰਨਾ ਹੈ। ਉਹ ਕਰਮਚਾਰੀ ਅਤੇ ਉੱਦਮੀ, ਜੋ ਆਪਣੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰ ਸਕਦਾ ਹੈ, ਸਨਮਾਨਿਤ ਕੀਤਾ ਜਾਵੇਗਾ। ਜੋ ਅਜਿਹਾ ਨਹੀਂ ਕਰ ਪਾਉਂਦੇ ਉਹ ਵੀ ਛੇਤੀ ਹੀ ਅਜਿਹਾ ਤਰੀਕਾ ਲੱਭ ਲੈਣਗੇ ਤੇ ਆਪਣੇ ਤੋਂ ਜ਼ਿਆਦਾ ਸਫ਼ਲ ਮੁਕਾਬਲੇਬਾਜ਼ ਦਾ ਅਨੁਸਰਣ ਕਰਨ ਲਈ ਉਤਸ਼ਾਹਿਤ ਹੋਣਗੇ ਜਾਂ ਕੁਝ ਨਵਾਂ ਤਰੀਕਾ ਲੱਭ ਲੈਣਗੇ।

ਬਾਜ਼ਾਰ ਵਿੱਚ ਦਿਖਣ ਵਾਲੀਆਂ ਉਹ ਸਾਰੀਆਂ ਵੱਖ-ਵੱਖ ਪ੍ਰਕਾਰ ਦੀਆਂ ਆਰਥਿਕ ਸੰਸਥਾਵਾਂ ਆਪਣੇ- ਆਪਣੇ ਉਦੇਸ਼ਾਂ ਦੀ ਪੂਰਤੀ ਲਈ ਸਹਿਯੋਗ ਕਰਨ ਦੇ ਬਿਹਤਰ ਢੰਗ ਲੱਭਣ ਲਈ ਪ੍ਰਯੋਗ ਕਰਦੀਆਂ ਰਹਿੰਦੀਆਂ ਹਨ। ਸੰਪਤੀ ਦੇ ਅਧਿਕਾਰ, ਨਿਆਂ ਦੇ ਸ਼ਾਸ਼ਨ, ਅਤੇ ਘੱਟ ਤੋਂ ਘੱਟ ਸਰਕਾਰੀ ਦਖਲਅੰਦਾਜੀ ਵਾਲੀ ਪ੍ਰਣਾਲੀ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਸਹਿਯੋਗ ਦੇ ਨਵੇਂ ਨਵੇਂ ਢੰਗ ਲੱਭਣ ਲਈ ਪ੍ਰਯੋਗ ਕਰਨ ਦੀ ਆਗਿਆ ਦੇਂਦੀ ਹੈ। ਸਹਿਯੋਗ ਦੀ ਭਾਵਨਾ ਵਿੱਚ ਵਾਧੇ ਨਾਲ ਉਹਨਾਂ ਵੱਡੇ ਆਰਥਿਕ ਕੰਮਾਂ ਨੂੰ ਕਰਨ ਦਾ ਉਤਸ਼ਾਹ ਵੀ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨੂੰ ਵਿਅਕਤੀਗਤ ਤੌਰ ਤੇ ਜਾਂ ਸਾਝੇਂਦਾਰੀ ਵਿਚ ਕਰ ਪਾਉਣਾ ਸੰਭਵ ਨਹੀਂ ਹੁੰਦਾ। ਮਿਲੇ-ਜੁਲੇ ਅਧਿਕਾਰ ਵਾਲੀਆਂ ਸੰਸਥਾਵਾਂ, 'ਮਿਉਚਅਲ ਫੰਡਸ', ਬੀਮਾ ਕੰਪਨੀਆਂ, ਬੈਂਕਾਂ, ਅਧਿਕਾਰੀਆਂ ਦੀ ਮਲਕੀਅਤ ਵਾਲੀਆਂ ਸਰਕਾਰੀ ਸੰਸਥਾਵਾਂ ਆਦਿ ਜਿਹੇ ਸਾਰੇ ਸੰਗਠਨ ਦਰਅਸਲ ਸੰਗਠਨਾਂ ਦੇ ਨਵੇਂ ਸਵਰੂਪ ਵਿਚ ਵਿਸ਼ੇਸ਼ ਆਰਥਿਕ ਸਮੱਸਿਆ ਦਾ ਹੱਲ ਕਰਨ ਵਾਲੇ ਯਤਨ ਹੀ ਹਨ। ਅਜਿਹੇ ਸਵਰੂਪਾਂ ਵਿਚੋਂ ਕੁਝ ਅਯੋਗ ਸਾਬਿਤ ਹੁੰਦੇ ਹਨ ਉਦਾਹਰਨ ਦੇ ਲਈ, 1960 ਦੇ ਦਹਾਕੇ ਦੀਆਂ ਕਈ

ਕਾਰਪੋਰੇਟ ਕੰਪਨੀਆਂ ਦੇ ਸੰਗਠਨ ਅਯੋਗ ਸਾਬਿਤ ਹੋਏ ਅਤੇ ਉਹਨਾਂ ਵਿਚ ਹਿੱਸੇਦਾਰੀ ਰੱਖਣ ਵਾਲੇ (ਸ਼ੇਅਰ ਹੋਲਡਰਸ) ਲੋਕਾਂ ਦਾ ਧਨ ਡੁੱਬ ਗਿਆ। ਬਾਜ਼ਾਰ ਪ੍ਰਕ੍ਰਿਆ ਦੀ ਤੇਜ਼ ਗਤੀ ਨਾਲ ਫੈਲਣ ਵਾਲੀ ਪ੍ਰਤਿਪੁਸ਼ਟੀ (Feedback) ਸੰਗਠਨਾਂ ਦੇ ਸਫ਼ਲ ਸਰੂਪ ਨੂੰ ਉਤਸ਼ਾਹ ਪ੍ਰਦਾਨ ਕਰਦੀ ਹੈ ਅਤੇ ਅਸਫਲ ਸਰੂਪ ਨੂੰ ਨਿਰਉਤਸ਼ਾਹਿਤ ਕਰਦੀ ਹੈ।

ਪੂੰਜੀਵਾਦੀ ਵਿਵਸਥਾ ਵਿਚ ਸਹਿਯੋਗ ਦੀ ਵੀ ਉਨ੍ਹੀ ਹੀ ਜਗ੍ਹਾ ਹੈ ਜਿੰਨੀ ਕਿ ਮੁਕਾਬਲੇ ਦੀ। ਅਬਦਲ ਅਧਿਕਾਰਾਂ ਦੀ ਸੁਤੰਤਰਤਾ ਦੀ ਸਾਧਾਰਨ ਪ੍ਰਣਾਲੀ ਲਈ ਦੋਵੇਂ ਜ਼ਰੂਰੀ ਤੱਤ ਹਨ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਮੁਕਾਬਲੇ ਦੀ ਤੁਲਨਾ ਵਿਚ ਆਪਣਾ ਵਧੇਰੇ ਸਮਾਂ ਆਪਣੇ ਸਾਝੇਂਦਾਰਾਂ, ਸਹਿਯੋਗੀਆਂ, ਪੂਰਤੀਕਾਰ (Supplier) ਅਤੇ ਉਪਭੋਗਤਾਵਾਂ ਦੇ ਨਾਲ ਸਹਿਯੋਗ ਕਰਨ ਵਿਚ ਰੁੱਝੇ (Busy) ਰਹਿੰਦੇ ਹਨ।

ਦਰਅਸਲ ਜੀਵਨ ਜੇਕਰ ਬੇਜ਼ਾਨ ਹੋ ਜਾਵੇ ਤਾਂ ਇਹ ਬਹੁਤ ਬੁਰਾ, ਜਨੌਰ ਬਿਰਤੀ ਵਾਲਾ ਅਤੇ ਛੋਟਾ ਹੋ ਜਾਵੇਗਾ। ਕਿਸਮਤ ਨਾਲ ਸਾਡੇ ਸਾਰਿਆਂ ਲਈ ਪੂੰਜੀਵਾਦੀ ਸਮਾਜ ਅਜਿਹਾ ਨਹੀਂ ਹੈ।

# ਲਾਭ ਆਧਾਰਿਤ ਇਲਾਜ ਅਤੇ ਕਰੁਣਾ ਦਾ ਉਦੇਸ਼

**ਟੱਮ ਜੀ. ਪਾਮਰ**

*ਇਸ ਨਿਬੰਧ ਵਿਚ, ਪੁਸਤਕ ਦੇ ਇਸ ਭਾਗ ਦੇ ਸੰਪਾਦਕ ਨੇ ਦਰਦ ਦੇ ਇਲਾਜ਼ ਨਾਲ ਜੁੜੇ ਆਪਣੇ ਗਿਆਨ/ਅਨੁਭਵ ਤੇ ਆਧਾਰਿਤ ਵਿਅਕਤੀਗਤ ਚਿੰਤਨ ਨੂੰ ਪੇਸ਼ ਕੀਤਾ ਹੈ। ਇਹ ਕਿਸੇ ਸਿਧਾਂਤ ਵਜੋਂ ਪੇਸ਼ ਨਹੀਂ ਕੀਤਾ ਜਾ ਰਿਹਾ : ਤੇ ਨਾ ਹੀ ਇਹ ਸਮਾਜਿਕ ਵਿਗਿਆਨ ਵਿੱਚ ਕਿਸੇ ਪ੍ਰਕਾਰ ਦਾ ਅਗਲੇਰਾ ਉਦੇਸ਼ ਹੈ। ਇਹ ਤਾਂ ਵਿਉਪਾਰ ਉੱਦਮ ਤੇ ਕਰੁਣਾ ਦੇ ਵਿਚਕਾਰ ਸੰਬੰਧਾਂ ਨੂੰ ਸਪੱਸ਼ਟ ਕਰਨ ਦਾ ਇੱਕ ਯਤਨ ਮਾਤਰ ਹੈ।*

ਦਵਾਈਆਂ (ਮੈਡੀਕਲ ਕਿੱਤੇ) ਤੋਂ ਲਾਭ ਪ੍ਰਾਪਤ ਕਰਨਾ ਇੱਕ ਭਿਆਨਕ ਤੇ ਅਨੈਤਿਕ ਗੱਲ ਹੋ ਸਕਦੀ ਹੈ ਕੁਝ ਵੀ ਹੋਵੇ, ਪਰੰਤੂ ਅਜਿਹੀਆਂ ਘਟਨਾਵਾਂ ਹਮੇਸ਼ਾ ਸੁਨਣ ਵਿੱਚ ਆਉਂਦੀਆਂ ਰਹੀਆ ਹਨ। ਇਹ ਲਿਖਦੇ ਸਮੇਂ ਵੀ ਮੈਂ ਕਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਟ ਦੁਆਰਾ ਇਕ ਨਿੱਜੀ ਮਾਲਕੀ ਵਾਲੇ ਹਸਪਤਾਲ ਉੱਪਰ ਹੋ ਰਹੇ ਹਮਲੇ ਦੀ ਖਬਰ ਸੁਣ ਰਿਹਾ ਹਾਂ। ਅਨੇਕ ਲੋਕ ਕਹਿੰਦੇ ਹਨ ਕਿ ਡਾਕਟਰ, ਨਰਸ ਅਤੇ ਹਸਪਤਾਲ ਪ੍ਰਸਾਸ਼ਨ ਨੂੰ ਸਿਰਫ਼ ਆਪਣੀ ਕਮਾਈ ਦੀ ਚਿੰਤਾ ਰਹਿੰਦੀ ਹੈ। ਦਿਆ ਅਤੇ ਕਰੁਣਾ ਦੀ ਥਾਂ ਪੱਥਰ ਦਿਲ ਨੇ ਲੈ ਲਈ ਹੈ। ਪਰ ਜ਼ਬਰਦਸਤ ਦਰਦ ਅਤੇ ਅਪਾਹਿਜ਼ ਬਣਾ ਦੇਣ ਵਾਲੀ ਸਥਿਤੀ ਵਿੱਚ ਅਰਾਮ ਪਾਉਣ ਲਈ ਦੋ ਹਸਪਤਾਲ- ਇਕ ਲਾਭ ਲਈ ਆਰਾਮ ਤੇ ਇੱਕ ਬਿਨਾ ਲਾਭ ਅਰਾਮ ਦੇਣ- ਵਿੱਚ ਹੋ ਕੇ ਆਉਣ ਦੇ ਅਨੁਭਵ ਤੋਂ ਮੈਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਪ੍ਰਾਪਤ ਹੋਇਆ ਹੈ।

ਪਿਛਲੇ ਕੁਝ ਸਮੇਂ ਤੋਂ ਮੈਂ ਰੀੜ੍ਹ ਦੀ ਹੱਡੀ ਵਿਚਲੇ ਇੱਕ ਮਣਕੇ ਦੇ ਖਿਸਕ ਜਾਣ ਦੀ ਪ੍ਰੇਸ਼ਾਨੀ ਨਾਲ ਜੂਝ ਰਿਹਾ ਸੀ। ਇਹ ਪ੍ਰੇਸ਼ਾਨੀ ਮੇਰੀ ਕਲਪਨਾ ਤੋਂ ਪਰੇ ਦਾ ਦਰਦ ਪੈਦਾ ਕਰ ਰਹੀ ਸੀ ਮੈਂ ਇਕ ਸਥਾਨਕ ਹਸਪਤਾਲ- ਜੋ ਕਿ ਲਾਭ ਲਈ ਆਰਾਮ ਦੇ ਵਿਚਾਰ ਵਾਲਾ ਸੀ-ਵਿਚ ਗਿਆ ਉਥੇ ਉਸੇ ਸਮੇਂ ਮੇਰੇ ਐੱਮ.ਆਰ.ਆਈ (MRI) ਸਕੈਨ ਕਰਨ ਦਾ ਪ੍ਰਬੰਧ ਕੀਤਾ ਗਿਆ। ਇੱਕ ਘੰਟੇ ਦੇ ਅੰਦਰ ਹੀ ਨਜ਼ਦੀਕ ਦੇ ਲਾਭ ਯੁਕਤ (ਲਾਭ ਲੈਣ ਵਾਲੇ) ਰੇਡਿਉਲਾਜੀ ਕਲੀਨਿਕ ਤੋਂ ਐੱਮ.ਆਰ.ਆਈ ਕਰਵਾਈ ਗਈ, ਇਸਤੋਂ ਬਾਦ ਮੈਨੂੰ ਐਪੀਡਿਊਰਲ ਟੀਕਾ (epidural injection) ਲਗਾਇਆ ਗਿਆ ਤਾਂ ਕਿ ਸਪਾਇਨਲ ਸਤੰਬ (spinal column) ਤੱਕ ਆਉਣ ਵਾਲੀਆਂ ਨਾੜਾਂ ਦੀ ਸੋਜ਼- ਜੋ ਕਿ ਦਰਦ ਦਾ ਕਾਰਣ ਬਣ ਰਹੀ ਸੀ- ਨੂੰ ਘੱਟ ਕੀਤਾ ਜਾ

ਸਕੇ। ਮੈਂ ਏਨੀ ਜ਼ਿਆਦਾ ਪੀੜ੍ਹ ਮਹਿਸੂਸ ਕਰ ਰਿਹਾ ਸੀ ਕਿ ਮੇਰੇ ਲਈ ਹਿਲਣਾ ਵੀ ਮੁਸ਼ਕਿਲ ਸੀ। ਮੈਂ ਜਿਸ ਪ੍ਰਾਈਵੇਟ (ਲਾਭ ਯੁਕਤ) ਹਸਪਤਾਲ ਵਿੱਚ ਦਰਦ ਦੇ ਇਲਾਜ ਲਈ ਗਿਆ ਸੀ, ਉੱਥੇ ਡਾਕਟਰਾਂ ਤੇ ਨਰਸਾਂ ਦੀ ਭਰਮਾਰ ਸੀ। ਉਹਨਾਂ ਨੇ ਮੇਰੇ ਪ੍ਰਤੀ ਅਸਾਧਾਰਨ ਦਇਆ ਦੀ ਭਾਵਨਾਂ ਜਤਾਈ ਅਤੇ ਬਹੁਤ ਪਿਆਰ ਨਾਲ ਮੇਰਾ ਇਲਾਜ਼ ਕੀਤਾ। ਨਰਸ ਦੁਆਰਾ ਮੈਨੂੰ ਸਾਰੀਆਂ ਪ੍ਰਕ੍ਰਿਆਵਾਂ ਸਮਝਾਉਣ ਅਤੇ ਇਹ ਪੱਕਾ ਕਰਨ ਲੈਣ ਤੋਂ ਬਾਅਦ ਕਿ ਮੈਂ ਉਸ ਦੀਆਂ ਸਾਰੀਆ ਹਦਾਇਤਾਂ ਨੂੰ ਸਮਝ ਗਿਆ ਹਾਂ, ਮੈਨੂੰ ਐਪੀਡਿਉਰਲ ਟੀਕਾ ਲਗਾਉਣ ਵਾਲੀ ਡਾਕਟਰ ਆ ਕੇ ਮਿਲੀ।

ਮੇਰੀ ਬਿਹਤਰੀ ਦੀ ਚਿੰਤਾ ਕਰਦੇ ਹੋਏ ਉਸਨੇ ਇਲਾਜ ਦੇ ਸਾਰੇ ਪੜਾਵਾਂ ਦੀ ਵਿਸਥਾਰ ਪੂਰਵਕ ਵਿਆਖਿਆ ਕਰਨ ਤੋਂ ਬਾਅਦ ਹੀ ਆਪਣੇ ਪੇਸ਼ੇ ਦੇ ਹੋਰ ਕੰਮਾਂ ਦੀ ਸ਼ੁਰੂਆਤ ਕੀਤੀ। ਪਤਾ ਹੀ ਨਾ ਲੱਗਾ ਤੇ ਕਈ ਹਫ਼ਤੇ ਬੀਤ ਗਏ। ਮੇਰੀ ਹਾਲਤ ਵਿੱਚ, ਭਾਵੇਂ ਕਿ ਮੈਂ ਅਜੇ ਵੀ ਕਾਫ਼ੀ ਦਰਦ ਮਹਿਸੂਸ ਕਰਦਾ ਹਾਂ, ਕਾਫ਼ੀ ਸੁਧਾਰ ਆਇਆ ਹੈ। ਮੇਰੇ ਪੂਰੀ ਤਰ੍ਹਾਂ ਠੀਕ ਹੋਣ ਲਈ ਮੇਰੇ ਡਾਕਟਰ ਨੇ ਮੈਨੂੰ ਇਕ ਹੋਰ ਐਪੀਡਿਓਰੂਲ ਟੀਕਾ ਲਗਵਾਉਣ ਦੀ ਸਲਾਹ ਦਿੱਤੀ। ਬਦਕਿਸਮਤੀ ਨਾਲ ਲਾਭ-ਯੁਕਤ ਹਸਪਤਾਲ ਅਗਲੇ ਤਿੰਨ ਹਫ਼ਤਿਆ ਲਈ ਖਾਲੀ ਨਹੀਂ ਸੀ। ਅਗਲੇ ਤਿੰਨ ਹਫ਼ਤੇ ਬਾਅਦ ਮੇਰਾ ਨੰਬਰ ਆਉਣਾ ਸੀ ਮੈਂ ਇੰਤਜ਼ਾਰ ਕਰਨ ਦੀ ਬਜਾਏ ਕਿਸੇ ਹੋਰ ਸਥਾਨਕ ਹਸਪਤਾਲ ਵਿੱਚ ਬਾਕੀ ਦਾ ਇਲਾਜ਼ ਕਰਵਾਉਣ ਦਾ ਫ਼ੈਸਲਾ ਕੀਤਾ। ਇਹ ਹਸਪਤਾਲ ਬਹੁਤ ਮੰਨਿਆ ਹੋਇਆ ਤੇ ਸਨਮਾਨਤ ਗੈਰ-ਲਾਭ ਯੁਕਤ ਹਸਪਤਾਲ ਸੀ ਅਤੇ ਇੱਥੇ ਮੈਨੂੰ ਦੋ-ਤਿੰਨ ਦਿਨ ਬਾਅਦ ਦਾ ਹੀ ਸਮਾਂ ਮਿਲ ਰਿਹਾ ਸੀ। ਮੈਂ ਖੁਸ਼ੀ-ਖੁਸ਼ੀ ਦਾਖਿਲ ਹੋਣ ਦਾ ਸਮਾਂ ਲੈ ਲਿਆ।

ਜਿਵੇਂ ਹੀ ਮੈਂ ਗੈਰ-ਲਾਭ ਯੁਕਤ ਹਸਪਤਾਲ ਵਿੱਚ ਦਾਖਿਲ ਹੋਇਆ, ਮੈਂ ਕੁਝ ਸੇਵਾ-ਮੁਕਤ ਹੋ ਚੁੱਕੀਆਂ ਮਹਿਲਾਵਾਂ ਤੇ ਆਦਮੀਆਂ ਨਾਲ ਗੱਲ ਕੀਤੀ ਜਿਨ੍ਹਾਂ ਨੇ ਸਾਫ਼-ਸੁਥਰੀ ਅਤੇ ਸਵੈਛਿਕ ਸੇਵਾ (Volunteer) ਵਾਲੀ ਵਰਦੀ ਪਾ ਰੱਖੀ ਸੀ। ਬਿਨਾਂ ਸ਼ੱਕ ਉਹ ਦਿਆਲੂ ਲੋਕ ਹੋਣਗੇ, ਕਿਉਂ ਜੋ ਗੈਰ-ਲਾਭ ਯੁਕਤ ਹਸਪਤਾਲ ਵਿੱਚ ਅਜਿਹੇ ਲੋਕਾਂ ਦੀ ਹੀ ਉਮੀਦ ਕੀਤੀ ਜਾ ਸਕਦੀ ਸੀ। ਇਸਤੋਂ ਬਾਅਦ ਮੈਂ ਆਪਣੀ ਖੂੰਡੀ ਦੇ ਸਹਾਰੇ ਲੰਗੜਾਉਂਦਾ ਹੋਇਆ ਦਰਦ ਦੇ ਇਲਾਜ਼ ਵਾਲੇ ਕੇਂਦਰ ਵੱਲ ਚਲਾ ਗਿਆ ਅਤੇ ਉੱਥੇ ਇੱਕ ਮੇਜ਼ ਤੇ ਬੈਠ ਗਿਆ। ਇੱਕ ਨਰਸ ਬਾਹਰ ਆਈ ਤੇ ਮੇਰਾ ਨਾਮ ਲੈ ਕੇ ਆਵਾਜ਼ ਦਿੱਤੀ। ਮੈਨੂੰ ਪਹਿਚਾਣ ਲੈਣ ਤੋਂ ਬਾਅਦ ਬਰਾਮਦੇ ਵਿੱਚ ਮੇਰੇ ਕੋਲ ਬੈਠ ਗਈ। ਉਹ ਮੇਰੇ ਤੋਂ ਪੁੱਛ ਗਿੱਛ ਕਰਨ ਲੱਗ ਪਈ, ਜਦਕਿ ਚਾਰੇ ਪਾਸੇ ਅਨਜਾਣ ਲੋਕ ਬੈਠੇ ਹੋਏ ਸਨ। ਸ਼ੁਕਰ ਹੈ ਕਿ ਉਸਨੇ ਕੋਈ ਸੰਕੋਚ-ਜਨਕ ਸਵਾਲ ਨਹੀਂ ਪੁੱਛਿਆ। ਮੈਂ ਧਿਆਨ ਦਿੱਤਾ ਕਿ ਉੱਥੇ ਕੁਝ ਨਰਸਾਂ ਅਜਿਹੀਆਂ ਸਨ ਜੋ ਮਰੀਜ਼ਾਂ ਨੂੰ ਹੁਕਮ ਦੇਣ ਵਾਲੇ ਲਹਿਜੇ ਵਿੱਚ ਗੱਲ ਕਰ ਰਹੀਆਂ ਸਨ ਅਤੇ ਉਹਨਾਂ ਨੂੰ ਹਦਾਇਤਾਂ ਦੇ

ਰਹੀਆਂ ਸਨ। ਇਕ ਨਰਸ ਨੇ ਇੱਕ ਔਰਤ ਨੂੰ, ਜੋ ਕਿ ਸਾਫ਼ ਤੌਰ ਤੇ ਦਿਖਾਈ ਦੇ ਰਿਹਾ ਸੀ ਕਿ ਬਹੁਤ ਤਕਲੀਫ਼ ਵਿੱਚ ਹੈ, ਦੂਸਰੀ ਕੁਰਸੀ ਉਪਰ ਬੈਠਣ ਲਈ ਕਿਹਾ। ਮਰੀਜ਼ ਦੁਆਰਾ ਇਹ ਕਹਿਣ ਤੇ ਕਿ ਨਹੀਂ ਉਸਨੂੰ ਏਥੇ ਆਰਾਮ ਹੈ, ਨਰਸ ਨੇ ਦੂਸਰੀ ਕੁਰਸੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ, "ਨਹੀਂ, ਬੈਠੋ"। ਜਦ ਉਹੀ ਨਰਸ ਮੇਰੇ ਵੱਲ ਵਧੀ ਤਾਂ ਮੈਨੂੰ ਲੱਗਦਾ ਹੈ ਕਿ ਮੇਰੇ ਹਾਵ-ਭਾਵ ਤੋਂ ਉਸਨੇ ਸਮਝ ਲਿਆ ਕਿ ਮੈਂ ਸਕੂਲੀ ਵਿਦਿਆਰਥੀ ਦੀ ਤਰ੍ਹਾਂ ਉਸਦੇ ਹੁਕਮ ਨੂੰ ਮੰਨਣ ਵਾਲਿਆ ਵਿੱਚੋਂ ਨਹੀਂ। ਬਿਨਾਂ ਕੁਝ ਬੋਲੇ ਹੀ ਉਸਨੇ ਮੈਨੂੰ ਪਰੀਖਿਆ-ਕੇਂਦਰ ਦੇ ਵੱਲ ਜਾਣ ਦਾ ਇਸ਼ਾਰਾ ਕਰ ਦਿੱਤਾ ਅਤੇ ਮੈਂ ਅੰਦਰ ਚਲਾ ਗਿਆ।

ਮੇਰੇ ਇਲਾਜ਼ ਨਾਲ ਸੰਬੰਧਿਤ ਡਾਕਟਰ ਅੰਦਰ ਆਇਆ। ਨਾ ਨਾਮ, ਨਾ ਜਾਣ-ਪਹਿਚਾਣ, ਨਾ ਹੱਥ ਮਿਲਾਇਆ। ਉਸਨੇ ਮੇਰੀ ਫਾਇਲ ਵੱਲ ਵੇਖਿਆ ਅਤੇ ਮੂੰਹ ਵਿੱਚ ਕੁਝ ਬੜਬੜਾਇਆ। ਇਸਤੋਂ ਬਾਅਦ ਉਸਨੇ ਮੈਨੂੰ ਬੈੱਡ ਉਪਰ ਬੈਠਣ, ਪੈਂਟ ਥੱਲੇ ਕਰਨ ਤੇ ਕਮੀਜ਼ ਉਪਰ ਚੁੱਕਣ ਲਈ ਕਿਹਾ। ਮੈਂ ਆਪਣੇ ਇੱਕ ਪਾਸੇ ਨੂੰ ਝੁੱਕਦੇ ਹੋਏ ਉਸਨੂੰ ਦੱਸਿਆ ਕਿ ਮੈਂ ਪਹਿਲਾਂ ਵੀ ਇੱਕ ਟੀਕਾ ਲਗਵਾ ਚੁੱਕਿਆ ਹਾਂ। ਉਸਨੇ ਮੈਨੂੰ ਸਿੱਧਾ ਬੈਠਣ ਲਈ ਕਿਹਾ। ਮੈਂ ਜਵਾਬ ਦਿੱਤਾ ਕਿ ਮੇਰੇ ਲਈ ਇੱਕ ਪਾਸੇ ਲੰਮੇ ਪੈਣਾ ਜ਼ਿਆਦਾ ਅਰਾਮਦਾਇਕ ਹੈ। ਉਸਨੇ ਦੱਸਿਆ ਕਿ ਬੈਠੇ-ਬੈਠੇ ਟੀਕਾ ਜ਼ਿਆਦਾ ਠੀਕ ਤਰ੍ਹਾਂ ਨਾਲ ਲੱਗੇਗਾ। ਘੱਟ ਤੋਂ ਘੱਟ ਉਸਨੇ ਇੱਕ ਗੱਲ ਤਾਂ ਮੇਰੀ ਰੁਚੀ ਦੀ ਕੀਤੀ ਸੀ, ਇਸ ਲਈ ਮੈਂ ਸਹਿਮਤ ਹੋ ਗਿਆ। ਉਸ ਤੋਂ ਬਾਅਦ ਜਿਵੇਂ ਕਿ ਲਾਭ-ਯੁਕਤ ਹਸਪਤਾਲ ਦੇ ਡਾਕਟਰ ਨੇ ਨਹੀਂ ਕੀਤਾ ਸੀ, ਇਸ ਡਾਕਟਰ ਨੇ ਸੂਈ ਠੋਕੀ 'ਤੇ ਮਾਸ ਅੰਦਰ ਇਸ ਤਰ੍ਹਾਂ ਹੈਰਾਨੀਜਨਕ ਤਰੀਕੇ ਨਾਲ ਘੁਸਾ ਦਿੱਤੀ ਕਿ ਮੇਰੀ ਚੀਕ ਨਿਕਲ ਗਈ। ਮੇਰੇ ਪੁਰਾਣੇ ਅਨੁਭਵ ਵਿੱਚ ਅਜਿਹਾ ਅਹਿਸਾਸ ਨਹੀਂ ਹੋਇਆ ਸੀ। ਇਸਤੋਂ ਬਾਅਦ ਉਸਨੇ ਸੂਈ ਬਾਹਰ ਕੱਢੀ, ਆਪਣੀ ਫਾਇਲ ਵਿੱਚ ਕੁਝ ਦਰਜ ਕੀਤਾ ਅਤੇ ਗਾਇਬ ਹੋ ਗਿਆ। ਨਰਸ ਨੇ ਇਕ ਕਾਗਜ਼ ਦੇ ਟੁੱਕੜੇ ਨੂੰ ਮੇਰੇ ਹਵਾਲੇ ਕੀਤਾ ਅਤੇ ਬਾਹਰ ਜਾਣ ਵਾਲੇ ਰਸਤੇ ਵੱਲ ਇਸ਼ਾਰਾ ਕਰ ਦਿੱਤਾ। ਮੈਂ ਪੈਸੇ ਦਿੱਤੇ ਅਤੇ ਉੱਥੋਂ ਨਿਕਲ ਆਇਆ।

### ਲਾਭ ਅਤੇ ਕਰੁਣਾ

ਲਾਭ-ਯੁਕਤ ਅਤੇ ਗੈਰ ਲਾਭ-ਯੁਕਤ ਇਲਾਜ਼ ਦੀ ਤੁਲਨਾ ਦਾ ਆਧਾਰ ਬਣਨ ਲਈ ਉਪਰੋਕਤ ਅਨੁਭਵ ਸਿਰਫ਼ ਇਕ ਛੋਟਾ ਜਿਹਾ ਪਰ ਆਪਣੇ ਆਪ ਵਿੱਚ ਪੂਰਨ ਅਨੁਭਵ ਹੈ। ਪਰੰਤੂ ਇਹ ਲਾਭ ਦੇ ਮਕਸਦ ਅਤੇ ਕਰੁਣਾ ਨਾਲ ਇਸਦੇ ਸੰਬੰਧ ਨਾਲ ਸੰਬੰਧਿਤ ਕੁਝ ਸਮਝ ਜ਼ਰੂਰ ਦੇ ਸਕਦਾ ਹੈ। ਇਸ ਤਰ੍ਹਾਂ ਨਹੀਂ ਹੈ ਕਿ ਸਿਰਫ ਲਾਭਕਾਰੀ ਹਸਪਤਾਲ ਹੀ ਦਿਆਲੂ ਅਤੇ ਕਰੁਣਾਮਈ ਕਰਮਚਾਰੀਆਂ ਨੂੰ ਭਰਤੀ ਕਰਦੇ ਹਨ, ਕਿਉਂਕਿ ਗੈਰ ਲਾਭ-ਯੁਕਤ ਹਸਪਤਾਲ ਦੇ ਉਮਰਦਰਾਜ਼ ਸਵੈ-ਇੱਛਾ ਨਾਲ ਕੰਮ ਕਰਨ ਵਾਲੇ ਕਰਮਚਾਰੀ ਬੇਸ਼ੱਕ ਕਰੁਣਾਮਈ ਤੇ ਦਿਆਲੂ ਸਨ। ਪਰ ਮੈਂ ਆਪਣੇ ਆਪ ਨੂੰ

ਇਹ ਸੋਚਣ ਤੋਂ ਰੋਕ ਨਹੀਂ ਸਕਦਾ ਕਿ ਲਾਭ-ਯੁਕਤ ਹਸਪਤਾਲ ਦੇ ਇਲਾਜ਼-ਕੇਂਦਰ ਵਿੱਚ ਨਿਯੁਕਤ ਡਾਕਟਰਾਂ ਅਤੇ ਨਰਸਾਂ ਨੂੰ ਕੰਮ ਦੇ ਦੌਰਾਨ ਮਿਲਣ ਵਾਲਾ ਏਵਜ਼ਾਨਾਂ (ਤਨਖ਼ਾਹ) ਕਰੁਣਾ ਦਿਖਾਉਣ ਲਈ ਜ਼ਿਆਦਾ ਉਤਸ਼ਾਹਿਤ ਕਰਦਾ ਹੈ। ਕੁਝ ਵੀ ਹੋਵੇ, ਜੇਕਰ ਮੈਨੂੰ ਦੁਬਾਰਾ ਇਲਾਜ਼ ਦੀ ਜ਼ਰੂਰਤ ਪੈਂਦੀ ਹੈ ਜਾਂ ਮੈਂ ਕਿਸੇ ਨੂੰ ਸਲਾਹ ਦੇਣੀ ਹੋਈ ਤਾਂ ਮੈਂ ਲਾਭ-ਯੁਕਤ ਹਸਪਤਾਲ ਦੇ ਬਾਰੇ ਵਿੱਚ ਹੀ ਦੇਵਾਂਗਾ। ਮੈਂ ਨਾ ਤਾਂ ਦੁਬਾਰਾ ਗੈਰ ਲਾਭ-ਯੁਕਤ ਹਸਪਤਾਲ ਜਾਵਾਂਗਾ ਅਤੇ ਨਾ ਹੀ ਕਿਸੇ ਹੋਰ ਨੂੰ ਇਸਦੀ ਸਲਾਹ ਦੇਵਾਂਗਾ। ਮੈਨੂੰ ਲੱਗਦਾ ਹੈ ਕਿ ਮੈਂ ਆਪਣੇ ਅਜਿਹਾ ਸੋਚਣ ਦਾ ਕਾਰਣ ਜਾਣਦਾ ਹਾਂ ਕਿਉਂਕਿ ਉੱਥੋਂ ਦੀਆਂ ਨਰਸਾਂ ਅਤੇ ਡਾਕਟਰਾਂ ਵਿੱਚ ਮੈਨੂੰ ਵੇਖਣ ਲਈ ਕੋਈ ਉਤਸ਼ਾਹ ਨਹੀਂ ਹੈ ਅਤੇ ਹੁਣ ਮੈਨੂੰ ਵੀ ਇਹ ਸਮਝ ਆਉਣ ਲੱਗ ਪਿਆ ਹੈ ਕਿ ਕਿਉਂ ਗੈਰ ਲਾਭ-ਯੁਕਤ ਹਸਪਤਾਲ ਨੇ ਮੈਨੂੰ ਏਨੀ ਜਲਦੀ ਟੀਕਾ ਲਗਵਾਉਣ ਲਈ ਵਕਤ ਦੇ ਦਿੱਤਾ। ਮੈਨੂੰ ਸ਼ੱਕ ਹੈ ਕਿ ਸ਼ਾਇਦ ਹੀ ਕੋਈ ਮਰੀਜ਼ ਦੁਬਾਰਾ ਉੱਥੇ ਵਾਪਿਸ ਇਲਾਜ਼ ਕਰਵਾਉਣ ਲਈ ਜਾਂਦਾ ਹੋਵੇਗਾ।

ਇਹ ਅਨੁਭਵ ਅਜਿਹਾ ਨਹੀਂ ਕਹਿੰਦਾ ਕਿ ਕਰੁਣਾ, ਪਰਉਪਕਾਰ ਤੇ ਸ਼ਿਸ਼ਟਾਚਾਰ ਦੇ ਲਈ ਲਾਭ ਹੀ ਜ਼ਰੂਰੀ ਸ਼ਰਤ ਹੈ। ਇੱਥੋਂ ਤੱਕ ਕਿ ਇਹ ਕੋਈ ਕਸੌਟੀ ਵੀ ਨਹੀਂ। ਮੈਂ ਇੱਕ ਗੈਰ ਲਾਭ-ਯੁਕਤ ਸੰਸਥਾਂ ਵਿੱਚ ਕੰਮ ਕਰਦਾ ਹਾਂ। ਜੋ ਕਿ ਮਜ਼ਬੂਤ ਆਧਾਰ ਰੱਖਣ ਵਾਲੇ ਦਾਨੀਆਂ ਤੋਂ ਮਿਲਣ ਵਾਲੀ ਨਿਰੰਤਰ ਮਦਦ ਦੇ ਉੱਪਰ ਨਿਰਭਰ ਹੈ। ਜੇਕਰ ਮੈਂ ਉਮੀਦ ਅਤੇ ਵਿਸ਼ਵਾਸ ਦੇ ਅਨੁਕੂਲ ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਅਸਫ਼ਲ ਰਹਿੰਦਾ ਹਾਂ ਤਾਂ ਨਿਸ਼ਚਿਤ ਹੀ ਉਹ ਮੇਰੇ ਕੰਮ ਨੂੰ ਸਹਿਯੋਗ ਦੇਣਾ ਬੰਦ ਕਰ ਦੇਣਗੇ। ਮੈਂ ਤੇ ਮੇਰੇ ਸਾਥੀ ਉੱਥੇ ਇਸ ਲਈ ਕੰਮ ਕਰਦੇ ਹਾਂ ਕਿਉਂਕਿ ਸਹਿਯੋਗੀ ਸੰਸਥਾਵਾਂ ਦੀਆਂ ਚਿੰਤਾਵਾਂ ਹੀ ਸਾਡੀਆਂ ਚਿੰਤਾਵਾਂ ਹਨ। ਏਸੇ ਵਜ੍ਹਾ ਕਰਕੇ ਹੀ ਸੰਸਥਾ ਸੁਹਿਰਦਪੂਰਨ ਤਰੀਕੇ ਨਾਲ ਕੰਮ ਕਰਦੀ ਹੈ। ਪਰ ਜਦ ਸਹਿਯੋਗੀ ਲੋਕਾਂ/ਸੰਸਥਾਵਾਂ, ਕਰਮਚਾਰੀਆਂ ਅਤੇ ਗ੍ਰਾਹਕਾਂ ਜਾਂ ਮਜ਼ਦੂਰਾਂ (ਚਾਹੇ ਦਰਦ ਨੂੰ ਸਹਿੰਦੇ ਲੋਕ ਹੋਣ, ਜਾਂ ਸੂਚਨਾ ਜਾ ਅੰਤਰ ਦ੍ਰਿਸ਼ਟੀ ਦੀ ਤਲਾਸ਼ ਕਰਨ ਵਾਲੇ ਜਰਨਲਿਸਟ ਜਾ ਅਧਿਆਪਕ) ਦੇ ਮੁੱਲਾਂ/ਕਦਰਾਂ-ਕੀਮਤਾਂ ਵਿੱਚ ਸਮਾਨਤਾ ਨਹੀਂ ਹੋਵੇਗੀ ਤਾਂ ਕੰਮ ਉਵੇਂ ਹੀ ਹੁੰਦਾ ਹੈ ਜਿਵੇਂ ਗੈਰ-ਲਾਭ ਯੁਕਤ ਹਸਪਤਾਲ ਵਿੱਚ ਹੋਇਆ। ਨਿਰੋਲ ਲਾਭ ਨੂੰ ਮਕਸਦ ਮੰਨ ਕੇ ਕੀਤੇ ਗਏ ਕੰਮ ਵਿੱਚ ਭਾਵਨਾ ਘੱਟ ਤੇ ਬਲ ਦਾ ਪ੍ਰਯੋਗ ਵੱਧ ਜਾਂਦਾ ਹੈ। ਜਿਸ ਨਾਲ ਉਹਨਾਂ ਮਕਸਦਾਂ ਦੀ ਪੂਰਤੀ ਵਿਚ ਰੁਕਾਵਟ ਪੈਂਦੀ ਹੈ ਜਿਨਾਂ ਦੀ ਪ੍ਰਾਪਤੀ ਲਈ ਉਹ ਕੇਂਦਰ, ਸੰਸਥਾਂ ਜਾ ਪ੍ਰਬੰਧ ਉਸਾਰਿਆ ਗਿਆ ਹੁੰਦਾ ਹੈ।

ਪੂਰਨ ਪਰਿਭਾਸ਼ਿਤ ਅਤੇ ਮਜ਼ਬੂਤ ਕਾਨੂੰਨ ਨਿਯਮਾਂ (ਇਹ ਉਸ ਲਾਭ ਤੋਂ ਵੱਖਰਾ ਹੈ ਜੋ ਇੱਕ ਸ਼ਾਤਿਰ ਚੋਰ ਬਣਕੇ ਇੱਕਠਾ ਕੀਤਾ ਜਾਂਦਾ ਹੈ) ਦੇ ਪਰਿਪੇਖ ਵਿੱਚ ਕਮਾਇਆ ਗਿਆ ਲਾਭ ਰੁੱਖੇਪਨ ਦੀ ਨਹੀਂ ਬਲਕਿ ਕਰੁਣਾ ਦੀ ਬੁਨਿਆਦ ਬੰਨ੍ਹਦਾ ਹੈ। ਲਾਭ

ਦੀ ਭਾਲ ਦੇ ਦੌਰਾਨ ਜ਼ਰੂਰੀ ਹੁੰਦਾ ਹੈ ਕਿ ਡਾਕਟਰ ਮਰੀਜ਼ ਦੇ ਸੁਭਾਅ ਅਤੇ ਲੋੜ ਨੂੰ ਸਮਝੇ। ਉਹ ਆਪਣੇ-ਆਪ ਨੂੰ ਮਰੀਜ਼ ਦੀ ਥਾਂ ਰੱਖ ਕੇ ਸੋਚੇ ਤਾਂ ਜੋ ਉਸਦੀ ਪਰੇਸ਼ਾਨੀ ਨੂੰ ਠੀਕ ਢੰਗ ਨਾਲ ਸਮਝ ਸਕੇ, ਤਾਂ ਹੀ ਕਰੁਣਾ ਦੀ ਭਾਵਨਾ ਪ੍ਰਗਟ ਹੋ ਸਕੇਗੀ। ਸੁਤੰਤਰ ਬਾਜ਼ਾਰ ਵਾਲੀ ਅਰਥ-ਵਿਵਸਥਾ ਵਿੱਚ ਲਾਭ ਇਕ ਮਕਸਦ ਹੋ ਸਕਦਾ ਹੈ ਪਰ ਉਸਦਾ ਦੂਸਰਾ ਨਾਮ ਕਰੁਣਾ ਹੋਣਾ ਚਾਹੀਦਾ ਹੈ।

# ਖੰਡ-2

# ਸਵੈ-ਇਛੁੱਕ ਵਾਰਤਾਲਾਪ ਅਤੇ ਸਵੈਹਿੱਤ

# ਵਿਰੋਧਾਭਾਸੀ ਨੈਤਿਕਤਾ

**ਮਾਉ ਯੂਸੀ (ਜਯੂਡ ਬਲਾਨਸੇਟੇ ਦੁਆਰਾ ਅਨੁਵਾਦਿਤ)**

*ਇਸ ਨਿਬੰਧ ਵਿਚ ਚੀਨੀ ਅਰਥ-ਸ਼ਾਸ਼ਤਰੀ, ਵਿਦਵਾਨ ਅਤੇ ਸਮਾਜਿਕ ਉਦਮਸ਼ੀਲ/ ਉਦਯੋਗਪਤੀ ਮਾਉ ਯੂਸੀ ਨੇ ਤਾਲ-ਮੇਲ ਅਤੇ ਸਹਿਯੋਗ ਸਥਾਪਿਤ ਕਰਨ ਦੀ ਦਿਸ਼ਾ ਵਿੱਚ ਬਾਜ਼ਾਰ ਦੁਆਰਾ ਨਿਭਾਈ ਜਾਣ ਵਾਲੀ ਭੂਮਿਕਾ ਦੀ ਵਿਆਖਿਆ ਕੀਤੀ ਹੈ। ਉਹ ਉਹਨਾਂ ਲੋਕਾਂ- ਜੋ ਕਿ ਸਵੈ-ਹਿੱਤ ਜਿਹੇ ਵਿਰੋਧਾਭਾਸੀ ਵਿਵਹਾਰ ਦੇ ਨਾਲ ਪੂੰਜੀਵਾਦ ਦੇ ਅਲੋਚਕਾਂ ਦੁਆਰਾ ਤਿਆਰ ਕੀਤੀਆ ਗਈਆਂ ਹਨ-ਦੇ ਦੁਆਰਾ ਘੱਟ ਕੀਮਤ ਅਤੇ ਮੁਨਾਫੇ ਦੀ ਤਲਾਸ਼ ਦਾ ਖੁਲਾਸਾ ਕਰਦੇ ਹਨ। ਓਹ ਚੀਨ ਦੀ ਸਾਹਿਤਿਕ ਵਿਰਾਸਤ ਅਤੇ ਪੂੰਜੀਵਾਦ ਨੂੰ ਖਤਮ ਕਰਨ ਦੇ ਚੀਨ ਦੇ ਸਰਵਨਾਸ਼ੀ ਪ੍ਰਯੋਗ ਦੇ ਦੌਰਾਨ ਹੋਏ ਆਪਣੇ ਨਿੱਜੀ ਅਨੁਭਵਾਂ (ਲੱਖਾਂ ਹੋਰ ਚੀਨੀ ਲੋਕਾਂ) ਦੇ ਆਧਾਰ ਤੇ ਉਦਾਹਰਣ ਪ੍ਰਸਤੁਤ ਕਰਦੇ ਹਨ।*

*ਮਾਉ ਯੂਸੀ ਚੀਨ ਦੇ ਬੀਜਿੰਗ ਵਿੱਚ ਸਥਿਤ ਯੂਨੀਰੂਲ ਇੰਨਸਟੀਚਿਊਟ ਦੇ ਸੰਸਥਾਪਕ ਚੈਅਰਮੈਨ ਹਨ। ਉਹ ਕਈ ਕਿਤਾਬਾਂ ਅਤੇ ਵਿਦਵਤਾ ਭਰਪੂਰ ਤੇ ਮਸ਼ਹੂਰ ਲੇਖਾਂ ਦੇ ਲੇਖਕ ਹਨ। ਉਹਨਾਂ ਨੇ ਕਈ ਵਿਸ਼ਵਵਿਦਿਆਲਿਆਂ ਵਿਚ ਅਰਥ-ਸ਼ਾਸ਼ਤਰ ਪੜ੍ਹਾਇਆ ਹੈ। ਉਹਨਾਂ ਨੇ ਚੀਨ ਦੀ ਪਹਿਲੀ ਗੈਰ-ਸਰਕਾਰੀ ਚੈਰਿਟੀ ਅਤੇ ਸੁਤੰਤਰ ਸਵੈ-ਸੇਵੀ ਸੰਸਥਾ ਦੀ ਸਥਾਪਨਾ ਕੀਤੀ। ਉਹ ਸੁਤੰਤਰਤਾ ਦੇ ਸਾਹਸੀ ਹਿਮਾਇਤੀ ਦੇ ਤੌਰ ਤੇ ਜਾਣੇ ਜਾਂਦੇ ਹਨ। ਸਾਲ 1950 ਵਿਚ ਉਹਨਾਂ ਨੂੰ "ਜੇਕਰ ਸੂਰ ਦਾ ਮਾਸ ਵੇਚਣ ਲਈ ਕੋਈ ਥਾਂ ਨਹੀਂ ਤਾਂ ਇਸਦੀ ਕੀਮਤ ਵੱਧ ਜਾਵੇਗੀ" ਅਤੇ "ਜੇਕਰ ਚੇਅਰਮੈਨ ਮਾਉ ਇਕ ਵਿਗਿਆਨਿਕ ਨਾਲ ਮਿਲਣਾ ਚਾਹੁੰਦਾ ਹੈ ਤਾਂ ਕਿਸਨੂੰ ਕਿਸ ਕੋਲ ਜਾਣਾ ਚਾਹੀਦਾ ਹੈ"- ਜਿਹੇ ਵਾਕ ਦੇਣ ਲਈ ਬਾਮੁੱਸ਼ਕਤ ਕੈਦ, ਦੇਸ਼ ਨਿਕਾਲਾ, ਮੁੜ ਸਿਖਿਆ ਅਤੇ ਲਗਭਗ ਭੁੱਖਾ ਰੱਖਣ ਜਿਹੀਆਂ ਸਜਾਵਾਂ ਮਿਲੀਆ ਸਨ। ਅਤੇ ਇਸ ਕਿਤਾਬ ਤੋਂ ਕੁਝ ਸਮਾਂ ਪਹਿਲਾਂ 82 ਸਾਲ ਦੀ ਉਮਰ ਵਿਚ ਸਾਲ 2011 ਵਿਚ ਉਹਨਾਂ ਨੇ ਇਕ ਲੋਕ-ਨਿਬੰਧ ਲਿਖਿਆ ਜੋ ਕਿ "ਰਿਟਰਨਿੰਗ ਮਾਉ ਜੇਡਾਂਗ ਟੂ ਹਿਊਮਨ ਫਾਰਮ" ਨਾਮ ਨਾਲ ਕੈਕਸਨ ਆਨਲਾਈਨ ਸਾਈਟ ਤੇ ਪ੍ਰਕਾਸ਼ਿਤ ਹੋਇਆ। ਇਸ ਲੇਖ ਕਾਰਣ ਉਹਨਾਂ ਨੂੰ ਜਾਨ ਤੋਂ ਮਾਰਨ ਦੀਆਂ ਕਈ ਧਮਕੀਆਂ ਮਿਲੀਆਂ ਤਾਂ ਉਹਨਾਂ ਨੂੰ ਬਤੌਰ ਇਮਾਨਦਾਰ ਅਤੇ ਨਿਆਂ-ਪਸੰਦ ਵਿਅਕਤੀ ਦੀ ਉਪਾਧੀ ਵੀ ਪ੍ਰਾਪਤ ਹੋਈ। ਮਾਉ ਯੂਸੀ ਸਮਕਾਲੀਨ ਵਿਸ਼ਵ ਦੀ ਮਹਾਨ ਉਦਾਰਵਾਦੀ ਸ਼ਖਸ਼ੀਅਤ ਹਨ ਅਤੇ ਉਹ ਉਦਾਰਵਾਦੀ ਵਿਚਾਰਧਾਰਾ ਨੂੰ ਲਿਆਉਣ ਅਤੇ ਚੀਨ ਦੇ ਲੋਕਾਂ ਅਤੇ ਵਿਆਪਕ ਵਿਸ਼ਵ ਵਿੱਚ ਸੁਤੰਤਰਤਾਂ ਦਾ ਅਨੁਭਵ ਕਰਾਉਣ ਲਈ ਅਣਥੱਕ ਰੂਪ ਵਿੱਚ ਯਤਨਸ਼ੀਲ ਹਨ।*

## ਭਲੇਮਾਣਸ/ਸਾਊ ਲੋਕਾਂ ਦੇ ਦੇਸ਼ ਵਿਚ ਹਿੱਤਾਂ ਦਾ ਟਕਰਾਉ

18ਵੀਂ ਅਤੇ 19ਵੀਂ ਸਦੀ ਦੇ ਵਿਚਕਾਰ ਚੀਨੀ ਲੇਖਕ ਲੀ ਰੂਝੇਨ ਨੇ ਇੱਕ ਨਾਵਲ 'ਫਲਾਵਰ ਇਨ ਦੀ ਮਿਰਰ' ਲਿਖਿਆ। ਇਸ ਵਿਚ ਟੈਂਗ ਆਉ ਵਹੋ ਨਾਮਕ ਵਿਅਕਤੀ ਦਾ ਵਰਣਨ ਕੀਤਾ ਗਿਆ ਸੀ ਜੋ ਕਿ ਆਪਣਾ ਭਵਿੱਖ ਬਨਾਉਣ ਦੇ ਲਈ ਆਪਣੇ ਜੀਜੇ ਨਾਲ ਵਿਦੇਸ਼ਾ ਦੀ ਯਾਤਰਾ ਕਰਦਾ ਹੈ। ਸਮੁੰਦਰੀ ਯਾਤਰਾ ਦੇ ਦੌਰਾਨ ਓਹ ਸ਼ਾਨਦਾਰ ਅਤੇ ਆਕਰਸ਼ਿਤ ਦ੍ਰਿਸ਼ਾਂ ਤੇ ਭਾਸ਼ਾਵਾਂ ਵਾਲੇ ਵੱਖ-ਵੱਖ ਮੁਲਕਾਂ ਦੀ ਯਾਤਰਾ ਕਰਦਾ ਹੈ। ਉਹ ਪਹਿਲੀ ਵਾਰ ਜਿਸ ਦੇਸ਼ ਦੀ ਯਾਤਰਾ ਕਰਦਾ ਹੈ ਉਹ ਭਲੇਮਾਣਸ/ਸਾਊ (Gentleman) ਲੋਕਾਂ ਦਾ ਦੇਸ਼ ਹੈ।

ਭਲੇਮਾਣਸ ਲੋਕਾਂ ਦੇ ਦੇਸ਼ ਵਿਚ ਸਭ ਲੋਕ ਦੂਸਰਿਆਂ ਦਾ ਮੁਨਾਫ਼ਾ ਕਰਨ ਲਈ ਜਾਣ ਬੁੱਝ ਕੇ ਆਪ ਤਕਲੀਫ਼ ਝੇਲਦੇ ਹਨ। ਨਾਵਲ ਦਾ ਗਿਆਰਵਾਂ ਅਧਿਆਏ ਬੇਲਿਫ਼ (ਲੀ ਰੂਝੇਨ ਨੇ ਇੱਥੇ ਜਾਣ ਬੁੱਝ ਕੇ ਇਕ ਚੀਨੀ ਯਾਤਰੀ ਦਾ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਮੰਨਿਆ ਜਾਂਦਾ ਹੈ ਕਿ ਪ੍ਰਾਚੀਨ ਚੀਨ ਵਿੱਚ ਬੇਲਿਫ਼ਾ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ ਅਤੇ ਉਹ ਆਮ ਜਨਤਾ ਨੂੰ ਝਿੜਕਦੇ ਵਰਜਦੇ ਰਹਿੰਦੇ ਸਨ) ਨਾਮਕ ਪਾਤਰ ਦੀ ਵਿਆਖਿਆ ਕਰਦਾ ਹੈ ਜਿਸਨੂੰ ਸਾਮਾਨ ਖਰੀਦਦੇ ਹੋਏ ਹੇਠਾਂ ਲਿਖੀਆ ਪਰਸਥਿਤੀਆ ਦਾ ਸਾਹਮਣਾ ਕਰਨਾ ਪੈਂਦਾ ਹੈ।

> ਬੇਲਿਫ਼, ਥੋੜੇ ਜਿਹੇ ਮਾਲ ਦੀ ਜਾਂਚ ਪੜਤਾਲ ਤੋਂ ਬਾਅਦ ਵੇਚਣ ਵਾਲੇ ਨੂੰ ਕਹਿੰਦਾ ਹੈ ਕਿ "ਮੇਰੇ ਦੋਸਤ ਤੇਰੇ ਕੋਲ ਉੱਚ ਕੋਟੀ ਦਾ ਮਾਲ ਹੈ, ਫਿਰ ਵੀ ਤੇਰੇ ਮਾਲ ਦੀ ਕੀਮਤ ਘੱਟ ਹੈ। ਤੇਰਾ ਫਾਇਦਾ ਉਠਾ ਕੇ ਮੈਂ ਆਰਾਮ ਨਾਲ ਕਿਵੇਂ ਜੀਅ ਪਾਵਾਂਗਾ? ਜੇਕਰ ਤੂੰ ਕੀਮਤ ਨਾ ਵਧਾਈ ਤਾਂ ਅਸੀਂ ਅੱਗੇ ਤੋਂ ਤੇਰੇ ਨਾਲ ਕੋਈ ਵਿਉਪਾਰ ਨਹੀਂ ਕਰਾਂਗੇ।
>
> ਵੇਚਣ ਵਾਲੇ ਨੇ ਕਿਹਾ ਕਿ "ਮੇਰੀ ਦੁਕਾਨ ਓਪਰ ਆਕੇ ਤੁਸੀਂ ਮੇਰੇ' ਤੇ ਅਹਿਸਾਨ ਕੀਤਾ ਹੈ, ਅਕਸਰ ਅਜਿਹਾ ਕਿਹਾ ਜਾਂਦਾ ਹੈ ਕਿ ਵੇਚਣ ਵਾਲਾ ਬਹੁਤ ਜ਼ਿਆਦਾ ਕੀਮਤ ਦੀ ਮੰਗ ਕਰ ਰਿਹਾ ਹੈ ਅਤੇ ਗ੍ਰਾਹਕ ਉਸਨੂੰ ਬਹੁਤ ਘੱਟ ਦੇਣ ਦੀ ਪੇਸ਼ਕਸ਼ ਕਰਦੇ ਹਨ। ਮੇਰੀ ਕੀਮਤ ਬਹੁਤ ਜ਼ਿਆਦਾ ਹੈ ਫਿਰ ਵੀ ਤੁਸੀਂ ਇਸਨੂੰ ਹੋਰ ਵਧਾਉਣ ਦੀ ਗੱਲ ਕਰ ਰਹੇ ਹੋ। ਮੇਰੇ ਲਈ ਇਸ ਗੱਲ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ। ਬਿਹਤਰ ਹੋਵਗਾ ਕਿ ਤੁਸੀਂ ਮਾਲ ਖਰੀਦਣ ਲਈ ਕਿਸੇ ਹੋਰ ਦੁਕਾਨ ਤੇ ਚਲੇ ਜਾਵੋ"।

ਵਿਕਰੇਤਾ ਦੇ ਇਸ ਜਵਾਬ ਨੂੰ ਸੁਣਕੇ ਬੇਲਿਫ਼ ਨੇ ਕਿਹਾ "ਤੁਸੀਂ ਇਸ ਬਿਹਤਰੀਨ ਕਿਸਮ ਦੀ ਵਸਤੂ ਲਈ ਏਨੀ ਘੱਟ ਕੀਮਤ ਲਗਾਈ ਹੈ। ਕਿ ਇਸ ਨਾਲ ਤੁਹਾਡਾ ਘਾਟਾ ਨਹੀਂ ਹੋਵੇਗਾ। ਸਾਨੂੰ ਧੋਖੇਬਾਜ਼ੀ ਦਾ ਕੰਮ ਨਹੀਂ ਕਰਨਾ ਚਾਹੀਦਾ ਅਤੇ ਸਬਰ ਨਾਲ ਕੰਮ ਕਰਨਾ ਚਾਹੀਦਾ ਹੈ। ਕਿ ਅਜਿਹਾ ਨਹੀਂ ਕਿਹਾ ਜਾ ਸਕਦਾ ਕਿ ਸਾਡੇ

ਸਾਰਿਆਂ ਦੇ ਅੰਦਰ ਇਕ ਗਿਣਤੀ - ਚੌਖਟਾ (Abacus) ਬਣਿਆ ਹੋਇਆ ਹੈ? ਕੁਝ ਸਮੇਂ ਤੱਕ ਬਹਿਸ ਤੋਂ ਬਾਅਦ ਵੀ ਦੁਕਾਨਦਾਰ ਕੀਮਤ ਨਾ ਵਧਾਉਣ ਦੀ ਆਪਣੀ ਜ਼ਿੱਦ ਉਪਰ ਅੜਿਆ ਰਿਹਾ। ਜਦਕਿ ਬੇਲਿਫ਼ ਨੇ ਗੁੱਸੇ ਵਿਚ ਆ ਕੇ ਜਿਸ ਮਾਤਰਾ ਵਿਚ ਮਾਲ ਖਰੀਦਣਾ ਸੀ ਉਸ ਤੋਂ ਅੱਧਾ ਹੀ ਖਰੀਦਿਆ। ਅਜੇ ਉਹ ਤੁਰਨ ਹੀ ਵਾਲਾ ਸੀ ਕਿ ਦੁਕਾਨਦਾਰ ਨੇ ਉਸਦਾ ਰਸਤਾ ਰੋਕ ਲਿਆ। ਇਸ ਸਮੇਂ ਦੋ ਬਜ਼ੁਰਗ ਆਏ ਜੋ ਖਰੀਦ-ਫ਼ਰੋਖਤ ਦੀਆਂ ਸਾਰੀਆਂ ਪ੍ਰਸਥਿਤੀਆਂ ਦਾ ਨਿਰੀਖਣ ਕਰ ਰਹੇ ਸਨ ਅਤੇ ਉਹਨਾਂ ਨੇ ਬੇਲਿਫ਼ ਨੂੰ 80% ਮਾਲ ਖਰੀਦਣ ਤੋਂ ਬਾਅਦ ਜਾਣ ਦਾ ਆਦੇਸ਼ ਦਿੱਤਾ"।

ਨਾਵਲ ਇਕ ਦੂਸਰੀ ਪ੍ਰਕਾਰ ਦੀ ਖਰੀਦ-ਫਰੋਖਤ ਦਾ ਵੀ ਜ਼ਿਕਰ ਕਰਦਾ ਹੈ। ਜਿਸ ਵਿੱਚ ਖਰੀਦਦਾਰ ਨੂੰ ਲੱਗਦਾ ਹੈ ਕਿ ਮਾਲ ਦੇ ਲਈ ਮੰਗੀ ਜਾਣ ਵਾਲੀ ਕੀਮਤ ਬਹੁਤ ਘੱਟ ਹੈ ਜਦਕਿ ਵਸਤੂ ਦੀ ਕਿਸਮ/ਗੁਣਵਤਾ ਬਹੁਤ ਵਧੀਆ ਹੈ। ਉਧਰ ਦੁਕਾਨਦਾਰ ਬਾਰ-ਬਾਰ ਜ਼ੋਰ ਦੇ ਕੇ ਕਹਿੰਦਾ ਹੈ ਕਿ ਮਾਲ ਤਾਜ਼ਾ ਨਹੀਂ ਹੈ ਇਸ ਲਈ ਇਸਨੂੰ ਸਾਧਾਰਣ ਹੀ ਮੰਨਿਆ ਜਾਣਾ ਚਾਹੀਦਾ ਹੈ। ਅੰਤ ਵਿਚ ਗ੍ਰਾਹਕ ਦੁਕਾਨਦਾਰ ਦੇ ਸਭ ਤੋਂ ਖ਼ਰਾਬ ਸਮਾਨ ਨੂੰ ਖਰੀਦਣ ਲਈ ਚੁਣਦਾ ਹੈ। ਗ੍ਰਾਹਕ ਦੇ ਕੋਲ ਖੜੇ ਲੋਕ ਉਸਨੂੰ ਗਲਤ ਠਹਿਰਾਂਦੇ ਹਨ। ਇਸ ਲਈ ਗ੍ਰਾਹਕ ਨੂੰ ਅੱਧਾ ਸਾਮਾਨ ਵਧੀਆ ਕਿਸਮ ਦੇ ਢੇਰ ਵਿੱਚੋਂ ਖਰੀਦਣਾ ਪੈਂਦਾ ਹੈ ਅਤੇ ਅੱਧਾ ਮਾੜੀ ਕਿਸਮ ਦੇ ਢੇਰ ਵਿੱਚੋਂ। ਇਕ ਤੀਸਰੀ ਕਿਸਮ ਦੀ ਖਰੀਦ ਫ਼ਰੋਖਤ ਵਿਚ ਚਾਂਦੀ ਦੀ ਗੁਣਾਤਮਕਤਾ ਤੇ ਉਸਦੇ ਵਜ਼ਨ ਨੂੰ ਲੈਕੇ ਦੋਵੇਂ ਪੱਖ ਬਹਿਸ ਕਰਦੇ ਹਨ। ਚਾਂਦੀ ਦੇ ਰੂਪ ਵਿਚ ਕੀਮਤ ਅਦਾ ਕਰਨ ਵਾਲਾ ਪੱਖ ਕਠੋਰਤਾ ਪੂਰਵਕ ਕਹਿੰਦਾ ਹੈ ਕਿ ਉਸਦੀ ਚਾਂਦੀ ਦੀ ਗੁਣਾਤਮਕਤਾ ਘੱਟ ਹੈ ਅਤੇ ਵਜ਼ਨ ਵੀ ਪੂਰਾ ਨਹੀਂ ਹੈ। ਜਦਕਿ ਜਿਸ ਪੱਖ ਨੂੰ ਕੀਮਤ ਅਦਾ ਕੀਤੀ ਜਾਣੀ ਹੈ, ਓਹ ਕਹਿੰਦਾ ਹੈ ਕਿ ਚਾਂਦੀ ਦੀ ਗੁਣਾਤਮਕਤਾ ਤੇ ਵਜ਼ਨ ਉੱਚਕੋਟੀ ਦਾ ਹੈ। ਗ੍ਰਾਹਕ ਦੇ ਚਲੇ ਜਾਣ ਤੋਂ ਬਾਅਦ ਕੀਮਤ ਵਸੂਲਣ ਵਾਲਾ ਪੱਖ ਸ਼ੁਕਰੀਆ ਅਦਾ ਕਰਨ ਦੇ ਉਦੇਸ਼ ਨਾਲ ਕੁਝ ਚਾਂਦੀ ਉੱਥੋਂ ਲੰਘਦੇ ਹੋਏ ਭਿਖਾਰੀ ਨੂੰ ਦੇ ਦੇਂਦਾ ਹੈ।

ਇਸ ਨਾਵਲ ਵਿੱਚ ਦੋ ਮੁੱਦੇ ਪ੍ਰਮੁੱਖ ਰੂਪ ਵਿਚ ਉਠਾਏ ਗਏ ਹਨ ਜੋ ਅੱਗੇ ਚਰਚਾ ਕਰਨ ਯੋਗ ਹਨ।

ਪਹਿਲਾ ਇਹ ਕਿ ਜਦ ਦੋਵੇਂ ਪੱਖ ਲਾਭ ਦੇ ਆਪਣੇ ਹਿੱਸੇ ਨੂੰ ਛੱਡਣ ਲਈ ਤਿਆਰ ਹਨ ਜਾਂ ਇਸ ਗੱਲ ਉਪਰ ਅੜੇ ਹੋਏ ਹਨ ਕਿ ਮੁਨਾਫ਼ੇ ਵਾਲਾ ਉਹਨਾਂ ਦਾ ਹਿੱਸਾ ਬਹੁਤ ਜ਼ਿਆਦਾ ਹੈ ਅਤੇ ਬਹਿਸ ਜਾਰੀ ਰਹਿੰਦੀ ਹੈ। ਸਾਡੇ ਅਸਲ ਜੀਵਨ ਵਿੱਚ ਜੇਕਰ ਸਾਡਾ ਸਾਹਮਣਾ ਅਜਿਹੀ ਸਥਿਤੀ ਨਾਲ ਹੁੰਦਾ ਹੈ ਤਾਂ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਆਪਣੇ ਨਿੱਜੀ ਹਿੱਤ ਦਾ ਹੀ ਪੱਖ ਪੂਰਨਗੇ। ਨਤੀਜ਼ੇ ਵੱਜੋਂ ਅਸੀਂ ਅਕਸਰ ਇਹ ਮੰਨਣ ਦੀ ਗਲਤੀ ਕਰ ਬੈਠਦੇ ਹਾਂ ਕਿ ਜੇਕਰ ਅਸੀਂ ਉਸਦੀ ਥਾਂ ਹੁੰਦੇ

ਤਾਂ ਅਸੀਂ ਹਮੇਸ਼ਾ ਦੂਸਰੇ ਪੱਖ ਦੀ ਤਰਫ਼ਦਾਰੀ ਕਰਦੇ ਅਤੇ ਅਜਿਹਾ ਵਿਵਾਦ ਪੈਦਾ ਹੀ ਨਾ ਹੁੰਦਾ। ਪਰੰਤੂ ਭਲੇਮਾਣਸ ਲੋਕਾਂ ਦੇ ਦੇਸ਼ ਵਿਚ ਅਸੀਂ ਵੇਖ ਸਕਦੇ ਹਾਂ ਕਿ ਆਪਣੇ ਵਿਚਾਰ ਦੇ ਆਧਾਰ ਤੇ ਕਿਸੇ ਇਕ ਦੇ ਹਿੱਤਾਂ ਦੀ ਤਰਫ਼ਦਾਰੀ ਕਰਨਾ ਵੀ ਮੁਸੀਬਤ ਪੈਦਾ ਕਰਨ ਵਾਲਾ ਹੋ ਸਕਦਾ ਹੈ। ਇਸ ਪ੍ਰਕਾਰ ਸਾਨੂੰ ਸੁਹਿਰਦ ਅਤੇ ਸਹਿਯੋਗੀ ਸਮਾਜ ਦੀ ਤਾਰਕਿਕ ਸਥਾਪਨਾ ਦੀ ਬਹੁਤ ਜ਼ਰੂਰਤ ਹੈ।

ਆਪਣੀ ਤਫ਼ਤੀਸ਼ ਦੇ ਵੱਲ ਇਕ ਕਦਮ ਹੋਰ ਅੱਗੇ ਵਧਾਉਂਦੇ ਹੋਏ ਸਾਨੂੰ ਇਸ ਗੱਲ ਨੂੰ ਸਵੀਕਾਰ ਕਰਨਾ ਹੋਵੇਗਾ ਕਿ ਆਧੁਨਿਕ ਵਿਸ਼ਵ ਵਿੱਚ ਵਿਉਪਾਰਿਕ ਸੌਦਿਆਂ ਦੌਰਾਨ ਖਰੀਦੋ-ਫ਼ਰੋਖਤ ਦੇ ਲਈ ਦੋਵਾਂ ਪੱਖਾਂ ਨੂੰ ਸ਼ਰਤਾਂ (ਕੀਮਤ ਅਤੇ ਗੁਣਾਤਮਕਤਾ ਸਹਿਤ) ਦੇ ਸੰਬੰਧ ਵਿੱਚ ਗੱਲਬਾਤ ਦੇ ਦੁਆਰਾ ਸਹਿਮਤੀ ਸਥਾਪਿਤ ਕਰਨੀ ਹੁੰਦੀ ਹੈ। ਪਰੰਤੂ ਭਲੇਮਾਣਸ ਲੋਕਾਂ ਦੇ ਦੇਸ਼ ਇਨ੍ਹਾਂ ਵਿਰੋਧਾਭਾਸ ਹੈ ਕਿ ਇਹੋ ਜਿਹੀ ਸਹਿਮਤੀ ਦਾ ਸਥਾਪਿਤ ਹੋਣਾ ਅਸੰਭਵ ਹੋ ਜਾਂਦਾ ਹੈ। ਇਸ ਨਾਵਲ ਵਿੱਚ ਲੇਖਕ ਨੇ ਇਕ ਬਜ਼ੁਰਗ ਵਿਅਕਤੀ ਅਤੇ ਭਿਖਾਰੀ ਨੂੰ ਸ਼ਾਮਿਲ ਕੀਤਾ ਹੈ ਤੇ ਵਿਵਾਦ ਦੇ ਹੱਲ ਲਈ ਮਜ਼ਬੂਰੀ ਦਾ ਸਹਾਰਾ ਲਿਆ ਹੈ।[30] ਇੱਥੇ ਸਾਡਾ ਸਾਹਮਣਾ ਗੱਲਬਾਤ ਜਿਹੀ ਗਹਿਨ ਅਤੇ ਮਹੱਤਵਪੂਰਨ ਸੱਚਾਈ ਨਾਲ ਹੁੰਦਾ ਹੈ ਜਿਸ ਵਿੱਚ ਕਿ ਦੋਵੇਂ ਪੱਖ ਆਪਣੇ-ਆਪਣੇ ਵਿਅਕਤੀਗਤ ਲਾਭ ਦੀ ਤਲਾਸ਼ ਕਰਦੇ ਹਨ ਅਤੇ ਸੰਤੁਲਿਤ ਅਵਸਥਾ ਨੂੰ ਪ੍ਰਾਪਤ ਕਰਦੇ ਹਨ ਜਦਕਿ ਦੋਵੇ ਪੱਖ ਦੂਸਰੇ ਪੱਖ ਦੇ ਮੁਨਾਫ਼ੇ ਬਾਰੇ ਸੋਚਣ ਤਾਂ ਉਹ ਕਦੀ ਅੰਤਰ ਸੰਬੰਧਿਤ ਲੋਕ ਰਾਏ ਤੱਕ ਨਹੀਂ ਪਹੁੰਚ ਪਾਉਂਦੇ। ਇਸਦੇ ਇਲਾਵਾ ਇਸ ਨਾਲ ਸਮਾਜ ਦੁਆਰਾ ਆਪਣੇ ਆਪ ਵਿਚ ਇਕ ਦੂਸਰੇ ਤੋਂ ਬੇਮੇਲ ਸਮਾਜ ਦਾ ਨਿਰਮਾਣ ਹੋਵੇਗਾ। ਇਹ ਤੱਥ ਜ਼ਿਆਦਾਤਰ ਲੋਕਾਂ ਦੀ ਉਮੀਦ ਦੇ ਖ਼ਿਲਾਫ ਜਾਏਗਾ। ਕਿਉਂਕਿ ਭਲੇਮਾਣਸਾਂ ਦਾ ਦੇਸ਼ ਆਪਣੇ ਨਿਵਾਸੀਆਂ ਦੇ ਸੰਬੰਧਾਂ ਦੇ ਦਰਮਿਆਨ ਸੰਤੁਲਨ ਨੂੰ ਸਮਝਣ ਵਿੱਚ ਸਮਰੱਥ ਨਹੀਂ ਹੈ। ਇਸ ਲਈ ਹੌਲੀ ਹੌਲੀ ਇਹ ਵਿਵੇਕਹੀਨ ਅਤੇ ਅਣਉਚਿਤਤਾ ਵਾਲੇ ਦੇਸ਼ ਵਿਚ ਤਬਦੀਲ ਹੋ ਜਾਵੇਗਾ। ਕਿਉਂਕਿ ਭਲੇਮਾਣਸਾਂ ਦਾ ਦੇਸ਼ ਦੂਸਿਰਆਂ ਦੇ ਹਿੱਤਾਂ ਨੂੰ ਪ੍ਰਮੁੱਖਤਾ ਦੇ ਕੇ ਚੱਲਦਾ ਹੈ। ਇਸ ਲਈ ਇਹ ਮਾੜੇ ਕਿਰਦਾਰ ਦੇ ਲੋਕਾਂ ਦੇ ਵਧਣ ਫੁੱਲਣ ਵਾਲੇ ਸਥਾਨ ਵਿਚ ਤਬਦੀਲ ਹੋ ਜਾਵੇਗਾ। ਜਦ ਭਲੇਮਾਣਸ ਲੋਕ ਵਟਾਂਦਰਾ ਕਰਨ ਵਿਚ ਸਫ਼ਲ ਰਹਿੰਦੇ ਹਨ ਤਾਂ ਉਸ ਸਮੇਂ ਵਿਵੇਕਹੀਣ ਜਾਂ ਭ੍ਰਿਸ਼ਟ ਲੋਕ ਭਲੇਮਾਣਸਾਂ ਦੁਆਰਾ ਆਪਣੇ ਹਿੱਤਾਂ ਦੀ ਅਣਦੇਖੀ ਕਰਕੇ ਦੂਸਰਿਆਂ ਨੂੰ ਮੁਨਾਫ਼ਾ ਪਹੰਚਾਉਣ ਦੇ ਸਿਧਾਂਤ ਦਾ ਫਾਇਦਾ ਉਠਾਉਂਦੇ ਹਨ। ਜੇਕਰ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਭਲੇਮਾਣਸ ਮੌਤ ਨੂੰ ਪ੍ਰਾਪਤ ਹੋ ਜਾਣਗੇ ਅਤੇ ਉਹਨਾਂ ਦੀ ਜਗ੍ਹਾ ਵਿਵੇਕਹੀਣ ਜਾਂ ਭ੍ਰਿਸ਼ਟ ਲੋਕ ਲੈ ਲੈਣਗੇ।

ਉਪਰੋਕਤ ਤਰਕ ਦੇ ਆਧਾਰ ਤੇ ਅਸੀਂ ਵੇਖ ਸਕਦੇ ਹਾਂ ਕਿ ਵਿਅਕਤੀ ਸਿਰਫ਼ ਉਸ ਮੌਕੇ ਹੀ ਸਹਿਯੋਗ ਕਰਦਾ ਹੈ ਜਦ ਉਸਨੂੰ ਆਪਣਾ ਹਿੱਤ ਦਿਖਾਈ ਦੇਂਦਾ ਹੈ।

ਇਹੀ ਉਹ ਸੁਰੱਖਿਅਤ ਨੀਂਹ ਹੈ ਜਿਸ ਉਪਰ ਮਾਨਵਤਾ ਇੱਕ ਆਦਰਸ਼ ਵਿਸ਼ਵ ਦੀ ਸਥਾਪਨਾ ਕਰਨ ਦੇ ਲਈ ਯਤਨ ਕਰ ਸਕਦੀ ਹੈ। ਜੇਕਰ ਮਾਨਵ ਜਾਤੀ ਨੂੰ ਸਿੱਧ ਜਾਂ ਕਿਸੇ ਹੋਰ ਢੰਗ ਨਾਲ ਦੂਸਰਿਆਂ ਦਾ ਮੁਨਾਫਾ ਵੇਖਣਾ ਪਵੇ ਤਾਂ ਕਿਸੇ ਵੀ ਆਦਰਸ਼ ਦੀ ਸਥਾਪਨਾ ਨਹੀਂ ਹੋ ਸਕਦੀ।

ਵਿਵਾਦ ਨੂੰ ਘੱਟ ਕਰਨ ਲਈ ਵਾਸਤਵਿਕਤਾ ਨੂੰ ਆਪਣੇ ਸ਼ੁਰੂਆਤੀ ਤਰਕ ਦੇ ਤੌਰ ਤੇ ਵਰਤਦੇ ਹੋਏ ਸਾਨੂੰ ਆਪਣੇ ਸਾਥੀ ਵਿਅਕਤੀ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਅਤੇ ਆਪਣੀਆ ਨਿੱਜੀ ਇੱਛਾਵਾ ਨੂੰ ਰੋਕਣ ਦੇ ਤਰੀਕਿਆਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਪਰੰਤੂ ਜੇਕਰ ਦੂਸਰਿਆਂ ਦੇ ਹਿੱਤਾਂ ਦਾ ਖਿਆਲ ਰੱਖਣਾ ਸਾਡਾ ਅੰਤਿਮ ਉਦੇਸ਼ ਬਣ ਜਾਂਦਾ ਹੈ ਤਾਂ ਇਹ ਉਸੇ ਤਰ੍ਹਾਂ ਟਕਰਾਉ ਦੀ ਸਥਿਤੀ ਪੈਦਾ ਕਰ ਦੇਂਦਾ ਹੈ ਜਿਵੇਂ ਕਿ ਭਲੇਮਾਣਸਾ ਦੇ ਦੇਸ਼ ਵਿਚ ਲੀ ਰੂਝੇਨ ਨੇ ਵਰਣਨ ਕੀਤਾ ਹੈ। ਭਲੇਮਾਣਸਾ ਦੇ ਦੇਸ਼ ਵਿਚ ਸ਼ਾਇਦ ਅਜਿਹੇ ਲੋਕ ਵੀ ਹੁੰਦੇ ਹਨ ਜੋ ਜੀਵਨ ਨਾਲ ਜੁੜੀਆਂ ਅਵਿਵਹਾਰਿਕ ਜਾਂ ਮਾਖ਼ੌਲ ਬਣ ਸਕਣ ਵਾਲੀਆ ਗੱਲਾਂ ਕਰਦੇ ਹਨ ਜੋ ਅਸਲ ਜੀਵਨ ਵਿਚ ਸੰਭਵ ਨਹੀਂ। ਪਰੰਤੂ ਜਿਵੇਂ ਜਿਵੇਂ ਕਿਤਾਬ ਸਥਿਤੀਆਂ ਸ਼ਪੱਸ਼ਟ ਕਰਦੀ ਜਾਂਦੀ ਹੈ ਵਾਸਤਵਿਕ ਜੀਵਨ ਦੀਆਂ ਘਟਨਾਵਾਂ ਅਤੇ ਭਲੇਮਾਣਸਾਂ ਦੇ ਦੇਸ਼ ਦੀਆਂ ਘਟਨਾਵਾਂ ਵਿਚ ਸਮਾਨਤਾ ਦਿਖਾਈ ਦੇਣ ਲੱਗ ਪੈਂਦੀ ਹੈ। ਇਸਨੂੰ ਦੂਜੇ ਢੰਗ ਨਾਲ ਪੇਸ਼ ਕਰਨ ਲਈ ਵਾਸਤਵਿਕ ਜੀਵਨ ਅਤੇ ਭਲੇਮਾਣਸਾਂ ਦੇ ਵਿੱਚ ਸਵੈਹਿੱਤ ਦੀ ਧਾਰਣਾ ਦੇ ਸਿਧਾਂਤ ਦੀ ਸਪੱਸ਼ਟਤਾ ਵਿਚ ਕਮੀ ਆਉਣ ਲੱਗਦੀ ਹੈ।

ਭਲੇਮਾਣਸਾਂ ਦੇ ਦੇਸ਼ ਦੇ ਬਾਸ਼ਿੰਦਿਆਂ ਦਾ ਉਦੇਸ਼ ਕੀ ਹੈ? ਪਹਿਲਾਂ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ "ਮਨੁੱਖ ਵਟਾਂਦਰਾ ਕਿਉਂ ਕਰਨਾ ਚਾਹੁੰਦਾ ਹੈ?" ਕੀ ਇਹ ਪ੍ਰਾਚੀਨ ਵਸਤੂ ਵਟਾਂਦਰਾ ਹੈ ਜਾਂ ਆਧੁਨਿਕ ਸਮਾਜ ਵਿਚ ਧਨ ਪ੍ਰਾਪਤ ਕਰਨ ਵਾਲੀ ਵਸਤੂਆਂ ਦੇ ਲੈਣ ਦੇਣ ਦੀ ਪ੍ਰਕ੍ਰਿਆ ਹੈ। ਵਟਾਂਦਰੇ ਦੇ ਪਿੱਛੇ ਦੀ ਪ੍ਰਕ੍ਰਿਆ ਦਾ ਉਦੇਸ਼ ਇਕ ਵਿਅਕਤੀ ਦੀਆਂ ਸਥਿਤੀਆਂ ਵਿਚ ਸੁਧਾਰ ਕਰਨਾ ਤੇ ਉਸਦੇ ਜੀਵਨ ਨੂੰ ਹੋਰ ਜ਼ਿਆਦਾ ਸੁਵਿਧਾਜਨਕ ਤੇ ਅਰਾਮਦਾਇਕ ਬਨਾਉਣਾ ਹੈ। ਬਿਨਾਂ ਉਤਸ਼ਾਹ ਦੇ ਇਕ ਵਿਅਕਤੀ ਆਪਣੇ ਉਪਰ ਮਿਹਨਤ ਕਰਨ ਦੀ ਬਜਾਏ ਵਟਾਂਦਰਾ ਕਰਨਾ ਕਿਉਂ ਪਸੰਦ ਕਰੇਗਾ? ਸੂਈ ਤੇ ਧਾਗੇ ਤੋਂ ਲੈ ਕੇ ਫਰਿੱਜ ਤੇ ਰੰਗੀਨ ਟੀ.ਵੀ ਆਦਿ ਜਿਨ੍ਹਾਂ ਵੀ ਭੌਤਿਕ ਚੀਜ਼ਾ ਤੋਂ ਅਸੀਂ ਆਨੰਦ ਪ੍ਰਾਪਤ ਕਰਦੇ ਹਾਂ ਉਹ ਵਟਾਂਦਰੇ ਦੇ ਨਿਯਮ ਕਾਰਣ ਹੀ ਸੰਭਵ ਹਨ। ਜੇਕਰ ਲੋਕ ਵਟਾਂਦਰਾ ਨਹੀਂ ਕਰਨਗੇ ਤਾਂ ਪਿੰਡ ਵਿਚ ਆਨਾਜ ਤੇ ਕਪਾਹ ਦੀ ਫ਼ਸਲ ਉਗਾਉਣ ਜੋਗੇ ਹੀ ਰਹਿ ਜਾਣਗੇ। ਮਿੱਟੀ ਦੀਆਂ ਇੱਟਾਂ ਤੋਂ ਘਰ ਬਨਾਓਣਗੇ ਅਤੇ ਇਕ ਵਿਅਕਤੀ ਦੀ ਜਰੂਰਤ ਦੀਆਂ ਸਾਰੀਆਂ ਚੀਜ਼ਾ ਉੱਪਲੱਬਧ ਕਰਵਾਉਣ ਵਾਲੀ ਮਿੱਟੀ ਨੂੰ ਨਸ਼ਟ ਕਰਨਗੇ। ਇਸ ਪ੍ਰਕਾਰ ਨਾਲ ਲੋਕ ਆਪਣੇ ਜੀਵਨ ਨੂੰ ਉਸੇ ਪ੍ਰਕਾਰ ਅੱਗੇ ਵਧਾਉਣਗੇ ਜਿਵੇਂ ਕਿ ਸਾਡੇ ਪੂਰਵਜ ਦਸ ਹਜ਼ਾਰ ਸਾਲ ਪਹਿਲਾਂ

ਕਰਿਆ ਕਰਦੇ ਸਨ। ਪਰੰਤੂ ਅਸੀਂ ਨਿਸ਼ਚਿਤ ਤੌਰ 'ਤੇ ਅੱਜ ਦੀ ਆਧੁਨਿਕ ਸੱਭਿਅਤਾ ਦੁਆਰਾ ਮੁਹੱਈਆ ਕਰਵਾਏ ਜਾਣ ਵਾਲੇ ਮੁਨਾਫ਼ੇ ਦਾ ਆਨੰਦ ਨਹੀਂ ਉਠਾਵਾਂਗੇ।

ਭਲੇਮਾਣਸਾਂ ਦੇ ਦੇਸ਼ ਵਿਚ ਲੋਕਾਂ ਕੋਲ ਪਹਿਲਾਂ ਤੋਂ ਹੀ ਸਰਕਾਰ ਅਤੇ ਬਾਜ਼ਾਰ ਦੋਵੇਂ ਹੀ ਹਨ ਜੋ ਇਹ ਦਰਸਾਉਂਦਾ ਹੈ ਕਿ ਉਹ ਪਹਿਲਾਂ ਤੋਂ ਹੀ ਆਰਥਿਕ ਨਿੱਜੀ ਜ਼ਰੂਰਤਾਂ ਦਾ ਤਿਆਗ ਕਰ ਚੁੱਕੇ ਹਨ। ਅਤੇ ਇਸਦੀ ਬਜਾਏ ਭੌਤਿਕ ਸਥਿਤੀਆਂ ਨੂੰ ਸੁਧਾਰਨ ਲਈ ਵਟਾਂਦਰੇ ਦੇ ਰਸਤੇ ਨੂੰ ਚੁਣਿਆ ਹੈ। ਇਸ ਸਭ ਕੁਝ ਦੇ ਬਾਵਜੂਦ ਅਜਿਹਾਂ ਕਿਉਂ ਹੈ ਕਿ ਆਰਥਿਕ ਵਟਾਂਦਰਾ ਕਰਦੇ ਸਮੇਂ ਉਹ ਆਪਣੇ ਹਿੱਤਾਂ ਦੇ ਸੰਬੰਧ ਵਿਚ ਨਹੀਂ ਸੋਚਦੇ? ਜੇਕਰ ਸ਼ੁਰੂ ਵਿਚ ਹੀ ਵਟਾਂਦਰੇ ਦੇ ਨਿਯਮ ਦਾ ਉਦੇਸ਼ ਆਪਣੇ ਹਿੱਤ ਦੀ ਬਜਾਏ ਦੂਸਰਿਆਂ ਦੇ ਹਿੱਤਾਂ ਦੀ ਪੂਰਤੀ ਕਰਨਾ ਹੋਵੇ ਤਾਂ ਭਲੇਮਾਣਸਾਂ ਵਾਲੇ ਗੁਣ ਪੈਦਾ ਹੋਣ ਲੱਗਦੇ ਹਨ। ਜਦਕਿ ਵਟਾਂਦਰੇ ਵਿਚ ਹਿੱਸਾ ਲੈਣ ਵਾਲਾ ਹਰ ਕੋਈ ਜਿਸਨੂੰ ਵਟਾਂਦਰੇ ਦੀ ਪ੍ਰਕ੍ਰਿਆ ਦਾ ਅਨੁਭਵ ਹੈ, ਜਾਣਦਾ ਹੋਵੇਗਾ ਕਿ ਵਟਾਂਦਰੇ ਦੀ ਪ੍ਰਕ੍ਰਿਆ ਵਿਚ ਦੋਵੇਂ ਪੱਖ ਸਵੈਹਿੱਤ ਖਾਤਰ ਸ਼ਾਮਿਲ ਹੁੰਦੇ ਹਨ। ਜਦਕਿ ਜੋ ਲੋਕ ਵਟਾਂਦਰੇ ਦੀ ਪ੍ਰਕ੍ਰਿਆ ਦੌਰਾਨ ਨਿੱਜੀ ਹਿੱਤਾਂ ਦੇ ਉਲਟ ਕੰਮ ਕਰਦੇ ਹਨ ਉਹਨਾਂ ਨੂੰ ਉਦੇਸ਼ਾ ਦੀ ਅਸੰਗਤੀ/ਬੇਮੇਲਤਾ ਨੂੰ ਝੇਲਣਾ ਪੈਂਦਾ ਹੈ।

**ਕੀ ਕੀਮਤਾਂ ਦੇ ਸੰਬੰਧ ਵਿੱਚ ਤੋਲਮੋਲ ਦੇ ਬਗੈਰ ਆਪਸੀ ਮੁਨਾਫ਼ੇ ਵਾਲੇ ਸਮਾਜ ਦੀ ਸਥਾਪਨਾ ਕਰ ਸਕਣਾ ਸੰਭਵ ਹੈ?**

ਉਸ ਦੌਰਾਨ ਜਦੋਂ ਚੀਨ ਵਿਚ "ਲੀ ਫੇਂਗ"[31] (ਪੀਪਲਸ ਲਿਬਰੇਸ਼ਨ ਪਾਰਟੀ ਦਾ ਇਕ ਸਿਪਾਹੀ) ਦੇ ਕੰਮ ਅਤੇ ਜੀਵਨ ਨੂੰ ਲੋਕਾਂ ਵਿਚ ਪ੍ਰਚਾਰਿਆ ਜਾ ਰਿਹਾ ਸੀ ਉਸ ਵਕਤ ਸਾਰੇ ਟੈਲੀਵਿਜ਼ਨਾਂ ਉਪਰ ਲੀ ਫੇਂਗ ਦੇ ਸਮਰਪਿਤ ਅਤੇ ਦਿਆਲੂ ਸੁਭਾਅ ਦੀ ਰੀਸ ਕਰਨ ਵਾਲਿਆਂ (Emulators) ਨੂੰ ਸਦਨ ਦੇ ਇਕ ਇਕ ਵਿਅਕਤੀ ਲਈ ਬਰਤਨ ਅਤੇ ਪੈੱਨ ਦੀ ਮੁਰੰਮਤ ਕਰਦੇ ਵੇਖਿਆ ਜਾ ਸਕਦਾ ਸੀ। ਉਸ ਸਮੇਂ ਇਕ ਜਣੇ ਨੇ ਆਪਣੇ ਸਾਹਮਣੇ ਲੋਕਾਂ ਦੀ ਲੰਮੀ ਕਤਾਰ ਬਣਦੇ ਹੋਏ ਵੇਖੀ ਜਿੱਥੇ ਹਰ ਵਿਅਕਤੀ ਦੇ ਹੱਥ ਵਿਚ ਟੁੱਟੇ ਭੱਜੇ ਭਾਂਡੇ ਸਨ ਜਿਨ੍ਹਾਂ ਨੂੰ ਮੁਰੰਮਤ ਦੀ ਜ਼ਰੂਰਤ ਸੀ। ਇਹਨਾਂ ਤਸਵੀਰਾਂ ਦਾ ਅਪ੍ਰਤੱਖ ਉਦੇਸ਼ ਦੂਸਰਿਆਂ ਲੋਕਾਂ ਨੂੰ ਲੀ ਫੇਂਗ ਦੀ ਉਸ ਦਿਆਲੂ ਸ਼ਖ਼ਸੀਅਤ ਜਿਹਾ ਬਣਨ ਲਈ ਪ੍ਰੇਰਿਤ ਕਰਨਾ ਅਤੇ ਜਨਤਾ ਦੇ ਧਿਆਨ ਉਸ ਉਦਾਹਰਣ ਵੱਲ ਆਕਰਸ਼ਿਤ ਕਰਨਾ ਸੀ। ਇਸ ਗੱਲ ਉਪਰ ਧਿਆਨ ਦਿਉ ਕਿ ਜੇਕਰ ਇਹ ਲੰਮੀ ਕਤਾਰ ਨਾ ਬਣਦੀ ਤਾਂ ਇਸ ਮੱਤ ਦੇ ਪ੍ਰਚਾਰ ਨੂੰ ਅੱਗੇ ਵਧਾਉਣ ਲਈ ਸ਼ਕਤੀ ਕਿੱਥੋਂ ਮਿਲਦੀ। ਸਾਨੂੰ ਇਸ ਗੱਲ ਉਪਰ ਵੀ ਗੌਰ ਕਰਨਾ ਚਾਹੀਦਾ ਹੈ ਕਿ ਉਸ ਕਤਾਰ ਵਿਚ ਜੋ ਲੋਕ ਆਪਣੇ ਟੁੱਟੇ ਭੱਜੇ ਭਾਂਡੇ ਲੈ ਕੇ ਖੜ੍ਹੇ ਸਨ ਉਹਨਾਂ ਦਾ ਉਦੇਸ਼ ਲੀ ਫੇਂਗ ਤੋਂ ਸਿਖਿਆ ਪ੍ਰਾਪਤ ਕਰਨਾ ਨਹੀਂ ਬਲਕਿ ਇਸਦੇ ਉਲਟ ਉਹ ਦੂਸਰੇ ਦੇ ਖਰਚ ਅਤੇ ਆਪਣੇ ਮੁਨਾਫ਼ੇ ਲਈ ਉੱਥੇ ਖੜ੍ਹੇ ਸਨ। ਜਿੱਥੇ ਇਸ ਪ੍ਰਕਾਰ

ਦੇ ਮੱਤ ਪ੍ਰਚਾਰ ਦੂਸਰਿਆਂ ਨੂੰ ਕੁਝ ਚੰਗਾ ਕੰਮ ਕਰਨ ਦੀ ਸਿੱਖਿਆ ਦੇਂਦੇ ਹਨ ਉੱਥੇ ਦੂਜੇ ਪਾਸੇ ਇਹ ਵੀ ਦਿਖਾਉਂਦੇ ਹਨ ਕਿ ਕਿਵੇਂ ਦੂਸਰਿਆਂ ਦੇ ਕੰਮ ਤੋਂ ਆਪਣਾ ਨਿੱਜੀ ਫਾਇਦਾ ਉਠਾਇਆ ਜਾਂਦਾ ਹੈ। ਪੁਰਾਣੇ ਸਮੇਂ ਵਿਚ ਇਹ ਮੰਨਿਆ ਜਾਂਦਾ ਸੀ ਕਿ ਦੂਸਰਿਆਂ ਦੀ ਸੇਵਾ ਲਈ ਕੀਤੇ ਜਾਣ ਵਾਲੇ ਕੰਮ ਲਈ ਬਿਨਾਂ ਕੋਈ ਕੀਮਤ ਵਸੂਲੇ ਲੋਕਾਂ ਨੂੰ ਉਤਸ਼ਾਹਿਤ ਕਰਨ ਨਾਲ ਸਮਾਜ ਵਿਚ ਨੈਤਿਕ ਮੁੱਲਾਂ ਦੀ ਸਥਾਪਨਾ ਹੁੰਦੀ ਹੈ। ਇਹ ਨਿਸ਼ਚਿਤ ਤੌਰ ਤੇ ਸਮਝਿਆ ਜਾ ਸਕਦਾ ਹੈ ਕਿ ਇਹ ਇੱਕ ਵੱਡੀ ਨਾਸਮਝੀ ਹੈ (ਉਹਨਾਂ ਲੋਕਾਂ ਲਈ ਜੋ ਇਹ ਸਿਖਿਆ ਲੈਂਦੇ ਹਨ ਕਿ ਕਿਸ ਤਰ੍ਹਾਂ ਨਿੱਜੀ ਫਾਇਦਾ ਉਠਾਇਆ ਜਾ ਸਕਦਾ ਹੈ।) ਇਹਨਾਂ ਦੀ ਸੰਖਿਆਂ ਅਜਿਹੇ ਲੋਕਾਂ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਹੁੰਦੀ ਹੈ ਜੋ ਇਹ ਸਿਖਿਆ ਲੈਂਦੇ ਹਨ ਕਿ ਦੂਸਰਿਆਂ ਦੀ ਸੇਵਾ ਲਈ ਕਿਵੇਂ ਕੰਮ ਕੀਤਾ ਜਾਵੇ। ਆਰਥਿਕ ਮੁਨਾਫ਼ੇ ਦੇ ਨਜ਼ਰੀਏ ਤੋਂ ਦੂਸਰਿਆਂ ਦੀ ਸੇਵਾ ਲਈ ਕੰਮ ਦੀ ਸਰਵਜਨਕ/ਸਮੂਹਿਕ ਜਵਾਬਦੇਹੀ ਹੈਰਾਨੀਜਨਕ ਹੈ। ਜੋ ਲੋਕ ਬਿਨਾਂ ਪੈਸਿਆ ਦੇ ਮੁਰੰਮਤ ਕਰਵਾਉਣ ਦੇ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਆ ਰਹੇ ਸਨ ਉਹ ਸੰਭਵ ਤੌਰ ਤੇ ਅਜਿਹੀ ਹਾਲਤ ਵਾਲੇ ਭਾਂਡੇ ਲੈ ਕੇ ਆ ਰਹੇ ਸਨ ਜਿਨ੍ਹਾਂ ਦੀ ਮੁਰੰਮਤ ਨਾਲ ਇਹਨਾਂ ਨੂੰ ਲੰਮੇ ਸਮੇਂ ਤੱਕ ਵਰਤੋਂ ਯੋਗ ਬਣਾ ਸਕਣਾ ਸੰਭਵ ਨਹੀਂ ਸੀ। ਮਤਲਬ ਕਿ ਉਹ ਭਾਂਡੇ ਸਿੱਧੇ ਕਬਾੜ ਵਿੱਚੋਂ ਹੀ ਲਿਆਂਦੇ ਜਾ ਰਹੇ ਸਨ। ਪਰੰਤੂ ਉਹਨਾਂ ਦੀ ਮੁਰੰਮਤ ਮੁਫ਼ਤ ਵਿਚ ਹੋ ਰਹੀ ਸੀ। ਇਸ ਲਈ ਉਹਨਾਂ ਦੀ ਮੁਰੰਮਤ ਉੱਪਰ ਖਰਚ ਹੋਣਾ ਵਾਲਾ ਸਮਾਂ ਵੱਧ ਜਾਵੇਗਾ ਅਤੇ ਉਹਨਾਂ ਦੀ ਮੁਰੰਮਤ ਕਰਨ ਲਈ ਮੁਸ਼ਕਿਲ ਨਾਲ ਪ੍ਰਾਪਤ ਹੋਣ ਵਾਲੇ ਤੱਤਾਂ ਦੀ ਵੀ ਵਰਤੋਂ ਹੋਵੇਗੀ ਕਿਉਂਕਿ ਇਸਨੂੰ ਠੀਕ ਕਰਨ ਦਾ ਪੂਰਾ ਭਾਰ ਕਿਸੇ ਦੂਸਰੇ ਓਪਰ ਹੋਵੇਗਾ। ਇਸ ਲਈ ਕਿਸੇ ਵਿਅਕਤੀ ਲਈ ਇਸ ਮੁਰੰਮਤ ਓਪਰ ਆਉਣ ਵਾਲਾ ਖਰਚ ਉਹ ਸਮਾਂ ਹੋਵੇਗਾ ਜੋ ਕਤਾਰ ਵਿਚ ਖੜ੍ਹੇ ਰਹਿਣ ਸਮੇਂ ਲੱਗੇਗਾ। ਸੰਪੂਰਨ ਸਮਾਜ ਦੇ ਮੁਨਾਫ਼ੇ ਦੇ ਨਜ਼ਰੀਏ ਤੋਂ ਲੱਗਣ ਵਾਲੇ  ਸਮੇਂ, ਮਿਹਨਤ ਤੇ ਖ਼ਰਾਬ ਭਾਂਡਿਆ ਦੀ ਮੁਰੰਮਤ ਲਈ ਵਰਤੇ ਗਏ ਤੱਤਾਂ ਦਾ ਸਿਰਫ਼ ਇਹ ਹੀ ਲਾਭ ਹੋਵੇਗਾ ਕਿ ਬਹੁਤ ਘੱਟ ਇਸਤੇਮਾਲ ਹੋਣ ਵਾਲੇ ਭਾਂਡੇ ਵੀ ਦੂਜਿਆਂ ਦੇ ਨਾਲ ਨਾਲ ਠੀਕ ਹੋ ਜਾਣਗੇ। ਜੇਕਰ ਇਹ ਸਮਾਂ ਤੇ ਤੱਤ ਕਿਸੇ ਹੋਰ ਉਤਪਾਦਕ ਕੰਮ ਲਈ ਇਸਤੇਮਾਲ ਹੁੰਦੇ ਤਾਂ ਇਹ ਨਿਸ਼ਚਿਤ ਤੌਰ ਤੇ ਸਮਾਜ ਲਈ ਜ਼ਿਆਦਾ ਲਾਭਦਾਇਕ ਹੁੰਦਾ। ਆਰਥਿਕ ਕਾਰਜ ਸਮਰੱਥਾ ਅਤੇ ਸੰਪੂਰਨ ਖ਼ੁਸ਼ਹਾਲੀ ਦੇ ਸੰਦਰਭ ਤੋਂ ਇਸ ਤਰ੍ਹਾਂ ਦੇ ਜ਼ਰੂਰੀ ਅਤੇ ਮੁਫ਼ਤ ਮੁਰੰਮਤ ਦੇ ਕੰਮ ਚੰਗਾ ਕਰਨ ਦੀ ਤੁਲਨਾ ਵਿਚ ਨੁਕਸਾਨ ਵਧੇਰੇ ਕਰਦੇ ਹਨ।

ਕੀ ਹੁੰਦਾ ਹੈ ਜੇਕਰ ਲੀ ਫੇਂਗ ਦਾ ਕੋਈ ਹੋਰ ਦਿਆਵਾਨ ਅਨੁਯਾਈ ਵੀ ਮਨ ਦੇ ਤਬਦੀਲ ਹੋਣ ਬਾਅਦ ਮੁਫ਼ਤ ਕੰਮ ਕਰਨ ਦੀ ਇੱਛਾ ਨਾਲ ਕਤਾਰ ਵਿਚ ਖੜ੍ਹੇ ਲੋਕਾਂ ਲਈ ਕੰਮ ਕਰਨ ਬੈਠ ਜਾਂਦਾ। ਕੀ ਇਸ ਕਤਾਰ ਤੋਂ ਉਕਤਾ ਚੁੱਕੇ ਵਿਅਕਤੀ

ਨੂੰ ਰਾਹਤ ਮਿਲਦੀ ਜਾਂ ਟੁੱਟੇ ਭੱਜੇ ਭਾਂਡਿਆ ਦੀ ਮੁਰੰਮਤ ਕਰਵਾਉਣ ਵਾਲੀ ਕਤਾਰ ਹੋਰ ਲੰਮੀ ਹੋ ਜਾਂਦੀ। ਇੱਥੇ ਇਹ ਸੋਚਣਾ ਤਾਂ ਹਾਸੋਹੀਣਾ ਹੋਵੇਗਾ ਕਿ ਜੇਕਰ ਇਕ ਸਮੂਹ ਕਤਾਰ ਵਿਚ ਖਲੋਤਾ ਹੈ ਤਾਂ ਦੂਸਰਾ ਅਜਿਹਾ ਨਹੀਂ ਕਰ ਸਕਦਾ। ਇਸ ਤਰ੍ਹਾਂ ਦੀ ਬੰਦਿਸ਼ ਦੇ ਪ੍ਰੰਬਧ ਵਿਚ ਇਹ ਪਹਿਲਾ ਮੰਨ ਕੇ ਚੱਲਿਆ ਜਾਂਦਾ ਹੈ ਕਿ ਇਕ ਸਮੂਹ ਪਹਿਲਾਂ ਤੋਂ ਹੀ ਸੇਵਾ ਕਰਵਾਉਣ ਦੀ ਉਮੀਦ ਕਰਦਾ ਹੈ। ਸੇਵਾ ਦੀ ਇਸ ਕਿਸਮ ਦੀ ਨੈਤਿਕਤਾ ਸਰਵ-ਪ੍ਰਵਾਨਿਤ ਨਹੀਂ ਹੋ ਸਕਦੀ। ਆਸਾਨ ਸ਼ਬਦਾ ਵਿਚ ਇਹ ਕਿ ਜਿਨ੍ਹਾਂ ਲੋਕਾਂ ਨੇ ਬਿਨਾਂ ਮਿਹਨਤਾਨੇ ਵਾਲੇ ਆਪਸੀ ਸੇਵਾ ਦੇ ਇਸ ਪ੍ਰਬੰਧ ਦੀ ਸਰਵਉੱਚਤਾ ਦੀ ਵੱਧ ਚੜ੍ਹ ਕੇ ਤਰੀਫ਼ ਕੀਤੀ ਉਹਨਾਂ ਨੇ ਇਸਨੂੰ ਇਸ ਨਜ਼ਰੀਏ ਤੋਂ ਨਹੀਂ ਵੇਖਿਆ। ਦੂਸਰਿਆਂ  ਲੋਕਾ ਦੀ ਵਸਤੂਆਂ ਦੀ ਮੁਰੰਮਤ ਕਰਨ ਦੀ ਜ਼ਰੂਰਤ ਦਾ ਇੱਕ ਹੋਰ ਅਪ੍ਰਤੱਖ ਨਤੀਜਾ ਵੀ ਨਿਕਲਦਾ ਹੈ। ਜੋ ਲੋਕ ਪਹਿਲਾਂ ਤੋਂ ਮੁਰੰਮਤ ਦੇ ਕੰਮ ਵਿਚ ਲੱਗੇ ਹੋਏ ਹਨ ਉਹਨਾਂ ਕੋਲ ਆਉਣ ਵਾਲੇ ਲੋਕਾਂ ਨੂੰ ਜੇਕਰ ਲੀ ਫੇਂਗ ਦੇ ਅਨੁਯਾਈਆਂ ਨੇ ਆਪਣੇ ਵੱਲ ਖਿੱਚ ਲਿਆ ਤਾਂ ਉਹਨਾਂ ਦਾ ਕੰਮ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ ਅਤੇ ਉਹਨਾਂ ਲਈ ਮੁਸ਼ਕਿਲਾਂ ਖੜ੍ਹੀਆਂ ਹੋ ਜਾਣਗੀਆ।

ਮੈਂ ਕਿਸੇ ਤਰਾਂ ਵੀ ਲੀ ਫੇਂਗ ਦੇ ਅਧਿਐਨ ਦਾ ਵਿਰੋਧੀ ਨਹੀਂ ਹਾਂ। ਜਿਸ ਤਰ੍ਹਾਂ ਉਹਨਾਂ ਨੇ ਜ਼ਰੂਰਤਮੰਦਾਂ ਦੀ ਮਦਦ ਕੀਤੀ ਉਹ ਸਮਾਜ ਲਈ ਸਕਾਰਾਤਮਕ ਹੈ। ਇੱਥੋਂ ਤੱਕ ਕਿ ਇਹ ਇਕ ਜ਼ਰੂਰੀ ਕੰਮ ਹੈ ਤਾਂ ਵੀ ਦੂਸਰਿਆਂ ਦੀ ਸੇਵਾ ਲਈ ਫੇਂਗ ਦੀ ਸੇਵਾ ਭਾਵਨਾ ਨਾਲ ਪ੍ਰਤੀਬੱਧਤਾ ਅਸੰਗਤੀਆਂ/ਬੇਮੇਲਤਾ ਅਤੇ ਘਬਰਾਹਟ ਉਤਪੰਨ ਕਰੇਗਾ ਅਤੇ ਨੈਤਿਕਤਾ ਦੀ ਗਲਤ ਵਿਆਖਿਆ ਹੋਵੇਗੀ।

ਸਾਡੇ ਸਮਾਜ ਵਿਚ ਜੋ ਥੋੜ੍ਹੇ ਜਿਹੇ ਵਿਰੋਧੀ ਲੋਕ ਹੁੰਦੇ ਹਨ ਅਤੇ ਅਜਿਹੇ ਸਮਾਜ ਤੋਂ ਨਫ਼ਰਤ ਕਰਦੇ ਹਨ ਜੋ ਉਹਨਾਂ ਦੇ ਅੰਦਾਜ਼ੇ ਅਨੁਸਾਰ ਦੂਸਰਿਆਂ ਲੋਕਾਂ ਤੋਂ ਬਹੁਤ ਸਾਰਾ ਮੁਨਾਫ਼ਾ ਕਮਾਉਂਦਾ ਹੈ। ਉਹ ਸੋਚਦੇ ਹਨ ਕਿ ਉਹ ਲੋਕ ਜਿਨ੍ਹਾਂ ਕੋਲ ਪੈਸਾ ਹੈ ਨਫ਼ਰਤ ਕਰਨ ਯੋਗ ਹਨ। ਇਹਨਾਂ ਨੂੰ ਅਮੀਰ ਆਮ ਲੋਕਾਂ ਤੋਂ ਉੱਚੇ ਦਿਖਾਈ ਦੇਂਦੇ ਹਨ। ਜਦਕਿ ਗਰੀਬ ਮੁਨੱਖਤਾ ਲਈ ਦੁੱਖ ਭੋਗਦਾ ਹੈ। ਇਹ ਮੰਨਦੇ ਹਨ ਕਿ ਪੈਸਾ ਮਨੁੱਖਾਂ ਦੇ ਦਰਮਿਆਨ ਬਣੇ ਸੰਬੰਧਾਂ ਨੂੰ ਵਿਗਾੜਦਾ ਹੈ ਨਤੀਜੇ ਵਜੋਂ ਉਹ ਆਪਣੇ ਸਹਿਯੋਗ ਉਪਰ ਆਧਾਰਿਤ ਸਮਾਜ ਦਾ ਨਿਰਮਾਣ ਕਰਨਾ ਚਾਹੁੰਦਾ ਹੈ ਜੋ ਪੈਸੇ ਅਤੇ ਕੀਮਤ ਦੀ ਦਵੰਦਾਤਮਕਤਾ ਤੋਂ ਵੀ ਮੁਕਤ ਹੋਵੇ। ਇਹ ਅਜਿਹਾ ਸਮਾਜ ਹੋਵੇਗਾ ਜਿੱਥੇ ਕਿਸਾਨ ਬਿਨਾਂ ਕਿਸੇ ਇਵਜ਼ ਦੀ ਉਮੀਦ ਦੇ ਫ਼ਸਲ ਉਗਾਉਣਗੇ, ਬਿਨਾਂ ਕਿਸੇ ਇਵਜ਼ਾਨੇ ਦੇ ਮਜ਼ਦੂਰ ਸਾਰਿਆਂ ਲਈ ਕੱਪੜਾ ਬੁਣਨਗੇ ਅਤੇ ਨਾਈ ਬਿਨਾਂ ਕਿਸੇ ਕੀਮਤ ਦੇ ਲੋਕਾਂ ਦੇ ਵਾਲ ਕੱਟਣਗੇ ਅਦਿ। ਕੀ ਇਸ ਤਰ੍ਹਾਂ ਦਾ ਆਦਰਸ਼ ਸਮਾਜ ਸੰਭਵ ਹੈ?

ਜੁਆਬ ਦੇਣ ਲਈ ਸਾਨੂੰ ਸਰੋਤ/ਵਸੀਲਿਆਂ ਦੀ ਦੇਖ ਰੇਖ ਦੇ ਆਰਥਿਕ ਸਿਧਾਂਤ ਵੱਲ ਮੁੜਨਾ ਪਵੇਗਾ ਜਿਸਦੇ ਲਈ ਕੁਝ ਦੂਰ ਤੱਕ ਅਧਿਐਨ ਨੂੰ ਲੈ ਜਾਣ ਦੀ ਜ਼ਰੂਰਤ

ਹੈ। ਇਸਨੂੰ ਆਸਾਨ ਬਨਾਉਣ ਲਈ ਅਸੀਂ ਇਕ ਵਿਚਾਰ-ਅਨੁਭਵ ਤੋਂ ਸ਼ੁਰੂਆਤ ਕਰਦੇ ਹਾਂ। ਇਕ ਨਾਈ ਨੂੰ ਲੈ ਲਉ। ਮੌਜੂਦਾ ਸਮੇਂ ਵਿਚ ਆਦਮੀ ਹਰ ਤਿੰਨ ਤੋਂ ਚਾਰ ਹਫ਼ਤਿਆ ਬਾਅਦ ਵਾਲ ਕਟਵਾਉਂਦਾ ਹੈ। ਪਰੰਤੂ ਜਦ ਵਾਲ ਕਟਵਾਉਣਾ ਮੁਫ਼ਤ ਸੀ ਤਾਂ ਉਸ ਸਮੇਂ ਸ਼ਾਇਦ ਉਹ ਹਰ ਹਫ਼ਤੇ ਨਾਈ ਦੇ ਕੋਲ ਜਾਂਦਾ ਹੋਵੇਗਾ। ਵਾਲ ਕਟਵਾਉਣ ਲਈ ਆਉਣ ਵਾਲੇ ਖਰਚ ਨਾਲ ਨਾਈ ਦੀ ਮੁਹਾਰਤ ਦੀ ਸਹੀ ਵਰਤੋਂ ਸ਼ੁਰੂ ਹੋਈ। ਬਾਜ਼ਾਰ ਵਿਚ ਨਾਈ ਦੀ ਸੇਵਾ ਦੀ ਕੀਮਤ ਸਮਾਜ ਉਪਰ ਇਸ ਮੁਹਾਰਤ ਦੁਆਰਾ ਲਗਾਈ ਗਈ ਮਿਹਨਤ ਨੂੰ ਦਰਸਾਉਂਦੀ ਹੈ। ਜੇਕਰ ਰਾਜ-ਸੱਤਾ ਵਾਲ ਕੱਟਣ ਉਪਰ ਲੱਗਣ ਵਾਲੀ ਕੀਮਤ ਨੂੰ ਘੱਟ ਕਰਦੀ ਹੈ ਤਾਂ ਵਾਲ ਕਟਵਾਉਣ ਵਾਲੇ ਲੋਕਾਂ ਦੀ ਸੰਖਿਆ ਵੱਧ ਜਾਵੇਗੀ। ਇਸ ਤਰ੍ਹਾਂ ਨਾਈਆਂ ਦੀ ਸੰਖਿਆ ਵਧਾਉਣ ਦੀ ਜ਼ਰੂਰਤ ਪੈ ਜਾਵੇਗੀ ਅਤੇ ਜੇਕਰ ਸਮੁੱਚੀ ਕਾਰਜ ਸ਼ਕਤੀ ਇਸੇ ਕੰਮ ਵਿਚ ਲੱਗੀ ਰਹੀ ਤਾਂ ਦੂਸਰੇ ਕੰਮਾਂ ਵਿਚ ਕਾਰਜ-ਸ਼ਕਤੀ (ਮਜ਼ਦੂਰ, ਕਰਮਚਾਰੀ) ਘੱਟ ਜਾਵੇਗੀ। ਨਾਈ ਦੇ ਕੰਮ ਵਿਚ ਜਿਸ ਤਰ੍ਹਾਂ ਦਾ ਸੱਚ ਸਪੱਸ਼ਟ ਹੋ ਰਿਹਾ ਹੈ ਉਹ ਸੱਚਾਈ ਦੂਸਰਿਆਂ ਕੰਮਾਂ ਲਈ ਵੀ ਢੁਕਵੀਂ ਹੋਵੇਗੀ।

ਚੀਨ ਦੇ ਜ਼ਿਆਦਾਤਰ ਪੇਂਡੂ ਇਲਾਕਿਆਂ ਵਿਚ ਮੁਫ਼ਤ ਸੇਵਾਵਾਂ ਦੀ ਪੇਸ਼ਕਸ਼ ਬੜੀ ਆਮ ਹੈ। ਜੇਕਰ ਕੋਈ ਇਕ ਨਵਾਂ ਘਰ ਬਨਾਉਣਾ ਚਾਹੁੰਦਾ ਹੈ ਤਾਂ ਉਸਦੇ ਸਾਰੇ ਰਿਸ਼ਤੇਦਾਰਾਂ ਅਤੇ ਮਿੱਤਰ ਉਸਦਾ ਸਹਿਯੋਗ ਕਰਨ ਲਈ ਆਉਣਗੇ। ਇਹ ਆਮ ਤੌਰ ਤੇ ਬਿਨਾਂ ਕਿਸੇ ਕੀਮਤ ਦੇ ਕੀਤਾ ਜਾਂਦਾ ਹੈ। ਸਹਿਯੋਗ ਵਿਚ ਲੱਗੇ ਸਭ ਲੋਕਾਂ ਨੂੰ ਰੱਜਵਾਂ ਭੋਜਨ ਕਰਵਾਇਆ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਅਗਲੀ ਵਾਰ ਉਸ ਵਿਅਕਤੀ ਦਾ ਕੋਈ ਮਿੱਤਰ ਨਵਾਂ ਘਰ ਬਣਾਵੇਗਾ ਤਾਂ ਪਹਿਲੀ ਵਾਰ ਮੁਫ਼ਤ ਸਹਿਯੋਗ ਕਰੇਗਾ। ਆਮ ਤੌਰ ਤੇ ਮੁਰੰਮਤ ਕਰਨ ਵਾਲੇ ਇਲੈਕਟ੍ਰਿਕ ਸਾਮਾਨ ਦੀ ਬਿਨਾਂ ਕਿਸੇ ਕੀਮਤ ਦੇ ਮੁਰੰਮਤ ਕਰਦੇ ਹਨ ਅਤੇ ਇਹ ਉਮੀਦ ਕਰਦੇ ਹਨ ਕਿ ਚੀਨੀ ਨਵੇਂ ਸਾਲ ਦੇ ਮੌਕੇ ਤੇ ਉਹਨਾਂ ਨੂੰ ਤੋਹਫਾ ਦੇਣਗੇ। ਇਸ ਤਰ੍ਹਾਂ ਦੇ ਬਿਨਾਂ ਸੂਖਮ-ਸੰਬੰਧਾਂ ਵਾਲੇ ਅਦਾਨ ਪ੍ਰਦਾਨ, ਦਿੱਤੀਆ ਜਾ ਰਹੀਆਂ ਸੇਵਾਵਾਂ ਦਾ ਸਹੀ ਮੁਲੰਕਣ ਨਹੀਂ ਕਰ ਸਕਦੇ ਅਤੇ ਸਮਾਜ ਵਿਚ ਮਜ਼ਦੂਰੀ ਦਾ ਵਿਭਾਜਨ ਸਹੀ ਢੰਗ ਨਾਲ ਨਹੀਂ ਹੋ ਸਕੇਗਾ। ਸਮਾਜ ਦੇ ਵਿਕਾਸ ਵਿਚ ਕੀਮਤ ਅਤੇ ਪੈਸਾ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਭਾਵੇਂ ਕਿ ਕੋਈ ਵੀ ਪ੍ਰੇਮ ਅਤੇ ਦੋਸਤੀ ਜਿਹੀਆਂ ਮਨੁੱਖੀ ਭਾਵਨਾਵਾਂ ਦੀ ਥਾਂ ਪੈਸੇ ਨਾਲ ਭਰਨ ਦੀ ਕੋਸ਼ਿਸ਼ ਨਹੀਂ ਕਰ ਸਕਦਾ। ਇਸ ਗੱਲ ਨੂੰ ਅਪਣਾਇਆ ਨਹੀਂ ਜਾ ਸਕਦਾ ਕਿ ਪ੍ਰੇਮ ਅਤੇ ਦੋਸਤੀ ਪੈਸੇ ਦੀ ਜਗ੍ਹਾ ਲੈ ਸਕਦੇ ਹਨ। ਅਸੀਂ ਸਿਰਫ਼ ਇਸ ਤਰ੍ਹਾਂ ਡਰ ਕਰਕੇ ਪੈਸੇ ਤੋਂ ਦੂਰ ਨਹੀਂ ਰਹਿ ਸਕਦੇ ਕਿ ਪੈਸਾ ਮਨੁੱਖੀ ਸੰਬੰਧਾਂ ਨੂੰ ਵਿਗਾੜ ਦੇਵੇਗਾ। ਅਸਲ ਵਿਚ ਪੈਸੇ ਦੀ ਕੀਮਤ ਨਿਸ਼ਚਿਤ ਕਰਨਾ ਹੀ ਅਜਿਹਾ ਇਕੋ ਇਕ ਤਰੀਕਾ ਹੈ ਜਿਸ ਨਾਲ ਇਹ ਪਤਾ ਲਗਾਇਆ ਜਾ ਸਕੇ ਕਿ ਸ੍ਰੋਤ/ਵਸੀਲਿਆਂ ਨੂੰ

ਉਹਨਾਂ ਦੇ ਸੁਚੱਜੇ ਇਸਤੇਮਾਲ ਲਈ ਕਿਵੇਂ ਵਿਭਾਜਿਤ ਕੀਤਾ ਜਾਵੇ। ਜੇਕਰ ਅਸੀਂ ਸੂਖਮ-ਸੰਬੰਧਾਂ ਵਾਲੇ ਮੁੱਲਾਂ ਅਤੇ ਆਪਣੀਆਂ ਉਚਿਤਤਾਪੂਰਨ ਭਾਵਨਾਵਾਂ ਦੇ ਮੁੱਲ, ਦੋਵਾਂ ਨੂੰ ਕਾਇਮ ਰੱਖ ਸਕੀਏ ਤਾਂ ਵੀ ਅਸੀਂ ਇਕ ਅਜਿਹਾ ਸਮਾਜ ਬਣਾ ਸਕਦੇ ਹਾਂ ਜੋ ਕਾਰਜਾਤਮਕ ਮੁਹਾਰਤ ਤੇ ਮਨੁੱਖੀ, ਦੋਵਾਂ ਗੁਣਾਂ ਵਾਲਾ ਹੋਵੇਗਾ।

## ਸਵੈ-ਹਿੱਤ ਦਾ ਸੰਤੁਲਨ

ਮੰਨ ਲਉ ਕਿ ਏ ਤੇ ਬੀ ਨੂੰ ਦੋ ਸੇਬਾਂ ਨੂੰ ਖਾਣ ਤੋਂ ਪਹਿਲਾਂ ਆਪਸ ਵਿਚ ਵੰਡਣਾ ਹੈ। ਏ ਪਹਿਲਾਂ ਹੱਥ ਵਧਾਉਂਦਾ ਹੈ ਅਤੇ ਵੱਡਾ ਸੇਬ ਚੁੱਕਾ ਲੈਂਦਾ ਹੈ। ਬੀ ਕਰੋਧ ਨਾਲ ਏ ਨੂੰ ਇਹ ਸਵਾਲ ਕਰਦਾ ਹੈ "ਤੂੰ ਏਨਾ ਸਵਾਰਥੀ ਕਿਵੇਂ ਹੋ ਸਕਦਾ ਹੈ? ਇਸ ਉਪਰ ਏ ਸਵਾਲ ਕਰਦਾ ਹੈ "ਜੇਕਰ ਤੂੰ ਪਹਿਲਾ ਹੱਥ ਵਧਾਉਂਦਾ ਤਾਂ ਇਹਨਾਂ ਵਿੱਚੋਂ ਕਿਹੜਾ ਸੇਬ ਚੁਣਦਾ"? ਬੀ ਜੁਆਬ ਦਿੰਦਾ ਹੈ ਕਿ "ਮੈਂ ਛੋਟਾ ਸੇਬ ਚੁਣਦਾ"। ਹੱਸਦੇ ਹੋਏ ਏ ਜੁਆਬ ਦਿੰਦਾ ਹੈ ਕਿ "ਜੇਕਰ ਇਹੀ ਗੱਲ ਹੈ ਤਾਂ ਫਿਰ ਮੈਂ ਤੇਰੀ ਇੱਛਾ ਦੇ ਅਨੁਸਾਰ ਹੀ ਸੇਬ ਚੁਣਿਆ ਹੈ"।

ਇਸ ਸਥਿਤੀ ਵਿਚ ਏ ਬੀ ਦਾ ਫਾਇਦਾ ਉਠਾਉਂਦਾ ਹੈ ਕਿਉਂਕਿ ਬੀ ਇੱਥੇ "ਦੂਸਰਿਆ ਲੋਕਾਂ ਦੇ ਹਿੱਤ ਨੂੰ ਆਪਣੇ ਤੋਂ ਉਪਰ ਰੱਖਣ ਦੇ ਸਿਧਾਂਤ ਦਾ ਪਾਲਣ ਕਰਦਾ ਹੈ"। ਜਦਕਿ ਏ ਅਜਿਹਾ ਨਹੀਂ ਕਰਦਾ। ਇਸ ਤਰ੍ਹਾਂ ਜੇਕਰ ਸਮਾਜ ਦਾ ਇਕ ਹਿੱਸਾ ਇਸਨੂੰ ਅਪਣਾਏਗਾ ਅਤੇ ਦੂਸਰਾ ਨਹੀਂ, ਤਾਂ ਪਹਿਲਾਂ ਨਿਸ਼ਚਿਤ ਰੂਪ ਨਾਲ ਨੁਕਸਾਨ ਉਠਾਏਗਾ ਜਦਕਿ ਦੂਸਰਾ ਲਾਭ ਕਮਾਏਗਾ। ਜੇਕਰ ਇੰਝ ਲਗਾਤਾਰ ਅਨਿਯੰਤ੍ਰਿਤ ਰੂਪ ਵਿਚ ਚੱਲਦਾ ਰਿਹਾ ਤਾਂ ਇਹ ਸੰਘਰਸ਼ ਦਾ ਕਾਰਣ ਬਣੇਗਾ। ਸਪੱਸ਼ਟ ਰੂਪ ਵਿਚ ਜੇਕਰ ਦੂਸਰਿਆਂ ਦੇ ਸਵਾਰਥ ਨੂੰ ਖੁਦ ਤੋਂ ਪਹਿਲਾਂ ਰੱਖੋਗੇ ਤਾਂ ਅੰਤ ਵਿਚ ਇਹ ਤਰੀਕਾ ਪਰੇਸ਼ਾਨੀਆਂ ਅਤੇ ਵਿਵਾਦ ਹੀ ਉਤਪੰਨ ਕਰੇਗਾ।

ਜੇਕਰ ਦੋਵੇਂ ਏ ਤੇ ਬੀ ਦੂਸਰੇ ਪੱਖ ਦੇ ਲਾਭ ਵੱਲ ਵੇਖਦੇ ਹਨ ਤਾਂ ਪਿੱਛੇ ਵਰਣਿਤ ਸੇਬ ਦੀ ਸਮੱਸਿਆ ਸੁਲਝਾਉਣਾ ਅਸੰਭਵ ਹੈ। ਕਿਉਂਕਿ ਦੋਵੇਂ ਹੀ ਨਿੱਕਾ ਸੇਬ ਖਾਣਾ ਚਾਹੁੰਦੇ ਅਤੇ ਇਕ ਨਵੀਂ ਸਮੱਸਿਆ ਪ੍ਰਗਟ ਹੋ ਜਾਂਦੀ ਜਿਵੇਂ ਕਿ ਅਸੀਂ ਭਲੇਮਾਣਸਾ ਦੀ ਧਰਤੀ ਵਿਚ ਵੇਖਿਆ ਹੈ। ਏ ਅਤੇ ਬੀ ਲਈ ਜੋ ਸੱਚ ਹੈ ਓਹ ਹੀ ਹਰ ਕਿਸੇ ਲਈ ਸੱਚ ਹੈ। ਜੇਕਰ ਪੂਰਾ ਸਮਾਜ ਦੂਸਰਿਆਂ ਲਈ ਬੱਚਤ ਨੂੰ ਪੱਕਿਆ ਕਰਨ ਦੇ ਸਿਧਾਂਤ ਨੂੰ ਅਪਣਾਕੇ, ਇਕੋ ਵਿਅਕਤੀ ਲਈ ਬਚਾਵੇ, ਤਾਂ ਪੂਰਾ ਸਮਾਜ ਇਸ ਇੱਕ ਵਿਅਕਤੀ ਦੇ ਸੁੱਖ ਲਈ ਬਚਾਉਣ ਲੱਗ ਪਵੇਗਾ। ਨਿਆਂਪੂਰਵਕ ਰੂਪ ਵਿਚ ਕਹੀਏ ਤਾਂ ਇਸ ਤਰ੍ਹਾਂ ਦਾ ਪ੍ਰਬੰਧ ਸੰਭਵ ਹੋਵੇਗਾ। ਜੇਕਰ ਉਪਰੋਕਤ ਵਰਣਿਤ ਉਹੀ ਵਿਅਕਤੀ ਉਪਰੋਕਤ ਸਿਧਾਂਤ ਨੂੰ ਅਪਣਾਉਂਦਾ ਹੋਇਆ ਦੂਸਰਿਆਂ ਦੀ ਸੇਵਾ ਲਈ ਪ੍ਰਤੀਬੱਧ ਹੋ ਜਾਵੇ ਤਾਂ ਇਹ ਸਮਾਜ, ਸਮਾਜ ਬਣਿਆ ਰਹਿ ਸਕਦਾ ਹੈ ਅਤੇ ਉਹ ਤਰੀਕਾ ਹੋਵੇਗਾ ਸਹਿਯੋਗ ਦਾ। ਦੂਸਰਿਆਂ ਦੀ ਸੇਵਾ ਦਾ ਸਿਧਾਂਤ ਆਮ ਤੌਰ ਤੇ ਤਾਂ ਹੀ

ਸੰਭਵ ਹੈ ਜਦ ਪੂਰੇ ਸਮਾਜ ਦਾ ਧਿਆਨ ਰੱਖਣ ਦੀ ਜ਼ਿੰਮੇਵਾਰੀ ਦੂਸਰਿਆਂ ਲੋਕਾਂ ਉਪਰ ਨਿਰਭਰ ਹੋਵੇ। ਪਰੰਤੂ ਸਰਵ-ਵਿਆਪਕਤਾ ਦੇ ਨਜ਼ਰੀਏ ਤੋਂ ਅਜਿਹਾ ਕਰਨਾ ਅਸੰਭਵ ਹੈ। ਬਸ਼ਰਤੇ ਕਿ ਪੂਰੇ ਗ੍ਰਹਿ ਦੀ ਜ਼ਿੰਮੇਵਾਰੀ ਚੰਦਰਮਾ ਨੂੰ ਸੌਂਪ ਦਿੱਤੀ ਜਾਵੇ।

ਵਿਰੋਧਾਭਾਸ ਦੀ ਵਜ੍ਹਾ ਕਰਕੇ ਸੰਪੂਰਨ ਸਮਾਜ ਦੇ ਨਜ਼ਰੀਏ ਵਿਚ 'ਦੂਸਰੇ' ਅਤੇ 'ਆਪਣੇ' ਵਿਚ ਕੋਈ ਫਰਕ ਨਹੀਂ ਹੈ। ਬੇਸ਼ੱਕ ਇਕ ਖ਼ਾਸ ਜਾੱਨ ਜਾਂ ਜੇਨ ਡਾੱ ਦੇ ਲਈ 'ਸਵੈ' 'ਸਵੈ' ਹੈ। ਜਦਕਿ 'ਦੂਸਰੇ' 'ਦੂਸਰੇ' ਅਤੇ 'ਪਹਿਲਾ' 'ਦੂਸਰੇ' ਨਾਲ ਰਲਗੱਡ ਨਹੀਂ ਹੋਣਾ ਚਾਹੀਦਾ। ਜੇਕਰ ਦੂਸਰਿਆਂ ਦੀ ਸੇਵਾ ਦਾ ਸਿਧਾਂਤ ਏ ਉਪਰ ਲਾਗੂ ਹੁੰਦਾ ਹੈ ਤਾਂ ਏ ਸਭ ਤੋਂ ਪਹਿਲਾਂ ਉਹਨਾਂ ਦੂਸਰਿਆਂ ਦੇ ਲਾਭ ਅਤੇ ਨੁਕਸਾਨ ਦੇ ਸੰਬੰਧ ਵਿਚ ਸੋਚੇਗਾ। ਅਤੇ ਜੇਕਰ ਸਮਾਨ ਸਿਧਾਂਤ ਬੀ ਦੁਆਰਾ ਅਪਣਾਇਆ ਜਾਵੇਗਾ ਤਾਂ ਵਿਅਕਤੀ ਏ ਉਹ ਵਿਅਕਤੀ ਬਣ ਜਾਂਦਾ ਹੈ ਜਿਸਦੇ ਹਿੱਤ ਪਹਿਲਾਂ ਆਉਣਗੇ। ਇਸ ਸਮਾਜਾਂ ਦੇ ਵਿਅਕਤੀਆਂ ਲਈ ਇਹ ਸਵਾਲ ਰਹੇਗਾ। ਕਿ ਉਹਨਾਂ ਨੂੰ ਪਹਿਲਾਂ ਦੂਸਰਿਆਂ ਬਾਰੇ ਸੋਚਣਾ ਚਾਹੀਦਾ ਹੈ ਜਾਂ ਦੂਸਰੇ ਪਹਿਲਾਂ ਉਹਨਾਂ ਬਾਰੇ ਸੋਚਣਗੇ ? ਇਸ ਨਾਲ ਸਿੱਧੇ ਤੌਰ ਤੇ ਭਰਮ ਅਤੇ ਆਪਸੀ ਵਿਰੋਧ ਦੀ ਸਥਿਤੀ ਪੈਦਾ ਹੋਵੇਗੀ। ਲਿਹਾਜ਼ਾ ਇਸ ਸੰਦਰਭ ਵਿਚ ਨਿਰਸਵਾਰਥ ਦਾ ਸਿਧਾਂਤ ਤਰਕਸੰਗਤ ਰੂਪ ਵਿਚ ਅਸੰਗਤ ਅਤੇ ਪ੍ਰਤਿਵਾਦੀ ਹੈ। ਇਸ ਪ੍ਰਕਾਰ ਇਹ ਮਾਨਵੀ ਸੰਬੰਧਾਂ ਵਿਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਸੁਲਝਾ ਸਕਣ ਦੇ ਸਮਰੱਥ ਨਹੀਂ ਬਣ ਸਕੇਗਾ।ਬੇਸ਼ੱਕ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਸਨੂੰ ਜੀਵੰਤ ਕਰਨ ਵਾਲੀ ਭਾਵਨਾ ਦੀ ਸਿਫ਼ਤ ਨਹੀਂ ਕੀਤੀ ਜਾਣੀ ਚਾਹੀਦੀ ਜਾਂ ਇਹ ਕਿ ਦੂਸਰਿਆਂ ਬਾਰੇ ਸੋਚਣ ਵਾਲਾ ਵਿਵਹਾਰ ਪ੍ਰਸ਼ੰਸਾਯੋਗ ਨਹੀਂ ਹੁੰਦਾ। ਪਰੰਤੂ ਇਹ ਅਜਿਹਾ ਸਰਵ-ਵਿਆਪਕ ਆਧਾਰ ਮੁਹੱਈਆ ਨਹੀਂ ਕਰਵਾ ਸਕਦਾ ਜਿਸ ਵਿਚ ਸਮਾਜ ਆਪਣੇ ਆਪਸੀ ਹਿੱਤਾਂ ਦੀ ਰੱਖਿਆ ਕਰ ਸਕੇ।

ਜੋ ਲੋਕ ਸੱਭਿਆਚਾਰਕ ਕ੍ਰਾਂਤੀ ਦੇ ਸਮੇਂ ਵਿੱਚ ਮੌਜੂਦ ਸਨ, ਉਹ ਯਾਦ ਕਰਨਗੇ ਕਿ "ਸਵਾਰਥ ਦੇ ਵਿਰੁੱਧ ਸੰਘਰਸ਼, ਸੰਸ਼ੋਦਨਵਾਦ (Revisionism) ਦਾ ਮੁਲੰਕਣ" ਦਾ ਨਾਰਾ ਦੇਸ਼ ਵਿਚ ਗੂੰਜਿਆ, ਜਦੋਂ ਸਾਜਸ਼ੀ ਧੜੇ ਦੇ ਮੈਂਬਰ ਅਤੇ ਸਵਾਰਥੀਜੀਵੀ ਆਪਣੇ ਪੂਰੇ ਸ਼ਿਖਰ ਉਪਰ ਸਨ। ਉਸ ਸਮੇਂ ਚੀਨ ਦੇ ਜ਼ਿਆਦਾਤਰ ਲੋਕ ਸੋਚ ਰਹੇ ਸਨ ਕਿ "ਸਵਾਰਥ ਦੇ ਵਿਰੁੱਧ ਸੰਘਰਸ਼, ਸੰਸ਼ੋਦਨਵਾਦ ਦਾ ਮੁਲਾਂਕਣ" ਇਕ ਸਮਾਜਿਕ ਆਦਰਸ਼ ਬਣ ਸਕਦਾ ਹੈ। ਨਤੀਜੇ ਵਜੋਂ ਉਹਨਾਂ ਨੇ ਜਿੱਥੋਂ ਤੱਕ ਹੋ ਸਕਿਆ ਇਸਦੀ ਪ੍ਰਤੀਬੱਧਤਾ ਦਾ ਪਾਲਣ ਕੀਤਾ। ਉਸੇ ਦੌਰਾਨ ਮੌਕਾਪ੍ਰਸਤਵਾਦੀਆਂ ਨੇ ਇਸ ਨਾਰੇ ਦਾ ਇਸਤੇਮਾਲ ਦੂਸਰਿਆਂ ਤੋਂ ਆਪਣਾ ਨਿੱਜੀ ਫਾਇਦਾ ਉਠਾਉਣ ਲਈ ਕੀਤਾ। ਉਹਨਾਂ ਨੇ ਇਸ ਅਭਿਆਨ ਦਾ ਇਸਤੇਮਾਲ ਦੂਜਿਆਂ ਦੇ ਘਰਾਂ ਵਿਚ ਛਾਪੇਮਾਰੀ ਕਰਨ ਲਈ ਕੀਤਾ ਅਤੇ ਦੂਜਿਆਂ ਦੇ ਧਨ ਨੂੰ ਲੁੱਟ ਕੇ ਆਪਣੀਆਂ ਜੇਬਾ ਵਿਚ ਰੱਖ

ਲਿਆ। ਉਹਨਾਂ ਨੇ ਦੂਜਿਆਂ ਨੂੰ ਵੀ ਸਵਾਰਥਵਾਦਤਾ ਛੱਡਣ ਲਈ ਕਿਹਾ ਅਤੇ ਕ੍ਰਾਂਤੀ ਦੀ ਖਾਤਿਰ ਉਹਨਾਂ ਨੇ ਇਹ ਸਵੀਕਾਰ ਕੀਤਾ ਕਿ ਉਹ ਦੇਸ਼ਧ੍ਰੋਹੀ, ਜਾਸੂਸ ਜਾਂ ਕ੍ਰਾਂਤੀਕਾਰੀਆਂ ਦੀ ਖ਼ਿਲਾਫ਼ਤ ਕਰਨ ਵਾਲੇ ਸਨ। ਇਸੇ ਦੇ ਚਲਦੇ ਉਹਨਾਂ ਨੇ ਇਹਨਾਂ ਦੀ ਇਤਿਹਾਸ ਵਿਚ ਅਯੋਗਤਾ ਨੂੰ ਜੋੜਿਆ। ਬਿਨਾਂ ਕਿਸੇ ਵਿਚਾਰ ਦੇ ਇਸ ਪ੍ਰਕਾਰ ਦੇ ਮੌਕੇ ਦੂਜਿਆਂ ਲੋਕਾਂ ਨੂੰ ਅਜਿਹੀ ਸਥਿਤੀ ਵਿੱਚ ਲਿਆ ਖੜਾ ਕਰਨਗੇ। ਜਿੱਥੇ ਉਹਨਾਂ ਦੂਜਿਆਂ ਲੋਕਾਂ ਦੀ ਜ਼ਿੰਦਗੀ ਦਾਅ ਉਪਰ ਲੱਗ ਜਾਵੇਗੀ। ਇਹ ਸਭ ਕੁੱਝ ਉਹਨਾਂ (ਮੌਕਾ ਪ੍ਰਸਤਾਂ) ਦੁਆਰਾ ਆਪਣੇ ਲਈ ਸਰਕਾਰ ਵਿੱਚ ਇਕ ਪਦਵੀਂ ਸੁਨਿਸ਼ਚਿਤ ਕਰਨ ਲਈ ਹੋਵੇਗਾ। ਜਿੱਥੋਂ ਤੱਕ ਅਸੀਂ ਇਹ ਮਹਿਸੂਸ ਕੀਤਾ ਹੈ ਕਿ "ਖੁਦ ਤੋਂ ਪਹਿਲਾਂ ਦੂਜਿਆਂ ਦੀ ਸੇਵਾ" ਦੇ ਸਿਧਾਂਤ ਦੀਆਂ ਵਿਹਾਰਕ ਮੁਸ਼ਕਲਾਂ ਹਨ। ਪਰੰਤੂ ਸੱਭਿਆਚਾਰਕ ਕ੍ਰਾਂਤੀ ਦਾ ਇਤਿਹਾਸ ਇਸਦੀਆਂ ਇਹਨਾਂ ਅੰਤਰ-ਦਵੰਦਾਤਮਕ ਸਮੱਸਿਆਵਾਂ ਨੂੰ ਵਿਹਾਰਕਤਾ ਦੇ ਦ੍ਰਿਸ਼ਟੀਕੋਣ ਤੋਂ ਵਧੇਰੇ ਸਪੱਸ਼ਟ ਕਰਦਾ ਹੈ।

ਸੰਸਕ੍ਰਿਤਿਕ ਕ੍ਰਾਂਤੀ ਦੀਆ ਯਾਦਾਂ ਹੁਣ ਧੁੰਧਲੀਆਂ ਪੈ ਚੁੱਕੀਆ ਹਨ, ਪਰੰਤੂ ਸਾਨੂੰ ਇਹ ਯਾਦ ਕਰਨਾ ਚਾਹੀਦਾ ਹੈ ਕਿ ਉਸ ਸਮੇਂ ਦੇ ਸਾਰੇ ਨਾਅਰੇ ਸਮਾਲੋਚਨ/ ਮੁਲਾਂਕਣ ਅਤੇ ਸ਼ੰਸੋਧਨ ਸੰਬੰਧੀ ਸਨ। ਅਸੀਂ ਅੱਜ ਵੀ ਵਿਵਾਦ ਸੁਲਝਾਉਣ ਲਈ ਲੋਕਾਂ ਨੂੰ ਬੁਲਾਉਣ ਦੇ ਪੁਰਾਣੇ ਮੱਤ-ਪ੍ਰਚਾਰ ਦਾ ਇਸਤੇਮਾਲ ਕਰਦੇ ਹਾਂ। ਅਤੇ ਇੱਥੇ ਤੱਕ ਕਿ ਜਦ ਅਦਾਲਤ ਵਿਚ ਮਾਮਲਿਆਂ ਦੀ ਸੁਣਵਾਈ ਹੁੰਦੀ ਹੈ ਤਾਂ ਇਹ ਪੁਰਾਣੇ ਹੋ ਚੁੱਕੇ ਤਰੀਕੇ ਹਾਵੀ ਹੋ ਗਏ ਦਿਖਾਈ ਦੇਂਦੇ ਹਨ।

ਅਜਿਹੇ ਪਾਠਕ ਜੋ ਵਿਚਾਰਾਂ ਵਿੱਚ ਪ੍ਰੱਪਕ ਹੋਣਗੇ, ਉਹਨਾਂ ਦੇ ਮਨ ਵਿਚ ਉਪਰ ਵਰਣਿਤ ਸਮੱਸਿਆ ਦੇ ਸੰਬੰਧ ਵਿਚ ਹੁਣ ਵੀ ਕਈ ਸਵਾਲ ਉਠ ਰਹੇ ਹੋਣਗੇ। ਜੇਕਰ ਅਸੀਂ ਇਸ ਗੱਲ ਤੇ ਸਹਿਮਤ ਹੁੰਦੇ ਹਾਂ ਕਿ 'ਖੁਦ ਤੋਂ ਪਹਿਲਾਂ ਦੂਸਰਿਆ ਦੀ ਸੇਵਾ', ਦੋ ਸੇਬਾਂ ਨੂੰ ਵੰਡਣ ਦਾ ਸਹੀ ਨਿਯਮ ਨਹੀਂ ਹੋ ਸਕਦਾ ਤਾਂ ਕਿ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਸਨੂੰ ਹੋਰ ਬਿਹਤਰ ਢੰਗ ਨਾਲ ਕਰਨ ਦਾ ਕੋਈ ਨਿਯਮ ਨਹੀਂ ਹੈ। ਯਾਦ ਕਰੋ, ਉੱਥੇ ਇਕ ਨਿੱਕਾ ਸੇਬ ਹੈ ਅਤੇ ਇਕ ਵੱਡਾ, ਅਤੇ ਇਸਦੇ ਬਟਵਾਰੇ ਵਿਚ ਸਿਰਫ ਦੋ ਲੋਕ ਸ਼ਾਮਿਲ ਹਨ। ਕੀ ਓੱਥੇ ਦੇ ਮਹਾਨ ਲੋਕ ਵੀ ਇਸਦਾ ਇਕ ਨਿਸ਼ਚਿਤ/ਯੋਗ ਹੱਲ ਕੱਢ ਸਕਣ ਵਿਚ ਖੁਦ ਨੂੰ ਅਸਮਰੱਥ ਪਾਉਣਗੇ?

ਇੱਕ ਵਟਾਂਦਰਾ ਸਮਾਜ ਵਿਚ ਉਪਰ ਵਰਣਿਤ ਸਮੱਸਿਆ ਨੂੰ ਸੁਲਝਾਉਣ ਦੇ ਯੋਗ ਹੈ। ਦੋਵੇਂ ਵਿਅਕਤੀ ਪਹਿਲਾਂ ਇਸ ਉਲਝਣ ਨੂੰ ਸੁਲਝਾਉਣ ਲਈ ਚਰਚਾ ਕਰ ਸਕਦੇ ਹਨ। ਉਦਾਹਰਣ ਦੇ ਤੌਰ ਤੇ 'ਏ' ਨੇ ਇਸ ਸੋਚ ਨਾਲ ਵੱਡਾ ਸੇਬ ਚੁਣਿਆ ਕਿ ਜਦ ਉਹ ਅਗਲੀ ਵਾਰ ਮਿਲਣਗੇ ਤਾਂ ਉਦੋਂ ਉਸ ਸਮੇਂ 'ਬੀ' ਵੱਡਾ ਸੇਬ ਲੈ ਜਾਣ ਦਾ ਅਧਿਕਾਰੀ ਹੋਵੇਗਾ ਮਤਲਬ ਕਿ ਏ; ਦੇ ਵੱਡਾ ਸੇਬ ਲੈਣ ਦੇ ਬਦਲੇ ਵਿੱਚ ਬੀ ਨੂੰ ਕਿਸੇ ਰੂਪ ਵਿਚ ਹਰਜਾਨਾਂ ਪ੍ਰਾਪਤ ਹੋਵੇ। ਇਸ ਪ੍ਰਕਾਰ ਦੀ ਅਦਾਇਗੀ ਇਸ

ਸਮੱਸਿਆ ਨੂੰ ਸੁਲਝਾ ਸਕਦੀ ਹੈ। ਇਕ ਅਰਥਵਿਵਸਥਾ ਜਿੱਥੇ ਪੈਸਿਆਂ ਦਾ ਇਸਤੇਮਾਲ ਹੁੰਦਾ ਹੋਵੇ, ਕੁਝ ਪੱਖ ਦੂਸਰੇ ਤਰੀਕੇ (ਅਦਾਇਗੀ ਦੇ ਤਰੀਕੇ) ਨੂੰ ਵਰਤਣ ਲਈ ਸਹਿਮਤ ਹੋਣਗੇ। ਸ਼ੁਰੂਆਤ ਇਕ ਨਿੱਕੇ ਜਿਹੇ ਹਿੱਸੇ ਦੇ ਮੁਆਵਜ਼ੇ (ਇਕ ਸੈਂਟ ਮੰਨ ਲਉ) ਤੋਂ ਕਰਕੇ, ਇਸਦੀ ਮਾਤਰਾ ਨੂੰ ਹੌਲੀ-ਹੌਲੀ ਵਧਾਇਆ ਜਾ ਸਕਦਾ ਹੈ ਜਦ ਤੱਕ ਕਿ ਦੂਜਾ ਪੱਖ ਨਿੱਕਾ ਸੇਬ ਲੈਣ ਲਈ ਤਿਆਰ ਨਾ ਹੋ ਜਾਵੇ। ਜੇਕਰ ਸ਼ੁਰੂਆਤੀ ਰਾਸ਼ੀ ਕਾਫ਼ੀ ਘੱਟ ਹੈ ਤਾਂ ਅਸੀਂ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਦੋਵੇਂ ਹੀ ਪੱਖ ਮੁਆਵਜ਼ਾ ਦੇਕੇ ਵੱਡਾ ਸੇਬ ਲੈਣ ਨੂੰ ਪਹਿਲ ਦੇਣਗੇ। ਜੇਕਰ ਮੁਆਵਜ਼ੇ ਦੀ ਰਕਮ ਵੱਧ ਜਾਂਦੀ ਹੈ ਤਾਂ ਇਕ ਸੀਮਾ ਤੋਂ ਬਾਅਦ ਉਹ ਮੁਕਾਮ ਆਏਗਾ ਜਦ ਦੋਵਾਂ ਵਿੱਚੋਂ ਇਕ ਪੱਖ ਨਿੱਕਾ ਸੇਬ ਲੈ ਕੇ ਮੁਆਵਜ਼ਾ ਲੈਣ ਲਈ ਤਿਆਰ ਹੋ ਜਾਵੇਗਾ। ਅਸੀਂ ਇਹ ਕਹਿ ਸਕਦੇ ਹਾਂ ਕਿ ਜੇਕਰ ਦੋਵੇਂ ਹੀ ਪੱਖ ਤਾਰਕਿਕ ਢੰਗ ਨਾਲ ਸਮੱਸਿਆ ਦਾ ਹੱਲ ਲੱਭਣਗੇ ਤਾਂ ਨਿਸ਼ਚਿਤ ਤੌਰ ਤੇ ਇਸਨੂੰ ਸੁਲਝਾ ਲੈਣਗੇ। ਇਸ ਤਰ੍ਹਾਂ ਇਹ ਹੀ ਉਹ ਤਰੀਕਾ ਹੈ ਜਿਸਦੇ ਦੁਆਰਾ ਅਸੀਂ ਸ਼ਾਂਤੀਪੂਰਨ ਢੰਗ ਨਾਲ ਦੋਵਾਂ ਨਾਲ, ਦੋਵਾਂ ਪੱਖਾਂ ਦੇ ਅਧਿਕਾਰਾਂ ਨਾਲ ਸੰਬੰਧਿਤ ਵਿਵਾਦ ਸੁਲਝਾ ਸਕਦੇ ਹਾਂ। ਚੀਨ ਦੇ ਸੁਧਾਰ ਅਤੇ ਖੁੱਲੇਪਣ ਦੇ 30 ਸਾਲ ਬਾਅਦ ਵੀ ਇਸ ਗੱਲ ਦੇ ਵੈਰ ਜਾਂ ਵਿਰੋਧ ਵਿਚ ਕਿ ਅਮੀਰ ਰੋਜ਼ ਦਰ ਰੋਜ਼ ਤਰੱਕੀ ਕਰ ਰਿਹਾ ਹੈ, ਸੰਪੰਨਤਾ ਅਤੇ ਗਰੀਬੀ ਦਾ ਸਵਾਲ ਦੁਬਾਰਾ ਉਠ ਰਿਹਾ ਹੈ। ਉਸ ਕਾਲ ਵਿਚ ਜਦ ਵਰਗ ਸੰਘਰਸ਼ ਉਪਰ ਜ਼ੋਰ ਦਿੱਤਾ ਗਿਆ, ਹਰੇਕ ਜਨ-ਅੰਦੋਲਨ ਦੀ ਸ਼ੁਰੂਆਤ ਵਿਚ ਪਿਛਲੀਆਂ ਪਰੇਸ਼ਾਨੀਆਂ ਨਾਲ ਵਰਤਮਾਨ ਸਮੇਂ ਦੀਆਂ ਖੁਸ਼ੀਆਂ  ਆਈਆਂ ਹਨ। ਪਹਿਲਾਂ ਸਮਾਜ ਦੋਸ਼ੀ ਠਹਿਰਾਇਆ ਗਿਆ ਅਤੇ ਪਹਿਲਾਂ ਹੋਏ ਸ਼ੋਸ਼ਣ ਨੂੰ ਲੋਕਾਂ ਦੇ ਜ਼ਿਹਨ ਵਿਚ ਨਫ਼ਰਤ ਪੈਦਾ ਕਰਨ ਲਈ ਬੀਜ ਦੇ ਰੂਪ ਵਿੱਚ ਮੰਨਿਆ ਗਿਆ। 1966 ਵਿਚ ਜਦ ਸੱਭਿਆਚਾਰਕ ਕ੍ਰਾਂਤੀ ਸ਼ੁਰੂ ਹੋਈ (ਪੁਰਾਣਾ ਵਰਗ-ਵਿਵਸਥਾ ਨੂੰ ਜੜੋਂ ਪੁੱਟ ਸੁੱਟਣ ਲਈ) ਤਾਂ ਕਈ ਥਾਵਾਂ ਤੇ ਵੇਖਿਆ ਗਿਆ ਕਿ ਜ਼ਮੀਨ ਦੇ ਮਾਲਿਕ ਵਰਗ ਨਾਲ ਸੰਬੰਧਿਤ ਲੋਕਾਂ ਨੂੰ ਜਿਊਂਦਾ ਸਾੜ ਦਿੱਤਾ ਗਿਆ। ਜਦਕਿ ਬਹੁਤ ਸਾਰੇ ਜ਼ਿਮੀਦਾਰਾਂ ਨੇ ਪਹਿਲਾਂ ਹੀ ਆਤਮ-ਹੱਤਿਆ ਕਰ ਲਈ ਸੀ। ਕੋਈ ਨਾ ਬਚਿਆ ਨਾ ਬਜ਼ੁਰਗ, ਨਾ ਹੀ ਔਰਤਾ, ਨਾ ਜਵਾਨ ਤੇ ਨਾ ਬੱਚੇ। ਲੋਕਾਂ ਨੇ ਕਿਹਾ ਕਿ ਜਿਵੇਂ ਬਿਨਾਂ ਕਿਸੇ ਕਾਰਣ ਤੋਂ ਪ੍ਰੇਮ ਨਹੀਂ ਹੁੰਦਾ ਉਸੇ ਤਰ੍ਹਾਂ ਬਿਨਾਂ ਕਿਸੇ ਵਜ੍ਹਾਂ ਤੋਂ ਨਫ਼ਰਤ ਵੀ ਨਹੀਂ ਹੁੰਦੀ। ਪਰੰਤੂ ਨਫ਼ਰਤ ਦੀ ਇਹ ਭਾਵਨਾ ਜ਼ਿਮੀਦਾਰੀ ਵਰਗ ਦੇ ਬੱਚਿਆ ਉਪਰ ਕਿਵੇਂ ਸਹੀ ਸਾਬਿਤ ਹੁੰਦੀ ਹੈ? ਇਹ ਭਾਵਨਾ ਇਸ ਵਿਸ਼ਵਾਸ਼ ਤੋਂ ਆਈ ਕਿ ਬੇਫ਼ਿਕਰ ਜ਼ਿਮੀਦਾਰ ਵਰਗ ਨੇ ਜ਼ੁਲਮ ਕਰਕੇ ਦੁਨੀਆਂ ਵਿਚ ਆਪਣੀ ਇਹ ਜਗ੍ਹਾ ਬਣਾਈ ਹੈ। ਅੱਜ ਅਮੀਰ ਤੇ ਗਰੀਬ ਵਿਚਲਾ ਫਰਕ ਹੋਰ ਵੀ ਜ਼ਿਆਦਾ ਸਪੱਸ਼ਟ ਹੋ ਗਿਆ ਹੈ। ਇੱਥੇ ਅਜਿਹੇ ਲੋਕ ਵੀ ਹਨ ਜਿਨ੍ਹਾਂ ਨੇ ਸ਼ੁਰੂਆਤ ਵਿਚ ਗਲਤ ਢੰਗ ਨਾਲ ਧਨ ਕਮਾਇਆ। ਕਿਸੇ ਵੀ ਸਮਾਜ ਵਿਚ ਅਮੀਰ

ਤੇ ਗਰੀਬ ਵਿਚਲਾ ਫਰਕ ਅੱਖੋ ਪਰੋਖੋ ਨਾ ਕੀਤਾ ਜਾ ਸਕਣ ਵਾਲਾ ਪ੍ਰਤੀਮਾਨ ਹੈ। ਇੱਥੋਂ ਤੱਕ ਕਿ ਵਿਕਸਿਤ ਮੁਲਕਾਂ ਵਿੱਚ ਵੀ ਗਰੀਬ ਅਤੇ ਅਮੀਰ ਵਿਚ ਫਰਕ ਦਿਖਾਈ ਦੇਂਦਾ ਹੈ ਜਿੱਥੇ ਗੈਰ-ਕਾਨੂੰਨੀ ਕੰਮਾਂ ਉਪਰ ਲਗਭਗ ਪੂਰਨ ਰੂਪ ਵਿਚ ਨਿਯੰਤ੍ਰਣ ਹੈ।

ਅਮੀਰੀ ਦੇ ਪਿੱਛੇ ਦੀ ਅਪ੍ਰਸੰਨਤਾ ਦਾ ਤਰਕ ਦੋਸ਼ਪੂਰਣ ਹੈ। ਜੇਕਰ ਕੋਈ ਇਸ ਗੱਲ ਤੋਂ ਅਪ੍ਰਸੰਨ ਹੈ ਕਿ ਉਹ ਹੁਣ ਤੱਕ ਅਮੀਰ ਨਹੀਂ ਬਣਿਆ ਹੈ ਤਾਂ ਸਭ ਤੋਂ ਵਧੀਆ ਯੋਜਨਾ ਹੈ ਕਿ ਉਸਨੂੰ ਅਮੀਰਾ ਤੋਂ ਅੱਗੇ ਵਧਣ ਦੇ ਤਰੀਕੇ ਅਪਨਾਉਣੇ ਚਾਹੀਦੇ ਹਨ ਅਤੇ ਫਿਰ ਉਸਨੂੰ ਇਸ ਗੱਲ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ ਜਦ ਉਹ ਅਮੀਰ ਬਣ ਜਾਵੇਗਾ, ਇਸ ਤੋਂ ਬਾਅਦ ਉਹ ਅਮੀਰਾਂ ਦੇ ਅਧਿਕਾਰਾਂ ਦੀ ਵਕਾਲਤ ਕਰੇਗਾ। ਕੁਝ ਨਿਸ਼ਚਿਤ ਵਿਅਕਤੀਆਂ ਦੇ ਸਮੂਹ ਲਈ ਤਰਕਸ਼ੀਲ ਬਨਣ ਦਾ ਇਹ ਸਭ ਤੋ ਵਧੀਆ ਮੌਕਾ ਹੈ। ਪਰੰਤੂ ਸੰਪੂਰਨ ਸਮਾਜ ਲਈ ਅਜਿਹਾ ਕੋਈ ਤਰੀਕਾ ਨਹੀਂ ਹੈ ਜਿਸ ਨਾਲ ਪੂਰੀ ਪ੍ਰਕ੍ਰਿਆ ਦਾ ਪ੍ਰਬੰਧ  ਕੀਤਾ ਜਾ ਸਕੇ ਅਤੇ ਸਮਾਜ ਦੇ ਸਭ ਲੋਕਾਂ ਨੂੰ ਬਰਾਬਰ ਰੂਪ ਵਿਚ ਅਮੀਰ ਬਣਾਇਆ ਜਾ ਸਕੇ। ਕੁਝ ਲੋਕ ਦੂਸਰਿਆਂ ਤੋਂ ਪਹਿਲਾ ਅਮੀਰ ਬਣ ਜਾਣਗੇ।ਜੇਕਰ ਅਸੀਂ ਸਾਰਿਆਂ ਦੇ ਬਰਾਬਰ ਅਮੀਰ ਬਣ ਜਾਣ ਦਾ ਇੰਤਜ਼ਾਰ ਕਰਾਂਗੇ ਤਾਂ ਕੋਈ ਵੀ ਸੰਪੰਨਤਾ ਹਾਸਿਲ ਨਹੀਂ ਕਰ ਸਕੇਗਾ।ਅਮੀਰ ਦਾ ਵਿਰੋਧ ਯੋਗ ਨਹੀਂ ਹੈ। ਗਰੀਬ ਲੋਕਾਂ ਨੂੰ ਅਮੀਰ ਬਨਣ ਦਾ ਮੌਕਾ ਤਾਂ ਹੀ ਮਿਲ ਸਕਦਾ ਹੈ ਜਦ ਉਹਨਾਂ ਨੂੰ ਅਜਿਹਾ ਕਰਨ ਲਈ ਕਾਨੂੰਨੀ ਤੌਰ ਤੇ ਬਰਾਬਰ ਅਧਿਕਾਰ ਦਿੱਤੇ ਜਾਣ। ਜਾਇਦਾਦ ਵਧਾਉਣ ਦੇ ਅਧਿਕਾਰ ਨਿਸ਼ਚਿਤ ਹੋਣ, ਜਦ ਕਿਸੇ ਦੀ ਮਿਹਨਤ ਦਾ ਫਲ ਬਰਬਾਦ ਨਾ ਹੋਵੇਗਾ ਅਤੇ ਜਦ ਸੰਪੱਤੀ ਦੇ ਅਧਿਕਾਰਾਂ  ਦਾ ਆਦਰ ਹੋਵੇਗਾ। ਇਕ ਸਮਾਜ ਜਿਸਦੇ ਜ਼ਿਆਦਾ ਤੋਂ ਜ਼ਿਆਦਾ ਨਾਗਰਿਕ ਇਹ ਕਹਿਣ ਕਿ ਅਮੀਰ ਹੋਣਾ ਆਨੰਦਾਇਕ ਹੈ, ਹੀ ਅਸਲ ਵਿਚ ਓਹ ਸਥਿਤੀ ਹੈ, ਜਿਸਨੂੰ ਬਨਾਉਣ ਦੀ ਜ਼ਰੂਰਤ ਹੈ।

ਚੀਨੀ ਸਕਾਲਰ ਲੀ ਮਿੰਗ ਨੇ ਇਕ ਥਾਂ ਲਿਖਿਆ ਹੈ ਕਿ ਲੋਕਾਂ ਨੂੰ ਦੋ ਸਮੂਹਾਂ "ਅਮੀਰ" ਅਤੇ "ਗਰੀਬ" ਵਿੱਚ ਵੰਡਣਾ, ਦੋਵਾਂ ਵਿੱਚ ਫਰਕ ਨੂੰ ਦੱਸਣ ਦਾ ਗਲਤ ਤਰੀਕਾ ਹੈ। ਇਸਦੀ ਬਜਾਏ ਇਹ ਫ਼ਰਕ ਅਧਿਕਾਰਾਂ ਵਾਲੇ ਸਮੂਹ ਅਤੇ ਬਿਨਾਂ ਅਧਿਕਾਰਾਂ ਵਾਲੇ ਸਮੂਹ ਦੇ ਰੂਪ ਵਿੱਚ ਦਰਸਾਇਆ ਜਾਣਾ ਚਾਹੀਦਾ ਹੈ।ਆਧੁਨਿਕ ਸਮਾਜ ਤੋਂ ਓਹਨਾਂ ਦਾ ਅਰਥ ਸੀ ਕਿ ਅਮੀਰ ਤੇ ਗਰੀਬ ਦਾ ਜੋ ਸਵਾਲ ਹੈ, ਓਹ ਅਸਲ ਵਿੱਚ ਅਧਿਕਾਰਾਂ ਦਾ ਸਵਾਲ ਹੈ। ਅਮੀਰ ਇਸ ਸਥਿਤੀ ਵਿੱਚ ਹਨ ਕਿਓਂਕਿ ਓਹਨਾਂ ਦੇ ਕੋਲ ਅਧਿਕਾਰ ਹਨ, ਜਦਕਿ ਗਰੀਬ ਅਧਿਕਾਰਾਂ ਦੀ ਅਣਹੋਂਦ ਕਾਰਨ ਇਸ ਸਥਿਤੀ ਵਿੱਚ ਹਨ। ਅਧਿਕਾਰਾਂ ਤੋਂ ਓਹਨਾਂ ਦਾ ਅਰਥ ਮਾਨਵ-ਅਧਿਕਾਰ ਹੈ ਨਾ ਕਿ ਫਾਇਦਾ। ਇਹ ਓਹ ਮਸਲਾ ਨਹੀਂ ਹੈ ਜਿਸ ਵਿੱਚ ਸਾਰੇ ਲੋਕਾਂ ਨੂੰ ਬਰਾਬਰ ਫਾਇਦਾ ਲੈਣ ਦਾ ਮੌਕਾ ਮਿਲੇ। ਸਿਰਫ਼ ਇੱਕ ਪੱਛੜਿਆ ਵਰਗ ਲਾਭ ਪ੍ਰਾਪਤ ਕਰ

ਸਕਦਾ ਹੈ। ਜੇਕਰ ਅਸੀਂ ਅਮੀਰ ਤੇ ਗਰੀਬ ਦੇ ਸਵਾਲ ਨੂੰ ਸੁਲਝਾਓਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾ ਸਾਨੂੰ ਸਮਾਨ ਮਾਨਵ-ਅਧਿਕਾਰਾਂ ਦੀ ਵਿਆਖਿਆ ਕਰਨੀ ਪਵੇਗੀ। ਲੀ ਮਿੰਗ ਦਾ ਮੁਲਾਂਕਣ ਗੰਭੀਰ ਅਤੇ ਸੰਪੂਰਨ ਹੈ।

# ਬਾਜ਼ਾਰ ਆਧਾਰਿਤ ਸਮਾਜ ਵਿੱਚ ਸਮਾਨਤਾ ਅਤੇ ਅਸਮਾਨਤਾ ਦਾ ਨੈਤਿਕ ਤਰਕ

**ਲਿਓਨਿਡ ਵੀ. ਨਿਕੋਨੋਵ**

*ਇਸ ਨਿਬੰਧ ਵਿੱਚ ਰੂਸੀ ਦਾਰਸ਼ਨਿਕ ਲਿਓਨਿਡ ਨਿਕੋਨੋਵ ਨੇ 'ਸਮਾਨਤਾ' ਦੇ ਵਿਚਾਰ ਨੂੰ ਵਿਸ਼ਾਂ ਬਣਾਇਆ ਹੈ। ਉਹ ਆਪਣੇ ਵਿਸ਼ਾਲ ਤਾਰਕਿਕ ਚਿੰਤਨ ਦੁਆਰਾ ਇਸ ਸਿੱਟੇ 'ਤੇ ਪੁੱਜਿਆ ਹੈ ਕਿ ਜ਼ਿਆਦਾਤਰ ਪੂੰਜੀਵਾਦ ਵਿਰੋਧੀ ਆਲੋਚਨਾ ਸਮਾਨਤਾ ਦੇ ਮੁੱਦੇ ਤੇ ਆਕੇ ਰੁੱਕਦੀ ਹੈ। ਚਾਹੇ ਸ਼ੁਰੂਆਤੀ ਯੋਗਦਾਨ ਤੇ ਮੁੱਲ ਜਾਂ ਸੁਝਾਅ ਕਿੰਨੇ ਹੀ ਅਸੰਗਤ ਰਹੇ ਹੋਣ।*

*ਲਿਓਨਿਡ ਵੀ. ਨਿਕੋਨੋਵ ਰੂਸੀ ਸੰਘ ਵਿੱਚ ਬਰਨੌਲ ਦੀ ਅਲਤਾਈ ਸਟੇਟ ਯੂਨੀਵਰਸਿਟੀ ਵਿੱਚ ਦਰਸ਼ਨ-ਸ਼ਾਸ਼ਤਰ ਦੇ ਅਧਿਆਪਕ ਹਨ। ਜਿਥੇ ਉਹ ਸਮਾਜ ਦਰਸ਼ਨ-ਸ਼ਾਸ਼ਤ੍ਰ ਨਾਲ ਸੰਬੰਧਿਤ ਵਿਸ਼ੇ ਤੱਤ ਵਿਗਿਆਨ, ਗਿਆਨ ਦਾ ਸਿਧਾਂਤ ਅਤੇ ਧਰਮ-ਸ਼ਾਸਤ੍ਰ ਪੜ੍ਹਾਉਂਦੇ ਹਨ। ਵਰਤਮਾਨ ਸਮੇਂ ਵਿੱਚ ਉਹ ਇਕ ਪੁਸਤਕ ਲਿਖ ਰਹੇ ਹਨ ਜਿਸਦਾ ਨਾਮ ਹੈ 'ਉਦਾਰਵਾਦ ਦੇ ਨੈਤਿਕ ਪੈਮਾਨੇ' (Moral Measurement of Liberalism)। ਉਹਨਾਂ ਦਾ ਕੰਮ ਕਈ ਰੂਸੀ ਪ੍ਰਕਾਸ਼ਨਾ ਤੋਂ ਛੱਪ ਚੁੱਕਿਆ ਹੈ। 2010 ਵਿੱਚ ਉਨ੍ਹਾਂ ਨੇ "ਸੇਂਟਰ ਫਾਰ ਦੀ ਫ਼ਿਲਾਸਫ਼ੀ ਆਫ਼ ਫਰੀਡਮ" ਦੀ ਸਥਾਪਨਾ ਕੀਤੀ ਅਤੇ ਉਸਦੇ ਨਿਰਦੇਸ਼ਕ ਬਣੇ। ਜੋ ਕਿ ਰੂਸ ਅਤੇ ਕਜਾਕਿਸਤਾਨ ਵਿਚ ਸੈਮੀਨਰ, ਵਾਦ-ਵਿਵਾਦ ਮੁਕਾਬਲੇ ਆਦਿ ਆਯੋਜਿਤ ਕਰਦਾ ਹੈ। ਉਹ ਇਸ ਤਰ੍ਹਾਂ ਦੇ ਕੰਮਾਂ ਵਿੱਚ ਉਸ ਵਕਤ ਸ਼ਾਮਿਲ ਹੋਏ ਜਦ ਪਹਿਲੀ ਵਾਰ 2007 ਵਿਚ ਨਿਬੰਧ ਪ੍ਰਤਿਯੋਗਤਾ (ਰੂਸ ਵਿਚ) "ਵਿਸ਼ਵ ਪੂੰਜੀਵਾਦ ਅਤੇ ਮਨੁੱਖੀ ਸੁਤੰਤਰਤਾ" ਵਿਸ਼ੇ ਨੂੰ ਲਿਖਣ ਲਈ ਪਹਿਲਾ ਇਨਾਮ ਜਿੱਤਿਆ। ਇਸੇ ਤਰ੍ਹਾਂ ਦਾ ਇਕ ਮੁਕਾਬਲਾਂ 2011 ਵਿੱਚ "ਸਟੂਡੇਂਟਸ ਫਾਰ ਲਿਬਰਟੀ" ਦੁਆਰਾ ਕਰਵਾਇਆ ਗਿਆ ਅਤੇ ਅਲੁਸ਼ਤਾ, ਯੂਕਰੇਨ ਵਿੱਚ "ਅਜ਼ਾਦੀ 'ਤੇ ਸਮਰ ਸਕੂਲ" ਵਿੱਚ ਭਾਗ ਲਿਆ। 2011 ਵਿੱਚ ਉਨ੍ਹਾਂ ਨੂੰ 'ਮੌਂਟ ਪੇਲੇਰਿਨ ਸੋਸਾਇਟੀ' ਦੁਆਰਾ ਸਭ ਤੋਂ ਘੱਟ ਉਮਰ ਦੇ ਭਾਗੀਦਾਰ (Member) ਬਨਣ ਲਈ ਸੱਦਾ ਭੇਜਿਆ ਗਿਆ। ਇਹ ਸੁਸਾਇਟੀ 1947 ਵਿਚ 39 ਸਕਾਲਰਾਂ ਦੁਆਰਾ ਉਦਾਰਵਾਦੀ ਸੱਭਿਆਚਾਰਕ ਸੋਚ ਨੂੰ ਦੁਬਾਰਾ ਜਿਉਂਦਾ ਕਰਨ ਲਈ ਸਥਾਪਿਤ ਕੀਤੀ ਗਈ ਸੀ।*

ਬਾਜ਼ਾਰ ਨਿਸ਼ਚਿਤ ਤੌਰ 'ਤੇ ਇਕੋ ਜਿਹੇ ਨਤੀਜੇ ਪੇਸ਼ ਨਹੀਂ ਕਰਦੇ, ਨਾਂ ਹੀ ਸਮਾਨ ਯੋਗਦਾਨ ਦੀ ਜ਼ਰੂਰਤ ਹੁੰਦੀ ਹੈ। ਇਹ ਬਾਜ਼ਾਰ ਲਈ ਕੋਈ ਸ਼ਰਮਿੰਦਾ ਹੋਣ ਵਾਲਾ ਔਗੁਣ ਨਹੀਂ ਹੈ। ਅਸਮਾਨਤਾ ਬਾਜ਼ਾਰ ਦੇ ਵਟਾਂਦਰੇ ਵਾਲੇ ਪ੍ਰਬੰਧ ਦੀ ਕੋਈ

ਵਿਅਕਤੀਗਤ ਪਹਿਚਾਣ ਜਾਂ ਨਤੀਜਾ ਨਹੀਂ। ਇਹ ਵਟਾਂਦਰੇ ਦੀ ਪ੍ਰਕਿਰਿਆ ਦੀ ਇੱਕ ਨਿਸ਼ਚਿਤ ਸਥਿਤੀ ਹੈ। ਜਿਸਦੇ ਬਿਨਾਂ ਵਟਾਂਦਰੇ ਦੀ ਪ੍ਰਕਿਰਿਆ ਅਰਥਹੀਣ ਹੋ ਸਕਦੀ ਹੈ। ਬਾਜ਼ਾਰ ਵਿੱਚ ਵਟਾਂਦਰੇ ਦੀ ਪ੍ਰਕਿਰਿਆ ਦਾ ਹੋਣਾ ਅਤੇ ਅਜਿਹੇ ਸਮਾਜ, ਜਿਸ ਵਿੱਚ ਧਨ ਦੀ ਵੰਡ ਬਾਜ਼ਾਰ ਦੁਆਰਾ ਹੁੰਦੀ ਹੋਵੇ, ਉਸ ਵਿੱਚ ਸਮਾਨਤਾ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਮਾਨ ਬੁਨਿਆਦੀ ਅਧਿਕਾਰ ਅਤੇ ਵਟਾਂਦਰੇ ਦੀ ਸਮਾਨ ਸੁਤੰਤਰਤਾ, ਸੁਤੰਤਰ ਬਾਜ਼ਾਰ ਲਈ ਪਹਿਲੀ ਸ਼ਰਤ ਹੈ। ਪਰੰਤੂ ਸੁਤੰਤਰ ਬਾਜ਼ਾਰ ਤੋਂ ਹਰੇਕ ਵਿਅਕਤੀ ਲਈ ਇਕੋ ਜਿਹੇ ਨਤੀਜਿਆਂ ਦੀ ਉਮੀਦ ਨਹੀਂ ਰੱਖੀ ਜਾਣੀ ਚਾਹੀਦੀ ਨਾ ਹੀ ਕਾਨੂੰਨੀ ਅਧਿਕਾਰਾਂ ਤੋਂ ਛੁੱਟ ਸਥਿਤੀਆਂ ਦੀ ਸਮਾਨਤਾ ਤੋਂ ਅਜਿਹੀ ਉਮੀਦ ਕਰਨੀ ਜਾਇਜ ਹੋਵੇਗੀ।

ਸਮਾਨ ਵਟਾਂਦਰੇ ਦਾ ਆਦਰਸ਼ (ਜਿਸ ਵਿਚ ਹਰ ਵਸਤੂ ਤੇ ਮਾਲਕੀ ਦਾ ਮੁੱਲ ਸਮਾਨ ਹੁੰਦਾ ਹੈ) ਮੁੱਢਲੇ ਯੋਗਦਾਨ ਅਤੇ ਨਤੀਜਿਆਂ ਦੀ ਸਮਾਨਤਾ ਨਾਲ ਸੰਬੰਧਿਤ ਹੋ ਸਕਦਾ ਹੈ। ਜੇਕਰ ਪੁਰਾਣੀ ਸੋਚ ਅਨੁਸਾਰ ਚੱਲੀਏ ਤਾਂ ਉਹ ਪਾਰਟੀਆਂ ਜੋ ਪ੍ਰਸੰਗਿਕ ਸਮਝ ਦੇ ਹਰੇਕ ਪੜਾਅ ਉਪਰ ਸਮਾਨ ਹੋਣ, ਸਮਾਨ ਵਟਾਂਦਰੇ ਲਈ ਪ੍ਰਤੀਬੱਧ ਹੋ ਸਕਦੀਆਂ ਹਨ। ਪਰੰਤੂ ਕੋਈ ਵੀ ਵੱਖਰਤਾ ਵਟਾਂਦਰੇ ਨੂੰ ਅਸਮਾਨਤਾ ਦਾ ਰੂਪ ਦੇ ਸਕਦੀ ਹੈ। ਜਿਸ ਕਾਰਨ ਕਰਮਚਾਰੀ ਅਤੇ ਰੋਜ਼ਗਾਰ ਦੇਣ ਵਾਲੇ ਵਿਚਕਾਰ ਹੋਏ ਇਕਰਾਰਨਾਮੇ ਨੂੰ ਖਾਰਜ ਕੀਤਾ ਜਾ ਸਕਦਾ ਹੈ। ਸਮਾਨ ਵਟਾਂਦਰੇ ਨੂੰ ਆਧਾਰ ਬਣਾ ਕੇ ਸਿਰਜੇ ਪ੍ਰਬੰਧ ਤੋਂ ਭਾਵ ਅਜਿਹੀ ਵਿਵਸਥਾ ਹੋਵੇਗੀ, ਜਿਸ ਵਿੱਚ ਸਮਾਨ ਮੁੱਲਾਂ ਦਾ ਵਟਾਂਦਰਾ ਕੀਤਾ ਜਾਵੇਗਾ ਦੂਸਰੇ ਸ਼ਬਦਾਂ ਵਿੱਚ ਕਹੀਏ ਤਾਂ ਅਜਿਹੇ ਵਟਾਂਦਰੇ ਵਿੱਚ ਮੁੱਲਾਂ ਦੇ ਪੱਖ ਤੋਂ ਨਤੀਜੇ ਸਮਾਨ ਹੋਣੇਗੇ। ਉਦਾਹਰਣ ਵਜੋਂ: ਜੇਕਰ ਸਮਾਨ ਕੀਮਤ ਤੇ ਸਮਾਨ ਗੁਣ ਵਾਲੀ ਵਸਤੂ ਇਕ ਪਾਰਟੀ ਤੋਂ ਦੂਜੀ ਪਾਰਟੀ ਤੱਕ ਪਹੁੰਚਾਈ ਜਾਂਦੀ ਹੈ ਤਾਂ, ਵਟਾਂਦਰੇ ਦੀ ਪ੍ਰਕਿਰਿਆ ਸਥਿਤੀਆਂ ਦੀ ਸਮਾਨਤਾ ਦੀ ਪੂਰਕ ਹੋਵੇਗੀ। ਇਕ ਅਜਿਹੇ ਅਤਿਯਥਾਰਥੀ ਦ੍ਰਿਸ਼ ਦੀ ਕਲਪਨਾ ਕਰੋ ਜਿਸ ਵਿਚ ਦੋ ਮਾਨਵਵਾਦੀ ਮਨੁੱਖ ਇੱਕ ਦੂਸਰੇ ਨੂੰ ਪੂਰੀ ਤਰ੍ਹਾਂ ਪਸੰਦ ਕਰਦੇ ਹੋਏ (ਦੂਸਰੇ ਸ਼ਬਦਾਂ ਵਿੱਚ, ਨਿੱਜੀ ਵੱਖਰਤਾਵਾਂ ਦੇ ਵਿਚਾਰ ਤੋਂ ਰਹਿਤ ਪਰ ਬੁਨਿਆਦੀ ਤੌਰ ਤੇ ਸਾਪੇਖਕ ਰੂਪ ਵਿੱਚ ਅਸਮਾਨਤਾ ਰੱਖਣ ਵਾਲੀ) ਆਪਸ ਵਿੱਚ ਜਾਣੀਆਂ-ਪਹਿਚਾਣੀਆਂ ਵਸਤੂਆਂ ਦਾ ਵਟਾਂਦਰਾ ਕਰਦਾ ਹੈ। ਦੂਰ ਖੜੇ ਜਦ ਅਸੀਂ ਇਸਨੂੰ ਸੁਚੱਜੀ ਉਤੇਜਕ ਦ੍ਰਿਸ਼ਟੀ ਤੋਂ ਵੇਖਦੇ ਹਾਂ ਤਾਂ ਇਹ ਕਿਸੇ ਅਪ੍ਰਕਿਰਤਕ ਤਸਵੀਰ ਜਿਹਾ ਮਹਿਸੂਸ ਹੁੰਦਾ ਹੈ। ਆਮ ਸ਼ਬਦਾਂ ਵਿੱਚ ਕਹੀਏ ਤਾਂ ਸਮਾਨ ਵਟਾਂਦਰੇ ਦਾ ਉਪਰੋਕਤ ਨਿਯਮ ਕਿਸੇ ਬੇਅਰਥ ਦਵੰਦ ਵਿੱਚ ਪਿਆ ਨਜ਼ਰ ਆਉਂਦਾ ਹੈ। ਕਿਉਂਕਿ ਅਜਿਹਾ ਵਟਾਂਦਰੇ ਦਾ ਨਿਯਮ ਕਿਸੇ ਪ੍ਰਕਾਰ ਦੀ ਤਬਦੀਲੀ ਨੂੰ ਜਨਮ ਨਹੀਂ ਦੇਂਦਾ। ਇਹ ਦੋਵਾਂ ਧਿਰਾਂ ਵਿਚੋ ਕਿਸੇ ਦੇ ਵਿਕਾਸ ਵਿਚ ਯੋਗਦਾਨ ਨਹੀਂ ਪਾਉਂਦਾ। ਇਸ ਲਈ ਵਟਾਂਦਰੇ ਦੇ ਅਜਿਹੇ ਪ੍ਰਬੰਧ

ਦੀ ਉਸਾਰੀ ਦਾ ਦੋਵਾਂ ਧਿਰਾਂ ਲਈ ਕੋਈ ਅਰਥ ਨਹੀਂ ਰਹਿ ਜਾਂਦਾ। ਭਾਵ ਇਸ ਨਾਲ ਜੀਵਨ ਨਿਰਬਾਹ ਤਾਂ ਹੋ ਸਕਦਾ ਹੈ, ਮਨੁੱਖੀ ਵਿਕਾਸ ਨਹੀਂ। (ਕਾਰਲ ਮਰਕਸ ਨੇ ਇਸ ਵਿਚਾਰ ਉੱਪਰ ਜ਼ੋਰ ਦਿੱਤਾ ਹੈ ਕਿ ਬਾਜ਼ਾਰ ਵਿੱਚ ਵਟਾਂਦਰੇ ਦੀ ਪ੍ਰਕਿਰਿਆ ਸਮਾਨ ਮੁੱਲਾਂ ਦੇ ਵਟਾਂਦਰੇ ਉਪਰ ਆਧਾਰਿਤ ਹੋਣੀ ਚਾਹੀਦੀ ਹੈ। ਜੋ ਅਤਾਰਕਿਕ ਅਤੇ ਅਸੰਗਤ ਆਰਥਿਕ ਸਿਧਾਂਤ ਨੂੰ ਗਤੀਸ਼ੀਲ ਕਰਦਾ ਹੈ) ਬਾਜ਼ਾਰ ਵਿਚਲੇ ਵਟਾਂਦਰੇ ਦੇ ਪ੍ਰਬੰਧ ਨੂੰ ਜੇਕਰ ਸਮਾਨ ਵਟਾਂਦਰੇ ਦੇ ਸਿਧਾਂਤ ਦੇ ਆਧਾਰ ਤੇ ਉਸਾਰਿਆ ਜਾਂਦਾ ਹੈ ਤਾਂ ਇਹ ਵਟਾਂਦਰੇ ਦੀ ਪ੍ਰਕਿਰਿਆ ਨੂੰ ਉਸਦੇ ਆਧਾਰਭੂਤ ਤਰਕ ਤੋਂ ਵਾਂਝਿਆਂ ਕਰ ਦੇਵੇਗਾ ਜੋ ਦੋਵਾਂ ਧਿਰਾਂ ਨੂੰ ਵਟਾਂਦਰੇ ਦੁਆਰਾ ਵਿਕਾਸ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਜੇਕਰ ਨੈਤਿਕਤਾ ਦੇ ਪੱਖ ਤੋਂ ਵਿਚਾਰੀਏ ਤਾਂ ਫਿਰ ਵੀ ਸਮਾਨਤਾ ਦਾ ਵਿਚਾਰ ਕੁਝ ਲੋਕਾਂ ਲਈ ਆਕਰਸ਼ਕ ਹੋ ਸਕਦਾ ਹੈ। ਬਹੁਤ ਸਾਰਿਆਂ ਨੈਤਿਕ ਵਿਚਾਰਾਂ ਦਾ ਇੱਕ ਸਾਂਝਾ ਗੁਣ ਇਹ ਹੈ ਕਿ ਇਹ (ਨੈਤਿਕਤਾ) ਪੂਰੀ ਤਰ੍ਹਾਂ ਇੱਕ ਨੀਤੀਸ਼ਾਸਤਰ ਦੇ ਤੌਰ ਤਰੀਕੇ ਤੇ ਆਧਾਰਿਤ ਹੈ। ਜੋ ਕਿ ਸਿਰਫ ਕਰਤਾ ਉਪਰ ਨਿਰਭਰ ਰਹਿੰਦਾ ਹੈ। ਇਹਨਾਂ ਕਰਤਾ ਦੀ ਚਿੰਤਾਂ ਸਿਰਫ ਇਸ ਗੱਲ ਨਾਲ ਜੁੜੀ ਰਹਿੰਦੀ ਹੈ ਕਿ ਕੀ ਹੋਣਾ ਚਾਹੀਦਾ ਹੈ ਜਾਂ ਇੰਝ ਕਹੋ ਕਿ ਇਹ ਅਰਥ ਸ਼ਾਸ਼ਤਰ ਦੇ ਤਰਕ ਨਾਲ ਸੰਬੰਧਿਤ ਹੁੰਦੇ ਹਨ ਜਾਂ ਇਹ ਵਾਸਤਵਿਕਤਾ ਦੀ ਚਿੰਤਾ ਨਹੀਂ ਕਰਦੇ ਜਾਂ ਫਿਰ ਇੰਝ ਕਹਿ ਸਕਦੇ ਹਾਂ ਕਿ ਇਹ ਉਸ ਕਾਰਜ ਦੀ ਜੋ ਆਪਣੀ ਮਹੱਤਤਾ/ਅਨਿਵਾਰਿਤਾ ਕਾਰਨ ਹੋਂਦ ਅੰਦਰ ਹੈ - ਵੀ ਚਿੰਤਾ ਨਹੀਂ ਕਰਦਾ। ਇਮੈਨੂਅਲ ਕੰਤ (Immanual Kant) ਦੇ ਅਨੁਸਾਰ ਉਦਾਹਰਣ ਵਜੋਂ ਇਕ ਕਰੱਤਵ ਕੀਤੇ ਜਾਣ ਵਾਲੇ ਕਾਰਜ ਨੂੰ ਭਾਵਨਾਤਮਕ ਪੱਧਰ ਤੇ ਮਹਿਸੂਸ ਕਰਦੇ ਹੋਏ ਉਸਦੇ ਨਤੀਜਿਆਂ, ਮਹੱਤਤਾ ਅਤੇ ਸੰਭਾਵਨਾਵਾਂ ਦੀ ਪਰਵਾਹ ਕੀਤੇ ਬਗੈਰ ਉਸ ਕੰਮ ਨੂੰ ਕਰਨਾ ਜੋ ਨੈਤਿਕ ਤੌਰ ਤੇ ਕੀਤਾ ਜਾਣਾ ਚਾਹੀਦਾ ਹੈ। ਅਜਿਹਾ ਕਰਨ ਲਈ ਤੁਹਾਨੂੰ ਆਪਣੇ ਆਪ ਨੂੰ ਇਹ ਕਹਿਣਾ ਜ਼ਰੂਰੀ ਹੋਵੇਗਾ ਕਿ ਹਾਂ ਮੈਂ ਅਜਿਹਾ ਕਰ ਸਕਦਾ ਹਾਂ। ਭਾਵੇਂ ਕਿ ਆਰਥਿਕ ਪੱਖ ਤੋਂ ਵਟਾਂਦਰੇ ਦੀ ਪ੍ਰਕਿਰਿਆ ਵਿੱਚ ਇਹ ਬੇਤੁਕਾ ਲੱਗਣ ਦੇ ਬਾਵਜੂਦ, ਇਹ ਨੈਤਿਕ-ਆਦਰਸ਼ ਮੰਨਿਆ ਜਾਵੇਗਾ ਅਤੇ ਮੰਨਿਆ ਜਾਂਦਾ ਹੈ।

ਨੈਤਿਕ ਮੁੱਦੇ ਦੇ ਰੂਪ ਵਿੱਚ ਸਮਾਨਤਾ ਇੱਕ ਬਹੁਤ ਹੀ ਜਟਿਲ ਮਸਲਾ ਹੈ। ਅਸੀਂ ਉਸ ਨਜ਼ਰੀਏ ਵਿੱਚ ਸਪੱਸ਼ਟ ਫਰਕ ਵੇਖ ਸਕਦੇ ਹਾਂ ਜੋ ਕਿਸੇ ਪ੍ਰਕਾਰ ਨੈਤਿਕਤਾ ਤੋਂ ਪ੍ਰਭਾਵਿਤ ਹੁੰਦਾ ਹੈ ਜਾਂ ਜੋ ਨਹੀਂ ਹੁੰਦਾ। ਇਸ ਅਨੁਸਾਰ ਪ੍ਰਭਾਵਿਤ ਨਜ਼ਰੀਆ ਸਮਾਨਤਾਵਾਦੀ ਸਮਝਿਆ ਜਾਂਦਾ ਹੈ ਅਤੇ ਅਪ੍ਰਭਾਵਿਤ ਨਜ਼ਰੀਆਂ ਅਸਮਾਨਤਾਵਾਦੀ ਨਜ਼ਰੀਏ ਵਜੋਂ ਜਾਣਿਆ ਜਾਂਦਾ ਹੈ। ਆਸਮਾਨਤਾਵਾਦੀ ਨਾਂ ਤਾਂ ਪੂਰੀ ਤਰ੍ਹਾਂ ਸਮਾਨਤਾ ਦੀ ਲੋੜ ਤੋਂ ਇਨਕਾਰ ਕਰਦੇ ਹਨ ਅਤੇ ਨਾ ਹੀ ਉਹ ਮਜ਼ਬੂਤੀ ਨਾਲ ਅਸਮਾਨਤਾ

ਦੀ ਲੋੜ ਦਾ ਪੱਖ ਪੂਰਦੇ ਹਨ। ਉਹ ਸਮਾਨਤਾਵਾਦੀਆਂ ਦੁਆਰਾ ਮਕਸਦ ਵਜੋਂ ਸਮਾਨਤਾ ਨੂੰ ਕੇਂਦਰ-ਬਿੰਦੂ ਮੰਨਣ ਅਤੇ ਮੁਨਾਫ਼ੇ ਵਿੱਚ ਬਰਾਬਰੀ ਦੇ ਵਿਚਾਰ ਨਾਲ ਅਸਹਿਮਤ ਹਨ। ਸਥਾਪਿਤ ਉਦਾਰ ਅਸਮਾਨਤਾਵਾਦੀ ਕੁਝ ਨਿਸ਼ਚਿਤ ਪ੍ਰਕਾਰ ਦੀ ਸਮਾਨਤਾ ਨੂੰ ਜ਼ਰੂਰੀ ਮੰਨਦੇ ਹਨ। ਜਿਵੇਂ ਕਿ ਬੁਨਿਆਦੀ ਅਧਿਕਾਰਾਂ ਦੀ ਸਮਾਨਤਾ ਵਿੱਚ ਸਮਾਨਤਾਵਾਦੀਆਂ ਵਜੋਂ ਵੀ ਪਛਾਣੇ ਜਾ ਸਕਦੇ ਹਨ। (ਬੁਨਿਆਦੀ ਅਧਿਕਾਰਾਂ ਦੀ ਸਮਾਨਤਾ ਦੀ ਬੁਨਿਆਦ ਕਾਨੂੰਨ, ਜਾਇਦਾਦ ਤੇ ਉਦਾਰਤਾ ਜਿਸਨੂੰ ਕਿ ਆਧੁਨਿਕ ਲੋਕ ਬੇਕਾਰ ਮੰਨਦੇ ਹਨ ਦੇ ਆਧਾਰ 'ਤੇ ਰੱਖੀ ਗਈ ਹੈ), ਜਿਸਦਾ ਨਤੀਜ਼ੇ (ਵਟਾਂਦਰੇ) ਦੀ ਸਮਾਨਤਾ ਨਾਲ ਕੋਈ ਸੰਬੰਧ ਨਹੀਂ। ਇਸ ਤਰ੍ਹਾਂ ਉਹ ਕੁਝ ਸੰਦਰਭਾ ਵਿੱਚ ਸਮਾਨਤਾਵਾਦੀਆਂ ਵਜੋਂ ਵੀ ਪਛਾਣੇ ਜਾ ਸਕਦੇ ਹਨ। ਅਸਮਾਨਤਾਵਾਦੀ ਉਦਾਰਵਾਦੀ ਸਮਾਨਤਾ ਨਾਲ ਸੰਬੰਧਿਤ ਆਪਣੇ ਵਿਚਾਰਾਂ ਨੂੰ ਸਭ ਤੋਂ ਵੱਧ ਯੋਗ, ਜ਼ਰੂਰੀ ਅਤੇ ਪ੍ਰਮਾਣਿਕ ਮੰਨਦੇ ਹਨ। ਪਰੰਤੂ ਭਰਪੂਰ ਖੁਸ਼ਹਾਲੀ (ਵਟਾਂਦਰੇ ਦੇ ਮੁਨਾਫੇ) ਦੀ 'ਵੰਡ' ਦੀ ਸਮਾਨਤਾ ਦੇ ਦਾਅਵੇ ਨੂੰ ਇਹ ਮੰਨਦੇ ਹਨ ਕਿ ਏਹੋ ਜਿਹੀ ਸਮਾਨਤਾਵਾਦੀ ਸਮਾਨਤਾ ਹਰ ਸਮਾਜ ਵਿੱਚ ਸੰਭਵ ਨਹੀਂ। ਇਹ ਸ਼ਬਦਾਂ ਵਿੱਚ ਤਾਂ ਆਪਣਾ ਵਜੂਦ ਕਾਇਮ ਰੱਖਦੀ ਹੈ ਪਰੰਤੂ ਵਿਹਾਰ ਵਿਚ ਨਹੀਂ (ਇਸ ਨਾਲ ਸੰਬੰਧਿਤ ਉਹਨਾਂ ਦਾ ਇਕ ਨਜ਼ਰੀਆਂ ਇਹ ਹੈ ਕਿ ਲੋਕ ਕੀ ਸੋਚਦੇ ਹਨ, ਕੀ ਕਰਦੇ ਹਨ? ਇਸ ਵਿੱਚ ਤਾਂ ਕਾਨੂੰਨੀ ਅਧਿਕਾਰਾਂ ਦੀ ਸਮਾਨਤਾਂ ਮਹੱਤਵਪੂਰਨ ਹੈ ਪਰ ਦੁਨੀਆਂ ਦੀਆਂ ਸਥਿਤੀਆਂ ਅਤੇ ਸਰਮਾਏ ਦੀ ਵੰਡ ਦੇ ਸੰਬੰਧ ਵਿੱਚ ਇਹ ਯੋਗ ਵਿਆਖਿਆ ਨਹੀਂ ਕਰਦਾ। ਦੂਸਰਾ ਸਮਾਨਤਾ ਦਾ ਇਸ ਤਰ੍ਹਾਂ ਦਾ ਨਜ਼ਰੀਆ ਸ਼ਾਇਦ ਹੀ ਵਿਹਾਰਕ ਰੂਪ ਵਿੱਚ ਸੰਭਵ ਹੋ ਸਕੇ।

ਦੂਸਰੇ ਪਾਸੇ ਵੇਖਣ ਵਾਲੀ ਗੱਲ ਇਹ ਵੀ ਹੈ ਕਿ ਲੋਕ ਵਾਸਤਵਿਕ ਜ਼ਿੰਦਗੀ ਵਿੱਚ ਕਾਨੂੰਨੀ ਪ੍ਰਕਿਰਿਆ ਦੀ ਮਹੱਤਤਾ ਅਤੇ ਸੁਭਾਅ ਦੇ ਮਿਆਰਾਂ ਨੂੰ ਕਿਨ੍ਹਾਂ ਤੇ ਕਿਵੇਂ ਸਮਝਦੇ ਹਨ।

ਤਰਕ ਸ਼ਾਸ਼ਤਰ ਦੇ ਸਵਾਲਾਂ ਸੰਬੰਧੀ ਤੱਦ ਤੱਕ ਵਿਚਾਰ - ਵਟਾਂਦਰਾ ਕਰਨਾ ਬਹੁਤ ਔਖਾ ਹੁੰਦਾ ਹੈ ਜਦ ਤੱਕ ਕਿ ਇਹਨਾਂ ਦਾ ਸਹੀ ਰੂਪ ਵਿੱਚ ਨੇਮਬੱਧ ਨਾ ਕਰ ਲਿਆ ਜਾਵੇ ਜਾਂ ਪੂਰੀ ਤਰ੍ਹਾਂ ਸਮਝਿਆ ਨਾ ਜਾਵੇ। ਪੂਰਬੀ ਤੇ ਪੱਛਮੀ ਦੋਵਾਂ ਮੁਲਕਾਂ ਦੇ ਤਰਕ ਸ਼ਾਸਤਰੀ ਆਪਣੇ ਨੈਤਿਕ ਅਧਿਐਨ ਦੇ ਆਧਾਰ ਤੇ ਇਹ ਮੰਨਦੇ ਹਨ ਕਿ ਹਜ਼ਾਰਾਂ ਸਾਲ ਪਹਿਲਾਂ ਕਰਤੱਵ ਤੇ ਕਰਤੱਵ ਨਿਭਾਉਣ ਸੰਬੰਧੀ ਤਰਕ ਦੇ ਨਿਆਂ ਸੰਬੰਧੀ ਜ਼ਿਆਦਾ ਪ੍ਰਮਾਣਿਕ ਵਿਸ਼ਲੇਸ਼ਣ ਮੌਜੂਦ ਸਨ। ਇਸ ਤਰ੍ਹਾਂ ਦੇ ਕਾਰਜ ਦੀ ਸ਼ੁਰੂਆਤ ਪੂਰੀ ਸੰਜੀਦਗੀ ਨਾਲ ਪਹਿਲੀ ਵਾਰ ਡੇਵਿਡ ਹਯੂਮ ਦੀ ਅਗਵਾਈ ਵਿੱਚ ਹੋਈ। ਇਸ ਤੋਂ ਬਾਅਦ ਇਮੈਨੂਅਲ ਕੰਤ ਅਤੇ ਬਾਅਦ ਦੇ ਸਕਾਰਤਾਮਕਤਾਵਾਦੀ ਤਰਕਸ਼ਾਸਤਰੀ ਜਿਵੇਂ ਕਿ ਜਾੱਰਜ ਮੂਰ, ਐਲਫਰੈਡ ਏਅਰ, ਰਿਚਰਡ ਹੇਰ ਅਤੇ ਹੋਰ

ਕਈਆਂ ਨੇ ਇਸ ਸੰਬੰਧ ਵਿੱਚ ਕੰਮ ਕੀਤਾ। ਸਦਾਚਾਰਕ ਤੇ ਵਿਹਾਰਕ ਤਰਕ ਸੰਬੰਧੀ ਖੋਜ ਅੱਜ ਵੀ ਜਾਰੀ ਹੈ। ਜਦਕਿ ਸਮਾਨਤਵਾਦੀ ਅਤੇ ਅਸਮਾਨਤਵਾਦੀ ਵਿਚਾਰਕਾਂ ਦੇ ਵਿੱਚ ਵਿਵਾਦ ਸਹਿਜ ਸਮਾਨਤਾ, ਅਸਮਾਨਤਾ ਅਤੇ ਨੈਤਿਕਤਾ ਨਾਲ ਜੁੜੇ ਤਰਕਾਂ ਨੂੰ ਮੰਨਣ ਤੱਕ ਹੀ ਸੀਮਿਤ ਨਹੀਂ, ਬਲਕਿ, ਇਸ ਗੱਲ ਨਾਲ ਵੀ ਹੈ ਕਿ ਬਾਜ਼ਾਰ ਵਿਚਲੇ ਵਟਾਂਦਰੇ ਦੁਆਰਾ ਵੰਡੇ ਗਏ ਅਸਮਾਨ ਸਰਮਾਏ ਦੀ ਬਲਪੂਰਵਕ ਪੁਨਰ-ਵੰਡ ਨੈਤਿਕ ਮੰਨੀ ਜਾ ਸਕਦੀ ਹੈ ਜਾਂ ਨਹੀਂ। (ਇੱਥੇ ਅਸਲੀ ਮਾਲਕਾਂ ਤੋਂ ਵਸੀਲਿਆਂ ਨੂੰ ਖੋਹਣ ਜਾਂ ਚੋਰੀ ਕਰਨ ਦਾ ਇੱਕ ਵੱਖਰਾ ਮਸਲਾ ਵੀ ਹੈ। ਜੋ ਰਾਜਾਂ ਦੇ ਸੱਤਾਧਾਰੀਆਂ ਤੇ ਸਮਾਜ ਦੇ ਸੁਰੱਖਿਅਤ ਅਪਰਾਧੀਆਂ ਦੁਆਰਾ ਉਨ੍ਹਾਂ ਲੋਕਾਂ ਨੂੰ ਵਾਪਸ ਕਰ ਦੇਣੇ ਚਾਹੀਦੇ ਹਨ ਜਿਨ੍ਹਾਂ ਤੋਂ ਇਹ ਲੁੱਟੇ ਗਏ ਹਨ)।

ਹੁਣ ਅਸੀਂ ਇੱਕ ਸਾਧਾਰਣ ਸਵਾਲ ਦੇ ਮਾਧਿਅਮ ਰਾਹੀ ਨੈਤਿਕਤਾ ਦੇ ਮੁੱਦੇ ਨੂੰ ਸਮਝਣ ਦਾ ਯਤਨ ਕਰਦੇ ਹਾਂ। ਸਮਾਨਤਾ ਕਿਉਂ ਸ਼ੁਰੂਆਤੀ ਸਹਿਯੋਗ (ਵਟਾਂਦਰੇ) ਜਾਂ ਨਤੀਜ਼ਿਆਂ (ਵਟਾਂਦਰੇ ਦੇ ਫਲ) ਸੰਬੰਧੀ ਅਸਮਾਨਤਾ ਤੋਂ ਬਿਹਤਰ ਜਾਂ ਇਸਦੇ ਉਲਟ ਹੈ? ਇਸ ਸਵਾਲ ਦੇ ਸਹੀ ਨਤੀਜ਼ਿਆ 'ਤੇ ਪਹੁੰਚਣ ਲਈ ਸਮਾਨਤਾਵਾਦੀ ਅਤੇ ਅਸਮਾਨਤਾਵਦੀ ਨਜ਼ਰੀਏ ਨਾਲ ਸੰਬੰਧਿਤ ਦੋਵਾਂ ਧਿਰਾ ਤੋਂ ਸਿੱਧੇ ਰੂਪ ਵਿੱਚ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ।

ਸੰਭਾਵਿਤ ਜਵਾਬਾਂ ਦੀ ਸੰਖਿਆ ਸੀਮਿਤ ਹੈ। ਸੰਭਵ ਹੈ ਕਿ ਕੋਈ ਸਮਾਨਤਾ ਜਾਂ ਅਸਮਾਨਤਾ ਵਿੱਚੋਂ ਕਿਸੇ ਇੱਕ ਦੇ ਬਿਹਤਰ ਹੋਣ ਦਾ ਹਿਸਾਬੀ ਅੰਦਾਜ਼ਾ ਵੀ ਲਗਾ ਸਕਦਾ ਹੈ।

ਜੋ ਵੀ ਹੈ ਨੈਤਿਕਤਾ ਦਾ ਸਵਾਲ ਆਸਨੀ ਨਾਲ ਸੁਲਝਾਇਆ ਨਹੀਂ ਜਾ ਸਕਦਾ। ਮੁੱਲ/ਕਦਰਾਂ-ਕੀਮਤਾਂ ਦਾ ਹਿਸਾਬ ਗਣਿਤ ਦੁਆਰਾ ਅਜਿਹਾ ਨਹੀ ਲਗਾਇਆ ਜਾ ਸਕਦਾ ਜੋ ਕਿ ਨੈਤਿਕ ਰੂਪ ਵਿੱਚ ਸਟੀਕ ਹੋਵੇ। ਇੱਕ ਗਣਿਤ ਅਨੁਪਾਤ (ਹਿੱਸੇ) ਨੂੰ ਦੂਸਰੇ ਤੋਂ ਬਿਹਤਰ ਮੰਨਣਾ ਇੱਕਪੱਖੀ ਹੋਵੇਗਾ। ਇਹ ਕੁਝ ਹੱਦ ਤੱਕ ਜਾਦੂ-ਟੂਣੇ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਦੇ ਅਨੁਪਾਤ ਕੱਢਣ ਜਿਹਾ ਹੋਵੇਗਾ। ਜੋ ਮਰਦਾਂ, ਔਰਤਾ, ਦਿਆਲੂ, ਸਿੱਧ, ਉਪਯੋਗੀ ਅਤੇ ਅਨਉਪਯੋਗੀ ਆਦਿ ਲੋਕਾਂ ਦੀ ਗਿਣਤੀ ਦੇ ਆਧਾਰ ਤੇ ਕੱਢਿਆ ਜਾਂਦਾ ਹੈ।

ਮੁੱਢਲੇ ਸਹਿਯੋਗ ਜਾਂ ਵਟਾਂਦਰੇ ਦੇ ਨਤੀਜਿਆਂ ਦੀ ਸਮਾਨਤਾ ਵੱਲ ਧਿਆਨ ਦੇਣ ਦੀ ਥਾਂ ਬਿਹਤਰ ਹੋਵੇਗਾ ਕਿ ਲੋਕਾਂ ਦੇ ਆਪਸੀ ਸੰਬੰਧਾਂ (ਇਸ ਵਿੱਚ ਵਟਾਂਦਰਾ ਵੀ ਸ਼ਾਮਿਲ ਹੈ) ਵਿੱਚ ਹੋਏ ਵਿਕਾਸ ਦੇ ਆਧਾਰ ਤੇ ਕਿਸੇ ਇਕ ਦੇ ਵਿਅਕਤੀਗਤ ਵਿਹਾਰ ਦੀ ਨੈਤਿਕਤਾ ਦੁਆਰਾ ਸਮਾਨਤਾ ਜਾਂ ਅਸਮਾਨਤਾ ਨੂੰ ਪਛਾਨਣ ਉਪਰ ਧਿਆਨ ਦਿੱਤਾ ਜਾਵੇ। ਇਸ ਤਰ੍ਹਾਂ ਪਤਾ ਲੱਗੇਗਾ ਕਿ ਕੋਈ ਵੀ ਵਿਅਕਤੀ ਮੁੱਢਲੇ ਰੂਪ ਵਿਚ ਕਿਸੇ ਦੂਜੇ ਤੋਂ ਨੈਤਿਕ ਤੌਰ 'ਤੇ ਨਾ ਤਾਂ ਉੱਚਾ ਹੁੰਦਾ ਹੈ ਤੇ ਨਾ ਨੀਂਵਾ।

ਜਦਕਿ ਇਸਦੇ ਉਲਟ ਇਕ ਗੱਲ ਹੋਰ ਪਤਾ ਲੱਗਦੀ ਹੈ ਕਿ ਅਪਣੇ ਵਿਹਾਰ ਕਾਰਨ ਕੁਝ ਲੋਕ ਨੈਤਿਕ ਪੱਖੋ ਉੱਚੇ ਹੰਦੇ ਹਨ ਤੇ ਕੁਝ ਨੀਂਵੇ।

ਕੋਈ ਸ਼ੁਰੂਆਤੀ ਯੋਗਦਾਨ ਜਾਂ ਫਲ ਦੀ ਨਿਸ਼ਚਿਤ ਲੋੜ ਜਾਂ ਬੇਲੋੜਤਾ ਦਾ ਅੰਦਾਜ਼ਾ ਲਗਾ ਸਕਦਾ ਹੈ। ਦੋਵਾਂ ਹੀ ਪਰਿਪੇਖਾਂ 'ਚ ਚਾਹੇ ਇਸ ਨਾਲ ਅਸਮਾਨਤਾ ਖਤਮ ਹੁੰਦੀ ਹੋਵੇ ਜਾਂ ਵੱਧਦੀ ਹੋਵੇ ਪਰੰਤੂ, ਦੋਵੇਂ ਹੀ ਵਿਚਾਰ ਬਲ ਪੂਰਵਕ ਮੁੜ-ਵਟਾਂਦਰੇ ਦੇ ਹੱਕ ਵਿਚ ਹਨ। ਅਤੇ ਇਨ੍ਹਾਂ ਦੋਵਾਂ ਪੱਖਾਂ ਵਿਚ ਮਹੱਤਵਪੂਰਨ ਮੁੱਦਾ ਦੋਵਾਂ ਪੱਖਾਂ ਦੀ ਨੈਤਿਕ ਸਥਿਤੀ ਅਤੇ ਉਹ ਯਥਾਰਥਕ ਸਥਿਤੀ ਜਿਸ ਵਿਚ ਲੋਕ ਵਿਉਪਾਰ ਤੇ ਵਿਵਹਾਰ ਕਰ ਰਹੇ ਹਨ।

ਇਸ ਲਈ ਸੂਤਰਬੱਧ ਰੂਪ ਵਿਚ, ਮਹੱਤਵਪੂਰਨ ਸਵਾਲ ਇੱਕ ਤਰਫ਼ ਤਾਂ ਮਨੁੱਖੀ ਨੈਤਿਕ ਸਥਿਤੀਆਂ ਵਿਚ ਸੰਬੰਧਾਂ ਦਾ ਹੋਵੇਗਾ ਅਤੇ ਦੂਜੇ ਪਾਸੇ ਜਿਨ੍ਹਾਂ ਵਸਤੂਆਂ ਦੀ ਖਰੀਦ-ਫਰੋਖ਼ਤ ਹੋ ਰਹੀ ਹੈ ਉਨ੍ਹਾਂ ਦੀ ਗੁਣਾਤਮਕਤਾ ਅਤੇ ਗਿਣਨਾਤਮਕ ਦਾ ਹੋਵੇਗਾ। ਤਾਂ ਸਾਡੇ ਸਾਹਮਣੇ ਇਹ ਸਵਾਲ ਆਉਂਦਾ ਹੈ ਕਿ ਸਮਾਨ ਮੁੱਲਾਂ ਵਾਲੇ ਦੋ ਵਿਅਕਤੀਆਂ ਨੂੰ ਕਿਉਂ ਰੋਜ਼ ਸਵੇਰੇ ਸਮਾਨ ਮੁੱਲ, ਗੁਣ ਅਤੇ ਮਾਤਰਾ ਦੀ ਚਾਹ ਪੀਣੀ ਚਾਹੀਦੀ ਹੈ? ਅਤੇ ਇਕ ਦਾਨਸ਼ੀਲ ਵਿਅਕਤੀ ਅਤੇ ਉਸਦਾ ਕੰਜੂਸ ਗੁਆਂਢੀ ਕੀ ਸਮਾਨ ਨੈਤਿਕ ਪੱਧਰ ਦੇ ਹੋਣਗੇ ਜਾਂ ਨਹੀਂ? ਕੀ ਸਮਾਨ ਰੂਪ ਨਾਲ ਵਿਕਾਸ ਕਰ ਰਹੇ ਦੋ ਪੌਂਦੇ ਸਮਾਨ ਰੂਪ ਵਿੱਚ ਫਲ ਦੇਣਗੇ ਜਾਂ ਨਹੀਂ ? ਸਮਾਨ ਨੈਤਿਕ ਪੱਧਰ ਸਮਾਨ ਯੋਗਦਾਨ ਉਪਭੋਗ ਜਾਂ ਸਮੱਰਥਾ ਲਈ ਸੁਭਾਵਕ ਮਹੱਤਤਾ ਵਾਲਾ ਦਿਖਾਈ ਨਹੀਂ ਦੇਂਦਾ। ਦੋ ਸ਼ਤਰੰਜ ਦੇ ਖਿਡਾਰੀਆਂ ਦੇ ਸੰਬੰਧਾਂ ਨੂੰ ਲੈ ਲਵੋ, ਦੋਵੇ ਨੈਤਿਕ ਰੂਪ ਨਾਲ ਇੱਕ ਸਮਾਨ ਮਹੱਤਵਪੂਰਨ ਹੁੰਦੇ ਹਨ। ਅਜਿਹਾ ਹੋਣ ਕਾਰਨ ਕੀ ਇਹ ਜਰੂਰੀ ਹੈ ਕਿ ਉਹਨਾਂ ਦੀ ਖੇਡਣ ਦੀ ਮੁਹਾਰਤ ਵੀ ਸਮਾਨ ਹੋਵੇ ਜਾਂ ਇਹਨਾਂ ਵਿੱਚ ਹੋਣ ਵਾਲਾ ਹਰ ਮੁਕਾਬਲਾ ਬਰਾਬਰ ਰਹਿ ਜਾਣਾ ਚਾਹੀਦਾ ਹੈ? ਜਾਂ ਜਰੂਰੀ ਇਹ ਹੈ ਕਿ ਇਹ ਦੋਵੇ ਸਮਾਨ ਨਿਯਮਾਂ ਦਾ ਪਾਲਣ ਕਰਦੇ ਹੋਏ ਖੇਡਣ ਅਤੇ ਅੰਤ ਵਿੱਚ ਨਤੀਜੇ ਵਜੋਂ ਇਹ ਮੁਕਾਬਲਾ ਬਰਾਬਰ ਰਹੇ ਜਾਂ ਕੋਈ ਇਕ ਜਿੱਤੇ।ਸਮਾਨ ਨੈਤਿਕ ਸਥਿਤੀ ਅਤੇ ਸ਼ੁਰੂਆਤੀ ਯੋਗਦਾਨ ਤੇ ਫਲ/ਨਤੀਜੇ ਤਿੰਨਾਂ ਵਿੱਚ ਕੋਈ ਸਿੱਧਾ ਸੰਬੰਧ ਨਹੀਂ ਹੈ।

ਜੇਕਰ ਅਸੀਂ ਯੋਗਦਾਨ ਤੇ ਨਤੀਜੇ ਦੀ ਥਾਂ ਵਿਵਹਾਰ ਤੇ ਨਿਯਮਾਂ ਉਪਰ ਧਿਆਨ ਦੇਈਏ ਤਾਂ ਅਸੀਂ ਵੇਖਾਂਗੇ ਕਿ ਸਥਿਤੀਆਂ ਮਨੁੱਖੀ ਵਿਹਾਰ, ਉਨ੍ਹਾਂ ਦੀ ਪਸੰਦ ਅਤੇ ਉਨ੍ਹਾਂ ਦੀ ਨਿਯਤ ਦੁਆਰਾ ਨਿਰਧਾਰਤ ਹੋਣਗੀਆਂ। ਇੱਕ ਵਿਅਕਤੀ ਦੀ ਜੇਬ ਵਿੱਚ ਕਿੰਨੇ ਪੈਸੇ ਹਨ ਜਾਂ ਉਹ ਆਪਣੇ ਗੁਆਂਢੀ ਦੀ ਤੁਲਨਾ ਵਿੱਚ ਕਿੰਨਾ ਅਮੀਰ ਹੈ, ਇਹ ਗੱਲਾਂ ਨੈਤਿਕ ਰੂਪ ਨਾਲ ਜੀਵਨ ਵਿੱਚ ਏਨੀਆਂ ਮਹੱਤਵਪੂਰਨ ਨਹੀਂ ਹੁੰਦੀਆਂ। ਮਾਇਨੇ ਇਹ ਰੱਖਦਾ ਹੈ ਕਿ ਇਸ ਨੂੰ ਹਾਸਿਲ ਕਿਵੇਂ ਕੀਤਾ ਗਿਆ ਹੈ। ਸਰਵ-ਵਿਆਪਕ ਨੈਤਿਕ ਪੱਧਰ 'ਤੇ ਇੱਕ ਵੱਡੇ ਵਿਉਪਾਰੀ ਅਤੇ ਇੱਕ ਟੈਕਸੀ ਚਲਾਉਣ ਵਾਲੇ, ਦੋਵਾਂ

ਨੂੰ ਨਿਆਂ ਤੇ ਅਨਿਆਂ ਦੇ ਨਜ਼ਰੀਏ ਤੋਂ ਸਮਾਨ ਰੂਪ ਨਾਲ ਸਮਝਿਆ ਵਿਚਾਰਿਆ ਜਾ ਸਕਦਾ ਹੈ। ਇਸ ਵਿੱਚ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਉਹ ਦੋਵੇਂ ਕਾਨੂੰਨ ਦੇ ਨਿਯਮਾਂ ਤੇ ਨੈਤਿਕ ਕਦਰਾਂ-ਕੀਮਤਾਂ ਦਾ ਕਿੰਨਾ ਪਾਲਣ ਕਰਦੇ ਹਨ। ਲੋਕਾਂ ਦਾ ਸਨਮਾਨ ਜਾਂ ਅਪਮਾਨ ਇਸ ਗੱਲ ਤੋਂ ਨਹੀਂ ਜਾਣਿਆ ਜਾਂਦਾ ਕਿ ਉਹ ਕਿੰਨੇ ਅਮੀਰ ਹਨ ਬਲਕਿ ਇਸ ਗੱਲ ਤੋਂ ਜਾਣਿਆ ਜਾਂਦਾ ਹੈ ਕਿ ਉਹਨਾਂ ਦੀ ਕਰਨੀ ਕਿਹੋ ਜਿਹੀ ਹੈ। ਵੱਖ-ਵੱਖ ਸਥਿਤੀਆਂ ਨੈਤਿਕ ਤੇ ਅਨੈਤਿਕਤਾ ਦੀ ਕਸੌਟੀ ਅਨੁਸਾਰ, ਨਿਆਂ ਤੇ ਅਨਿਆਂ ਦੇ ਮਾਮਲੇ ਵਿੱਚ ਬੁਰੇ ਤੇ ਚੰਗੇ ਵਿਵਹਾਰ ਲਈ ਵੱਖ-ਵੱਖ ਮੌਕੇ ਪ੍ਰਦਾਨ ਕਰਦੀਆਂ ਹਨ। ਪਰੰਤੂ ਇਹਨਾਂ ਪੈਮਾਨਿਆਂ ਦੁਆਰਾ ਸਿਰਫ਼ ਮਨੁੱਖੀ ਵਿਵਹਾਰ ਨੂੰ ਸਮਝਿਆ ਜਾ ਸਕਦਾ ਹੈ। ਯੋਗਦਾਨ ਤੇ ਫਲ ਦੇ ਸੰਕਲਪਾਂ ਨੂੰ ਨਹੀਂ।

ਨੈਤਿਕ ਬਰਾਬਰੀ ਦਾ ਅਰਥ ਹੈ ਕਿ ਇਕ ਅਪਰਾਧ ਨੂੰ ਇਸ ਗੱਲ ਦੀ ਪਰਵਾਹ ਕੀਤੇ ਬਗੈਰ ਕਿ ਇਹ ਕਿਸੇ ਧਨਵਾਨ ਨੇ ਕੀਤਾ ਹੈ ਜਾਂ ਟੈਕਸੀ ਡਰਾਈਵਰ ਨੇ ਅਪਰਾਧ ਹੀ ਮੰਨਿਆ ਜਾਵੇਗਾ। ਇਮਾਨਦਾਰ ਵਿਉਪਾਰ ਦਾ ਨਤੀਜਾ ਵੀ ਇਮਾਨਦਾਰ ਹੀ ਹੁੰਦਾ ਹੈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਘਟਨਾ ਦੋ ਟੈਕਸੀ ਚਲਾਉਣ ਵਾਲਿਆਂ ਜਾਂ ਦੋ ਵਿਉਪਾਰੀਆਂ ਦਰਮਿਆਨ ਵਾਪਰ ਰਹੀ ਹੈ।

ਅਸੀਂ ਸੰਪਤੀ ਤੇ ਸਮਾਨਤਾ ਦੇ ਵਿਚਲੇ ਸੰਬੰਧ ਵੱਲ ਵਾਪਸ ਮੁੜਦੇ ਹਾਂ। ਅਮੀਰੀ ਹਾਸਿਲ ਕਰਨਾ ਸਿਰਫ਼ ਵਿਵਹਾਰ ਜਾਂ ਫਿਰ ਜ਼ੋਰ-ਜ਼ਬਰਦਸਤੀ ਦਾ ਨਤੀਜਾ ਹੋ ਸਕਦਾ ਹੈ। ਸੁਤੰਤਰ ਬਾਜ਼ਾਰ ਵਟਾਂਦਰੇ ਦੇ ਨਿਯਮ ਕਾਰਣ ਜ਼ਿਆਦਾ ਸਮਾਨਤਾ ਜਾਂ ਅਸਮਾਨਤਾ ਆ ਸਕਦੀ ਹੈ, ਅਤੇ ਸਰਕਾਰ ਦੁਆਰਾ ਮੁੜ ਵੰਡ ਲਈ ਦਖ਼ਲ ਅੰਦਾਜ਼ੀ ਵੀ ਸਮਾਨਤਾ ਜਾਂ ਅਸਮਾਨਤਾ ਨੂੰ ਵਧਾ ਸਕਦੀ ਹੈ। ਸੁਭਾਅ ਤੇ ਵਿਵਹਾਰ ਵਿਚਲੀ ਵੱਖਰਤਾ ਕਾਰਣ ਕੁਝ ਵੀ ਹਮੇਸ਼ਾ ਸਮਾਨ ਜਾਂ ਅਸਮਾਨ ਨਹੀਂ ਰਹਿ ਸਕਦਾ। ਇੱਕ ਯੋਜਨਾਸ਼ੀਲ ਤੇ ਉੱਦਮੀ ਵਿਅਕਤੀ ਕਿਸੇ ਦੂਸਰੇ ਦੀ ਤੁਲਨਾ ਵਿੱਚ ਵੱਧ ਧਨ ਕਮਾ ਸਕਦਾ ਹੈ। ਬੇਸ਼ੱਕ ਇਸ ਨਾਲ ਕਿਸੇ ਦੂਸਰੇ ਵਿਅਕਤੀ ਨੂੰ ਵੀ ਲਾਭ ਪ੍ਰਾਪਤ ਹੋ ਰਿਹਾ ਹੋਵੇਗਾ।ਪਹਿਲਾਂ ਪ੍ਰਾਪਤ ਪ੍ਰਬੰਧ ਤੋਂ ਮਿਲੇ-ਜੱਦੀ ਵਿਚਲੇ ਵਿਸ਼ੇਸ਼ ਅਧਿਕਾਰਾਂ ਵਾਲੇ ਪੁਰਾਣੇ ਪ੍ਰਬੰਧ ਤੋਂ ਮਿਲੇ ਜੱਦੀ-ਪੁਸ਼ਤੀ ਵਿਸ਼ੇਸ਼ ਅਧਿਕਾਰਾਂ ਵਾਲੇ ਲੋਕਾਂ ਦੇ ਅੱਤਿਆਚਾਰ ਨੂੰ ਖ਼ਤਮ ਕਰਕੇ ਤੇ ਵਿਆਪਕ ਰੂਪ ਵਿੱਚ ਖੁਸ਼ਹਾਲੀ ਲਿਆ ਕੇ ਮੁਕਤ ਬਾਜ਼ਾਰ ਵਟਾਂਦਰੇ ਦੇ ਨਿਯਮ ਦੁਆਰਾ ਸਮਾਨਤਾ ਨੂੰ ਵਧਾ ਸਕਦਾ ਹੈ। ਕੋਈ ਲੁਟੇਰਾ ਕਿਸੇ ਅਮੀਰ ਵਿਅਕਤੀ ਤੋਂ ਧਨ ਖੋਹ ਕੇ ਉਸ ਤੋਂ ਅਮੀਰ ਹੋ ਸਕਦਾ ਹੈ। ਜਿਸ ਨਾਲ ਅਜਿਹੀ ਅਸਮਾਨਤਾ ਪੈਦਾ ਹੋਵੇਗੀ ਜਿਹੋ ਜਿਹੀ ਪਹਿਲਾਂ ਉਸ ਧਨੀ ਨੇ ਸੰਪਤੀ ਦੀ ਸਮਾਨਤਾ ਪ੍ਰਾਪਤ ਕੀਤੀ ਸੀ। ਭਾਵ, ਰਾਜ ਦੀਆਂ ਦਮਨਕਾਰੀ ਸ਼ਕਤੀਆ ਦੀ ਦਖ਼ਲਅੰਦਾਜ਼ੀ (ਸੁਰੱਖਿਆਵਾਦ ਸਬਸਿਡੀਆਂ) ਨਾਲ ਵੀ ਸੰਪਤੀ ਅਸਮਾਨਤਾ ਵੱਧਦੀ ਹੈ। ਜਿਸ ਵਿੱਚ ਬਾਜ਼ਾਰ ਨਾਲ ਜੁੜੇ ਲੋਕਾਂ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਜਾਂਦੇ ਹਨ। ਆਮ ਤੌਰ

ਤੇ ਖੱਬੇ-ਪੱਖੀ (Communist) ਸਮਾਜਾਂ ਵਿੱਚ ਅਜਿਹਾ ਹਿੰਸਾ ਅਤੇ ਤਾਕਤ ਦੇ ਇਸਤੇਮਾਲ ਦੁਆਰਾ ਕੀਤਾ ਜਾਂਦਾ ਹੈ। (ਅਸਲ ਵਿੱਚ ਜਿਵੇਂ ਹੁਣ ਤੱਕ ਸਮਾਨਤਾ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਉਸ ਤਰ੍ਹਾਂ ਵਿਹਾਰਕ ਰੂਪ ਵਿੱਚ ਸਮਾਨਤਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਅਸੀਂ ਕਈ ਦਸ਼ਕਾਂ ਦੇ ਕੌੜੇ ਅਨੁਭਵਾਂ ਤੋਂ ਜਾਣਦੇ ਹਾਂ।)

ਇੱਕ ਕਾਨੂੰਨੀ ਤੇ ਆਰਥਿਕ ਪ੍ਰਬੰਧ ਔਸਤਨ ਕਮਾਈ ਦੇ ਲਿਹਾਜ਼ ਨਾਲ ਘੱਟ ਜਾਂ ਵੱਧ ਸਮਾਨਤਾ ਪੈਦਾ ਕਰ ਸਕਦੀ ਹੈ। ਉਦਾਹਰਣ ਦੇ ਤੌਰ ਤੇ ਇਹ ਇੱਕ ਅਨੁਭਵ ਸਿੱਧ ਮੁੱਦਾ ਹੈ ਨਾ ਕਿ ਸਿਧਾਂਤਕ। ਦੁਨੀਆਂ ਦੀ ਆਰਥਿਕ ਆਜ਼ਾਦੀ ਦੀ ਰਿਪੋਰਟ {The Economic Freedom of the World Report (www.freedomworld.com)} ਆਰਥਿਕ ਸੰਤੁਤਰਤਾ ਦੀ ਡਿਗਰੀ ਨੂੰ ਮਾਪਦੀ ਹੈ ਅਤੇ ਫਿਰ ਇਸਦੇ ਆਧਾਰ ਤੇ ਆਰਥਿਕ ਸੰਪਨਤਾ ਦੇ ਸੂਚਕ ਦੇਸ਼ਾਂ ਦੀ ਤੁਲਨਾ ਕਰਦੀ ਹੈ (ਜਿਵੇਂ ਕਿ ਲੰਬੀ ਉਮਰ, ਸਿੱਖਿਆ, ਅਪਰਾਧ, ਪ੍ਰਤੀਵਿਅਕਤੀ ਸਲਾਨਾ ਕਮਾਈ ਆਦਿ)। ਇਸਦੇ ਆਂਕੜੇ ਸਿਰਫ਼ ਇਹ ਹੀ ਨਹੀਂ ਦਿਖਾਉਂਦੇ ਕਿ ਜ਼ਿਆਦਾ ਆਰਥਿਕ ਸੁਤੰਤਰਤਾ ਵਾਲੇ ਮੁਲਕਾਂ ਦੇ ਨਾਗਰਿਕ ਘੱਟ ਆਰਥਿਕ ਸੁਤੰਤਰਤਾ ਵਾਲੇ ਮੁਲਕਾਂ ਨਾਲੋਂ ਵੱਧ ਅਮੀਰ ਹਨ। ਬਲਕਿ ਇਹਨਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਮਾਈ ਦੀ ਅਸਮਾਨਤਾ (ਖਾਸ ਤੌਰ ਤੇ ਸਭ ਤੋਂ ਗਰੀਬ ਆਬਾਦੀ ਦੁਆਰਾ ਦੇਸ਼ ਦੀ ਕੁੱਲ ਕਮਾਈ ਵਿੱਚ 10% ਹਿੱਸਾ) ਵਿਭਿੰਨ ਪ੍ਰਣਾਲੀਆਂ ਦਾ ਨਤੀਜ਼ਾ ਨਹੀਂ ਸਗੋਂ ਉਸ ਮਿਹਨਤਾਨੇ ਦਾ ਅੰਤਰ ਹੈ ਜੋ ਉਹ ਇਹਨਾਂ ਪ੍ਰਣਾਲੀਆਂ ਅਧੀਨ ਕਮਾਉਂਦੇ ਹਨ? ਦੁਨੀਆਂ ਦੇ ਦੇਸ਼ਾਂ ਨੂੰ ਕੁਆਰਟਾਈਲ (Quartiles) (ਹਰੇਕ ਵਿੱਚ 25% ਅਬਾਦੀ) ਵਿੱਚ ਵੰਡ ਕੇ ਧਿਆਨ ਮਾਰਦੇ ਹਾਂ, ਜਿੱਥੇ 2008 ਵਿੱਚ ਸਕਲ ਘਰੇਲੂ ਉਤਪਾਦ ਵਿੱਚ ਸਭ ਤੋਂ ਘੱਟ ਮੁਕਤ ਕੁਆਰਟਾਈਲ (ਜਿਸ ਵਿੱਚ ਜਿਮਬਾਬਵੇ, ਮਿਆਂਮਾਰ ਤੇ ਸੀਰੀਆ) ਦੀ ਗਰੀਬ 10% ਆਬਾਦੀ ਦਾ ਹਿੱਸਾ ਸਿਰਫ਼ 2.47% ਸੀ। ਹੇਠਾਂ ਤੋਂ ਤੀਸਰੇ ਕੁਆਰਟਾਈਲ ਦਾ 2.19%, ਦੂਸਰੇ ਦਾ 2.27% ਅਤੇ ਸਭ ਤੋਂ ਪਹਿਲੇ (ਮੁਕਤ) ਕੁਆਰਟਾਈਲ ਦਾ 2.58% ਸੀ। ਅੰਤਰ ਬੇਹੱਦ ਘੱਟ ਨਜ਼ਰ ਆਉਂਦਾ ਹੈ। ਅੰਤਿਮ-ਮੁਕਤ ਦੇਸ਼ਾ ਵਿੱਚ ਸਭ ਤੋਂ ਵੱਧ ਗਰੀਬ 10% ਆਬਾਦੀ ਦਾ ਹਿੱਸਾ ਹੋਣ ਦਾ ਅਰਥ ਹੈ ਕਿ ਔਸਤਨ ਪ੍ਰਤੀ ਵਿਅਕਤੀ ਸਲਾਨਾ ਆਮਦਨ 910 ਡਾਲਰ ਹੈ। ਜਦਕਿ ਸਭ ਤੋਂ ਵੱਧ ਮੁਕਤ ਆਰਥਿਕ ਬਾਜ਼ਾਰ ਵਾਲੇ ਮੁਲਕਾਂ ਵਿੱਚ ਸਭ ਤੋਂ ਵੱਧ ਗਰੀਬ ਪ੍ਰਤੀ ਵਿਅਕਤੀ ਦੀ ਸਲਾਨਾ ਆਮਦਨ 8474 ਡਾਲਰ ਹੈ। ਗਰੀਬੀ ਦੇ ਇਹਨਾਂ ਆਂਕੜਿਆ ਦੇ ਹਿਸਾਬ ਨਾਲ ਸੀਰੀਆ ਦੀ ਬਜਾਏ ਸਵਿਟਜ਼ਰਲੈਂਡ ਦਾ ਗਰੀਬ ਵਧੇਰੇ ਖ਼ੁਸ਼ਹਾਲ ਹੈ।

ਭਾਵੇਂ ਕਿ ਦੋ ਵਿਅਕਤੀਆਂ ਦਾ ਨਿਵੇਸ਼ ਸੁਤੰਤਰ ਵਟਾਂਦਰੇ ਤੋਂ ਪਹਿਲਾ ਬਰਾਬਰ

ਰਿਹਾ ਹੋਵੇ ਪਰੰਤੂ ਫਾਇਦਾ ਬਰਾਬਰ ਨਹੀਂ ਹੁੰਦਾ ਤਾਂ ਅਜਿਹੀ ਸਥਿਤੀ ਆਪਣੇ ਆਪ ਵਿੱਚ ਇੱਕ ਨੈਤਿਕ ਸਮੱਸਿਆ ਹੋਵੇਗੀ। ਦੂਜੇ ਪਾਸੇ ਨੈਤਿਕ ਤੌਰ ਤੇ ਬਰਾਬਰ ਵਿਅਕਤੀਆਂ ਨਾਲ ਵੱਖ-ਵੱਖ ਤਰ੍ਹਾਂ ਨਾਲ ਵਿਵਹਾਰ ਕਰਨਾ, ਪਰੰਤੂ ਉਹਨਾਂ 'ਤੇ ਬਰਾਬਰ ਨਿਯਮ ਲਾਗੂ ਕਰਨਾ, ਇਹ ਸਾਰਾ ਕੁਝ ਬਰਾਬਰ ਨਤੀਜ਼ਿਆ ਦੇ ਬਨਣ ਨੂੰ ਪ੍ਰਭਾਵਿਤ ਕਰਦਾ ਹੈ। (ਇੰਝ ਮਹਿਸੂਸ ਹੁੰਦਾ ਹੈ ਕਿ ਆਮ ਤੌਰ ਤੇ ਸਫ਼ਲ ਕੰਪਨੀਆਂ ਵਿੱਚ ਅਜਿਹੇ ਨਤੀਜਿਆਂ ਨੂੰ ਆਸਾਨੀ ਨਾਲ ਬਦਲਿਆ ਨਹੀਂ ਜਾ ਸਕਦਾ) ਅਤੇ ਨਿਸ਼ਚਿਤ ਤੌਰ ਤੇ ਇਹ ਇੱਕ ਨੈਤਿਕ ਸਮੱਸਿਆ ਹੈ। ਇਹ ਨੈਤਿਕ ਸਮਾਨਤਾ ਦਾ ਉਲੰਘਣ ਹੈ ਜੋ ਬਹੁਤ ਮਹੱਤਤਾ ਰੱਖਦਾ ਹੈ।

ਅਸਮਾਨਤਾ ਨੂੰ ਲੈ ਕੇ ਸਭ ਤੋਂ ਮਹੱਤਵਪੂਰਨ ਮਸਲਾ ਜਾਂ ਮੁੱਦਾ ਆਰਥਿਕ ਤੌਰ ਤੇ ਸੁਤੰਤਰ ਸਮਾਜਾਂ ਵਿੱਚ ਅਮੀਰ ਤੇ ਗਰੀਬ ਦੇ ਦਰਮਿਆਨ ਖ਼ੁਸ਼ਹਾਲੀ ਦਾ ਅੰਤਰ ਨਹੀਂ ਹੈ। ਬਲਕਿ ਆਰਥਿਕ ਤੌਰ 'ਤੇ ਸੁਤੰਤਰ ਸਮਾਜਾਂ ਅਤੇ ਆਰਥਿਕ ਤੌਰ ਤੇ ਅਸੁਤੰਤਰ ਸਮਾਜਾਂ ਵਿਚਲੇ ਅਮੀਰਾਂ ਦੀ ਅਮੀਰੀ ਜਾਂ ਖ਼ੁਸ਼ਹਾਲੀ ਵਿਚਲਾ ਵੱਡਾ ਅੰਤਰ ਹੈ। ਅਮੀਰਾਂ ਤੇ ਗਰੀਬਾਂ ਦੇ ਦਰਮਿਆਨ ਸੰਪਨਤਾ ਦਾ ਅੰਤਰ ਇੱਕ ਅਜਿਹਾ ਮਸਲਾ ਹੈ ਜੋ ਨਿਯਮਾਂ ਨੂੰ ਤਬਦੀਲ ਕਰਕੇ ਸੌਖਿਆ ਹੀ ਹੱਲ ਹੋ ਸਕਦਾ ਹੈ। ਜਿਵੇਂ ਕਿ ਆਰਥਿਕ ਨੀਤੀ ਵਿੱਚ ਬਦਲਾਅ ਕਰਕੇ। ਆਰਥਿਕ ਤੌਰ ਤੇ ਅਸੁਤੰਤਰ ਨਾਗਰਿਕਾਂ ਨੂੰ ਆਰਥਿਕ ਸੁਤੰਤਰਤਾ ਦੇ ਕੇ ਵੱਡੀ ਗਿਣਤੀ ਵਿੱਚ ਧਨ ਦਾ ਉਤਪਾਦਨ ਕੀਤਾ ਜਾ ਸਕਦਾ ਹੈ। ਇਸ ਨਾਲ ਵਿਸ਼ਵ ਪੱਧਰ 'ਤੇ ਅਮੀਰੀ ਤੇ ਗਰੀਬੀ ਵਿਚਲੇ ਅੰਤਰ ਨੂੰ ਘਟਾਇਆ ਜਾ ਸਕਦਾ ਹੈ। ਅਜਿਹਾ ਆਰਥਿਕ ਤੌਰ ਤੇ ਸੁਤੰਤਰ ਪ੍ਰਬੰਧ ਤੋਂ ਇਲਾਵਾ ਕਿਸੇ ਹੋਰ ਪ੍ਰਬੰਧ ਦੁਆਰਾ ਸੰਭਵ ਨਹੀਂ। ਕੁੱਲ ਮਿਲਾਕੇ ਨਿਆਂ ਦੀ ਮਹੱਤਤਾ ਨੂੰ ਮਹਿਸੂਸ ਕਰਦੇ ਹੋਏ ਸਕਾਰਾਤਮਕ ਬਦਲਾਅ ਲਿਆਂਦੇ ਜਾ ਸਕਦੇ ਹਨ। ਇਸ ਵਾਸਤੇ ਲੋਕਾਂ ਨਾਲ ਵਿਤਕਰੇ ਭਰਿਆ ਵਿਵਹਾਰ ਬੰਦ ਕਰਨਾ ਹੋਵੇਗਾ ਅਤੇ ਕਰੂਰਤਾ, ਕਠੋਰਤਾ, ਸਮਾਜਵਾਦ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਜ਼ਰੂਰਤ ਹੈ। ਨਿਆਂ ਦਾ ਬਰਾਬਰ ਅਧਿਕਾਰ ਦਿੱਤਾ ਜਾਵੇ ਅਤੇ ਉਤਪਾਦਨ ਤੇ ਵਟਾਂਦਰੇ ਦੇ ਅਧਿਕਾਰਾਂ ਨੂੰ ਸਨਮਾਨ ਮਿਲੇ। ਇਹ ਨਿਆਂ ਦਾ ਨੈਤਿਕ ਆਧਾਰ ਹੈ।

# ਐਡਮ ਸਮਿੱਥ ਅਤੇ ਲਾਲਚ ਦੀ ਮਿੱਥ

**ਟਾੱਮ ਜੀ. ਪਾਮਰ**

*ਇਸ ਲੇਖ ਵਿੱਚ ਸਿੱਧੇ ਸਾਧੇ ਲੇਖਕ ਐਡਮ ਸਮਿੱਥ ਦੀ ਉਸ ਮਨੌਤ ਨੂੰ ਕੋਰਾ ਸਾਬਿਤ ਕੀਤਾ ਗਿਆ ਹੈ ਜਿਸ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸਿਰਫ਼ 'ਸਵੈ-ਹਿੱਤ' ਦੇ ਦੁਆਰਾ ਹੀ ਸ਼ਾਂਤੀ ਤੇ ਖੁਸ਼ਹਾਲੀ ਆਏਗੀ। ਜੋ ਲੋਕ ਇਸ ਮਨੌਤ ਨੂੰ ਮੁੱਖ ਰੱਖਦੇ ਹੋਏ ਐਡਮ ਸਮਿੱਥ ਦਾ ਹਵਾਲਾ ਦੇਂਦੇ ਹਨ, ਇੰਝ ਲੱਗਦਾ ਹੈ ਕਿ ਉਹਨਾਂ ਦਾ ਅਧਿਐਨ ਐਡਮ ਦੇ ਕੰਮ ਵਿੱਚੋਂ ਸ਼ਾਇਦ ਕੁਝ ਕੁ ਉਦਾਹਰਣਾ ਤੱਕ ਹੀ ਸੀਮਿਤ ਰਿਹਾ ਹੈ। ਅਤੇ ਉਹ ਇਸ ਗੱਲ ਤੋਂ ਬਿਲਕੁੱਲ ਅਨਜਾਣ ਹਨ ਕਿ ਰਾਜਾਂ ਦੀਆ ਸ਼ਕਤੀਸ਼ਾਲੀ ਸੰਸਥਾਵਾਂ ਦੇ ਗਤੀਸ਼ੀਲ ਹੋਣ ਦੌਰਾਨ ਐਡਮ ਨੇ ਸੰਸਥਾਵਾਂ ਦੀ ਭੂਮਿਕਾ ਅਤੇ ਸੁਆਰਥੀ ਵਿਵਹਾਰ ਦੇ ਹਾਨੀਕਾਰਕ ਅਸਰ ਉਪਰ ਕਿੰਨਾ ਜ਼ੋਰ ਦਿੱਤਾ ਹੈ। ਕਾਨੂੰਨ ਦਾ ਸ਼ਾਸਨ, ਸੰਪਤੀ, ਕਰਾਰ ਅਤੇ ਵਟਾਂਦਰੇ ਦੀ ਪ੍ਰਕਿਰਿਆ ਦੀ ਗਤੀਸ਼ੀਲਤਾ ਦੁਆਰਾ ਸਵੈ-ਹਿੱਤ ਆਪਸੀ/ਦੁਵੱਲੇ ਮੁਨਾਫ਼ੇ ਵਿੱਚ ਬਦਲ ਜਾਂਦਾ ਹੈ ਜਦਕਿ ਅਰਾਜਕਤਾ ਅਤੇ ਸੰਪਤੀ ਲਈ ਲਾਲਚ ਜਾਂ ਨਿਰਾਦਰ ਸਵੈ-ਹਿੱਤ ਨੂੰ ਪੂਰੀ ਤਰ੍ਹਾਂ ਵਿਅਕਤੀਗਤ ਤੇ ਹਾਨੀਕਾਰਕ ਮੰਡੀ ਬਣਾ ਦੇਂਦੇ ਹਨ।*

***

ਆਮ ਤੌਰ ਤੇ ਇਹ ਕਹਿੰਦਿਆ ਸੁਣਿਆ ਗਿਆ ਹੋਵੇਗਾ ਕਿ ਐਡਮ ਸਮਿੱਥ ਦੀ ਇਹ ਮਨੌਤ ਸੀ ਕਿ ਜੇਕਰ ਲੋਕਾਂ ਨੇ ਸਿਰਫ਼ ਸੁਆਰਥੀ ਢੰਗ ਨਾਲ ਕੰਮ ਕੀਤਾ ਤਾਂ ਦੁਨੀਆਂ ਵਿੱਚ ਸਭ ਕੁੱਝ ਠੀਕ ਹੁੰਦਾ। "ਲਾਲਚ ਦੁਨੀਆਂ ਨੂੰ ਇੱਕ ਗੋਲ ਘੇਰੇ ਵਿੱਚ ਤਬਦੀਲ ਕਰ ਦੇਂਦਾ ਹੈ।" ਸਮਿੱਥ ਬਿਨਾਂ ਸ਼ੱਕ ਇਹ ਨਹੀਂ ਮੰਨਦੇ ਸਨ ਕਿ ਸਿਰਫ਼ ਸੁਆਰਥੀ ਉਤਸ਼ਾਹ ਉਪਰ ਨਿਰਭਰ ਹੋਣਾ ਹੀ ਦੁਨੀਆਂ ਨੂੰ ਬਿਹਤਰ ਬਣਾ ਸਕਦਾ ਹੈ, ਨਾਂ ਹੀ ਉਹ ਸੁਆਰਥੀ ਸੁਭਾਅ ਨੂੰ ਹੱਲਾਂਸ਼ੇਰੀ ਜਾਂ ਵਧਾਵਾ ਦੇਂਦੇ ਸਨ। ਨੈਤਿਕ ਭਾਵਨਾਵਾਂ ਦੇ ਸਿਧਾਂਤ (The Theory of the Moral Sentiments) ਵਿੱਚ 'ਨਿਰਪੱਖ ਦਰਸ਼ਕ' ਦੀ ਭੂਮਿਕਾ ਸੰਬੰਧੀ ਕੀਤੀ ਗਈ ਵਿਆਪਕ ਚਰਚਾ ਸਵੈ-ਹਿੱਤ ਦੀ ਗਲਤ ਅਰਥ ਵਿਆਖਿਆ ਨੂੰ ਨਕਾਰਦੀ ਹੈ।

ਸਮਿਥ ਸਵਾਰਥੀਪਨ ਦੇ ਪ੍ਰਤੀਨਿਧ ਨਹੀਂ ਸਨ। ਪਰੰਤੂ ਉਹ ਏਨੇ ਭੋਲੇ ਵੀ ਨਹੀਂ ਸਨ ਕਿ ਇਹ ਸੋਚਣ ਕਿ ਦੂਜਿਆਂ ਦੇ ਕਲਿਆਣ ਲਈ ਨਿਰਸਵਾਰਥ ਸਮਰਪਣ ਹੀ ਦੁਨੀਆਂ ਨੂੰ ਬੇਹਤਰ ਬਣਾ ਦੇਵੇਗਾ। ਜਿਵੇਂ ਕਿ ਸਟੀਵਨ ਹੋਮਸ (Steven Holmes) ਨੇ ਆਪਣੇ ਖੋਜ ਨਿਬੰਧ "ਸਵਾਰਥ ਦਾ ਰਹੱਸਨਵੀ ਇਤਿਹਾਸ"[32] ਵਿੱਚ ਲਿਖਿਆ ਹੈ

ਕਿ ਸਮਿੱਥ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਈ "ਨਿਰਸਵਾਰਥੀ' ਮਨੋ-ਭਾਵਨਾਵਾਂ ਜਿਵੇਂ ਕਿ ਈਰਖਾ, ਧੋਖਾ, ਬਦਲਾ ਅਤੇ ਅਜਿਹੀਆਂ ਹੋਰ ਕਈ ਵਿਨਾਸ਼ਕਾਰੀ ਭਾਵਨਾਵਾਂ ਵੀ ਹੁੰਦੀਆਂ ਹਨ। ਸਪੈਨਿਸ਼ ਨਿਆਂ-ਕਰਤਾ ਦੇ ਨਿਰਸਵਾਰਥੀ ਹਿਮਾਇਤੀਆਂ ਨੇ ਉਹੀ ਕੀਤਾ ਜੋ ਇਕ ਅਧਰਮੀ ਮਰਨ ਵੇਲੇ ਪੀੜ ਜਾਂ ਸੰਤਾਪ ਵਜੋਂ ਮਹਿਸੂਸ ਕਰਦਾ ਹੈ ਕਿ ਸ਼ਾਇਦ ਇਸ ਤਰ੍ਹਾਂ ਉਸਨੂੰ ਪਰਮਾਤਮਾ ਦੀ ਕਿਰਪਾ ਹਾਸਿਲ ਹੋ ਜਾਵੇਗੀ। ਇਸਨੂੰ 'ਡਾੱਕਟਰਾਇਨ ਆਫ਼ ਸੈਲਵੀਫਿਕ ਜਸਟੀਫੀਕੇਸ਼ਨ' ਦੇ ਸਿਧਾਂਤ ਦੇ ਰੂਪ ਵਿਚ ਜਾਣਿਆ ਗਿਆ ਹੈ। ਹਮਬਰਟ ਡੀ. ਰੋਮਨਸ (Humbert de Romans) ਨੇ ਜਿਗਿਆਸੂਆਂ ਨੂੰ ਆਪਣੇ ਉਪੇਦਸ਼ ਵਿੱਚ ਜ਼ੋਰ ਦੇ ਕੇ ਅਧਰਮੀਆਂ ਨੂੰ ਸੁਣਾਈ ਗਈ ਸਜ਼ਾ ਨੂੰ ਧਾਰਮਿਕ ਸਭਾ ਵਿੱਚ ਨਿਆਂ-ਸੰਗਤ ਸਾਬਤ ਕਰਨ ਲਈ ਇਹ ਕਿਹਾ ਕਿ "ਅਸੀਂ ਪਰਮਾਤਮਾ ਨੂੰ ਪ੍ਰਾਥਨਾ ਕਰਦੇ ਹਾਂ, ਤੁਹਾਨੂੰ ਵੀ ਸਾਡੇ ਨਾਲ ਉਸਦੀ ਪ੍ਰਾਥਨਾ ਕਰਨੀ ਚਾਹੀਦੀ ਹੈ, ਤਾਂ ਜੋ ਉਸਦੀ ਕ੍ਰਿਪਾ ਨਾਲ ਅਜਿਹਾ ਸੰਭਵ ਹੋ ਸਕੇ ਕਿ ਜੋ ਸਜ਼ਾ ਅਸੀਂ ਪੇਸ਼ ਕੀਤੀ ਹੈ ਉਸਨੂੰ ਪ੍ਰਾਪਤ ਕਰਨ ਵਾਲਾ ਇਸਨੂੰ ਸਹਿਨਸ਼ੀਲਤਾ ਨਾਲ ਝੇਲ ਸਕੇ (ਨਿਆਂ ਦੀ ਮੰਗ ਹੋਣ ਦੇ ਬਾਵਜੂਦ ਪਸ਼ਚਾਤਾਪ ਨਾਲ), ਅਜਿਹਾ ਕਰਨਾ ਉਸਦੀ ਮੁਕਤੀ ਲਈ ਸਹਾਇਕ ਸਿੱਧ ਹੋ ਸਕਦਾ ਹੈ। ਇਸੇ ਲਈ ਅਸੀਂ ਅਜਿਹੀ ਸਜ਼ਾ ਨਿਯਤ ਕਰ ਰਹੇ ਹਾਂ"।[33] ਸਮਿੱਥ ਦੇ ਵਿਚਾਰ ਅਨੁਸਾਰ, ਦੂਸਰਿਆਂ ਦੀ ਭਲਾਈ ਲਈ ਸਵਾਰਥਹੀਣਤਾ ਦੇ ਅਧੀਨ ਅਜਿਹਾ ਕਰਨਾ ਬੇਸ਼ੱਕ ਸਹੀ ਨਹੀਂ ਹੈ ਕਿ "ਖੁਦ ਨੂੰ ਧਨਵਾਨ ਬਣਾਉਣ ਲਈ ਦੁਕਾਨਦਾਰ ਭੁੱਖੇ-ਪਿਆਸੇ ਗ੍ਰਾਹਕਾਂ ਨੂੰ ਸ਼ਰਾਬ ਅਤੇ ਤਲੀ ਹੋਈ ਮੱਛੀ ਵੇਚਣ ਦੀ ਇੱਛਾ ਰੱਖਣ"।

ਸਮਿੱਥ ਸ਼ਾਇਦ ਹੀ ਕਦੇ ਸਵਾਰਥੀ ਵਿਵਹਾਰ ਦੇ ਸਮਰਥਕ ਰਹੇ ਹੋਣ। ਉਹ ਵੀ ਉਸ ਸਮੇਂ "ਜਦੋਂ ਕਿਸੇ ਗੁਪਤ ਸ਼ਕਤੀ ਦੁਆਰਾ" ਕਿਸੇ ਰੋਜ਼ਮਰਾ ਦੀ ਵਸਤੂ ਨੂੰ ਕਾਰਜਸ਼ੀਲ ਸੰਦਰਭ ਵਿੱਚ ਉਤਸ਼ਾਹਿਤ ਕਰਨ ਦੀ ਗੱਲ ਆਈ ਹੋਵੇ। ਖਾਸ ਤੌਰ ਤੇ ਸੰਸਥਾਤਮਕ ਪ੍ਰਬੰਧ ਦੇ ਰੂਪ ਵਿੱਚ।

ਕਈ ਵਾਰ ਆਤਮ ਕੇਂਦਰਿਤ ਇੱਛਾਵਾਂ ਦੂਸਰਿਆਂ ਲੋਕਾਂ ਦੁਆਰਾ ਪਸੰਦ ਕੀਤੀਆਂ ਜਾਂਦੀਆਂ ਹਨ। ਅਜਿਹੇ ਸਮੇਂ ਕੋਈ ਨਿਸ਼ਚਿਤ ਤੌਰ ਤੇ ਇਸਨੂੰ (ਸਵੈ-ਹਿੱਤ) ਦੁਨੀਆਂ ਨੂੰ ਵੇਖਣ ਦੇ ਨੈਤਿਕ ਦ੍ਰਿਸ਼ਟੀਕੋਣ ਵਜੋਂ ਸਵੀਕਾਰ ਕਰ ਸਕਦਾ ਹੈ। ਸੀਮਿਤ ਪੱਧਰ ਦੇ ਅਜਿਹੇ ਅੰਤਰ-ਵਿਅਕਤਿਤਵ ਪਰਿਵੇਸ਼ ਵਾਲੇ ਵਿਚਾਰਾਂ ਦੀ ਵਿਸ਼ੇਸ਼ ਤੌਰ 'ਤੇ ਨੈਤਿਕ ਭਾਵਨਾਵਾਂ ਦੇ ਸਿਧਾਂਤ ਅਨੁਸਾਰ ਵਿਆਖਿਆ ਕੀਤੀ ਜਾਂਦੀ ਹੈ। ਅਜਿਹੇ ਉਤਸ਼ਾਹਜਨਕ ਵਿਚਾਰ "ਆਪਣੇ ਆਪ ਨੂੰ ਮਹੱਤਵਪੂਰਨ ਵਿਅਕਤੀ ਬਣਾਉਣ ਦੀ ਇੱਛਾ" ਨੂੰ ਪੂਰਾ ਕਰਨ ਵਿੱਚ ਸਹਾਇਕ ਸਿੱਧ ਹੁੰਦੇ ਹਨ। ਪਰੰਤੂ ਏਨੇ ਪਿਆਰੇ ਤੇ ਪ੍ਰਸੰਸ਼ਾਯੋਗ ਬਣਨ ਲਈ - ਜਿੰਨੇ ਕਿ ਸਾਡੀ ਜ਼ਿੰਦਗੀ ਵਿੱਚ ਦੂਸਰੇ ਪਿਆਰੇ ਤੇ ਪ੍ਰਸੰਸ਼ਾਯੋਗ ਵਿਅਕਤੀ ਹਨ - ਸਾਨੂੰ ਆਪਣੇ ਚਰਿਤ੍ਰ ਅਤੇ ਵਿਵਹਾਰ ਦੇ ਲਈ 'ਨਿਰਪੱਖ

ਦਰਸ਼ਕ' ਬਨਣਾ ਪਵੇਗਾ।[34] ਇਥੋਂ ਤੱਕ ਕਿ ਸੁਚੱਜੇ ਸੰਸਥਾਤਮਕ ਪ੍ਰਬੰਧ ਦੇ ਲਈ ਸਪੱਸ਼ਟ ਤੌਰ 'ਤੇ ਬਹੁਤ ਜ਼ਿਆਦਾ ਸਵਾਰਥ ਵੀ ਕਈ ਵਾਰ ਦੂਸਰਿਆਂ ਲਈ ਫਾਇਦੇਮੰਦ ਸਾਬਿਤ ਹੋ ਸਕਦਾ ਹੈ। ਜਿਵੇਂ ਕਿ ਸਮਿੱਥ ਨੇ ਇੱਕ ਗਰੀਬ ਆਦਮੀ ਦੇ ਪੁੱਤਰ ਦੀ ਕਹਾਣੀ ਦੁਆਰਾ ਦੱਸਿਆ ਹੈ, ਜਿਸਦੀ ਸਵੈ ਹਿੱਤ ਦੀ ਇੱਛਾ ਨੇ ਉਸਨੂੰ ਧਨਵਾਨ ਬਨਣ ਲਈ ਅਣਥੱਕ ਮਿਹਨਤ ਕਰਨ ਤੋਂ ਬਾਅਦ ਜ਼ਿੰਦਗੀ ਭਰ ਉਹਨਾਂ ਸਾਧਾਰਣ ਭਿਖਾਰੀਆਂ ਤੋਂ ਵੱਧ ਖੁਸ਼ੀ ਨਹੀਂ ਮਿਲੀ ਜੋ ਸੜਕ ਕੰਢੇ ਧੁੱਪ ਵਿੱਚ ਸੜਦੇ ਰਹਿੰਦੇ ਹਨ। ਪਰੰਤੂ ਗਰੀਬ ਦੇ ਪੁੱਤ ਦੀ ਸਵੈ-ਹਿੱਤ ਨੂੰ ਪੂਰਾ ਕਰਨ ਦੀ ਜ਼ਬਰਦਸਤ ਇੱਛਾ ਨੇ ਦੂਸਰਿਆਂ ਲੋਕਾਂ ਨੂੰ ਫਾਇਦਾ ਪਹੁੰਚਾਇਆ। ਕਿਉਂਕਿ ਉਸਨੇ ਬਹੁਤ ਜ਼ਿਆਦਾ ਮਾਤਰਾ ਵਿੱਚ ਧਨ ਕਮਾਇਆ, ਜਿਸ ਨਾਲ ਦੂਜਿਆਂ ਲਈ ਆਪਣੀ ਹੋਂਦ ਬਚਾਈ ਰੱਖਣਾ ਸੰਭਵ ਹੋ ਸਕਿਆ। "ਮਜ਼ਦੂਰਾਂ ਨੂੰ ਕੰਮ ਦੇ ਕੇ ਉਸਨੇ ਸਮਾਜ ਤੇ ਧਰਤੀ ਦੀ ਉਤਪਾਦਕਤਾ ਨੂੰ ਦੁਗਣਾ ਕਰਕੇ ਪੂਰੀ ਮਨੁੱਖ ਜਾਤੀ ਨੂੰ ਲਾਭ ਪਹੁੰਚਾਇਆ।"[35]

ਰਾਜਨੀਤਿਕ ਅਰਥ ਵਿਵਸਥਾ ਦੇ ਸੰਦਰਭ ਵਿੱਚ ਵਿਸਥਾਰ ਵਿੱਚ ਗਲਸ ਦੀ ਸੰਪਤੀ ਦੀ ਪ੍ਰਕਿਰਤੀ ਤੇ ਕਾਰਣਾਂ ਦੀ ਵਿਆਪਕ ਜਾਂਚ-ਪੜਤਾਲ ਕੀਤੀ ਜਾਂਦੀ ਹੈ। ਖਾਸ ਤੌਰ ਨਾਲ ਜੋ ਪੱਖ ਰਾਜਕੀ ਸੰਸਥਾਵਾਂ ਦੀ ਕਾਰਜਸ਼ੀਲਤਾ ਨਾਲ ਅੰਤਰ ਸੰਬੰਧਿਤ ਹੁੰਦੇ ਹਨ। ਸਵੈ-ਹਿੱਤ/ਸਵਾਰਥ ਨੂੰ ਮੁੱਖ ਰੱਖ ਕੇ ਕੀਤੇ ਕੰਮ ਦੇ ਸਕਾਰਾਤਮਕ ਪ੍ਰਭਾਵ ਦੀ ਸੰਭਾਵਨਾ ਘੱਟ ਹੁੰਦੀ ਹੈ। ਵੇਚਣ ਵਾਲਿਆ ਦਾ ਸਵਾਰਥ ਰਾਜ ਨੂੰ ਉਤਪਾਦਕ ਸੰਘ ਬਣਾਉਣ ਵਿਸ਼ੇਸ਼ ਅਧਿਕਾਰ ਅਤੇ ਇੱਥੋਂ ਤੱਕ ਕਿ ਯੁੱਧ ਲਈ ਵਿਚਾਰਧਾਰਾ ਤਿਆਰ ਕਰਨ ਵਿੱਚ ਵੀ ਉਹਨਾਂ ਦੀ ਸੋਚ ਨੂੰ ਪ੍ਰਭਾਵਿਤ ਕਰ ਸਕਦਾ ਹੈ। "ਅਸਲ ਵਿੱਚ ਇਹ ਉਮੀਦ ਕਰਨਾ ਕਿ ਗ੍ਰੇਟ ਬ੍ਰਿਟੇਨ ਵਿੱਚ ਵਿਉਪਾਰ ਦੀ ਸੁਤੰਤਰਤਾ ਪੂਰੀ ਤਰ੍ਹਾਂ ਨਾਲ ਪੁਨਰ-ਸਥਾਪਿਤ ਹੋਣੀ ਚਾਹੀਦੀ ਹੈ, ਉਨ੍ਹਾਂ ਹੀ ਬੇਅਰਥ ਵਿਚਾਰ ਹੈ ਜਿਨ੍ਹਾਂ ਇਸ ਵਿੱਚ ਵਿਸਥਾਰ ਅਤੇ ਅਦਰਸ਼-ਰਾਜ ਦੀ ਸਥਾਪਨਾ ਬਾਰੇ ਸੋਚਣਾ। ਇਸਦਾ ਨਾ ਸਿਰਫ਼ ਆਮ ਲੋਕਾਂ ਲਈ ਪੱਖਪਾਤੀ ਹੋਣ ਕਾਰਨ ਹੀ ਇਸਦਾ ਵਿਰੋਧ ਹੋਵੇਗਾ ਬਲਕਿ ਬਹੁਤ ਸਾਰੇ ਲੋਕਾਂ ਦੇ ਨਿੱਜੀ ਹੱਤਾਂ ਦੇ ਖਿਲਾਫ਼ ਹੋਣ ਕਾਰਨ ਸਥਿਤੀ ਵੱਸੋਂ ਬਾਹਰੀ ਹੋ ਜਾਵੇਗੀ"।[36] ਸਾਮਰਾਜ ਦੇ ਵਿਸਥਾਰ ਅਤੇ ਯੁੱਧ ਕਾਰਣ, ਵਿਉਪਾਰੀਆਂ ਦੇ ਏਕਾਧਿਕਾਰ ਕਾਰਣ ਵਿਕਰੀ ਤੋਂ ਹੋਣ ਵਾਲਾ ਅਨੈਤਿਕ ਫਾਇਦਾ ਆਮ ਜਨਤਾ ਉੱਤੇ ਇਸ ਖਰਚ ਦਾ ਭਿਅੰਕਰ ਬੋਝ ਪਾਵੇਗਾ:

> ਕਾਨੂੰਨ ਪ੍ਰਣਾਲੀ ਜੋ ਕਿ ਸਾਡੀ ਅਮਰੀਕੀ ਅਤੇ ਪੱਛਮੀ ਭਾਰਤੀ ਬਸਤੀਆਂ (Colonies) ਦੇ ਪ੍ਰਬੰਧ ਲਈ ਸਥਾਪਿਤ ਕੀਤੀ ਗਈ-ਵਿੱਚ, ਘਰੇਲੂ ਉਪਭੋਗਤਾ (Domestic-Consumer) ਦੇ ਹਿੱਤਾਂ ਦਾ ਬਲਿਦਾਨ ਦਿੱਤਾ ਗਿਆ। ਕਿਉਂਕਿ ਉਤਪਾਦਕ (Producer) ਸਾਡੇ ਸਾਰੇ ਵਿਉਪਾਰਿਕ ਨਿਯਮਾਂ ਦੇ ਉਲਟ ਬਹੁਤ ਜ਼ਿਆਦਾ ਫਜ਼ੂਲ ਖਰਚ ਵਾਲੇ ਸਨ। ਇੱਕ ਵੱਡਾ

ਸਾਮਰਾਜ ਸਥਾਪਿਤ ਕੀਤਾ ਗਿਆ। ਜਿਸਦਾ ਮੁੱਖ ਉਦੇਸ਼ ਅਜਿਹੇ ਉਪਭੋਗਤਾਵਾਂ ਵਾਲੇ ਰਾਸ਼ਟਰ ਦਾ ਵਿਕਾਸ ਕਰਨਾ ਸੀ ਜੋ ਉਹਨਾਂ ਸਾਰੇ ਉਤਪਾਦਾਂ-ਜਿਨ੍ਹਾਂ ਨੂੰ ਅਸੀਂ ਉਹਨਾਂ ਤੱਕ ਪਹੁੰਚਾ ਸਕੀਏ-ਨੂੰ ਖਰੀਦ ਕੇ ਉਹ ਖੁਦ ਨੂੰ ਸਾਡਾ ਅਹਿਸਾਨਮੰਦ ਮਹਿਸੂਸ ਕਰਨ। ਇਸ ਏਕਾਅਧਿਕਾਰ ਵਿੱਚ ਉਤਪਾਦਕਾਂ ਲਈ ਥੋੜ੍ਹਾ ਜਿਹਾ ਮੁੱਲ ਵਧਾ ਕੇ, ਸਾਮਰਾਜ ਦੇ ਪ੍ਰਬੰਧ ਤੇ ਰੱਖਿਆ ਦੇ ਖਰਚ ਦਾ ਸਾਰਾ ਭਾਰ ਘਰੇਲੂ-ਉਪਭੋਗਤਾਵਾਂ ਉੱਤੇ ਪਾ ਦਿੱਤਾ ਗਿਆ। ਸਿਰਫ਼ ਇਸੇ ਉਦੇਸ਼ ਨਾਲ ਪਿਛਲੇ ਦੋ ਯੁੱਧਾਂ ਵਿੱਚ ਦੋ ਸੌ ਮਿਲੀਅਨ ਤੋਂ ਵੀ ਵੱਧ ਖਰਚ ਹੋਇਆ ਅਤੇ 170 ਮਿਲੀਅਨ ਤੋਂ ਵੀ ਵੱਧ ਦੇ ਨਵੇਂ ਕਰਜ਼ ਦਾ ਭਾਰ ਹੋਰ ਸਾਰਿਆਂ ਖਰਚਿਆ ਸਮੇਤ ਪਾ ਦਿੱਤਾ ਗਿਆ। ਜਿਸਦਾ ਇੱਕੋ ਇਕ ਕਾਰਣ ਸੀ ਪਹਿਲੇ ਦੋ ਯੁੱਧਾਂ ਵਿੱਚ ਹੋਇਆ ਖਰਚਾ। ਸਿਰਫ਼ ਇਸ ਕਰਜ਼ ਦਾ ਵਿਆਜ਼ ਹੀ ਉਸ ਕੁੱਲ ਅਸਾਧਾਰਣ ਲਾਭ ਤੋਂ ਜ਼ਿਆਦਾ ਹੈ ਜਿਸ ਨੂੰ ਉਪਨਿਵੇਸ਼ਕ ਵਿਉਪਾਰ ਦੇ ਏਕਾਧਿਕਾਰ ਦੌਰਾਨ ਗਿਣਾਇਆ ਗਿਆ ਸੀ। ਬਲਕਿ ਇਸਦੀ ਕੀਮਤ ਉਸ ਸਮੁੱਚੇ ਵਿਉਪਾਰ ਅਤੇ ਵਸਤਾਂ ਦੀ ਔਸਤਨ ਕੀਮਤ ਤੋਂ ਜ਼ਿਆਦਾ ਸੀ ਜੋ ਹਰ ਸਾਲ ਬਸਤੀਵਾਦੀ ਦੇਸ਼ਾਂ ਨੂੰ ਨਿਵੇਸ਼ ਕੀਤੀਆਂ ਜਾਂਦੀਆਂ ਸਨ।"[37]

ਇਸ ਲਈ ਗੋਰਡਨ ਜੇਕੋ (Gordon Geeko) ਦੇ ਸ਼ਬਦਾਂ ਵਿੱਚ ਸਮਿੱਥ ਦਾ ਨਜ਼ਰੀਆਂ ਆਲਿਵ ਸਟੋਨ ਦੀ ਫਿਲਮ ਵਾਲ ਸਟ੍ਰੀਟ ਦੇ ਕਾਲਪਨਿਕ ਚਰਿਤ੍ਰ ਦੇ ਵਾਂਗ, "ਲਾਲਚ ਚੰਗਾ ਹੈ" ਬਿਲਕੁਲ "ਕਦੀ ਹਾਂ ਹੋ ਸਕਦਾ ਹੈ ਅਤੇ ਕਦੀ ਨਹੀਂ" (ਇਹ ਦ੍ਰਿੜਤਾ ਨਾਲ ਮੰਨਦੇ ਹੋਏ ਕਿ ਸਵਾਰਥੀ ਵਿਵਹਾਰ 'ਲਾਲਚ' ਹੈ)। ਇਸ ਵਿੱਚ ਫਰਕ ਸੰਸਥਾਤਮਕ ਪ੍ਰਬੰਧਨ ਦਾ ਹੈ।

ਉਸ ਆਮ ਧਾਰਨਾ ਬਾਰੇ ਕੀ ਕਹਾਂਗੇ ਜਿਸ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਬਾਜ਼ਾਰ ਸਵਾਰਥੀ ਵਿਵਹਾਰ ਨੂੰ ਵਧਾਉਂਦਾ ਹੈ ਅਤੇ ਵਟਾਂਦਰੇ ਦੀ ਪ੍ਰਕਿਰਿਆ ਵਿੱਚ ਉੱਪਰਿਆ ਮਾਨਸਿਕ ਵਿਵਹਾਰ ਸਵਾਰਥੀਪਨ ਨੂੰ ਵਧਾਉਂਦਾ ਹੈ? ਮੈਂ ਜਾਣਦਾ ਹਾਂ ਕਿ ਇਹ ਸੋਚਣ ਲਈ ਕੋਈ ਵੀ ਸਹੀ ਕਾਰਣ ਨਹੀਂ ਹੈ ਕਿ ਬਜ਼ਾਰ ਸਵਾਰਥੀਪਨ ਤੇ ਲਾਲਚ ਨੂੰ ਵਧਾਉਂਦੇ ਹਨ। ਇਸ ਸੰਦਰਭ ਵਿੱਚ ਕਿ ਬਾਜ਼ਾਰ ਦੀ ਅੰਤਰਕਿਰਿਆ ਲਾਲਚ ਦੀ ਮਾਤਰਾ ਵਧਾਉਂਦੀ ਹੈ ਅਤੇ ਲੋਕਾਂ ਦੇ ਸਵਾਰਥੀ ਬਨਣ ਦੀ ਰੁਚੀ ਨੂੰ ਵਧਾਉਂਦੀ ਹੈ। ਅਜਿਹੇ ਵਿਚਾਰਾਂ ਨੂੰ ਉਹਨਾਂ ਰਾਜਾਂ ਦੁਆਰਾ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ ਜਿੱਥੇ ਸੁਤੰਤਰ ਬਾਜ਼ਾਰ ਨੂੰ ਦਬਾਇਆ ਜਾ ਉਤਸ਼ਾਤਹੀਣ ਕੀਤਾ ਜਾਂ ਦਖਲ-ਅੰਦਾਜ਼ੀ ਜਾਂ ਬਰਬਾਦ ਕੀਤਾ ਜਾਂਦਾ ਹੈ।

ਅਸਲ ਵਿੱਚ ਬਾਜ਼ਾਰ ਸ਼ਾਂਤੀ ਨਾਲ ਆਪਣਾ ਉਦੇਸ਼ ਪੂਰਾ ਕਰਨ ਲਈ ਅਤਿ ਲਾਲਚ ਵਾਂਗ ਲੋਕ ਪਰਉਪਕਾਰ ਨੂੰ ਵਧਾਉਂਦਾ ਹੈ। ਬਾਜ਼ਾਰ ਦੁਆਰਾ ਦੂਸਰਿਆਂ

ਦੀ ਮਦਦ ਕਰਨ ਦੇ ਮੰਤਵ ਨੂੰ ਪੂਰਾ ਕਰਨ ਵਾਲੇ ਉਹਨਾਂ ਲੋਕਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ ਜਿਨ੍ਹਾਂ ਦਾ ਮੰਤਵ ਸਿਰਫ਼ ਆਪਣੀ ਧਨ ਦੌਲਤ ਵਿੱਚ ਵਾਧਾ ਕਰਨਾ ਹੈ। ਕਈ ਵਾਰੀ ਦੂਸਰਿਆਂ ਦੀ ਮਦਦ ਕਰਨ ਦੀ ਯੋਗਤਾ ਵਧਾਉਣ ਲਈ ਵੀ ਧਨ ਇੱਕਠਾ ਕੀਤਾ ਜਾਂਦਾ ਹੈ। ਜ਼ਰਜ ਸੋਰਸ (Gerge Soros) ਅਤੇ ਬਿਲ ਗੇਟਸ (Bill Gates) ਇਸਦੇ ਪੂਰਵਵਰਤੀ ਉਦਾਹਰਣ ਹਨ। ਇਹਨਾਂ ਲੋਕਾਂ ਨੇ ਬਹੁਤ ਵੱਡੀ ਮਾਤਰਾ ਵਿੱਚ ਧਨ ਕਮਾਇਆ। ਆਪਣੇ ਦਾਨ - ਪੁੰਨ ਦੇ ਕੰਮ ਲਈ ਕੁੱਝ ਹਿੱਸਾ ਹੀ ਸਹੀ ਪਰੰਤੂ ਦੂਸਰਿਆਂ ਦੀ ਮਦਦ ਕਰਨ ਦੀ ਆਪਣੀ ਯੋਗਤਾ ਵਧਾਈ ਹੈ। ਇਸ ਤਰ੍ਹਾਂ ਲਾਭ ਕਮਾਉਣ ਦੇ ਉਦੇਸ਼ ਨੇ ਉਨ੍ਹਾਂ ਨੂੰ ਖੁਲ ਦਿਲਾ ਤੇ ਦਇਆਵਾਨ ਬਣਾਇਆ।

ਜੇਕਰ ਕੋਈ ਪਰਉਪਕਾਰੀ ਵਿਅਕਤੀ ਜਾਂ ਸੇਠ ਆਪਣੀ ਧਨ ਸੰਪਤੀ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਲਈ ਭੋਜਨ, ਕੱਪੜੇ ਅਤੇ ਸਹੂਲੀਅਤ ਮੁਹੱਈਆ ਕਰਨ ਦੇ ਲਈ ਖਰਚ ਕਰਦਾ ਹੈ ਤਾਂ, ਬਾਜ਼ਾਰ ਉਸਨੂੰ ਘੱਟ ਤੋਂ ਘੱਟ ਕੀਮਤ ਤੇ ਕੰਬਲ, ਭੋਜਨ ਅਤੇ ਜ਼ਰੂਰਤਮੰਦਾਂ ਲਈ ਦਵਾਈਆਂ ਪ੍ਰਾਪਤ ਕਰ ਸਕਣਾ ਸੰਭਵ ਬਣਾਉਂਦਾ ਹੈ। ਬਾਜ਼ਾਰ ਧਨ ਹਾਸਿਲ ਕਰਨ ਦਾ ਮੌਕਾ ਮੁਹੱਈਆਂ ਕਰਦਾ ਹੈ। ਜਿਸਨੂੰ ਦੁਖੀਆਂ ਦੀ ਮਦਦ ਲਈ ਵਰਤਿਆ ਜਾ ਸਕਦਾ ਹੈ। ਬਾਜ਼ਾਰ ਹੀ ਹੈ ਜੋ ਕਿ ਪਰਉਪਕਾਰੀ ਦੇ ਦਾਨ ਨੂੰ ਸੰਭਵ ਬਣਾਉਂਦਾ ਹੈ।

ਜੋ ਸਭ ਤੋਂ ਆਮ ਗਲਤੀ ਹੁੰਦੀ ਹੈ ਉਹ ਹੈ ਲੋਕਾਂ ਦੇ 'ਸਵੈ-ਹਿੱਤ' ਦੇ ਉਦੇਸ਼ ਨੂੰ ਪਹਿਚਾਨਣਾ। ਜਿਸ ਵਿੱਚ ਅਕਸਰ "ਸਵਾਰਥੀਪਨ" ਹੋਣ ਦਾ ਭਰਮ ਪੈ ਜਾਂਦਾ ਹੈ। ਬਾਜ਼ਾਰ ਵਿੱਚ ਲੋਕਾਂ ਦਾ ਉਦੇਸ਼ ਅਸਲ ਵਿੱਚ ਸਵੈ ਦਾ ਉਦੇਸ਼ ਵੀ ਹੁੰਦਾ ਹੈ। ਪਰੰਤੂ ਆਪਣੇ ਉਦੇਸ਼ਾ ਦੀ ਪੂਰਤੀ ਦੇ ਨਾਲ ਸਾਨੂੰ ਦੂਸਰਿਆਂ ਲੋਕਾਂ ਦੀ ਦਿਲਚਸਪੀ ਅਤੇ ਬਿਹਤਰੀ ਦੀ ਚਿੰਤਾ ਹੀ ਰਹਿੰਦੀ ਹੈ ... ਸਾਡੇ ਪਰਿਵਾਰ ਦੇ ਮੈਂਬਰ, ਸਾਡੇ ਦੋਸਤ, ਸਾਡੇ ਗੁਆਂਢੀ ਅਤੇ ਇੱਥੋਂ ਤੱਕ ਕਿ ਉਹ ਅਜ਼ਨਬੀ ਵੀ ਜਿਨ੍ਹਾਂ ਨੂੰ ਅਸੀਂ ਕਦੀ ਮਿਲਦੇ ਹੀ ਨਹੀਂ। ਅਜਿਹੇ ਹਾਲਾਤ ਵਿੱਚ ਬਾਜ਼ਾਰ ਅਜਿਹੀ ਸਥਿਤੀ ਪੈਦਾ ਕਰਨ ਵਿੱਚ ਸਹਾਇਕ ਸਿੱਧ ਹੁੰਦਾ ਹੈ ਜੋ ਲੋਕਾਂ ਨੂੰ ਅਜ਼ਨਬੀਆਂ ਲਈ ਸੋਚਣ ਲਈ ਵੀ ਪ੍ਰੇਰਿਤ ਕਰਦੀ ਹੈ।

ਫਿਲਿਪ ਵਿਕਸਟੀਡ (Philip Wicksteed) ਨੇ ਬਾਜ਼ਾਰ ਵਿਚਲੇ ਵਟਾਂਦਰੇ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਨ ਲਈ ਇੱਕ ਸੂਖ਼ਮ-ਅੰਤਰ ਵਾਲੇ ਹੱਲ ਨੂੰ ਪੇਸ਼ ਕੀਤਾ। ਬਾਜ਼ਾਰ ਵਿਚਲੇ ਵਟਾਂਦਰੇ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਹੋਣ ਦੀ ਪ੍ਰੇਰਨਾ ਦੇ ਵਰਨਣ ਲਈ "ਲਾਲਚ" ਦੀ ਬਜਾਏ ਉਸਨੇ "Non Tuism"[38] (ਭਾਵ ਵਟਾਂਦਰੇ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਦੂਸਰੇ ਵਿਅਕਤੀ ਨੂੰ ਸਵਾਰਥ ਜਾਂ ਨਿਰੋਲ ਸਵੈ-ਹਿੱਤ ਦੇ ਨਜ਼ਰੀਏ ਨਾਲ ਨਾ ਵੇਖਣਾ) ਪਦ ਨੂੰ ਘੜਿਆ। ਇਸ ਪਦ ਅਨੁਸਾਰ ਅਸੀਂ ਆਪਣਾ

ਉਤਪਾਦ ਇਸ ਲਈ ਵੇਚਦੇ ਹਾਂ ਤਾਂ ਜੋ ਪੈਸਾ ਕਮਾ ਕੇ ਆਪਣੇ ਦੋਸਤਾਂ ਅਤੇ ਇੱਥੋਂ ਤੱਕ ਕਿ ਦੂਰ ਸਥਿਤ ਅਜਨਬੀਆਂ ਦੀ ਵੀ ਸਹਾਇਤਾ ਕਰਨ ਦੇ ਸਮਰੱਥ ਹੋ ਸਕੀਏ।

ਪਰੰਤੂ ਜਦ ਅਸੀਂ ਘੱਟ ਤੋਂ ਘੱਟ ਜਾਂ ਵੱਧ ਤੋਂ ਵੱਧ ਮੁੱਲ ਦੇ ਲਈ ਸੌਦੇਬਾਜ਼ੀ ਕਰਦੇ ਹਾਂ ਤਾਂ ਉਸ ਸਮੇਂ ਅਸੀਂ ਬਹੁਤ ਘੱਟ ਉਸ ਦੂਸਰੇ ਪੱਖ ਦੀ ਬਿਹਤਰੀ ਬਾਰੇ ਸੋਚਦੇ ਹਾਂ ਜਿਸਦੇ ਨਾਲ ਅਸੀਂ ਸੌਦੇਬਾਜ਼ੀ ਕਰ ਰਹੇ ਹੁੰਦੇ ਹਾਂ। ਜੇਕਰ ਅਸੀਂ ਅਜਿਹਾ ਕਰਦੇ ਹਾਂ ਤਾਂ ਉਸ ਸਮੇਂ ਅਸੀਂ ਵਟਾਂਦਰੇ ਦੀ ਪ੍ਰਕਿਰਿਆ ਅਤੇ ਇਕ ਤੋਹਫ਼ੇ ਨੂੰ ਜਨਮ ਦੇ ਰਹੇ ਹੁੰਦੇ ਹਾਂ। ਜੋ ਕਿਸੇ ਹੱਦ ਤੱਕ ਵਟਾਂਦਰੇ ਦੀ ਪ੍ਰਕਿਰਿਆ ਨੂੰ ਗੁੰਝਲਦਾਰ/ਜਟਿਲ ਬਣਾ ਦੇਂਦਾ ਹੈ। ਜੋ ਲੋਕ ਜਾਣ ਭੁੱਲਕੇ ਜ਼ਰੂਰਤ ਤੋਂ ਵੱਧ ਮੁੱਲ ਤਾਰਦੇ ਹਨ। ਉਹ ਸ਼ਾਇਦ ਹੀ ਚੰਗੇ ਵਿਉਪਾਰੀ ਸਾਬਤ ਹੁੰਦੇ ਹਨ। ਜਿਵੇਂ ਕਿ ਐਚ.ਬੀ. ਐਕਟਨ (H.B. Acton) ਨੇ ਆਪਣੀ ਪੁਸਤਕ, "ਬਾਜ਼ਾਰ ਦੀ ਨੈਤਿਕਤਾ" (The Morals of the Market)[39] ਵਿੱਚ ਲਿਖਿਆ ਹੈ, ਘਾਟੇ ਵਿੱਚ ਵਿਉਪਾਰ ਚਲਾਉਣਾ ਬਹੁਤ ਵੱਡੀ ਬੇਵਕੂਫ਼ੀ ਹੈ। ਇੱਥੋਂ ਤੱਕ ਕਿ ਅਜਿਹਾ ਕਰਨਾ ਮੂਰਖਤਾ ਹੀ ਹੈ ਨਾਂ ਕਿ ਦੂਜਿਆਂ ਲਈ ਪਰਉਪਕਾਰੀ ਬਣਨ ਦਾ ਰਸਤਾ।

ਜੋ ਲੋਕ ਵਣਜ ਤੇ ਵਿਉਪਾਰ ਤੋਂ ਵੱਧ ਰਾਜਨੀਤੀ ਵਿੱਚ ਭਾਗੀਦਾਰੀ ਦੀ ਪ੍ਰਸ਼ੰਸ਼ਾ ਕਰਦੇ ਹਨ। ਉਹਨਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਦੂਸਰੇ ਵਰਗ (ਰਾਜਨੀਤੀ) ਦੇ ਲੋਕ ਬਹੁਤ ਜ਼ਿਆਦਾ ਨੁਕਸਾਨ ਕਰ ਸਕਦੇ ਹਨ ਅਤੇ ਬਹੁਤ ਘੱਟ ਲਾਭਕਾਰੀ ਸਾਬਿਤ ਹੁੰਦੇ ਹਨ। ਸਮਿਥ ਤੋਂ ਪਹਿਲਾਂ ਵਾਲਟੇਅਰ (Voltaire) ਨੇ ਲਿਖਦੇ ਹੋਏ ਇਸ ਅੰਤਰ ਨੂੰ ਸਪੱਸ਼ਟ ਵੇਖਿਆ ਹੈ। ਅੰਗਰੇਜ਼ੀ ਰਾਜਾਂ ਨਾਲ ਸੰਬੰਧਿਤ ਉਹਨਾਂ ਦੇ ਪੱਤਰਾਂ (Letters Concerning The English Nation) ਵਿਚੋਂ ਇੱਕ ਵਿਸ਼ੇਸ਼ ਲੇਖ 'ਵਿਉਪਾਰ ਸੰਬੰਧ' (on Trade) (ਇਹ ਵਾਲਟੇਅਰ ਨੇ ਅੰਗਰੇਜ਼ੀ ਵਿੱਚ ਲਿਖਿਆ ਜਿਸ ਵਿੱਚ ਕਾਫ਼ੀ ਰਵਾਨਗੀ ਹੈ ਅਤੇ ਬਾਅਦ ਵਿੱਚ ਉਹਨਾਂ ਨੇ ਇਸਨੂੰ ਫਰਾਂਸੀਸੀ ਭਾਸ਼ਾ ਵਿੱਚ ਲਿਖਿਆ ਅਤੇ ਦਾਰਸ਼ਨਿਕ ਪੱਤਰਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ) ਵਿੱਚ ਉਹਨਾਂ ਨੇ ਲਿਖਿਆ ਹੈ ਕਿ:

> ਫ੍ਰਾਂਸ ਵਿੱਚ ਮਾਰਕੀ (ਅੰਗਰੇਜ਼ੀ ਵਿੱਚ ਕੁਲੀਨ ਵਰਗ ਦੀ ਇੱਕ ਪਦਵੀ) ਦੀ ਪਦਵੀ ਉਹਨਾਂ ਵਿਅਕਤੀਆਂ ਨੂੰ ਮੁਫ਼ਤ ਵਿੱਚ ਦਿੱਤੀ ਗਈ ਜੋ ਦੂਰ ਦਰਾਜ਼ ਮੱਧ-ਏਸ਼ੀਆਂ ਦੇ ਦੇਸ਼ਾਂ ਵਿੱਚ ਬਹੁਤ ਸ਼ਾਨ ਤੇ ਧਨ ਲੈ ਕੇ ਪੈਰਿਸ ਆਏ ਸਨ ਅਤੇ ਇਸਨੂੰ ਸਵੀਕਾਰ ਕਰਨ ਲਈ ਤਿਆਰ ਸਨ ਅਤੇ ਜਿਹਨਾਂ ਦੇ ਨਾਮ ਐਸ (ac) ਜਾਂ ਈਲੇ (ille) ਅੱਖਰ ਉਪਰ ਖਤਮ ਹੁੰਦੇ ਹੋਣ, ਉਹ ਆਕੜ ਕੇ ਤੁਰ ਸਕਦੇ ਸਨ ਤੇ ਰੋ ਸਕਦੇ ਸਨ। ਜਿਵੇਂ ਕਿ ਮੇਰੇ ਵਰਗਾ ਕੋਈ ਵਿਅਕਤੀ! ਮੇਰੇ ਵਰਗੇ ਸਮਾਜਿਕ ਅਹੁਦੇ ਜਾਂ ਪਹੁੰਚ ਵਾਲਾ ਇਕ ਵਿਅਕਤੀ! ਸ਼ਾਹੀ ਮਾਨਸਿਕਤਾ ਦੀ ਤਿਰਸਕਾਰ ਭਾਵਨਾ

(Soveriesh Contempt) ਨਾਲ ਵਿਉਪਾਰੀ ਨੂੰ ਨੀਵੇਂ ਦਰਜੇ ਦਾ ਵੇਖ ਸਕਦਾ ਹੈ। ਜਦਕਿ ਦੂਜੀ ਤਰਫ਼ ਵਿਉਪਾਰੀ ਆਪਣੇ ਉਦਮ/ਕੰਮ ਬਾਰੇ ਤਿਰਸਕਾਰ ਪੂਰਨ ਗੱਲਾਂ ਸੁਣਕੇ ਅਪਮਾਨ ਮਹਿਸੂਸ ਕਰੇ ਤਾਂ ਇਹ ਉਸਦੀ ਮੂਰਖ਼ਤਾ ਹੀ ਹੈ। ਭਾਵੇਂ ਕਿ ਮੈਂ ਇਹ ਨਹੀਂ ਕਹਿ ਸਕਦਾ ਕਿ ਇੱਕ ਰਾਸ਼ਟਰ ਦੇ ਲਈ ਜ਼ਿਆਦਾ ਉਪਯੋਗੀ ਕੀ ਹੈ।ਇੱਕ ਖਾਸ ਜੀਵਨ-ਸ਼ੈਲੀ ਵਿੱਚ ਢਲਿਆ ਹੋਇਆ ਇੱਕ ਸਾਹੂਕਾਰ- ਜੋ ਇਹ ਜਾਣਦਾ ਹੋਵੇ ਕਿ ਕਿੰਨੇ ਵਜੇ ਇੱਕ ਰਾਜਾ ਨੀਂਦ ਤੋਂ ਜਾਗ ਜਾਂਦਾ ਹੈ ਤੇ ਕਿੰਨੇ ਵਜੇ ਸਉਂ ਜਾਂਦਾ ਹੈ ਜੋ ਆਪਣੇ-ਆਪ ਦੀ ਅਤੇ ਰਾਸ਼ਟਰ ਦੀ ਪ੍ਰਸ਼ੰਸ਼ਾ ਦੇ ਸੋਹਲੇ ਗਾਉਂਦੇ ਹੋਵੇ ਅਤੇ ਹਰ ਸਮੇਂ ਪ੍ਰਧਾਨ-ਮੰਤਰੀ ਦੀ ਸਭਾ ਦੀ ਗੁਲਾਮੀ ਕਰਦਾ ਹੋਵੇ ਜਾਂ ਫਿਰ ਉਸਦੀ ਜਗ੍ਹਾਂ ਇੱਕ ਵਿਉਪਾਰੀ ਉਪਯੋਗੀ ਹੈ- ਜੋ ਆਪਣੇ ਦੇਸ਼ ਨੂੰ ਹੋਰ ਜ਼ਿਆਦਾ ਅਮੀਰ ਬਣਾ ਰਿਹਾ ਹੈ, ਜੋ ਆਪਣੇ ਹਿਸਾਬ ਘਰ (Compting-House) ਵਿਚੋਂ ਸੂਰਤ (Surat) ਤੇ ਗ੍ਰੈਂਡ ਕਾਇਰੋ (Grand Cairo) ਭਾਵ ਦੂਜੇ ਮੁਲਕਾਂ ਤੇ ਵੱਡ-ਵੱਡੇ ਮਕਬਰਿਆਂ/ਮਹਿਲਾਂ ਨੂੰ ਸਾਮਾਨ ਦੀ ਖਰੀਦ ਫਰੋਖ਼ਤ ਲਈ ਮੰਗ - ਆਦੇਸ਼ (Order) ਭੇਜ ਰਿਹਾ ਹੈ ਅਤੇ ਸਾਰੀ ਦੁਨੀਆਂ ਨੂੰ ਖੁਸ਼ਹਾਲੀ ਮੁਹੱਈਆ ਕਰਵਾ ਸਕਣ ਵਿੱਚ ਆਪਣਾ ਯੋਗਦਾਨ ਦੇ ਰਿਹਾ ਹੈ।"[40]

ਜਦ ਸਾਡੇ ਸਮਕਾਲੀ ਰਾਜਨੇਤਾ ਤੇ ਬੁੱਧੀਜੀਵੀ ਸਾਰੇ ਵਿਉਪਾਰੀਆਂ ਤੇ ਪੂੰਜੀਪਤੀਆਂ ਨੂੰ ਬੇਇੱਜ਼ਤੀ ਲਈ ਨੱਕ-ਮੂੰਹ ਚਿੜ੍ਹਾਉਂਦੇ ਹਨ ਤਾਂ ਅਪਮਾਨਿਤ ਮਹਿਸੂਸ ਕਰਨ ਦੀ ਜ਼ਰੂਰਤ ਨਹੀਂ ਹੈ। ਇਸਦੀ ਪ੍ਰਸ਼ੰਸ਼ਾ ਲਈ ਆਕੜਨ ਅਤੇ ਨਿੰਦਾ ਲਈ ਹੋਣ ਦੀ ਵੀ ਜ਼ਰੂਰਤ ਨਹੀਂ ਹੈ। ਖ਼ਾਸ ਤੌਰ ਤੇ ਉਸ ਸਮੇਂ ਜਦ ਵਿਉਪਾਰੀ, ਪੂੰਜੀਪਤੀ, ਕਰਮਚਾਰੀ, ਨਿਵੇਸ਼ਕ, ਕਾਰੀਗਰ, ਕਿਸਾਨ ਅਤੇ ਖੋਜ-ਕਰਤਾ ਤੇ ਹੋਰ ਕਈ ਉਪਯੋਗੀ ਉਤਪਾਦਕ ਧਨ ਦੀ ਸਿਰਜਣਾ ਕਰਦੇ ਹਨ ਜੋ ਰਾਜਨੇਤਾ ਜ਼ਬਤ ਕਰ ਲੈਂਦੇ ਹਨ ਅਤੇ ਪੂੰਜੀਵਾਦ ਦੇ ਵਿਰੋਧੀ ਬੁੱਧੀਜੀਵੀ ਗੁਰੇਜ ਕਰਦੇ ਹਨ ਪਰ ਲਾਲਚ ਨਾਲ ਇਸਤੇਮਾਲ ਵੀ ਕਰਦੇ ਹਨ।

ਬਾਜ਼ਾਰ ਉਹਨਾਂ ਲੋਕਾਂ ਉਪਰ ਨਿਰਭਰ ਨਹੀਂ ਕਰਦਾ ਜੋ ਕਿਸੇ ਨੀਤੀ ਅਧੀਨ ਪਹਿਲਾਂ ਤੋਂ ਹੀ ਆਪਣੇ ਸਵਾਰਥ ਨੂੰ ਮੁੱਖ ਰੱਖ ਕੇ ਤੁਰਦੇ ਹਨ। ਨਾ ਹੀ ਬਾਜ਼ਾਰ ਵਟਾਂਦਰੇ ਦੀ ਪ੍ਰਕਿਰਿਆ ਦੁਆਰਾ ਸਵਾਰਥੀ ਵਿਵਹਾਰ ਨੂੰ ਵਧਾਉਂਦਾ ਹੈ। ਪਰੰਤੂ ਰਾਜਨੇਤਾਵਾਂ ਦੇ ਉਲਟ, ਇੱਛਾ-ਅਨੁਸਾਰ ਸਹਿਭਾਗੀਆਂ ਦਰਮਿਆਨ ਹੋਣ ਵਾਲੀ ਵਟਾਂਦਰੇ ਦੀ ਪ੍ਰਕਿਰਿਆ ਦੁਆਰਾ ਸੰਪੰਨਤਾ, ਖੁਸ਼ਹਾਲੀ ਤੇ ਸ਼ਾਂਤੀ ਉਤਪੰਨ ਹੁੰਦੀ ਹੈ,ਉਹ ਵਾਤਾਵਰਣ ਜਿਸਦੀ ਅਨੁਕੂਲਤਾ ਵਿੱਚ ਉਦਾਰਤਾ, ਮਿੱਤਰਤਾ ਅਤੇ ਪ੍ਰੇਮ ਜਨਮਦਾ ਤੇ ਵਿਕਾਸ ਕਰਦਾ ਹੈ। ਉਪਰੋਕਤ ਸਮੁੱਚੀ ਚਰਚਾ ਤੋਂ ਐਡਮ ਸਮਿੱਥ ਨੂੰ ਸਹੀ ਦਿਸ਼ਾ ਵਿੱਚ ਸਮਝਣਾ ਹੈ।

# ਆਇਨ ਰੈਂਡ ਅਤੇ ਪੂੰਜੀਵਾਦ; ਨੈਤਿਕ ਕ੍ਰਾਂਤੀ

**ਡੇਵਿਡ ਕੈਲੀ**

*ਇਸ ਲੇਖ ਵਿਚ ਵਸਤੂਵਾਦੀ ਦਰਸ਼ਨ-ਸ਼ਾਸ਼ਤ੍ਰੀ ਨੇ ਆਧੁਨਿਕ ਦੁਨੀਆਂ ਦੀ ਨੀਂਹ ਮੁਕੰਮਲ ਕਰਨ ਅਤੇ ਪੂੰਜੀਵਾਦ ਦੁਆਰਾ ਸੰਭਵ ਲਾਭ ਨੂੰ ਸੁਰੱਖਿਅਤ ਕਰਨ ਦੇ ਲਈ ਇਕ "ਇਕ ਚੌਥੀ ਕ੍ਰਾਂਤੀ ਦਾ ਪ੍ਰਭਾਵ ਰੱਖਿਆ।*

*ਡੇਵਿਡ ਕੇਲੀ 'ਦੀ ਐਟਲਸ ਸੋਸਾਇਟੀ' ਦੇ ਕਾਰਜਕਾਰੀ ਨਿਰਦੇਸ਼ਕ ਹਨ। ਜੋ ਵਸਤੂਵਾਦ ਦੇ ਦਰਸ਼ਨ ਸ਼ਾਸ਼ਤ੍ਰ ਨੂੰ ਵਿਕਾਸ ਅਤੇ ਪ੍ਰਸਾਰ ਉਸਸ਼ਾਹਿਤ ਕਰਦੀ ਹੈ। ਕੇਲੀ, ਦੀ ਐਵੀਡੈਂਸ ਆਫ਼ ਦੀ ਸੈਂਸੇਜ਼, ਦੀ ਆਰਟ ਆਫ਼ ਰੀਜ਼ਨਿੰਗ (ਇਹ ਯੂਨਾਇਟਿਡ ਸਟੇਟ ਵਿਚ ਤਰਕਸ਼ਾਸ਼ਤ੍ਰ ਵਿਚ ਸਭ ਤੋਂ ਜ਼ਿਆਦਾ ਵਰਤੋ ਵਿਚ ਆਉਣ ਵਾਲੀ ਪਾਠ ਪੁਸਤਕ ਹੈ), ਏ ਲਾਇਫ਼ ਆਫ਼ ਵਨਸ ਆਨ: ਇੰਡੀਵਿਜ਼ੂਅਲ ਰਾਈਟਸ ਐਂਡ ਦੀ ਵੈਲਫੇਅਰ ਸਟੇਟ ਅਤੇ ਹੋਰ ਕੋਈ ਪੁਸਤਕਾਂ ਦੇ ਲੇਖਕ ਹਨ। ਉਹਨਾਂ ਨੇ ਵਾਸਰ ਕਾਲਜ਼ ਅਤੇ ਬ੍ਰੈਂਡੇ ਯੂਨੀਵਿਰਸਿਟੀ ਵਿਚ ਦਰਸ਼ਨ ਸ਼ਾਸਤਰ ਪੜ੍ਹਾਇਆ ਅਤੇ ਉਹਨਾਂ ਦੇ ਵਿਚਾਰ ਕਈ ਪ੍ਰਸਿੱਧ ਪ੍ਰੈਸਾਂ ਦੁਆਰਾ ਪ੍ਰਕਾਸ਼ਿਤ ਵੀ ਹੋਏ, ਜਿਸ ਵਿਚ ਹਾਰਪਰਸ, ਦ ਸਾਇੰਸਿਸ, ਰੀਜ਼ਨ, ਹਾਰਵਰਡ ਬਿਜਨੇਸ ਰਿਵਿਊ ਅਤੇ ਬੈਰੰਸ ਜਹੇ ਪ੍ਰਕਾਸ਼ਨਾ ਦਾ ਨਾਮ ਸ਼ਾਮਿਲ ਹੈ।*

*ਇਹ ਲੇਖ, ਲੇਖਕ ਦੀ ਰਚਨਾ 'ਇੰਡੀਵਿਜ਼ੂਅਲਿਸਟ', ਸਪ੍ਰਿੰਗ 2009 ਤੋਂ ਆਗਿਆ ਦੇ ਨਾਲ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ ਹੈ।*

"ਸਾਡੇ ਕੋਲ ਦੁਨੀਆਂ ਨੂੰ ਮੁਸ਼ਕਲਾਂ ਤੋਂ ਮੁਕਤ ਕਰਕੇ ਦੁਬਾਰਾ ਸ਼ੁਰੂਆਤ ਕਰਨ ਦਾ ਅਧਿਕਾਰ ਹੈ"।

**-ਥਾਮ ਪਾਇਨ, ਕਾਮਨ ਸੇਂਸ, 1792**

ਪੂੰਜੀ ਬਾਜ਼ਾਰ ਵਿਚ ਸੰਕਟ ਨੇ ਪੂੰਜੀਵਾਦ-ਵਿਰੋਧੀ ਭਾਵਨਾ ਦੀ ਪੁਨਰ ਅਨੁਮਾਨਿਤ ਤੇਜ਼ ਧਾਰਾ ਨੂੰ ਵਧਾਉਣ ਦਾ ਕੰਮ ਕੀਤਾ ਹੈ। ਬਾਵੂਜਦ ਇਸ ਤੱਥ ਦੇ ਕਿ ਸਰਕਾਰੀ ਵਟਾਂਦਰਾ ਸੰਕਟ ਦਾ ਸਭ ਤੋਂ ਵੱਡਾ ਕਾਰਨ ਰਿਹਾ। ਪੂੰਜੀਵਾਦ-ਵਿਰੋਧੀ ਅਤੇ ਮੀਡੀਆ ਵਿਚ ਉਹਨਾਂ ਦੇ ਸਮਰਥਕਾਂ ਨੇ ਬਾਜ਼ਾਰ ਨੂੰ ਦੋਸ਼ੀ ਠਹਿਰਾਇਆ ਅਤੇ ਨਵੀਆਂ ਪਾਬੰਧੀਆ ਲਗਾਉਣ ਦੀ ਵਕਾਲਤ ਕੀਤੀ। ਸਰਕਾਰ ਨੇ ਪਹਿਲਾਂ ਤੋਂ ਹੀ ਪੂੰਜੀ ਬਾਜ਼ਾਰ ਵਿਚ ਇਕ ਅਨੋਖੀ ਦਖ਼ਲ ਅੰਦਾਜ਼ੀ ਕੀਤੀ। ਅਤੇ ਹੁਣ ਅਜਿਹਾ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਆਰਥਿਕ ਨਿਯੰਤਰਣ ਦਾ ਵਿਸਤਾਰ ਵਾਲ ਸਟ੍ਰੀਟ ਤੋਂ ਕਿਤੇ ਅੱਗੇ ਤੱਕ ਪਹੁੰਚ ਜਾਏਗਾ।

ਉਤਪਾਦਨ ਦਾ ਨਿਯਮ ਅਤੇ ਉਪਯੋਗ ਉਹ ਪਹਿਲੀਆਂ ਦੋ ਬੁਨਿਆਦੀ ਚੀਜ਼ਾਂ ਹਨ ਜੋ ਸਾਡੀ ਸਰਕਾਰ ਮਿਸ਼੍ਰਿਤ ਅਰਥ ਵਿਵਸਥਾ ਵਿਚ ਕਰਦੀ ਹੈ। ਦੂਸਰਾ ਕੰਮ ਹੈ ਉਹ ਮੁੜ ਵਟਾਂਦਰੇ ਦੀ ਆਮਦਨ ਅਤੇ ਧਨ ਨੂੰ ਇਕ ਹੱਥ ਤੋਂ ਦੂਸਰੇ ਵਿਚ ਸੌਂਪਣਾ। ਇਸ ਖੇਤਰ ਵਿਚ ਵੀ ਪੂੰਜੀਵਾਦ ਵਿਰੋਧੀਆਂ ਨੇ ਗਾਰੰਟੀਸ਼ੁਦਾ ਤੇ ਸਿਹਤਮੰਦ ਦੇਖਭਾਲ ਜਹੀ ਨਵੀਂ ਯੋਗਤਾ ਲਾਗੂ ਕਰਨ ਤੇ ਅਮੀਰਾ ਉਪਰ ਵਾਧੂ ਕਰ (Tax) ਦਾ ਬੋਝ ਪਾ ਕੇ ਰੋਕ ਲਗਾ ਦਿੱਤੀ। ਬਰਾਕ ਉਬਾਮਾ ਦੇ ਚੋਣਾਂ ਦੇ ਬਾਅਦ ਆਏ ਆਰਥਿਕ ਸੰਕਟ ਨੇ ਪੁਨਰ ਵਟਾਂਦਰੇ ਦੀ ਦੱਬੀ ਹੋਈ ਮੰਗ ਦਾ ਖੁਲਾਸਾ ਕੀਤਾ। ਇਹ ਮੰਗ ਕਿੱਥੋਂ ਆਈ? ਸਾਰ-ਰੂਪ ਵਿਚ ਇਸ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਪੂੰਜੀਵਾਦ ਦੇ ਸ਼ੁਰੂਆਤ ਦਾ ਵਾਪਸ ਨਿਰੀਖਣ ਕਰਨਾ ਹੋਵੇਗਾ ਅਤੇ ਮੁੜ ਵਟਾਂਦਰੇ ਦੇ ਤਰਕਾਂ ਨੂੰ ਹੋਰ ਨੇੜਿਉ ਜਾਨਣਾ ਪਵੇਗਾ।

ਪੂੰਜੀਵਾਦੀ ਵਿਵਸਥਾ 1750 ਤੋਂ 1850 ਦੇ ਮੱਧ-ਕ੍ਰਮ ਵਿਚ ਤਿੰਨ ਕ੍ਰਾਂਤੀਆ ਦੇ ਸਦਕੇ ਪ੍ਰਭਾਵ ਵਿਚ ਆਈ। ਪਹਿਲੀ ਸੀ ਰਾਜਨੀਤਿਕ ਕ੍ਰਾਂਤੀਃ ਉਦਾਰਵਾਦੀ ਦੀ ਜਿੱਤ, ਖਾਸ ਤੌਰ ਤੇ ਪ੍ਰਕਿਰਤਕ ਅਧਿਕਾਰਾਂ ਦੇ ਸਿਧਾਂਤ ਅਤੇ ਇਹ ਵਿਚਾਰ ਕਿ ਸਰਕਾਰ ਨੂੰ ਵਿਅਕਤੀਗਤ ਅਧਿਕਾਰਾਂ, ਜਿਨ੍ਹਾਂ ਵਿਚ ਸੰਪੱਤੀ ਦਾ ਅਧਿਕਾਰ ਵੀ ਸ਼ਾਮਿਲ ਹੈ, ਦੀ ਰੱਖਿਆ ਲਈ ਆਪਣੇ ਕੰਮ ਤੱਕ ਸੀਮਿਤ ਰਹਿਣਾ ਚਾਹੀਦਾ ਹੈ। ਦੂਸਰੀ ਕ੍ਰਾਂਤੀ - ਆਰਥਿਕ ਸਮਝ ਦਾ ਜਨਮ, ਜਿਵੇਂ ਕਿ ਐਡਮ ਸਮਿੱਥ ਦੇ 'ਵੈਲਥ ਆਫ਼ ਨੇਸ਼ਨਜ਼' ਵਿਚ ਉਦਾਹਰਣ ਦਿੱਤਾ ਗਿਆ ਹੈ। ਸਮਿੱਥ ਨੇ ਇਹ ਦਿਖਾਇਆ ਹੈ ਕਿ ਜਦੋਂ ਲੋਕਾਂ ਨੂੰ ਆਪਣੀਆਂ ਆਰਥਿਕ ਨਿੱਜੀ ਇੱਛਾਵਾ ਨੂੰ ਸਾਕਾਰ ਕਰਨ ਲਈ ਸੁਤੰਤਰਤਾ ਦਿੱਤੀ ਜਾਂਦੀ ਹੈ ਤਾਂ ਨਤੀਜੇ ਅਨਿਸ਼ਚਿਤ ਨਹੀਂ ਬਲਕਿ ਸੁਭਾਵਕ ਰੂਪ ਵਿਚ ਆਉਂਦੇ ਹਨ। ਇਹ ਅਜਿਹੀ ਬਾਜ਼ਾਰ ਵਿਵਸਥਾ ਹੈ ਜਿਸ ਵਿਚ ਨਾਗਰਿਕਾਂ ਦੇ ਕੰਮ ਸੰਯੋਜਿਤ ਹੁੰਦੇ ਹਨ ਅਤੇ ਸਰਕਾਰੀ ਪ੍ਰਬੰਧਨ ਵਾਲੀ ਵਿਵਸਥਾ ਨਾਲੋਂ ਜ਼ਿਆਦਾ ਧਨ ਦਾ ਉਤਪਾਦਨ ਹੁੰਦਾ ਹੈ। ਤੀਸਰੀ ਕ੍ਰਾਂਤੀ ਬੇਸ਼ੱਕ ਉਦਯੋਗਿਕ ਕ੍ਰਾਂਤੀ ਸੀ। ਤਕਨੀਕੀ ਅਵਿਸ਼ਕਾਰਾਂ ਨੇ ਸ਼ਕਤੀ ਮੁਹੱਈਆ ਕੀਤੀ ਅਤੇ ਇਨਸਾਨੀ ਸ਼ਕਤੀ ਦੇ ਮੁਕਾਬਲੇ ਕਈ ਗੁਣਾਂ ਉਤਪਾਦਨ ਸੰਭਵ ਹੋਇਆ। ਇਸਦੇ ਅਸਰ ਨਾਲ ਨਾ ਸਿਰਫ਼ ਲੋਕਾਂ ਦੇ ਰਹਿਣ-ਸਹਿਣ ਦੀ ਸਥਿਤੀ ਵਿੱਚ ਸੁਧਾਰ ਆਇਆ ਬਲਕਿ ਇਸਨੇ ਵਿਅਕਤੀਗਤ ਪੱਧਰ ਉਪਰ ਲੋਕਾਂ ਨੂੰ ਉੱਦਮ ਕਰਨ ਲਈ ਪ੍ਰੇਰਿਤ ਕੀਤਾ। ਜਿਸ ਨਾਲ ਪਹਿਲਾਂ ਦੇ ਮੁਕਾਬਲੇ ਕਲਪਨਾ ਤੋਂ ਪਰੇ ਦੀ ਕਮਾਈ ਦੇ ਸੰਯੋਗ ਬਣੇ।

ਰਾਜਨੀਤਿਕ ਕ੍ਰਾਂਤੀ, ਵਿਅਕਤੀਗਤ ਅਧਿਕਾਰਾਂ ਦੇ ਸਿਧਾਂਤ ਦੀ ਜਿੱਤ ਤੇ ਆਪਣੇ ਨਾਲ ਇਕ ਨੈਤਿਕ ਆਦਰਸ਼ਵਾਦ ਦੀ ਭਾਵਨਾ ਵੀ ਲੈ ਕੇ ਆਈ। ਇਹ ਇਨਸਾਨਾਂ ਦੀ ਅੱਤਿਆਚਾਰ ਤੋਂ ਆਜ਼ਾਦੀ ਸੀ। ਇਹ ਇਸ ਗੱਲ ਦੀ ਪਹਿਚਾਨ ਸੀ ਕਿ ਹਰੇਕ ਵਿਅਕਤੀ, ਉਸਦੀ ਸਮਾਜ ਵਿਚ ਚਾਹੇ ਜੋ ਵੀ ਹੈਸੀਅਤ ਹੋਵੇ, ਉਹ

ਆਪਣੇ ਆਪ ਵਿਚ ਮਹੱਤਵਪੂਰਨ ਹੈ। ਪਰੰਤੂ ਆਰਥਿਕ ਕ੍ਰਾਂਤੀ ਨੂੰ ਨੈਤਿਕ ਬਹੁਅਰਥਕ ਸ਼ਬਦਾਵਲੀ ਵਿੱਚ ਲੁਕਾ ਦਿੱਤਾ ਗਿਆ। ਆਰਥਿਕ ਵਿਵਸਥਾ ਦੇ ਵਾਂਗ ਪੂੰਜੀਵਾਦ ਨੂੰ ਪਾਪ ਦੀ ਪੈਦਾਵਾਰ ਦੇ ਤੌਰ ਤੇ ਵੇਖਿਆ ਜਾਣ ਲੱਗਾ। ਧਨ ਦੀ ਲਾਲਸਾ ਸਵਾਰਥੀਪਨ ਅਤੇ ਲੋਭ ਦੇ ਵਿਰੁੱਧ ਈਸਾਈ ਤਿਆਗ ਦੀ ਛਾਇਆ ਦੇ ਪਿੱਛੇ ਸਵਾਰਥੀਪਨ ਅਤੇ ਲਾਲਚ ਦੇ ਵਿਰੁੱਧ ਧਨ ਦੀ ਇੱਛਾ ਨੂੰ ਈਸਾਈਅਤ ਦੇ ਤਿਆਗ-ਆਦੇਸ਼ ਦੀ ਛਾਇਆ ਅਧੀਨ ਸੁੱਟ ਦਿੱਤਾ ਗਿਆ। ਸੁਭਾਵਿਕ ਵਿਵਸਥਾ ਦੇ ਸ਼ੁਰੂਆਤੀ ਵਿਦਵਾਨ ਇਸ ਗੱਲ ਲਈ ਜਾਗੂਰਕ ਸਨ ਕਿ ਉਹ ਇਕ ਨੈਤਿਕ ਵਿਰੋਧਾਭਾਸ ਦਿਖਾ ਰਹੇ ਸਨ। ਵਿਰੋਧਾਭਾਸ, ਜਿਵੇਂ ਕਿ ਬਰਨਾਰਡ ਮੈਂਡੇਵਿਲੇ ਨੇ ਕਿਹਾ ਕਿ ਨਿੱਜੀ ਉਦਯੋਗ ਆਮ ਲੋਕਾਂ ਲਈ ਲਾਭ ਪੈਦਾ ਕਰ ਸਕਦਾ ਹੈ।

ਬਾਜ਼ਾਰ ਦੇ ਸਮੀਖਿਅਕ ਨੈਤਿਕਤਾ ਦੇ ਅਜਿਹੇ ਵਿਰੋਧਾਭਾਸ ਦਾ ਹਮੇਸ਼ਾ ਲਾਭ ਉਠਾਉਂਦੇ ਰਹੇ ਹਨ। ਸਮਾਜਵਾਦੀ ਅੰਦੋਲਨ ਇਸ ਇਲਜ਼ਾਮ ਨਾਲ ਚੱਲਿਆ ਕਿ ਪੂੰਜੀਵਾਦ ਸਵਾਰਥ, ਸ਼ੋਸ਼ਣ, ਭੇਦ-ਭਾਵ ਅਤੇ ਅਨਿਆਂ ਨੂੰ ਬਾਜ਼ਾਰ ਓਪਰ ਥੋਪਦਾ ਹੈ। ਇਹ ਵਿਸ਼ਵਾਸ਼ ਹੀ ਸਾਧਾਰਣ ਰੂਪ ਵਿਚ ਕਲਿਆਣਕਾਰੀ ਰਾਜ ਬਣਾਉਂਦਾ ਹੈ ਜੋ ਆਮਦਨੀ ਨੂੰ ਸਰਕਾਰ ਦੇ 'ਸਮਾਜਿਕ ਨਿਆਂ' ਪ੍ਰੋਗਰਾਮ ਅਧੀਨ ਵੰਡਦਾ ਹੈ। ਪੂੰਜੀਵਾਦ ਕਦੀ ਵੀ ਆਪਣੀ ਪੈਦਾਇਸ਼ ਸਮੇਂ ਦੀ ਅਨਿਸ਼ਚਿਤਤਾਂ ਤੋਂ ਮੁਕਤ ਨਹੀਂ ਹੋ ਸਕਿਆ। ਜੋ ਖੁਸ਼ਹਾਲੀ ਇਸਨੇ ਪੈਦਾ ਕੀਤੀ ਉਸਦੇ ਲਈ ਇਸਨੂੰ ਸਤਿਕਾਰ ਮਿਲਿਆ। ਇਸਨੂੰ ਰਾਜਨਿਤਿਕ ਅਤੇ ਬੌਧਿਕ ਸੁਤੰਤਰਤਾ ਦੇ ਲਈ ਜ਼ਰੂਰੀ ਹੋਣ ਕਾਰਨ ਸਤਿਕਾਰ ਮਿਲਿਆ। ਪਰੰਤੂ ਇਸਦੇ ਸਮਰੱਥਕਾਂ ਵਿਚੋ ਕੁਝ ਕੁ ਹੀ ਜ਼ਿੰਦਗੀ ਭਰ ਦ੍ਰਿੜਤਾ ਸਹਿਤ ਪੂੰਜੀਵਾਦ (ਉਤਪਾਦਨ ਅਤੇ ਵਿਉਪਾਰ ਦੇ ਮਾਧਿਅਮ ਦੁਆਰਾ ਸਵੈ-ਹਿੱਤ ਦੀ ਪੂਰਤੀ) ਨਾਲ ਅੱਗੇ ਵਧਣ ਲਈ ਤਿਆਰ ਹੋ ਸਕੇ -ਉਤਪਾਦਨ ਅਤੇ ਵਿਉਪਾਰ ਦੇ ਮਾਧਿਅਮ ਨਾਲ ਸਵੈਹਿੱਤ ਦੀ ਪੂਰਤੀ - ਜੋ ਨੈਤਿਕ ਰੂਪ ਨਾਲ ਈਮਾਨਦਾਰ ਪਰ ਥੋੜਾ ਘੱਟ ਉਚਿੱਤ ਜਾਂ ਆਦਰਸ਼ ਰੂਪ ਹੋਵੇ।

ਇਹ ਕੋਈ ਰਹੱਸਮਾਤਮਕ ਗੱਲ ਨਹੀਂ ਕਿ ਬਾਜ਼ਾਰ ਦੇ ਪ੍ਰਤੀ ਨੈਤਿਕ ਵੈਰ ਭਾਵ ਕਿੱਥੋਂ ਆਉਂਦਾ ਹੈ। ਜੋ ਕਿ ਪੱਛਮੀ ਸਭਿਅਤਾ ਵਿਚ ਬਾਕੀ ਸੱਭਿਆਤਾਵਾਂ ਨਾਲੋ ਬੜੀਆਂ ਡੰਘੀਆਂ ਜੜ੍ਹਾਂ ਬਣਾ ਚੁੱਕਿਆ ਹੈ। ਪਰ ਉਪਕਾਰਵਾਦ ਦੇ ਪੈਮਾਨੇ ਤੋਂ ਸਵੈ-ਲਾਭ ਦਾ ਅਨੁਸਰਨ ਨੈਤਿਕਤਾ ਦੇ ਘੇਰੇ ਤੋਂ ਬਾਹਰ ਅਤੇ ਅਪਰਾਧ ਜਿੰਨੇ ਬੁਰੇ ਇੱਕ ਨਿਰਪੱਖ ਕੰਮ ਵਜੋਂ ਬਿਹਤਰ ਹੈ।

ਇਹ ਸੱਚ ਹੈ ਕਿ ਬਾਜ਼ਾਰ ਵਿਚ ਦੂਸਰਿਆਂ ਦੀਆਂ ਜ਼ਰੂਰਤਾ ਪੂਰੀਆਂ ਕਰਦੇ ਹੋਏ ਸਵੈ ਇੱਛਤ ਵਿਉਪਾਰ ਵਿਚ ਸਫ਼ਲਤਾ ਹਾਸਿਲ ਹੁੰਦੀ ਹੈ। ਪਰੰਤੂ ਇਹ ਵੀ ਸੱਚ ਹੈ ਕਿ ਜੋ ਲੋਕ ਨਿਸ਼ਚਿਤ ਰੂਪ ਨਾਲ ਸਫ਼ਲ ਹੁੰਦੇ ਹਨ ਉਹ ਨਿੱਜੀ-ਲਾਭ ਤੋਂ ਪ੍ਰੇਰਿਤ ਹੁੰਦੇ ਹਨ ਅਤੇ ਉਹ ਨੈਤਿਕਤਾ ਨਾਲ ਵੀ ਉਸੇ ਤਰ੍ਹਾਂ ਜੁੜ੍ਹੇ ਰਹਿੰਦੇ ਹਨ ਜਿਵੇਂ ਆਪਣੇ ਉਦੇਸ਼ਾਂ ਦੇ ਨਤੀਜਿਆਂ ਨਾਲ।

ਹਰ ਰੋਜ਼ ਦੀ ਗੱਲਬਾਤ ਵਿਚ ਪਰਉਪਕਾਰਵਾਦ ਸ਼ਬਦ ਦਾ ਮਤਲਬ ਹੈ ਕਿ ਦੂਜਿਆਂ ਦੇ ਹਿੱਤ ਲਈ ਜਿਊਣ ਦੇ ਸਿਧਾਂਤ ਨੂੰ ਆਮ ਤੌਰ ਤੇ ਦਿਆਲਤਾ ਜਾਂ ਸਾਧਾਰਣ ਨਿਮਰਤਾ ਤੋਂ ਵੱਧ ਕੁਝ ਹੋਰ ਨਹੀਂ ਸਮਝਿਆ ਜਾ ਸਕਦਾ। ਪਰੰਤੂ ਇਸਦਾ ਅਸਲੀ ਇਤਿਹਾਸਿਕ ਅਤੇ ਨੀਤੀਸ਼ਾਸਤਰਗਤ ਅਰਥ ਹੈ, 'ਆਤਮ ਸੰਤੁਸ਼ਟੀ'। ਸਮਾਜਵਾਦੀਆਂ ਲਈ, ਜਿਨ੍ਹਾਂ ਨੇ ਇਸ ਸ਼ਬਦ ਦੀ ਰਚਨਾ ਕੀਤੀ ਉਹਨਾਂ ਲਈ ਇਸਦਾ ਅਰਥ ਹੈ ਸਵੈ ਤੋਂ ਵੱਡੀ ਸਮਾਜਿਕ ਸੰਪੂਰਨਤਾ ਵਿੱਚ ਡੁੱਬ ਜਾਣਾ। ਜਿਵੇਂ ਕਿ ਆਇਨ ਰੈਂਡ ਨੇ ਲਿਖਿਆ ਹੈ "ਪਰਉਪਕਾਰ ਦਾ ਮੂਲ ਅਰਥ ਹੈ ਕਿ ਇਨਸਾਨ ਨੂੰ ਸਿਰਫ਼ ਆਪਣੇ ਜਿਊਣ ਦਾ ਕੋਈ ਅਧਿਕਾਰ ਨਹੀਂ, ਦੂਸਰਿਆ ਲਈ ਸੇਵਾ-ਭਾਵ ਰੱਖਣਾ ਹੀ ਉਸਦੇ ਅਸਤਿੱਤਵ ਦੀ ਪ੍ਰਮਾਣਿਕਤਾ ਹੈ ਅਤੇ ਆਤਮ-ਬਲਿਦਾਨ ਹੀ ਉਸਦੀ ਸਭ ਤੋਂ ਵੱਡੀ ਨੈਤਿਕ ਜ਼ਿੰਮੇਵਾਰੀ, ਧਰਮ ਅਤੇ ਆਦਰਸ਼ ਹੁੰਦਾ ਹੈ"। ਇਹਨਾਂ ਨਿਸ਼ਚਿਤ ਅਰਥਾਂ ਵਿਚ ਪਰਉਪਕਾਰਵਾਦ 'ਸਮਾਜਿਕ ਨਿਆਂ' ਦੇ ਸਾਰਿਆਂ ਸਿਧਾਂਤਾਂ ਦਾ ਮੂਲ ਹੈ। ਜੋ ਸਰਕਾਰ ਦੇ ਧਨ ਦੀ ਪੁਨਰਵੰਡ ਪ੍ਰੋਗਰਾਮ ਨੂੰ ਸਹੀ ਠਹਿਰਾਉਂਦਾ ਹੈ। ਇਹ ਪ੍ਰੋਗਰਾਮ ਦੂਜਿਆਂ ਦੇ ਸਹਿਯੋਗ ਲਈ ਲੋਕਾਂ ਲਈ ਕਰ (Tax) ਦੇ ਰੂਪ ਵਿਚ ਲਾਗੂ ਬਲੀਦਾਨ ਨੂੰ ਪੇਸ਼ ਕਰਦੇ ਹਨ, ਇਹ ਨਿੱਜੀ ਸ੍ਰੋਤ/ਵਸੀਲਿਆਂ ਦੇ ਸੰਯੁਕਤ ਇਸਤੇਮਾਲ ਨੂੰ ਪੇਸ਼ ਕਰਦੇ ਹਨ। ਜਿਨ੍ਹਾਂ ਦਾ ਇਸਤੇਮਾਲ ਦੂਸਰਿਆਂ ਵੱਲੋਂ ਕੀਤੇ ਗਏ ਯਤਨ ਦੇ ਰੂਪ ਵਿਚ ਹੋਣਾ ਹੁੰਦਾ ਹੈ ਅਤੇ ਇਹ ਹੀ ਉਹ ਮੂਲ ਕਾਰਣ ਹੈ ਜਿਸਦੇ ਲਈ ਪੂੰਜੀਵਾਦ ਦਾ ਸਮਰਥਨ ਕਰਨ ਵਾਲਿਆਂ ਦਾ ਨੈਤਿਕਤਾ ਦੇ ਆਧਾਰ ਤੇ ਕੋਈ ਵੀ ਵਿਰੋਧ ਕਰ ਸਕਦਾ ਹੈ।

## ਸਮਾਜਿਕ ਨਿਆਂ ਦੀ ਮੰਗ

ਸਮਾਜਿਕ ਨਿਆਂ (ਜਿਸਨੂੰ ਅਸੀਂ ਕਲਿਆਣਵਾਦ ਜਾਂ ਸਮਾਨਤਾਵਾਦ ਕਹਿੰਦੇ ਹਾਂ) ਲਈ ਮੰਗ ਨੂੰ ਦੋ ਵੱਖਰੇ ਢੰਗਾਂ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਕਲਿਆਣਵਾਦ ਦੇ ਅਨੁਸਾਰ ਹਰ ਕਿਸੇ ਨੂੰ ਜੀਵਨ ਲਈ ਕੁਝ ਨਿਸ਼ਚਿਤ ਜਰੂਰੀ ਅਧਿਕਾਰ ਹੁੰਦੇ ਹਨ। ਜਿਨ੍ਹਾਂ ਵਿਚ ਘੱਟ ਤੋਂ ਘੱਟ ਭੋਜਨ, ਘਰ, ਕੱਪੜੇ, ਇਲਾਜ, ਸਿਖਿਆ ਆਦਿ ਆਉਂਦੇ ਹਨ। ਇਹ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਹਰ ਵਿਅਤਕੀ ਤੱਕ ਇਨ੍ਹਾਂ ਜ਼ਰੂਰੀ ਚੀਜ਼ਾਂ ਨੂੰ ਪਹੁੰਚਾਉਣ ਦਾ ਯਤਨ ਕਰੇ। ਇਕ ਬੇਰੋਕ ਪੂੰਜਵਾਦੀ ਵਿਵਸਥਾ ਹਰੇਕ ਵਿਅਕਤੀ ਲਈ ਇਸਦੀ ਗਾਰੰਟੀ ਨਹੀਂ ਲੈਂਦੀ।

ਹੁਣ ਕਲਿਆਣਵਾਦ ਉੱਪਰ ਚਰਚਾ ਕਰਦੇ ਹਾਂ। ਪੂੰਜੀਵਾਦ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਪੂਰਾ ਨਹੀਂ ਕਰਦਾ, ਲਿਹਾਜ਼ਾ ਅਜਿਹੇ ਸਮੇਂ ਰਾਜ ਸਰਕਾਰਾਂ ਦੇ ਕੰਮਾ ਦੁਆਰਾ ਇਹ ਸੁਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਸਤੂਆਂ ਨੂੰ ਉਹਨਾਂ ਲੋਕਾਂ ਤੱਕ ਵੀ ਪਹੰਚਾਇਆ ਜਾ ਸਕੇ ਜੋ ਆਪਣਿਆਂ ਯਤਨਾਂ ਨਾਲ ਇਹਨਾਂ ਨੂੰ ਹਾਸਿਲ ਨਹੀਂ ਕਰ ਸਕਦੇ। ਸਮਾਨਤਾਵਾਦ ਦੇ ਅਨੁਸਾਰ ਇਕ ਸਮਾਜ ਦੁਆਰਾ ਪੈਦਾ ਕੀਤੇ ਧਨ ਦੀ ਸਹੀ ਵੰਡ ਹੋਣੀ ਚਾਹੀਦੀ ਹੈ। ਇਸਨੂੰ ਕੁਝ ਲੋਕਾਂ ਲਈ 15%, ਕੁਝ

ਲੋਕਾਂ ਲਈ 50 ਅਤੇ ਦੂਜਿਆਂ ਦੇ ਮੁਕਾਬਲੇ ਕੁਝ ਇਕ ਲੋਕਾਂ ਨੂੰ 100 ਗੁਣਾਂ ਵੱਧ ਕਮਾਉਣ ਦਾ ਮੌਕਾ ਮਿਲਣਾ ਅਨਿਆਂਪੂਰਣ ਹੈ। ਪਰੰਤੂ ਨਿਰੰਕੁਸ਼ ਪੂੰਜੀਵਾਦ ਧਨ ਅਤੇ ਆਮਦਨ ਦੇ ਇਸ ਭੇਦਭਾਵ ਨੂੰ ਮਨਜ਼ੂਰੀ ਅਤੇ ਉਤਸ਼ਾਹ ਦੇਂਦਾ ਹੈ। ਅਜਿਹੇ ਵਿਚ ਇਹ ਅਨਿਆਂਪੂਰਣ ਹੈ। ਸਮਾਨਤਾਵਾਦ ਦੀ ਪ੍ਰਮਾਣਿਕਤਾ ਆਮਦਨੀ ਦੀ ਵੰਡ ਦੇ ਅੰਕੜਿਆਂ ਦੀ ਵਰਤੋਂ ਕਰਦੀ ਹੈ। 2001 ਵਿਚ ਉਦਾਹਰਣ ਦੇ ਤੌਰ ਤੇ ਯੂਨਾਇਟੇਡ ਸਟੇਟਸ ਵਿਚ ਉੱਚ ਪੱਧਰ ਤੇ 20% ਆਪਣੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਕਲਙ ਆਮਦਨੀ ਦਾ 50% ਹਿੱਸਾ ਪ੍ਰਾਪਤ ਹੋਇਆ ਅਤੇ ਹੇਠਲੇ ਪੱਧਰ ਦੇ 20% ਆਪਣੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਕੁਲ ਆਮਦਨੀ ਦਾ 50% ਹਿੱਸਾ ਪ੍ਰਾਪਤ ਹੋਇਆ ਅਤੇ ਹੇਠਲੇ ਪੱਧਰ ਦੇ 20% ਲੋਕਾਂ ਨੇ ਕੁਲ ਆਮਦਨੀ ਦਾ ਸਿਰਫ਼ 3.4% ਹੀ ਕਮਾਇਆ। ਸਮਾਨਤਾਵਾਦ ਦਾ ਲਕਸ਼  ਇਸ ਫਰਕ ਨੂੰ ਘੱਟ ਕਰਨਾ ਹੈ। ਬਰਾਬਰੀ ਦੀ ਦਿਸ਼ਾ ਵਿਚ ਕੀਤਾ ਗਿਆ ਕੋਈ ਵੀ ਬਦਲਾਉ ਨਿਰਪੱਖਤਾ ਵਿਚ ਵਾਧਾ ਹੀ ਮੰਨਿਆ ਜਾਂਦਾ ਹੈ।

ਇਹਨਾਂ ਦੋਵਾਂ ਸਿਧਾਂਤਾਂ ਵਿਚ ਫ਼ਰਕ ਨਿਰਪੱਖਤਾ ਅਤੇ ਇਸ ਨਾਲ ਸੰਬੰਧਿਤ ਪੱਧਰ ਦਾ ਹੁੰਦਾ ਹੈ। ਕਲਿਆਣਵਾਦੀ ਇਹ ਮੰਗ ਕਰਦੇ ਹਨ ਕਿ ਹਰ ਵਿਅਕਤੀ ਨੂੰ ਘੱਟੋਂ ਘੱਟ ਇਕ ਸਿਹਮਤੰਦ ਜੀਵਨਸ਼ੈਲੀ ਦਾ ਅਧਿਕਾਰ ਤਾਂ ਜ਼ਰੂਰ ਮਿਲਣਾ ਚਾਹੀਦਾ ਹੈ। ਜਦ ਤੌਂ ਇਹ "ਸੁਰੱਖਿਆ ਜਾਲ" ਹਰੇਕ ਵਿਅਕਤੀ ਲਈ ਮੁਹੱਈਆ ਹੈ ਤਦ ਤਕ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਦੂਸਰੇ ਲੋਕ ਕਿੰਨਾ ਜ਼ਿਆਦਾ ਕਮਾ ਰਹੇ ਹਨ ਅਤੇ ਗਰੀਬ ਅਮੀਰ ਦੇ ਵਿਚ ਕਿੰਨੀ ਅਸਮਾਨਤਾ ਹੈ। ਅਜਿਹੇ ਸਮੇਂ ਕਲਿਆਣਵਾਦੀਆਂ ਦੁਆਰਾ ਪਹਿਲੀ ਮਹੱਤਤਾ ਗਰੀਬੀ ਦੇ ਇਕ ਨਿਸ਼ਚਿਤ ਪੱਧਰ ਤੋਂ ਹੇਠਾਂ ਜਿਊਣ ਵਾਲਿਆਂ, ਬੀਮਾਰ, ਬੇਰੋਜ਼ਗਾਰ ਤੇ ਕਿਸੇ ਵੀ ਹੋਰ ਤਰੀਕੇ ਨਾਲ ਪਿੱਛੜੇ ਲੋਕਾਂ ਨੂੰ ਫਾਇਦਾ ਪਹੁੰਚਾਉਣ ਵਾਲੀਆਂ ਯੋਜਨਾਵਾਂ ਨੂੰ ਦਿੱਤੀ ਜਾਂਦੀ ਹੈ। ਦੂਜੇ ਪਾਸੇ ਸਮਾਨਤਾਵਾਦੀ ਸੰਬੰਧਿਤ ਕਲਿਆਣ ਦੇ ਲਈ ਚਿੰਤਾ ਕਰਦੇ ਹਨ। ਸਮਾਨਤਾਵਾਦੀ ਦੋ ਸਮਾਜਾਂ ਦੀ ਗੱਲ ਕਰਦੇ ਹੋਏ ਅਜਿਹੇ ਸਮਾਜ ਨੂੰ ਪਹਿਲ ਦੇਂਦੇ ਹਨ ਜਿਸ ਵਿੱਚ ਧਨ ਦੀ ਵੰਡ ਬਰਾਬਰ ਭਾਗ ਵਿਚ ਹੁੰਦੀ ਹੈ। ਭਾਵੇਂ ਕਿ ਇਸਦਾ ਔਸਤਨ ਜੀਵਨ ਪੱਧਰ ਘੱਟ ਹੀ ਕਿਉਂ ਨਾ ਹੋਵੇ। ਇਸ ਪ੍ਰਕਾਰ ਸਮਾਨਤਾਵਾਦੀ ਕਰ (Tax) ਵਿਚ ਵਾਧੇ ਜਹੇ ਸਰਕਾਰੀ ਢੰਗਾਂ ਦਾ ਪੱਖ ਪੂਰਦੇ ਹਨ। ਜਿਸਦਾ ਉਦੇਸ਼ ਧਨ ਨੂੰ ਸੰਪੂਰਨ ਆਮਦਨੀ ਦੇ ਪੱਧਰ ਤੇ ਮੁੜ ਵੰਡਣਾ ਹੁੰਦਾ ਹੈ, ਨਾ ਕਿ ਸਿਰਫ਼ ਹੇਠਲੇ ਪੱਧਰ ਉਪਰ। ਉਹ ਸਿਖਿਆ ਅਤੇ ਦਵਾਈਆ ਵਾਂਗ ਚੀਜ਼ਾ ਦੇ ਰਾਸ਼ਟਰੀਕਰਨ ਦਾ ਵੀ ਸਮਰਥਨ ਕਰਦੇ ਹਨ। ਉਹ ਇਹਨਾਂ ਨੂੰ ਬਾਜ਼ਾਰ ਵਿੱਚੋਂ ਪੂਰੀ ਤਰ੍ਹਾ ਚੁੱਕ ਕੇ ਸਾਰਿਆਂ ਲੋਕਾਂ ਤੱਕ ਲਗਦੀ ਵਾਹ ਬਰਾਬਰ ਭਾਗ ਵਿਚ ਮੁਹੱਈਆ ਕਰਾਉਣਾ ਚਾਹੁੰਦੇ ਹਨ। ਆਉ, ਸਮਾਜਿਕ ਨਿਆਂ ਦੇ ਇਹਨਾਂ ਦੋ ਸਿਧਾਂਤਾ ਉਪਰ ਵਾਰੀ ਵਾਰੀ ਵਿਚਾਰ ਕਰਦੇ ਹਾਂ।

## ਕਲਿਆਣਵਾਦ : ਅਣਚਾਹੀ ਪ੍ਰਤੀਬੱਧਤਾ

ਕਲਿਆਣਵਾਦ ਦਾ ਮੂਲ ਆਧਾਰ ਲੋਕਾਂ ਨੂੰ ਭੋਜਨ, ਰਹਿਣ ਬਸੇਰਾ ਅਤੇ ਸਿਹਤ ਦੀ ਦੇਖਰੇਖ ਦਾ ਅਧਿਕਾਰ ਮੁਹੱਈਆ ਕਰਨਾ ਹੈ। ਇਸ ਨਿਸ਼ਚਿਤ ਧਾਰਨਾ ਦੇ ਅਨੁਸਾਰ ਵਿਅਕਤੀ ਕਿਸੇ ਸਰਕਾਰੀ ਯੋਜਨਾਂ ਦੇ ਤਹਿਤ ਲਾਭ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਮੁਸ਼ਕਿਲ ਨਾਲ ਸਿਰਫ਼ ਉਨਾਂ ਹੀ ਮਿਲਦਾ ਹੈ ਜਿੰਨਾ ਉਸ ਸਮੇਂ ਬਚਿਆ ਹੁੰਦਾ ਹੈ। ਸਮਾਨ ਪ੍ਰਕ੍ਰਿਆ ਦੌਰਾਨ ਜਦੋਂ ਕੋਈ ਖਰੀਦਦਾਰ ਉਹਨਾਂ ਚੀਜ਼ਾਂ ਦੀ ਪ੍ਰਾਪਤੀ ਲਈ ਪੈਸੇ ਖਰਚ ਕਰਦਾ ਹੈ ਤਾਂ ਉਸਨੂੰ ਵਸਤੂ ਦੇ ਨਾਲ ਆਪਣਾ ਬਚਿਆ ਬਕਾਇਆ ਪ੍ਰਾਪਤ ਹੁੰਦਾ ਹੈ। ਜਦ ਇਕ ਰਾਜ ਲੋਕ ਕਲਿਆਣ ਹਿੱਤਾਂ ਦੀ ਵੰਡ ਮੁਹੱਈਆ ਕਰਵਾਉਂਦਾ ਹੈ ਤਾਂ ਉਹ ਸਿਰਫ਼ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਉਹ ਇਕ ਖਰੀਦਦਾਰ ਨੂੰ ਧੋਖਾ ਖਾਣ ਤੋਂ ਬਚਾਉਂਦਾ ਹੈ। ਇੱਥੇ ਕਿਸੇ ਵੀ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਅਹਿਸਾਨਮੰਦ ਹੋਣ ਦੀ ਜ਼ਰੂਰਤ ਨਹੀਂ ਹੈ।

ਕਲਿਆਣਕਾਰੀ ਅਧਿਕਾਰਾ ਦਾ ਸਿਧਾਂਤ ਜਾਂ ਸਕਾਰਾਤਮਕ ਅਧਿਕਾਰ, ਜਿਵੇਂ ਕਿ ਆਮ ਤੌਰ ਤੇ ਇਸਨੂੰ ਬੁਲਾਇਆ ਜਾਂਦਾ ਹੈ, ਨੂੰ ਜੀਵਨ ਦੀ ਸੁਤੰਤਰਤਾ, ਸਵੈਧੀਨਤਾ ਅਤੇ ਸੰਪੱਤੀ ਦੇ ਪਰੰਪਰਾਗਤ ਅਧਿਕਾਰਾਂ ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ। ਪਰੰਤੂ ਇਸ ਵਿੱਚ ਇੱਕ ਜਾਣਿਆ-ਪਹਿਚਾਣਿਆ ਫਰਕ ਵੀ ਹੈ। ਪਰੰਪਰਾਗਤ ਅਧਿਕਾਰ ਉਹ ਅਧਿਕਾਰ ਹਨ ਜਿਹਨਾਂ ਅਨੁਸਾਰ ਬਿਨਾਂ ਦੂਜਿਆਂ ਦੀ ਦਖ਼ਲ ਅੰਦਾਜ਼ੀ ਦੇ ਕੰਮ ਕੀਤਾ ਜਾਂਦਾ ਹੈ। ਜੀਵਨ ਦਾ ਅਧਿਕਾਰ ਉਹ ਅਧਿਕਾਰ ਹੈ ਜਿਸਦਾ ਉਦੇਸ਼ ਆਪਣੇ ਆਪ ਦੀ ਰੱਖਿਆ ਹੇਤੂ ਕੋਈ ਕੰਮ ਕੀਤਾ ਜਾਣਾ ਹੈ। ਇਹ ਸਾਧਾਰਨ ਕੁਦਰਤੀ ਮੌਤ ਦੇ ਵਿਰੋਧ ਦਾ ਅਧਿਕਾਰ ਨਹੀਂ ਹੈ, ਇੱਥੋਂ ਤੱਕ ਕਿ ਅਚਨਚੇਤ ਮੌਤ ਦਾ ਵੀ ਨਹੀਂ। ਸੰਪੱਤੀ ਦਾ ਅਧਿਕਾਰ ਉਹ ਅਧਿਕਾਰ ਹੈ, ਜਿਸਦੇ ਅਨੁਸਾਰ ਤੁਸੀਂ ਸੁਤੰਤਰ ਰੂਪ ਨਾਲ ਇਸਨੂੰ ਖਰੀਦ ਵੇਚ ਸਕਦੇ ਹੋ ਅਤੇ ਪ੍ਰਕਿਰਤੀ ਪ੍ਰਤੱਖ ਵਸਤੂਆਂ ਉਪਰ ਅਧਿਕਾਰ ਜੋ ਕਿਸੇ ਦੇ ਵੀ ਅਧਿਕਾਰ ਖੇਤਰ ਵਿਚ ਨਾ ਆਉਂਦੀਆ ਹੋਣ। ਇਹ ਸੰਪੱਤੀ ਦੀ ਤਲਾਸ਼ ਦਾ ਅਧਿਕਾਰ ਹੈ। ਪਰੰਤੂ ਪ੍ਰਕਿਰਤੀ ਅਤੇ ਰਾਜ ਵੱਲੋਂ ਕਰਤਾਰੀ ਦਾਤ ਦਾ ਅਧਿਕਾਰ ਨਹੀਂ। ਅਤੇ ਇਹ ਨਾ ਹੀ ਇਸ ਗੱਲ ਦੀ ਗਾਰੰਟੀ ਹੈ ਕਿ ਕੋਈ ਕਿਸੇ ਵੀ ਚੀਜ਼ ਉਪਰ ਕਬਜ਼ਾ ਕਰਨ ਵਿਚ ਸਫਲ ਹੋ ਜਾਵੇਗਾ। ਇਸ ਅਨੁਸਾਰ ਇਹ ਅਧਿਕਾਰ ਦੂਸਰਿਆਂ ਉਪਰ ਨਕਾਰਾਤਮਕ ਪ੍ਰਤੀਬੱਧਤਾ ਦੇ ਤੌਰ ਤੇ ਲਾਗੂ ਹੋ ਜਾਂਦਾ ਹੈ। ਜਿਸ ਵਿਚ ਦਖਲ ਅੰਦਾਜ਼ੀ ਨਾ ਕਰਨਾ ਅਤੇ ਨਾ ਹੀ ਆਪਣੇ ਚੁਨਾਓ ਅਨੁਸਾਰ ਕਿਸੇ ਉਪਰ ਕੋਈ ਕੰਮ ਕਰਨ ਦਾ ਦਬਾਓ ਪਾਉਣਾ ਸ਼ਾਮਿਲ ਹੈ। ਜੇਕਰ ਮੈਂ ਖੁਦ ਨੂੰ ਸਮਾਜ ਤੋਂ ਵੱਖ ਕਰਨ ਦੀ ਕਲਪਨਾ ਕਰਾਂ (ਉਦਾਹਰਣ ਵਜੋਂ ਇਕ ਰੇਗਿਸਤਾਨ ਵਿਚ ਰਹਾਂ) ਤਾਂ ਮੇਰੇ ਅਧਿਕਾਰ ਪੂਰੀ ਤਰ੍ਹਾਂ ਸੁਰੱਖਿਅਤ ਹੋਣੇਗੇ। ਇਸ ਤਰ੍ਹਾਂ ਸ਼ਾਇਦ ਮੈਂ ਲੰਮ੍ਹੇ ਸਮੇਂ ਤੱਕ ਨਾ ਜੀਅ ਸਕਾਂ ਅਤੇ

ਨਿਸ਼ਚਿਤ ਤੌਰ ਤੇ ਠੀਕ ਢੰਗ ਨਾਲ ਵੀ ਨਹੀਂ ਜੀਅ ਸਕਾਂਗਾ। ਪਰੰਤੂ ਇਸ ਨਾਲ ਮੈਂ ਹੱਤਿਆ, ਚੋਰੀ ਤੇ ਹਮਲੇ ਦੇ ਡਰ ਤੋਂ ਪੂਰੀ ਤਰ੍ਹਾਂ ਸੁਤੰਤਰ ਰਹਾਂਗਾ।

ਅੰਤਰ ਵਿਰੋਧ ਦੇ ਪੱਖ ਤੋਂ ਕਲਿਆਣਕਾਰੀ ਅਧਿਕਾਰਾਂ ਦੀ ਕਲਪਨਾ ਕੁਝ ਨਿਸ਼ਚਿਤ ਚੀਜ਼ਾਂ ਨੂੰ ਪ੍ਰਾਪਤ ਕਰਨ ਅਤੇ ਵਰਤੋਂ ਕਰਨ ਲਈ ਕੀਤੀ ਗਈ। ਇਹ ਅਧਿਕਾਰ ਬਿਨਾਂ ਕਿਸੇ ਦੇ ਵਿਰਲਾਪ ਦੀ ਪ੍ਰਵਾਹ ਕੀਤੇ ਦੂਜਿਆਂ ਲੋਕਾਂ ਦੁਆਰਾ ਅਜਿਹੇ ਲੋਕਾਂ ਨੂੰ ਚੀਜ਼ਾਂ ਮੁਹੱਈਆ ਕਰਵਾਉਣਾ ਲਈ ਹਨ ਜੋ ਆਪ ਉਹਨਾਂ ਨੂੰ ਕਮਾ ਸਕਦੇ। ਅਜਿਹੇ ਵਿਚ ਕਲਿਆਣਕਾਰੀ ਅਧਿਕਾਰ ਦੂਸਰਿਆਂ ਉਪਰ ਸਕਾਰਾਤਕ ਪ੍ਰਤੀਬੱਧਤਾ ਲਾਗੂ ਕਰਨਾ ਹੈ। ਜੇਕਰ ਮੈਨੂੰ ਭੋਜਨ ਪ੍ਰਾਪਤ ਕਰਨ ਦਾ ਅਧਿਕਾਰ ਹੈ ਤਾਂ ਇਸਨੂੰ ਪੈਦਾ ਕਰਨ ਦਾ ਕਰਤੱਵ ਕਿਸੇ ਦੂਸਰੇ ਦਾ ਹੈ। ਜੇਕਰ ਮੈਂ ਇਸ ਲਈ ਨਿਸ਼ਚਿਤ ਅਦਾਇਗੀ ਅਦਾ ਨਹੀਂ ਕਰ ਪਾਉਂਦਾ ਤਾਂ ਕਿਸੇ ਹੋਰ ਉਪਰ ਇਸਨੂੰ ਮੇਰੇ ਲਈ ਖਰੀਦਣ ਦੀ ਪ੍ਰਤੀਬੱਧਤਾ ਹੈ। ਕਲਿਆਣਕਾਰੀ ਅਧਿਕਾਰਾਂ ਦੇ ਸਮਰਥਕ ਕਈ ਵਾਰ ਇਹ ਦਲੀਲ ਦੇਂਦੇ ਹਨ ਕਿ ਪ੍ਰਤੀਬੱਧਤਾ ਪੂਰੇ ਸਮਾਜ ਉਪਰ ਲਾਗੂ ਹੁੰਦੀ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਉਪਰ। ਪਰੰਤੂ ਸਮਾਜ ਕੋਈ ਕੰਪਨੀ ਨਹੀਂ ਹੈ। ਇਹ ਸਿਰਫ਼ ਇਕ ਨੈਤਿਕ ਸ਼ਕਤੀ ਹੈ। ਜੋ ਇਸਦੇ ਅਧਿਕਾਰੀਆਂ ਤੋਂ ਉਪਰ ਅਤੇ ਵੱਧ ਮਹੱਤਵਪੂਰਨ ਹੈ। ਅਜਿਹੇ ਵਿਚ ਕੋਈ ਪ੍ਰਤੀਬੱਧਤਾ ਅੰਤਿਮ ਰੂਪ ਵਿਚ ਇਸਦੇ ਅਧਿਕਾਰੀਆਂ ਤੋਂ ਉਪਰ ਹੀ ਆਉਂਦੀ ਹੈ। ਜਦ ਕਲਿਆਣਕਾਰੀ ਅਧਿਕਾਰ ਸਰਕਾਰੀ ਯੋਜਨਾਵਾਂ ਦੁਆਰਾ ਲਾਗੂ ਕੀਤੇ ਜਾਂਦੇ ਹਨ ਤਾਂ ਉਦਾਹਰਣ ਦੇ ਤੌਰ ਤੇ ਸਰਕਾਰੀ ਯੋਜਨਾਵਾਂ ਦੇ ਜਰੀਏ ਪ੍ਰਤੀਬੱਧਤਾ ਸਾਰੇ ਕਰ (Tax) ਭੁਗਤਾਨ ਕਰਨ ਵਾਲਿਆਂ ਉਪਰ ਲਾਗੂ ਹੋ ਜਾਂਦੀ ਹੈ। ਇਕ ਨੈਤਿਕ ਦ੍ਰਿਸ਼ਟੀਕੋਣ ਅਨੁਸਾਰ ਕਲਿਆਣਵਾਦ ਦਾ ਸਾਰ ਅਰਥ ਇਹ ਨਿਕਲਦਾ ਹੈ ਕਿ ਇਕ ਵਿਅਕਤੀ ਦੀਆਂ ਜ਼ਰੂਰਤਾਂ ਦੂਸਰੇ ਵਿਅਕਤੀ ਦੇ ਨੁਕਸਾਨ ਦਾ ਕਾਰਣ ਹੈ। ਇਸ ਤਰ੍ਹਾਂ ਦਾ ਦਾਅਵਾ ਸ਼ਹਿਰ ਤੱਕ ਅਤੇ ਰਾਸ਼ਟਰ ਤੱਕ ਹੀ ਸਾਰਥਕ ਹੈ। ਇਸ ਵਿਚ ਪੂਰੀ ਮਾਨਵ ਜਾਤੀ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ। ਪਰੰਤੂ ਇਸ ਸਿਧਾਂਤ ਦੀ ਕਿਸੇ ਵੀ ਰੂਪ ਵਿਚ ਮੰਗ, ਇਸਦੇ ਦਾਅਵੇਦਾਰ ਦੇ ਨਾਲ ਤੁਹਾਡੇ ਵਿਅਕਤੀਗਤ ਸੰਬੰਧਾਂ, ਸਹਾਇਤਾ ਦੀ ਤੁਹਾਡੀ ਇੱਛਾ ਤੇ ਤੁਹਾਡੇ ਸਹਿਯੋਗ ਦੀ ਤੁਲਨਾ ਵਿੱਚ ਉਸਦੇ ਸਹਿਯੋਗ ਦੇ ਮੁਲਾਂਕਣ ਉਪਰ ਨਿਰਭਰ ਕਰਦੀ ਹੈ। ਇਹ ਇਕ ਅਣਚਾਹੀ ਜ਼ਿੰਮੇਵਾਰੀ ਹੈ ਜੋ ਸਮੁੱਚੇ ਰੂਪ ਵਿਚ ਉਸਦੀਆਂ ਜ਼ਰੂਰਤਾਂ ਤੋਂ ਆਉਂਦੀ ਹੈ।

ਪਰੰਤੂ ਸਾਨੂੰ ਵਿਸ਼ਲੇਸ਼ਣ ਨੂੰ ਇਕ ਕਦਮ ਹੋਰ ਅਗਾਂਹ ਲੈ ਜਾਣਾ ਚਾਹੀਦਾ ਹੈ। ਜੇਕਰ ਮੈਂ ਇਕੱਲਾ ਕਿਸੇ ਰੇਗਿਸਤਾਨ ਵਿਚ ਰਹਿੰਦਾ ਹਾਂ ਤਾਂ ਨਿਸ਼ਚਿਤ ਤੌਰ ਤੇ ਮੇਰਾ ਕੋਈ ਕਲਿਆਣਕਾਰੀ ਅਧਿਕਾਰ ਨਹੀਂ ਹੋਵੇਗਾ। ਕਿਉਂਕਿ ਉੱਥੇ ਚੀਜ਼ਾਂ ਮੁਹੱਈਆ ਕਰਨ ਦੇ ਲਈ ਕੋਈ ਦੂਸਰਾ ਮੌਜੂਦ ਨਹੀਂ ਹੋਵੇਗਾ। ਇਸੇ ਤਰ੍ਹਾਂ ਜੇਕਰ ਮੈਂ ਕਿਸੇ ਆਦਿਮ ਸਮਾਜ ਵਿਚ ਰਹਿੰਦਾ ਜਿੱਥੇ ਦਵਾਈ ਦੇ ਬਾਰੇ ਕੋਈ ਜਾਣਕਾਰੀ ਹੀ ਨਹੀਂ ਹੈ ਤਾਂ

ਅਜਿਹੇ ਵਿਚ ਮੈਨੂੰ ਸਿਹਤ ਦੀ ਦੇਖਰੇਖ ਦਾ ਕੋਈ ਅਧਿਕਾਰ ਹੀ ਨਹੀਂ ਹੋਵੇਗਾ। ਕਲਿਆਣਕਾਰੀ ਅਧਿਕਾਰਾਂ ਦਾ ਮੁੱਦਾ ਨਿਸ਼ਚਿਤ ਸਮਾਜ ਦੀ ਆਰਥਿਕ ਸੰਪੰਨਤਾ ਅਤੇ ਉਤਪਾਦਨ ਯੋਗਤਾ ਦੇ ਪੱਧਰ ਨਾਲ ਸੰਬੰਧਿਤ ਹੈ। ਨਤੀਜੇ ਵਜੋਂ, ਕਿਸੇ ਉਪਰ ਦੂਸਰਿਆਂ ਦੀਆਂ ਜ਼ਰੂਰਤਾ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਓਸਦੀ ਯੋਗਤਾ ਉਪਰ ਨਿਰਭਰ ਕਰਦੀ ਹੈ। ਮੈਨੂੰ ਵਿਅਕਤੀਗਤ ਰੂਪ ਨਾਲ ਦੂਸਰਿਆਂ ਲੋਕਾਂ ਦੀਆਂ ਉਹ ਜ਼ਰੂਰਤਾ ਨਾ ਪੂਰਿਆ ਕਰ ਸਕਣ ਲਈ ਦੋਸ਼ੀ ਠਹਿਰਾਇਆ ਜਾ ਸਕਦਾ ਹੈ, ਜਿਨ੍ਹਾਂ ਨੂੰ ਮੈਂ ਆਪਣੇ ਆਪ ਲਈ ਵੀ ਪੈਦਾ ਨਹੀਂ ਕਰ ਸਕਦਾ।

ਮੰਨ ਲਓ ਮੈਂ ਇਸਨੂੰ ਉਤਪਾਦਿਤ ਕਰ ਸਕਦਾ ਹਾਂ, ਪਰ ਨਹੀਂ ਕਰਦਾ? ਮੰਨ ਲਓ ਮੈਂ ਜਿੰਨਾ ਕਮਾ ਰਿਹਾ ਹਾਂ ਉਸਤੋਂ ਜ਼ਿਆਦਾ ਕਮਾਉਣ ਵਿਚ ਸਮਰੱਥ ਹਾਂ। ਜਿਸ ਉਪਰ ਲੱਗਣ ਵਾਲੇ ਟੈਕਸ ਨਾਲ ਉਹਨਾਂ ਲੋਕਾਂ ਦੀਆਂ ਜਰੂਰਤਾ ਪੂਰੀਆ ਹੁੰਦੀਆਂ ਜੋ ਭੁੱਖੇ ਹਨ। ਤਾਂ ਕੀ ਮੈਂ ਦੂਸਰਿਆਂ ਦੇ ਲਈ ਜ਼ਿਆਦਾ ਮਿਹਨਤ ਕਰਕੇ ਜ਼ਿਆਦਾ ਕਮਾਉਣ ਦੇ ਲਈ ਮਜ਼ਬੂਰ ਹਾਂ? ਮੈਂ ਕਲਿਆਣਵਾਦ ਦੇ ਅਜਿਹੇ ਕਿਸੇ ਤਰਕ-ਸ਼ਾਸਤ੍ਰੀ ਨੂੰ ਨਹੀਂ ਜਾਣਦਾ ਜੋ ਅਜਿਹਾ ਕਰਨ ਲਈ ਕਹੇ। ਦੂਸਰਿਆਂ ਦੇ ਦੁਆਰਾ ਨੈਤਿਕ ਮੰਗ ਲਾਗੂ ਕਰਨਾ ਨਾ ਸਿਰਫ਼ ਮੇਰੀ ਸਮਰੱਥਾ ਉਪਰ ਬਲਕਿ ਉਤਪਾਦਨ ਦੀ ਮੇਰੀ ਇੱਛਾ ਉਪਰ ਵੀ ਨਿਰਭਰ ਕਰਦਾ ਹੈ। ਅਤੇ ਇਹ ਕਲਿਆਣਵਾਦ ਦੇ ਨੈਤਿਕ ਫੋਕਸ ਦੇ ਬਾਰੇ ਵਿਚ ਸਾਨੂੰ ਕੁਝ ਮਹੱਤਵਪੂਰਨ ਗੱਲਾਂ ਕਹਿੰਦਾ ਹੈ। ਇਹ ਮਾਨਵੀ ਜ਼ਰੂਰਤਾ ਦੀ ਸੰਤੁਸ਼ਟੀ ਦੀ ਪੂਰਤੀ ਉਪਰ ਨਿਰਭਰ ਹੈ। ਇਹ ਜ਼ਿੰਮੇਵਾਰੀ ਕੁਝ ਹੱਦ ਤੱਕ ਵਿਸ਼ੇਸ਼ ਸਥਿਤੀਆਂ ਉਪਰ ਨਿਰਭਰ ਕਰਦੀ ਹੈ। ਜਿਵੇਂ, ਦੂਸਰਿਆਂ ਲੋਕਾਂ ਦੁਆਰਾ ਧਨ ਵੰਡਣ ਲਈ ਬਣਾਈਆਂ ਗਈਆਂ ਯੋਗ ਸਥਿਤੀਆਂ ਵਿੱਚ ਹੀ ਕੋਈ ਨਿਸ਼ਚਿਤ ਤੌਰ 'ਤੇ ਧਨ ਕਮਾ ਸਕਣ ਵਿਚ ਸਫ਼ਲ ਹੋਵੇ। ਜ਼ਰੂਰਤਮੰਦਾਂ ਨੂੰ ਫਾਇਦਾ ਪਹੁੰਚਾਉਣ ਦਾ ਉਦੇਸ਼ ਇਸਦੇ ਸਮਰੱਥ ਲੋਕਾਂ ਦੀ ਤੁਲਨਾਂ ਵਿਚ ਜ਼ਿਆਦਾ ਨਹੀਂ ਹੈ। ਇਹ ਨਿਰਵਿਵਾਦ ਧਾਰਨਾ ਹੈ ਕਿ ਇਕ ਵਿਅਕਤੀ ਦੀ ਸਮਰੱਥਾ ਅਤੇ ਅਗਵਾਈ ਸਮਾਜਿਕ ਪੂੰਜੀ ਹੁੰਦੀ ਹੈ, ਜਿਸਦੀ ਵਰਤੋਂ ਸਿਰਫ਼ ਉਸੇ ਸਥਿਤੀ ਲਈ ਹੋ ਸਕਦੀ ਹੈ ਜਿਸਦਾ ਉਦੇਸ਼ ਲੋਕਾਂ ਦੀ ਸੇਵਾ ਹੋਵੇ।

**ਸਮਾਨਤਾਵਾਦ: 'ਯੋਗ'ਵੰਡ**

ਜੇਕਰ ਅਸੀਂ ਸਮਾਨਤਾਵਾਦ ਵੱਲ ਮੁੜਦੇ ਹਾਂ ਤਾਂ ਇਹ ਪਤਾ ਲੱਗਦਾ ਹੈ ਕਿ ਇਕ ਵੱਖਰੇ ਤਰਕਸ਼ੀਲ ਰਾਹ ਦੁਆਰਾ ਕਲਿਆਣਵਾਦ ਨਾਲ ਮਿਲਦੇ ਜੁਲਦੇ ਸਿਧਾਂਤ ਉਪਰ ਹੀ ਪਹੁੰਚ ਜਾਂਦੇ ਹਾਂ। ਸਮਾਨਤਾਵਾਦ ਦੀ ਨੈਤਿਕ ਰੂਪਰੇਖਾ ਨਿਆਂ ਦੇ ਸਿਧਾਂਤ ਦੁਆਰਾ ਪਰਿਭਾਸ਼ਿਤ ਕੀਤੀ ਗਈ ਹੈ ਨਾ ਕਿ ਅਧਿਕਾਰ ਦੇ। ਜੇਕਰ ਅਸੀਂ ਸਮਾਜ ਨੂੰ ਸਮੁੱਚੇ ਰੂਪ ਵਿਚ ਵੇਖਦੇ ਹਾਂ, ਤਾਂ ਪਤਾ ਲੱਗਦਾ ਹੈ ਕਿ ਆਮਦਨੀ, ਧਨ ਅਤੇ ਸ਼ਕਤੀਆਂ ਦੀ ਵੰਡ, ਇਕ ਨਿਸ਼ਚਿਤ ਢੰਗ ਨਾਲ ਵਿਅਕਤੀਆਂ ਅਤੇ ਸਮੂਹਾਂ ਵਿਚ ਕੀਤੀ ਗਈ ਹੈ।

ਬੁਨਿਆਦੀ ਸਵਾਲ ਹੈ ਕਿ ਕੀ ਮੌਜੂਦਾ ਵੰਡ ਸਹੀ ਹੈ? ਜੇਕਰ ਨਹੀਂ ਤਾਂ ਇਸਨੂੰ ਮੁੜ ਵੰਡ ਦੀ ਸਰਕਾਰੀ ਯੋਜਨਾ ਨਾਲ ਦਰੁਸਤ ਕੀਤਾ ਜਾਣਾ ਚਾਹੀਦਾ ਹੈ। ਇਹ ਸ਼ੁੱਧ ਆਰਥਿਕ ਵਿਵਸਥਾ ਆਧਾਰਿਤ ਬਾਜ਼ਾਰ ਨਾਗਰਿਕਾਂ ਵਿਚਕਾਰ ਸਮਾਨਤਾ ਦਾ ਉਤਪਾਦਨ ਨਹੀਂ ਕਰਦਾ। ਪਰੰਤੂ ਕੁਝ ਸਮਾਨਤਾਵਾਦੀਆਂ ਨੇ ਇਹ ਦਾਅਵਾ ਕੀਤਾ ਹੈ ਕਿ ਨਿਆਂ ਦੁਆਰਾ ਨਤੀਜਿਆ ਦੇ ਸੰਬੰਧ ਵਿਚ ਮਜ਼ਬੂਤ ਬਰਾਬਰੀ ਦੀ ਜ਼ਰੂਰਤ ਹੈ।

ਆਮ ਤੌਰ ਤੇ ਸਮਾਨ ਨਤੀਜ਼ਿਆ ਦੇ ਸੰਬੰਧ ਵਿਚ ਨਿਸ਼ਚਿਤ ਧਾਰਣਾ ਹੈ ਕਿ ਸਮਾਨਤਾਂ ਤੋਂ ਹੋਣ ਵਾਲਾ ਉਲੰਘਣ (ਕਾਰਜ ਜਾਂ ਵਿਚਾਰ ਦਾ ਉਲੰਘਣ) ਸਮੁੱਚੇ ਸਮਾਜ ਲਈ ਲਾਭ ਦੇ ਸੰਦਰਭ ਵਿਚ ਤਰਕਸ਼ੀਲ ਹੋਣਾ ਚਾਹੀਦਾ ਹੈ। ਇਸ ਪ੍ਰਕਾਰ ਨਾਲ ਅੰਗਰੇਜ਼ੀ ਲੇਖਕ ਆਰ. ਐਚ ਤਾਵਨੇ ਨੇ ਲਿਖਿਆ ਹੈ ਕਿ "ਜੇਕਰ ਸਮੁਦਾਇ ਦੇ ਲਈ ਜ਼ਰੂਰੀ ਸੇਵਾਵਾਂ ਦੀ ਸੁਰੱਖਿਆ ਲਈ ਇਹ ਜਰੂਰੀ ਸਥਿਤੀ ਹੋਵੇ ਤਾਂ। ਪਰਸਥਿਤੀ ਵਿੱਚੋਂ ਜਨਮੀ ਅਸਮਾਨਤਾ ਨੂੰ ਸਹੀ ਦਿਸ਼ਾ ਵਿਚ ਸਮਝਾਇਆ ਜਾਣਾ ਚਾਹੀਦਾ ਹੈ"। ਜਾਨ ਰੋਲਸ ਦਾ ਮਸ਼ਹੂਰ "ਅਸਮਾਨਤਾ ਸਿਧਾਂਤ" ਕਹਿੰਦਾ ਹੈ- ਅਸਮਾਨਤਾਵਾਂ ਤਦ ਤੱਕ ਸਵੀਕਾਰਨ ਯੋਗ ਹਨ ਜਦ ਤੱਕ ਕਿ ਇਹ ਸਮਾਜ ਵਿਚ ਸਭ ਤੋਂ ਘੱਟ ਮਹੱਤਵਪੂਰਨ ਵਿਅਕਤੀ ਦੇ ਹਿੱਤਾਂ ਨੂੰ ਪੂਰਾ ਕਰਦੀਆਂ ਹਨ- ਇਹ ਇਸ ਦ੍ਰਿਸ਼ਟੀਕੋਣ ਨਾਲ ਸੰਬੰਧਿਤ ਸਭ ਤੋਂ ਨਿਵੇਕਲਾ ਉਦਾਹਰਣ ਹੈ। ਦੂਸਰੇ ਸ਼ਬਦਾ ਵਿਚ ਸਮਾਨਤਾਵਾਦੀਆਂ ਨੇ ਇਹ ਸਵੀਕਾਰਿਆ ਹੈ ਕਿ ਉਹ ਕਠੋਰ ਸਿਧ-ਪੱਧਰੇ ਉਤਪਾਦਨ ਉੱਪਰ ਵਿਨਾਸ਼ਕਾਰੀ ਪ੍ਰਭਾਵ ਪਾ ਸਕਦੇ ਹਨ। ਉਹ ਸਵੀਕਾਰ ਕਰਦੇ ਹਨ ਕਿ ਹਰ ਵਿਅਕਤੀ ਸਮਾਜ ਦੇ ਵਿਕਾਸ ਵਿੱਚ ਬਰਾਬਰ ਯੋਗਦਾਨ ਨਹੀਂ ਕਰਦਾ। ਲਿਹਾਜ਼ਾ ਲੋਕਾਂ ਨੂੰ ਉਹਨਾਂ ਦੀ ਉਤਪਾਦਨ ਯੋਗਤਾ ਅਨੁਸਾਰ ਲਾਭ ਮਿਲਣਾ ਚਾਹੀਦਾ ਹੈ, ਇਕ ਸੀਮਾ ਤੱਕ, ਉਹਨਾਂ ਦੀ ਬਿਹਤਰੀਨ ਕੋਸ਼ਿਸ਼ ਨੂੰ ਉਤਸ਼ਾਹ ਕਰਨ ਦੇ ਰੂਪ ਵਿਚ ਵੀ। ਪਰ ਇਸ ਤਰ੍ਹਾਂ ਦੀ ਕੋਈ ਵੀ ਅਸਮਨਾਤਾ ਉਸ ਸੀਮਾ ਤੱਕ ਹੀ ਹੋਣੀ ਚਾਹੀਦੀ ਹੈ ਜਿੱਥੋਂ ਤੱਕ ਇਹ ਸਮਾਜ ਦੇ ਲਈ ਸਹੀ ਹੋਵੇ।

ਇਸ ਸਿਧਾਂਤ ਦਾ ਤਰਕ-ਸ਼ਾਸਤ੍ਰੀ ਆਧਾਰ ਕੀ ਹੈ? ਸਮਾਨਤਾਵਾਦੀ ਅਕਸਰ ਇਹ ਦਲੀਲ ਦੇਂਦੇ ਹਨ ਕਿ ਇਹ ਸ਼ੁੱਧ ਰੂਪ ਨਾਲ ਨਿਆਂ ਦੇ ਬੁਨਿਆਦੀ ਸਿਧਾਂਤ ਨੂੰ ਮੰਨਦਾ ਹੈ। ਮਤਲਬ ਕਿ ਲੋਕਾਂ ਨਾਲ ਉਦੋਂ ਹੀ ਵੱਖਰੇ ਢੰਗ ਨਾਲ ਵਿਵਹਾਰ ਕੀਤਾ ਜਾਏਗਾ, ਜਦੋਂ ਉਹ ਨੈਤਿਕ ਰੂਪ ਨਾਲ ਪ੍ਰਸੰਗਿਕ ਤੌਰ ਤੇ ਵੱਖਰੇ ਹੋਣਗੇ। ਜੇਕਰ ਅਸੀਂ ਇਸ ਮੂਲ ਸਿਧਾਂਤ ਨੂੰ ਆਮਦਨੀ ਦੀ ਵੰਡ ਓਪਰ ਲਾਗੂ ਕਰਨ ਜਾ ਰਹੇ ਹਾਂ ਤਾਂ ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਹੋਵੇਗਾ ਕਿ ਸਮਾਜ ਅਸਲ ਵਿਚ ਆਮਦਨੀ ਦੀ ਵੰਡ ਦੇ ਕੰਮ ਵਿਚ ਲੱਗਾ ਹੋਇਆ ਹੈ। ਇਹ ਅੰਦਾਜ਼ਾ ਸਾਫ਼ ਤੌਰ ਤੇ ਗਲਤ ਹੈ। ਇੱਕ ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਵਿੱਚ ਆਮਦਨੀ ਉਪਭੋਗਤਾ, ਨਿਵੇਸ਼ਕਾਂ, ਕਰਮਚਾਰੀਆਂ ਅਤੇ ਮਜ਼ਦੂਰਾਂ ਆਦਿ ਦੀ ਪਸੰਦ ਦੁਆਰਾ

ਨਿਰਧਾਰਿਤ ਹੁੰਦੀ ਹੈ। ਇਹ ਪਸੰਦ ਮੰਗ ਅਤੇ ਪੂਰਤੀ ਦੇ ਨਿਯਮ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਕ ਸਫ਼ਲ ਵਿਉਪਾਰੀ ਇੱਕ ਦਿਹਾੜੀ ਕਰਨ ਵਾਲੇ ਮਜ਼ਦੂਰ ਤੋਂ ਬਹੁਤ ਜ਼ਿਆਦਾ ਕਮਾਉਂਦਾ ਹੈ। ਪਰੰਤੂ ਇਹ ਸਮਾਜ ਦੇ ਕਿਸੇ ਹਿੱਸੇ ਉਪਰ ਵਿਸ਼ੇਸ਼ ਤਵੱਜੋ ਦਾ ਨਤੀਜਾ ਨਹੀਂ ਹੁੰਦਾ। ਸਾਲ 2007 ਵਿੱਚ ਅਮਰੀਕਾ ਵਿੱਚ ਸਭ ਤੋਂ ਵੱਧ ਪੈਸੇ ਕਮਾਉਣ ਵਾਲੀ ਇਕ ਓਪਰਾ ਵਿਨਫ਼ਰੇ (Oprah Winfrey) ਨਾਮਕ ਕਲਾਕਾਰ ਸੀ। ਜਿਸਨੇ ਲਗਭਗ 260 ਮਿਲੀਅਨ ਅਮਰੀਕੀ ਡਾਲਰ ਕਮਾਏ। ਅਜਿਹਾ ਇਸ ਲਈ ਨਹੀਂ ਹੋਇਆ ਕਿ ਸਮਾਜ ਨੇ ਇਹ ਤੈਅ ਕੀਤਾ ਸੀ ਕਿ ਉਹ ਹੀ ਏਨਾਂ ਜ਼ਿਆਦਾ ਧਨ ਕਮਾਉਣ ਦੇ ਯੋਗ ਹੈ। ਬਲਕਿ ਇਸਦਾ ਕਾਰਣ ਉਹ ਲੱਖਾਂ ਪ੍ਰਸ਼ੰਸਕ ਸਨ ਜਿਨ੍ਹਾਂ ਨੇ ਉਸਦਾ ਪ੍ਰੋਗਰਾਮ ਵੇਖਣ ਦਾ ਫ਼ੈਸਲਾ ਕੀਤਾ। ਇੱਥੋਂ ਤੱਕ ਕਿ ਇਕ ਸਮਾਜਿਕ ਅਰਥਵਿਵਸਥਾ ਵਿੱਚ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਆਰਥਿਕ ਨਤੀਜੇ ਸਰਕਾਰੀ ਯੋਜਨਾ ਬਣਾਉਣ ਵਾਲੇ ਕਰਮਚਾਰੀਆਂ ਦੇ ਹੱਥਾਂ ਵਿੱਚ ਨਹੀਂ ਹਨ। ਇੱਥੋਂ ਤੱਕ ਜਿੱਥੇ ਸਾਧਾਰਣ ਕੰਮਕਾਜ ਦੇ ਪੱਧਰ ਉਪਰ ਵੀ ਭ੍ਰਿਸ਼ਟਾਚਾਰ ਹੈ ਉੱਥੋਂ ਨਤੀਜੇ ਅਧਿਕਾਰੀ ਤੰਤਰ ਦੇ ਆਪਸੀ ਮਤਭੇਦ, ਕਾਲਾ ਬਾਜ਼ਾਰੀ ਅਤੇ ਅਜਿਹੇ ਹੋਰ ਤੱਤਾਂ ਤੋਂ ਪ੍ਰਭਾਵਿਤ ਹੁੰਦੇ ਹਨ।

ਜਦਕਿ ਵੰਡ ਦੇ ਨਿੱਕੇ ਤੋਂ ਨਿੱਕੇ ਕੰਮ ਵੇਲੇ ਵੀ ਸਮਾਨਤਾਵਾਦੀ ਅਕਸਰ ਇਹ ਦਲੀਲ ਦੇਂਦੇ ਹਨ ਕਿ (ਇਹ ਸਮਾਜ ਦੀ ਜ਼ਿੰਮਵਾਰੀ ਹੈ ਕਿ) ਆਮਦਨੀ ਦੀ ਸੰਖਿਆਤਮਕ ਪੱਧਰ ਉਪਰ ਕੀਤੀ ਵੰਡ ਨਿਆਂਪੂਰਣ ਪੈਮਾਨੇ ਨਾਲ ਮੇਲ ਖਾਂਦੀ ਹੋਵੇ। ਕਿਉਂ? ਕਿਉਂਕਿ ਧਨ ਦਾ ਉਤਪਾਦਨ ਇਕ ਸਹਿਯੋਗੀ ਤੇ ਸਮਾਜਿਕ ਪ੍ਰਕਿਰਿਆ ਹੈ। ਇੱਕ ਆਪਣੇ ਗੁਜ਼ਾਰੇ ਯੋਗ ਉਤਪਾਦਨ ਕਰਤਾਵਾਂ ਦੇ ਸਮਾਜ ਤੋਂ ਵੱਖ ਇੱਕ ਸਮਾਜ ਵਿੱਚ ਜ਼ਿਆਦਾ ਧਨ ਦੇ ਉਤਪਾਦਨ ਦੀ ਵਿਸ਼ੇਸ਼ਤਾ ਵਿਉਪਾਰ ਤੇ ਮਜ਼ਦੂਰ ਦੀ ਵੀ ਵੰਡ ਉਪਰ ਨਿਰਭਰ ਕਰਦੀ ਹੈ। ਮਜ਼ਦੂਰ ਵਰਗ ਦਾ ਅਰਥ ਹੈ ਕਿ ਅੰਤਿਮ ਉਤਪਾਦਨ ਤਿਆਰ ਕਰਨ ਵਿੱਚ ਬਹੁਤ ਸਾਰੇ ਲੋਕਾਂ ਨੇ ਯੋਗਦਾਨ ਦਿੱਤਾ ਹੈ ਅਤੇ ਵਿਉਪਾਰ ਦਾ ਮਤਲਬ ਹੈ ਕਿ ਉਤਪਾਦਨ ਦੁਆਰਾ ਹਾਸਿਲ ਧਨ ਦੇ ਲਈ ਇਕ ਸਮਾਨ ਵਿਆਪਕ ਘੇਰੇ ਦੇ ਲੋਕਾਂ ਨੇ ਜ਼ਿੰਮੇਦਾਰੀਆਂ ਨੂੰ ਸਾਂਝਾ ਕੀਤਾ ਹੈ। ਅਜਿਹੇ ਵਿੱਚ ਉਤਪਾਦਨ ਇਹਨਾਂ ਸੰਬੰਧਾਂ ਦੁਆਰਾ ਰੂਪਾਂਤ੍ਰਿਤ ਹੁੰਦਾ ਹੈ। ਸਮੁੱਚੇ ਰੂਪ ਵਿਚ ਸਮਾਨਤਾਵਾਦ ਇਹ ਕਹਿੰਦਾ ਹੈ ਕਿ ਇਹ ਸਮੂਹ ਇੱਕ ਸਮੁੱਚ ਵਜੋਂ ਉਤਪਾਦਨ ਦੇ ਅਸਲੀ ਯੂਨਿਟ ਅਤੇ ਧਨ ਦੇ ਅਸਲੀ ਸ੍ਰੋਤ ਦੇ ਰੂਪ ਵਿਚ ਜਾਣਿਆ ਜਾਣਾ ਚਾਹੀਦਾ ਹੈ। ਘੱਟ ਤੋਂ ਘੱਟ ਇਹ ਇਕ ਸਹਿਯੋਗੀ ਅਤੇ ਇਕ ਗੈਰ-ਸਹਿਯੋਗੀ ਸਮਾਜ ਵਿਚਲੇ ਧਨ ਦੇ ਅੰਤਰ ਦਾ ਸ੍ਰੋਤ ਤਾਂ ਜ਼ਰੂਰ ਹੈ। ਇਸ ਪ੍ਰਕਾਰ ਸਮਾਜ ਨੂੰ ਇਹ ਜ਼ਰੂਰ ਸੁਨਸ਼ਿਚਿਤ ਕਰ ਲੈਣਾ ਚਾਹੀਦਾ ਹੈ ਕਿ ਮੁਨਾਫ਼ੇ ਦੀ ਵੰਡ ਸਾਰੇ ਸਹਿਯੋਗੀਆਂ ਵਿਚ ਨਿਆਂਪੂਰਣ ਢੰਗ ਨਾਲ ਹੋਵੇ।

ਪਰੰਤੂ ਇਹ ਦਲੀਲ ਸਿਰਫ਼ ਉਸੇ ਸਥਿਤੀ ਵਿਚ ਮੰਨਣਯੋਗ ਹੈ ਜਦ ਖ਼ੁਸ਼ਹਾਲੀ ਨੂੰ ਇਕ ਬੇਨਾਮ ਸਮਾਜਿਕ ਉਤਪਾਦਨ ਮੰਨਿਆ ਜਾਵੇ। ਜਿਸ ਵਿੱਚ ਸਹਿਭਾਗੀ ਦੇ ਵਿਅਕਤੀਗਤ ਯੋਗਦਾਨ ਨੂੰ ਪਹਿਲ ਦੇ ਸਕਣੀ ਅਸੰਭਵ ਹੋਵੇ। ਸਿਰਫ਼ ਏਸੇ ਮਾਮਲੇ ਵਿਚ ਉਤਪਾਦਨ ਦੀ ਹਿੱਸੇਦਾਰੀ ਦੀ ਨਿਆਂਯੁਕਤ ਵੰਡ ਲਈ 'ਆਫ਼ਟਰ ਦੀ ਫੈਕਟ" ਸਿਧਾਂਤ ਉਪਰ ਵਿਚਾਰ ਕਰਨਾ ਜ਼ਰੂਰੀ ਹੋਵੇਗਾ।ਪਰੰਤੂ ਇਹ ਨਿਸ਼ਚਿਤ ਧਾਰਣਾ ਫਿਰ ਇਕ ਵਾਰ ਸਪੱਸ਼ਟ ਰੂਪ ਵਿਚ ਗਲਤ ਸਾਬਿਤ ਹੁੰਦੀ ਹੈ। ਵਿਸ਼ੇਸ਼ ਅਰਥਾਂ ਵਿਚ ਸਮਾਜਿਕ ਉਤਪਾਦ, ਅਸਲ ਵਿਚ ਇਕ ਵਿਅਕਤੀਗਤ ਵਸਤੂ ਜਾਂ ਸੇਵਾਵਾਂ ਜੋ ਬਾਜ਼ਾਰ ਵਿਚ ਉਪਲੱਬਧ ਹਨ, ਦਾ ਵਿਆਪਕ ਲੜੀਦਾਰ ਸਮੂਹ ਹੈ। ਇਹ ਜਾਨਣਾ ਨਿਸ਼ਚਿਤ ਤੌਰ ਤੇ ਸੰਭਵ ਹੈ ਕਿ ਕਿਹੜੀ ਵਸਤੂ ਅਤੇ ਸੇਵਾਵਾਂ ਦੇ ਉਤਪਾਦਨ ਵਿਚ ਕਿਸ ਵਿਅਕਤੀ ਨੇ ਸਹਿਯੋਗ ਕੀਤਾ ਸੀ। ਅਤੇ ਜਦ ਕੋਈ ਉਤਪਾਦ ਲੋਕਾਂ ਦੇ ਇਕ ਸਮੂਹ ਦੁਆਰਾ, ਜਿਵੇਂ ਕਿ ਇਕ ਫਰਮ ਦੇ ਰੂਪ ਵਿਚ, ਉਤਪਾਦਿਤ ਕੀਤਾ ਜਾਂਦਾ ਹੈ, ਤਾਂ ਇਹ ਪਤਾ ਕਰਨਾ ਸੰਭਵ ਹੁੰਦਾ ਹੈ ਇਹ ਕਿਸਨੇ ਕੀਤਾ। ਆਖਿਰਕਾਰ ਇਕ ਉੱਦਮੀ ਕਰਮਚਾਰੀ ਫਾਲਤੂ ਵਿੱਚ ਸਮਾਂ ਕੱਟਣ ਲਈ ਕੰਮ ਉਪਰ ਨਹੀਂ ਰੱਖਿਆ ਜਾਂਦਾ। ਇਕ ਕਰਮਚਾਰੀ ਉਸਦੇ ਵਿਸ਼ੇਸ਼ ਗੁਣਾਂ ਕਾਰਣ ਨਿਯੁਕਤ ਕੀਤਾ ਜਾਂਦਾ ਹੈ ਜਿਸਦੇ ਯਤਨ ਨਾਲ ਅੰਤਿਮ ਉਤਪਾਦ ਤਿਆਰ ਹੁੰਦਾ ਹੈ। ਇਸ ਤੱਥ ਨੂੰ ਵਿਅਕਤੀਗਤ ਸਮਾਨਤਾਵਾਦੀਆਂ ਦੁਆਰਾ ਹੁੰਗਾਰਾ ਮਿਲਿਆ ਹੈ। ਜਦ ਕੋਈ ਸਮਾਜ ਦੀ ਕੁੱਲ ਸੰਪੱਤੀ ਵਿਚ ਵਾਧੇ ਲਈ ਜ਼ਿਆਦਾ ਉਤਪਾਦਕਤਾ ਦਿਖਾਉਂਦਾ ਹੈ ਤਦ ਪੁਰਸਕਾਰ ਦੇ ਰੂਪ ਵਿਚ ਅਸਮਾਨਤਾ ਸਵੀਕ੍ਰਿਤ ਹੁੰਦੀ ਹੈ। ਇਹ ਸੁਨਿਸ਼ਚਿਤ ਕਰਨ ਲਈ ਕਿ ਮੁਨਾਫ਼ਾ ਸਹੀ ਵਿਅਕਤੀ ਤੱਕ ਪਹੁੰਚੇ ਜਿਵੇਂ ਕਿ ਰਾਬਟ ਨਾਜ਼ਿਕ ਨੇ ਮਹਿਸੂਸ ਕੀਤਾ। ਇੱਥੋਂ ਤੱਕ ਕਿ ਸਮਾਨਤਾਵਾਦੀ ਨੂੰ ਵੀ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਵਿਅਕਤੀਗਤ ਯੋਗਦਾਨ ਦੀ ਭੂਮਿਕਾ ਦਾ ਪਤਾ ਲਗਾ ਸਕਦੇ ਹਨ।ਸੰਖੇਪ ਵਿਚ ਨਿਆਂ ਦੇ ਸਿਧਾਂਤ ਨੂੰ ਆਮਦਨੀ ਦੇ ਅੰਕੜਾ ਵੰਡ ਜਾਂ ਸੰਪੂਰਨ ਅਰਥ-ਵਿਵਸਥਾ ਦੇ ਵਿਕਾਸ ਉਪਰ ਲਾਗੂ ਕਰਨ ਦਾ ਕੋਈ ਆਧਾਰ ਨਹੀਂ ਹੈ। ਸਾਨੂੰ ਸ਼ੁਭਚਿੰਤਕ ਮਾਤਾ-ਪਿਤਾ ਦੁਆਰਾ ਭੋਜਨ ਦੀ ਮੇਜ਼ ਉਪਰ ਬੈਠੇ ਆਪਣੇ ਸਾਰਿਆਂ ਬੱਚਿਆਂ ਨੂੰ ਬਹੁਤ ਸਾਰੀ ਖਿਚੜੀ ਵਿੱਚੋਂ ਬਰਾਬਰ ਵੰਡਣ ਦੀ ਕੋਸ਼ਿਸ਼ ਦੀ ਤਸਵੀਰ ਯਾਦ ਕਰਕੇ ਬੇਫ਼ਿਕਰ ਹੋ ਜਾਣਾ ਚਾਹੀਦਾ ਹੈ। ਜਦ ਅਸੀਂ ਇਸ ਨਜ਼ਰੀਏ ਤੋਂ ਬੇਫ਼ਿਕਰ ਹੋ ਜਾਵਾਂਗੇ ਤਾਂ ਉਸ ਸਮੇਂ ਜੋ ਸਿਧਾਂਤ ਬਣੇਗਾ ਉਹ ਇਹੀ ਹੋਵੇਗਾ, ਜਿਸਦਾ ਸਮਰਥਨ ਭਾਵਨੇ, ਗਲਸ ਅਤੇ ਹੋਰ ਕਈਆਂ ਨੇ ਕੀਤਾ ਹੈ। ਉਹ ਸਿਧਾਂਤ ਜਿਸ ਵਿਚ ਅਸਮਾਨਤਾ ਉਸ ਹੱਦ ਤੱਕ ਸਵੀਕਾਰਨ ਯੋਗ ਹੈ ਜਦ ਤੱਕ ਉਹ ਸਾਰਿਆਂ ਦੀਆਂ ਜ਼ਰੂਰਤਾ ਨੂੰ ਪੂਰਾ ਕਰਦੀ ਹੈ? ਜੇਕਰ ਇਹ ਨਿਆਇਕ ਦ੍ਰਿਸ਼ਟੀ ਤੋਂ ਤਕਰਸੰਗਤ ਨਹੀਂ ਹੈ ਤਾਂ ਇਸਨੂੰ ਉਹਨਾਂ ਬੰਦਿਸ਼ਾ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ ਜੋ ਅਸੀਂ ਇਕ ਦੂਜੇ ਉਪਰ ਲਗਾਉਂਦੇ ਹਾਂ।

ਜੇਕਰ ਅਸੀਂ ਇਸਨੂੰ ਇਸ ਪ੍ਰਕਾਰ ਸਮਝਦੇ ਹਾਂ ਤਾਂ ਅਸੀਂ ਵੇਖ ਸਕਦੇ ਹਾਂ ਕਿ ਅਸੀਂ ਕਲਿਆਣ ਦੇ ਅਧਿਕਾਰਾਂ ਦੇ ਆਧਾਰ ਜਿਹੇ ਸਿਧਾਂਤ ਦਾ ਹੀ ਪਤਾ ਲਗਾਇਆ ਹੈ। ਇਹ ਸਿਧਾਂਤ ਕਹਿੰਦਾ ਹੈ ਕਿ ਉਤਪਾਦਕ ਆਪਣੇ ਯਤਨਾਂ ਦਾ ਫਲ ਸਿਰਫ ਉਹਨਾਂ ਸਥਿਤੀਆਂ ਵਿਚ ਹੀ ਭੋਗ ਸਕਦਾ ਹੈ ਜਦ ਇਸ ਨਾਲ ਦੂਸਰਿਆਂ ਲੋਕਾਂ ਨੂੰ ਵੀ ਲਾਭ ਹੋ ਰਿਹਾ ਹੋਵੇ। ਇੱਥੇ ਉਤਪਾਦਨ ਸਿਰਜਣ ਜਾਂ ਧਨ ਕਮਾਉਣ ਦੀ ਕੋਈ ਬੰਦਿਸ਼ ਨਹੀਂ ਹੈ। ਪਰੰਤੂ ਤੁਸੀਂ ਅਜਿਹਾ ਕਰਦੇ ਹੋ ਤਾਂ ਦੂਸਰਿਆਂ ਦੀਆਂ ਜ਼ਰੂਰਤਾਂ ਤੁਹਾਡੇ ਕੰਮਾਂ ਉਪਰ ਇਕ ਨਿਯੰਤਰਣ ਜਾਂ ਪ੍ਰਤੀਬੰਦ ਦੇ ਰੂਪ ਵਿਚ ਪ੍ਰਗਟ ਹੋਣਗੀਆਂ। ਤੁਹਾਡੀ ਸਮਰੱਥਾ, ਤੁਹਾਡੀ ਪ੍ਰਤੀਨਿਧਤਾ, ਤੁਹਾਡਾ ਵਿਵੇਕ ਆਪਣੇ ਲਕਸ਼ ਦੇ ਪ੍ਰਤੀ ਤੁਹਾਡੀ ਨਿਸ਼ਠਾ ਅਤੇ ਹੋਰ ਸਾਰੀਆਂ ਵਿਸ਼ੇਸ਼ਤਾਵਾਂ ਜੋ ਸਫ਼ਲਤਾ ਨੂੰ ਸੰਭਵ ਬਣਾਉਂਦੀਆਂ ਹਨ, ਇਕ ਨਿੱਜੀ ਸੰਪੱਤੀ ਹੈ ਜੋ ਤੁਹਾਨੂੰ ਘੱਟ ਸਮਰੱਥ ਪ੍ਰਤੀਨਿਧਤਾ, ਵਿਵੇਕ ਤੇ ਨਿਸ਼ਠਾ ਵਾਲੇ ਲੋਕਾਂ ਦੇ ਫਰਜ਼ ਦੇ ਦਾਇਰੇ ਵਿਚ ਲਿਆਉਂਦੀ ਹੈ। ਦੂਸਰੇ ਸ਼ਬਦਾਂ ਵਿਚ ਸਮਾਜਿਕ ਨਿਆਂ ਦੀ ਹਰੇਕ ਮੁੜ ਉਸਾਰੀ ਇਸ ਨਿਸ਼ਚਿਤ ਧਾਰਣਾ ਉਪਰ ਆਧਾਰਿਤ ਹੈ ਕਿ ਵਿਅਕਤੀਗਤ ਸਮਰੱਥਾ ਇਕ ਸਮਾਜਿਕ ਸੰਪਤੀ ਹੈ। ਇਹ ਨਿਸ਼ਚਿਤ ਨਿਰਣਾ ਸਿਰਫ ਇਹ ਨਹੀਂ ਕਹਿੰਦਾ ਕਿ ਵਿਅਕਤੀ ਆਪਣੇ ਵਿਵੇਕ ਦਾ ਇਸਤੇਮਾਲ ਘੱਟ ਸਮਰੱਥਾਂ ਵਾਲੇ ਲੋਕਾਂ ਨੂੰ ਦਬਾਉਣ ਲਈ ਕਰ ਸਕਦਾ ਹੈ। ਨਾ ਹੀ ਇਹ ਧਾਰਣਾ ਸਿਰਫ਼ ਇਹ ਕਹਿੰਦੀ ਹੈ ਕਿ ਦਿਆਲੂਤਾ ਜਾਂ ਉਦਾਰਤਾ ਹੀ ਨੈਤਿਕਤਾ ਹੈ। ਇਹ ਕਹਿੰਦੀ ਹੈ ਕਿ ਇਨਸਾਨਾਂ ਨੂੰ ਖੁਦ ਨੂੰ ਸਨਮਾਨ ਦੇਣਾ ਚਾਹੀਦਾ ਹੈ ਘੱਟ ਤੋਂ ਘੱਟ ਉਸ ਹਿੱਸੇ ਲਈ ਜਿਸਦਾ ਮੰਤਵ ਦੂਸਰੇ ਲੋਕਾਂ ਦੀ ਬਿਹਤਰੀ ਹੈ। ਅਤੇ ਇੱਥੇ ਅਸੀਂ ਇਸ ਮਾਮਲੇ ਦੇ ਕੇਂਦਰ ਬਿੰਦੂ ਉਪਰ ਪਹੁੰਚ ਗਏ ਹਾਂ। ਦੂਸਰੇ ਵਿਅਕਤੀਆਂ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਮੈਂ ਜਾਣਿਆ ਕਿ ਇਹ ਆਪਣੇ ਆਪ ਵਿਚ ਹੀ ਖਤਮ ਹੋ ਗਈ, ਇਸ ਕਿਰਿਆ ਨੂੰ ਸਿਰਫ ਆਪਣੀ ਸੰਤੁਸ਼ਟੀ ਦੇ ਤੌਰ ਤੇ ਹੀ ਨਹੀਂ ਵੇਖਣਾ ਚਾਹੀਦਾ ਜਿਵੇਂ ਕਿ ਨਿਰਜੀਵ ਵਸਤੂਆਂ ਨਾਲ ਵਿਵਹਾਰ ਕੀਤਾ ਜਾਂਦਾ ਹੈ। ਕਿਉਂ ਫਿਰ ਇਹ ਆਪਣੇ ਆਪ ਵਿਚ ਖਤਮ ਹੋ ਜਾਣ ਕਾਰਨ ਸਮਾਜ ਰੂਪ ਵਿਚ ਨੈਤਿਕ ਨਹੀਂ?

ਮੈਨੂੰ ਕਿਉਂ, ਆਪਣੇ ਆਪ ਨੂੰ ਦੂਸਰਿਆਂ ਦੀ ਸੇਵਾ ਦੇ ਸਾਧਨ ਵਜੋਂ ਸਤਿਕਾਰ ਜਾਂ ਆਪਣੇ ਸਵੈ ਦੀ ਇਕ ਨੈਤਿਕ ਹੋਂਦ ਵਜੋਂ ਕਦਰ ਕਰਨ ਦੇ ਭਾਵ ਤੋਂ ਮੁਕਤ ਨਹੀਂ ਹੋਣਾ ਚਾਹੀਦਾ? ਨੈਤਿਕਤਾ ਦੇ ਤੌਰ ਤੇ ਮੇਰੇ ਆਪਣੇ ਆਪ ਲਈ ਪ੍ਰਤਿਸ਼ਠਾ ਨੂੰ ਸਤਿਕਾਰ ਤੋਂ ਵਾਂਝਿਆ ਰੱਖਣ ਲਈ, ਕਿਉਂ ਨਾ ਮੈਨੂੰ, ਦੂਸਰਿਆਂ ਦੀ ਸੇਵਾ ਦਾ ਸਾਧਨ ਬਨਣ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ?

**ਵਿਅਕਤੀਵਾਦੀ ਵਿਵਹਾਰ ਨੀਤੀ ਦੇ ਵੱਲ**

ਪੂੰਜੀਵਾਦ ਲਈ ਆਇਨ ਰੈਂਡ ਦੁਆਰਾ ਉਠਾਇਆ ਮੁੱਦਾ ਵਿਅਕਤੀਵਾਦੀ ਵਿਵਹਾਰ ਨੀਤੀ ਉਪਰ ਧਿਆਨ ਕੇਂਦਰਿਤ ਕਰਦਾ ਹੈ, ਜੋ ਕਿ ਆਪਣੇ ਨਿੱਜੀ ਲਾਭ

ਦੇ ਅਧਿਕਾਰ ਨੂੰ ਅੱਗੇ ਵਧਾਉਣ ਅਤੇ ਪਰਉਪਕਾਰਵਾਦ ਨੂੰ ਮੂਲੋਂ ਹੀ ਨਕਾਰਨ ਨੂੰ ਪਹਿਚਾਨ ਦੇਂਦਾ ਹੈ।

ਪਰਉਪਕਾਰਵਾਦ ਇਹ ਦਲੀਲ ਦੇਂਦਾ ਹੈ ਕਿ ਜੀਵਨ ਸਾਨੂੰ ਕੁਝ ਬੁਨਿਆਦੀ ਚੁਨਾਓ ਨਾਲ ਪੇਸ਼ ਕਰਦਾ ਹੈ। ਜਾਂ ਤਾਂ ਸਾਨੂੰ ਆਪਣੇ ਲਈ ਕਿਸੇ ਹੋਰ ਤੋਂ ਬਲੀਦਾਨ ਦਵਾਉਂਣਾ ਪਵੇਗਾ, ਜਾਂ ਕਿਸੇ ਦੂਸਰੇ ਲਈ ਬਲੀਦਾਨ ਦੇਣਾ ਪਵੇਗਾ। ਪਿਛਲਾ ਚੁਨਾਓ ਕਾਰਜ ਦੀ ਪਰਉਪਕਾਰੀ ਪਰਕਿਰਿਆ ਹੈ। ਅਤੇ ਧਾਰਣਾ ਇਹ ਹੈ ਕਿ ਇਕ ਸ਼ਿਕਾਰੀ ਦੀ ਜ਼ਿੰਦਗੀ ਵਾਂਗ ਸਾਨੂੰ ਕੋਈ ਇਕ ਵਿਕਲਪ ਚੁਨਣਾ ਪੈਂਦਾ ਹੈ। ਆਇਨ ਰੈਂਡ ਅਨੁਸਾਰ ਇਹ ਵਿਕਲਪ ਇਕ ਭਰਮ ਜਾਂ ਝੂਠ ਹੈ। ਜ਼ਿੰਦਗੀ ਨੂੰ ਕਿਸੇ ਵੀ ਦਿਸ਼ਾ ਵਿਚ ਬਲੀਦਾਨ ਦੀ ਲੋੜ ਨਹੀਂ ਹੁੰਦੀ। ਵਿਵੇਕਸ਼ੀਲ ਲੋਕਾਂ ਦੇ ਹਿੱਤ ਨਹੀਂ ਟਕਰਾਉਂਦੇ। ਵਾਸਤਵਿਕ ਨਿੱਜੀ ਹਿੱਤ ਦੀ ਪ੍ਰਾਪਤੀ ਲਈ ਸਾਨੂੰ ਦੂਸਰਿਆਂ ਨਾਲ ਸ਼ਾਤੀਪੂਰਨ ਢੰਗ ਨਾਲ ਵਿਵਹਾਰ ਕਰਨਾ ਚਾਹੀਦਾ ਹੈ। ਮਤਲਬ ਸਵੈ-ਇੱਛਾ ਅਧਾਰਿਤ ਵਟਾਂਦਰਾ।

ਅਜਿਹਾ ਕਿਉਂ ਹੈ ਇਹ ਜਾਨਣ ਲਈ ਅਸੀਂ ਸਵਾਲ ਕਰਦੇ ਹਾਂ ਕਿ ਅਸੀਂ ਇਹ ਕਿਵੇਂ ਨਿਰਣਾ ਕਰਾਂਗੇ ਕਿ ਸਾਡੇ ਨਿੱਜੀ ਹਿੱਤਾਂ ਵਿਚ ਕੀ ਸ਼ਾਮਿਲ ਹੈ। ਹਿੱਤ ਉਹ ਮੁੱਲ ਹਨ ਜਿਨ੍ਹਾਂ ਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ। ਜਿਵੇਂ ਧਨ, ਖੁਸ਼ੀ, ਸੁਰੱਖਿਆ, ਪਿਆਰ ਆਤਮ ਸਨਮਾਨ ਜਾਂ ਕੋਈ ਦੂਸਰੀ ਚੰਗਿਆਈ। ਰੈਂਡ ਦਾ ਨੈਤਿਕ ਦਰਸ਼ਨ-ਸ਼ਾਸਤ੍ਰ, ਮੌਲਿਕ ਮੁੱਲ, ਸਮੱਮ ਬੋਨਮ (Summum Bonum) (ਸਭ ਤੋਂ ਵੱਡੀ ਚੰਗਿਆਈ), ਜ਼ਿੰਦਗੀ ਦੀ ਅੰਤਰ ਦ੍ਰਿਸ਼ਟੀ ਹੈ; ਇਹ ਜੀਵਨ-ਤੰਤਰ ਦੀ ਹੋਂਦ ਹੈ। ਨਿਰੰਤਰ ਕਾਰਜ ਦੁਆਰਾ ਮਨੁੱਖੀ ਥੌੜਾਂ ਨੂੰ ਪੂਰਿਆਂ ਕਰਕੇ ਓਹਨਾਂ ਨੂੰ ਸੰਤੁਲਿਤ ਰੱਖਣ ਲਈ ਮੁੱਲਾਂ ਦੀ ਜ਼ਰੂਰਤ ਹੁੰਦੀ ਹੈ। ਇਹੀ ਜ਼ਰੂਰਤ ਮੁੱਲ ਦੇ ਸਮੁੱਚੇ ਦਰਸ਼ਨ ਨੂੰ ਉਸਾਰਦੀ ਹੈ। ਜ਼ਿੰਦਗੀ ਤੋਂ ਬਿਨਾਂ ਸੰਸਾਰ ਤੱਥਾਂ ਦਾ ਸੰਸਾਰ ਹੈ, ਮੁਲਾਂ ਦਾ ਨਹੀਂ। ਸੰਸਾਰ ਦੀ ਇਕ ਅਜਿਹੀ ਸਥਿਤੀ ਜਿਸਨੂੰ ਨਾ ਤਾਂ ਦੂਸਰੀ ਤੋਂ ਬਿਹਤਰ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਖ਼ਰਾਬ। ਇਸ ਲਈ ਮੁੱਲਾਂ ਦਾ ਮੌਲਿਕ ਮਾਪਦੰਡ ਉਹ ਸੰਦਰਭ ਹੈ ਜਿਸਦੇ ਮਾਧਿਅਮ ਦੁਆਰਾ ਇਕ ਵਿਅਕਤੀ ਨੂੰ ਇਹ ਤੈਅ ਕਰਨਾ ਚਾਹੀਦਾ ਹੈ ਕਿ ਉਸਦੇ ਜੀਵਨ ਵਿਚ ਕੀ ਓਸਦੇ ਹੱਕ ਵਿੱਚ ਹੈ। ਇਹ ਇਕ ਪਲ ਤੋਂ ਦੂਸਰੇ ਪਲ ਤੱਕ ਜਿਊਣ ਤੱਕ ਹੀ ਸੀਮਤ ਨਹੀਂ, ਬਲਕਿ ਉਸਦੀ ਅੰਦਰੂਨੀ ਸ਼ਕਤੀ ਦੁਆਰਾ ਵਰਤਮਾਨ ਵਿਚਲੇ ਅਨੁਭਵ ਦੇ ਮਾਧਿਅਮ ਨਾਲ ਉਸਦੀਆਂ (ਮਨੁੱਖ ਦੀਆਂ) ਜ਼ਰੂਰਤਾਂ ਦਾ ਪੂਰਨ ਸੰਤੋਸ਼ ਹੋਣਾ ਚਾਹੀਦਾ ਹੈ।

ਮਨੁੱਖ ਦੀ ਬਨਿਆਦੀ ਜ਼ਰੂਰਤ ਜਾਂ ਜੀਵਨ ਜਿਊਣ ਲਈ ਉਸਦੀ ਬੁਨੀਆਦੀ ਲੋੜ ਓਸਦੀ ਤਰਕਸ਼ੀਲ ਸਮਰੱਥਾ ਹੈ। ਤਰਕ ਹੀ ਸਾਨੂੰ ਉਤਪਾਕਦਤਾ ਦੁਆਰਾ ਜਿਊਣ ਦੀ ਸੁਵਿਧਾ ਦਿੰਦਾ ਹੈ ਅਤੇ ਇਸ ਨਾਲ ਹੀ ਅਸੀਂ ਸ਼ਿਕਾਰ ਦੇ ਖ਼ਤਰਨਾਕ ਪੱਧਰ ਤੇ ਬੇਬੁਨਿਆਦ ਸਮੂਹੀਕਰਣ ਦੇ ਪੱਧਰ ਤੋਂ ਓਪਰ ਓੱਠ ਸਕਦੇ ਹਾਂ। ਤਰਕ ਹੀ ਭਾਸ਼ਾ

ਦਾ ਆਧਾਰ ਹੈ, ਜੋ ਸਾਡੇ ਲਈ ਗਿਆਨ ਨੂੰ ਵੰਡ ਸਕਣ ਅਤੇ ਇੱਕ ਦੂਜੇ ਦੀ ਸਹਾਇਤਾ ਕਰ ਸਕਣ ਨੂੰ ਸੰਭਵ ਬਣਾਉਂਦਾ ਹੈ। ਅਮੂਰਤ ਨਿਯਮਾਂ ਦੁਆਰਾ ਸਮਾਜਿਕ ਸੰਸਥਾਵਾਂ ਦੇ ਸ਼ਾਸਨ ਦਾ ਆਧਾਰ ਵੀ ਤਰਕ ਹੀ ਹੈ। ਨੈਤਿਕਤਾ ਦਾ ਓਦੇਸ਼ ਸਾਡੇ ਜੀਵਨ ਵਿੱਚ ਤਰਕ ਅਨੁਸਾਰ ਜ਼ਿੰਦਗੀ ਜਿਊਣ ਦੇ ਮਾਪਦੰਡ ਬਨਾਉਣਾ ਹੈ।

ਤਰਕ ਨਾਲ ਜੀਵਨ ਜਿਊਣ ਲਈ ਸਾਨੂੰ ਆਜ਼ਾਦੀ ਨੂੰ ਸਦਗੁਣ/ਸਮਰੱਥਾ ਦੇ ਰੂਪ ਵਿੱਚ ਸਵੀਕਾਰ ਕਰਨਾ ਚਾਹੀਦਾ ਹੈ। ਤਰਕ ਕਿਸੇ ਵਿਅਕਤੀ ਦੇ ਮਨ ਦੀ ਸ਼ਕਤੀ ਹੈ। ਅਸੀਂ ਚਾਹੇ ਦੂਸਰਿਆਂ ਤੋਂ ਕਿੰਨਾ ਹੀ ਸਿਖੀਏ, ਸੋਚਣ ਦਾ ਕੰਮ ਕਿਸੇ ਇਕ ਵਿਅਕਤੀ ਦੇ ਦਿਮਾਗ ਵਿਚ ਹੀ ਹੁੰਦਾ ਹੈ। ਇਸਦੀ ਸ਼ੁਰੂਆਤ ਸਾਡੇ ਸਾਰਿਆਂ ਵਿੱਚੋਂ ਹਰੇਕ ਨੂੰ ਸਵੈ-ਇੱਛਾ ਨਾਲ ਕਰਨੀ ਚਾਹੀਦੀ ਹੈ ਅਤੇ ਇਸਦਾ ਨਿਰਦੇਸ਼ਨ ਸਾਡੇ ਆਪਣੇ ਮਾਨਸਿਕ ਅਭਿਆਸ ਦੁਆਰਾ ਹੋਣਾ ਚਾਹੀਦਾ ਹੈ। ਇਸ ਲਈ ਤਰਕਸ਼ੀਲਤਾ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਜੀਵਨ ਦੇ ਨਿਰਦੇਸ਼ਨ ਅਤੇ ਇਸਨੂੰ ਸੰਭਾਲਣ ਦੀ ਜ਼ਿੰਮੇਵਾਰੀ ਲਈਏ।

ਤਰਕ ਨਾਲ ਜਿਊਣ ਲਈ ਸਾਨੂੰ ਉਤਪਾਦਕਤਾ ਨੂੰ ਵੀ ਗੁਣ ਦੇ ਰੂਪ ਵਿਚ ਸਵੀਕਾਰ ਕਰਨਾ ਚਾਹੀਦਾ ਹੈ। ਮਨੁੱਖ ਦੂਸਰਿਆਂ ਜਾਨਵਰਾਂ ਵਾਂਗ ਆਪਣੀਆਂ ਜ਼ਰੂਰਤਾਂ ਲਈ ਪ੍ਰਕਿਤੀ ਤੋਂ ਮਿਲਣ ਵਾਲੀਆਂ ਚੀਜ਼ਾਂ ਉਪਰ ਨਿਰਭਰ ਨਹੀਂ ਰਹਿ ਸਕਦਾ। ਨਾ ਹੀ ਉਹ ਪਰ-ਜੀਵੀ (ਪੰਛੀਆਂ) ਵਾਂਗ ਦੂਸਰਿਆਂ ਉਪਰ ਨਿਰਭਰ ਰਹਿ ਸਕਦਾ ਹੈ।

ਰੈਂਡ ਦਾ ਤਰਕ ਹੈ ਕਿ "ਜੇਕਰ ਕੋਈ ਵਿਅਕਤੀ ਤਾਕਤ ਦੇ ਜ਼ੋਰ ਨਾਲ ਜਾਂ ਧੋਖੇਬਾਜ਼ੀ ਨਾਲ, ਲੁੱਟ ਮਾਰ ਕਰਕੇ, ਡਾਂਗਾ ਮਾਰਕੇ ਜਾਂ ਕਿਸੇ ਨੂੰ ਦਾਸ ਬਣਾ ਕੇ ਜਿਊਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸੱਚ ਏਹੀ ਰਹੇਗਾ ਕਿ ਉਸਦਾ ਜੀਵਨ ਸਿਰਫ਼ ਸ਼ਿਕਾਰ ਬਣਾਏ ਗਏ ਵਿਅਕਤੀ ਦੇ ਦੁੱਖ ਦੁਆਰਾ ਬਣਾਇਆ ਗਿਆ ਹੈ। ਲੁਟੇਰੇ ਸਿਰਫ਼ ਉਹਨਾਂ ਲੋਕਾਂ ਦੇ ਬਾਰੇ ਵਿੱਚ ਸੋਚਦੇ ਹਨ ਜੋ ਉਤਪਾਦਨ ਕਰਦੇ ਹਨ ਅਤੇ ਇਹਨਾਂ ਉਤਪਾਦਕਾ ਨੂੰ ਬਾਅਦ ਵਿਚ ਲੁੱਟਦੇ ਹਨ। ਅਜਿਹੇ ਲੁਟੇਰੇ ਜੀਵਨ ਨਿਰਬਾਹ ਦੇ ਆਯੋਗ ਤੇ ਪਰਨਿਰਭਰ ਹੁੰਦੇ ਹਨ। ਜੋ ਸਿਰਫ਼ ਸਮਰੱਥ ਲੋਕਾਂ ਨੂੰ ਖਤਮ ਕਰਕੇ ਹੀ ਹੋਂਦ ਬਣਾਈ ਰੱਖਦੇ ਹਨ, ਉਹ ਸਮਰੱਥ ਲੋਕਾਂ ਨੂੰ ਜੋ ਮਨੁੱਖ ਹੋਣ ਦੀ ਕਾਰਜਾਤਕਮ ਪ੍ਰਣਾਲੀ ਨੂੰ ਪੂਰਨ ਰੂਪ ਵਿਚ ਜਿਊਂਦੇ ਹਨ।

ਅਹੰਕਾਰੀ ਬਾਰੇ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਜੋ ਚਾਹੁੰਦਾ ਹੈ ਉਸਨੂੰ ਪਾਉਣ ਲਈ ਕੁੱਝ ਵੀ ਕਰੇਗਾ। ਅਹੰਕਾਰੀ ਉਹ ਹੈ ਜੋ ਝੂਠ ਬੋਲੇ, ਚੋਰੀ ਕਰੇ ਅਤੇ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਦੂਸਰਿਆਂ ਉਪਰ ਹਾਵੀ ਹੋ ਜਾਵੇ, ਜ਼ਿਆਦਾਤਰ ਲੋਕਾਂ ਵਾਂਗ ਜੀਵਨ ਦੇ ਇਸ ਰੂਪ ਨੂੰ ਰੈਂਡ ਅਨੈਤਿਕ ਕਹਿੰਦੀ ਹੈ। ਪਰੰਤੂ ਉਸਦਾ ਤਰਕ ਇਹ ਹੈ ਕਿ ਇਹ ਦੂਸਰਿਆਂ ਲਈ ਨੁਕਸਾਨਦੇਹ ਨਹੀਂ

ਸਗੋਂ ਆਪਣੇ ਆਪ ਲਈ ਨੁਕਸਾਨਦੇਹ ਹੈ। ਵਿਅਕਤੀਵਾਦੀ ਇੱਛ ਇਸ ਗੱਲ ਦੀ ਪਰੀਖਿਆ ਨਹੀਂ ਹੈ ਕਿ ਕੀ ਕੁਝ ਸਾਡੇ ਹਿੱਤ ਵਿਚ ਹੈ ਅਤੇ ਕੀ ਨਹੀਂ। ਧੋਖਾ, ਚੋਰੀ ਅਤੇ ਜ਼ੋਰ-ਜ਼ਬਰਦਸਤੀ ਜੀਵਨ ਵਿਚ ਸਫ਼ਲਤਾ ਹਾਸਿਲ ਕਰਨ ਲਈ ਨਹੀਂ ਹੈ। ਜੋ ਗੁਣ ਮੈਂ ਗਿਣਾਏ ਹਨ ਉਹ ਵਸਤੂਗਤ ਮਾਪਦੰਡ ਦੇ ਗੁਣ ਹਨ। ਉਹ ਮਨੁੱਖ ਦੇ ਸੁਭਾਅ ਦੀ ਜੜ੍ਹ ਵਿਚ ਹਨ ਅਤੇ ਇਹ ਹਰ ਮਨੁੱਖ ਉਪਰ ਲਾਗੂ ਹੁੰਦੇ ਹਨ। ਪਰੰਤੂ ਉਹਨਾਂ ਦਾ ਉਦੇਸ਼ ਹਰ ਵਿਅਕਤੀ ਨੂੰ ਆਪਣੇ ਜੀਵਨ ਵਿਚ ਉਸ ਪਰਮ ਆਨੰਦ ਨੂੰ ਪ੍ਰਾਪਤ ਕਰਨ, ਬਣਾਈ ਰੱਖਣ ਅਤੇ ਉਸਦਾ ਅੰਤ ਤੱਕ ਸਵਾਦ ਲੈ ਸਕਣ, ਦੇ ਲਈ ਸਮਰੱਥ ਬਣਾਉਂਦਾ ਹੈ। ਇਸ ਲਈ ਨੈਤਿਕਤਾ ਦਾ ਉਦੇਸ਼ ਸਾਨੂੰ ਇਹ ਦੱਸਣਾ ਹੈ ਕਿ ਕਿਵੇਂ ਅਸੀਂ ਆਪਣੇ ਵਾਸਤਵਿਕ ਹਿੱਤਾਂ ਨੂੰ ਹਾਸਿਲ ਕਰੀਏ ਨਾ ਕਿ ਉਹਨਾਂ ਦਾ ਬਲੀਦਾਨ ਦਈਏ।

## ਵਿਉਪਾਰੀ ਦੇ ਸਿਧਾਂਤ

ਤਾਂ ਫਿਰ ਸਾਨੂੰ ਕਿਵੇਂ ਦੂਸਰਿਆਂ ਨਾਲ ਵਿਉਪਾਰ ਕਰਨਾ ਚਾਹੀਦਾ ਹੈ? ਰੈਂਡ ਦੀ ਸਮਾਜਿਕ ਨੈਤਿਕਤਾ ਦੋ ਬੁਨਿਆਦੀ ਸਿਧਾਂਤਾ ਉਪਰ ਟਿਕੀ ਹੋਈ ਹੈ। ਅਧਿਕਾਰਾਂ ਦਾ ਸਿਧਾਂਤ ਕਹਿੰਦਾ ਹੈ ਕਿ ਸਾਨੂੰ ਉਹਨਾਂ ਦੇ ਖਿਲਾਫ ਕਿਸੇ ਬਲ ਜਾਂ ਸ਼ਕਤੀ ਦੇ ਪ੍ਰਯੋਗ ਦੀ ਸ਼ੁਰੂਆਤ ਕਰਨ ਤੋਂ ਬਿਨਾਂ ਦੂਸਰਿਆਂ ਨਾਲ ਸ਼ਾਂਤੀਪੂਰਵਕ ਅਤੇ ਸਵੈਇੱਛਕ ਵਟਾਂਦਰੇ ਨਾਲ ਵਿਉਪਾਰ ਕਰਨਾ ਚਾਹੀਦਾ ਹੈ।

ਇਸੇ ਪ੍ਰਕਾਰ ਹੀ ਅਸੀਂ ਆਪਣੇ ਉਤਪਾਦਕ ਯਤਨਾਂ ਦੇ ਆਧਾਰ ਤੇ ਸੁਤੰਤਰ ਰੂਪ ਨਾਲ ਰਹਿ ਸਕਦੇ ਹਨ। ਜੋ ਵਿਅਕਤੀ ਦੂਸਰਿਆਂ ਨੂੰ ਨਿਯੰਤ੍ਰਿਤ ਕਰਕੇ ਜਿਊਣ ਦੀ ਕੋਸ਼ਿਸ਼ ਕਰਦਾ ਹੈ ਉਹ ਪਰਜੀਵੀ (ਦੂਜਿਆਂ ਉਪਰ ਨਿਰਭਰ) ਹੁੰਦਾ ਹੈ। ਇਸ ਤੋਂ ਇਲਾਵਾ ਇਕ ਸੰਗਠਿਤ ਸਮਾਜ ਦੇ ਅੰਦਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਆਪਣੇ ਨਿੱਜੀ ਅਧਿਕਾਰਾਂ ਦਾ ਸਨਮਾਨ ਹੋਵੇ ਤਾਂ ਸਾਨੂੰ ਦੂਸਰਿਆਂ ਦੇ ਅਧਿਕਾਰਾਂ ਦਾ ਸਨਾਮਨ ਵੀ ਕਰਨਾ ਚਾਹੀਦਾ ਹੈ। ਸਿਰਫ਼ ਇਸੇ ਤਰ੍ਹਾਂ ਹੀ ਅਸੀਂ ਸਮਾਜਿਕ ਸੰਪਕਰਕ ਨਾਲ ਆਉਣ ਵਾਲੇ ਬਹੁਤ ਸਾਰੇ ਲਾਭ ਪ੍ਰਾਪਤ ਕਰ ਸਕਦੇ ਹਾਂ। ਜਿਵੇਂ ਕਿ ਆਰਥਿਕ ਅਤੇ ਬੌਧਿਕ ਵਟਾਂਦਰੇ ਅਤੇ ਨਾਲ ਹੀ ਵਧੇਰੇ ਅੰਤਰ ਸੰਬੰਧਿਤ ਮੁੱਲਾਂ ਦਾ ਲਾਭ ਪ੍ਰਾਪਤ ਕਰ ਸਕਦੇ ਹਾਂ। ਇਹਨਾਂ ਲਾਭ/ਮੁਨਾਫ਼ਿਆ ਦਾ ਸ੍ਰੋਤ ਸਮਝਦਾਰੀ, ਉਤਪਾਦਕਤਾ, ਦੂਸਰਿਆਂ ਵਿਅਕਤੀਆਂ ਦਾ ਵਿਅਕਤਿੱਤਵ ਹੈ। ਇਹਨਾਂ ਗੱਲਾਂ ਵਿਚ ਸੁਤੰਤਰਤਾ ਦੇ ਰਚੇ ਹੋਣ ਦੀ ਜ਼ਰੂਰਤ ਹੈ। ਜੇਕਰ ਮੈਂ ਬਲ ਦੁਆਰਾ ਜਿਊਂਦਾ ਹਾਂ ਤਾਂ ਮੈਂ ਮੁੱਲਾਂ ਦੀ ਜੜ੍ਹ ਨੂੰ ਨੁਕਸਾਨ ਪਹੁੰਚਾਵਾਂਗਾ। ਰੈਂਡ ਨਿਆਂ ਦੇ ਸਿਧਾਂਤ ਨੂੰ ਵਿਉਪਾਰੀ ਸਿਧਾਂਤ ਕਹਿੰਦੀ ਹੈ (ਵਿਉਪਾਰ ਦੁਆਰਾ ਜਿਉਣਾ, ਮੁੱਲਾਂ ਲਈ ਮੁੱਲਾਂ ਦੀ ਪੇਸ਼ਕਸ਼ ਕਰਨਾ ਅਤੇ ਅਣਕਮਾਏ ਹੋਏ ਧਨ ਦੀ ਨਾ ਮੰਗ ਕਰਨਾ ਅਤੇ ਨਾ ਹੀ ਦੇਣਾ) ਇਕ ਆਮ ਸਾਧਾਰਣ ਵਿਅਕਤੀ ਦੂਸਰਿਆਂ ਉਪਰ ਇੱਕ ਦਾਅਵੇ ਦੇ ਰੂਪ

ਵਿਚ ਆਪਣੀਆਂ ਜ਼ਰੂਰਤਾ ਦੀ ਪੇਸ਼ਕਸ਼ ਨਹੀਂ ਕਰਦਾ। ਬਲਕਿ ਉਹ ਕਿਸੇ ਵੀ ਰਿਸ਼ਤੇ ਨੂੰ ਅਪਾਰ ਦੇ ਰੂਪ ਵਿਚ ਮੁੱਲ ਪ੍ਰਦਾਨ ਕਰਦਾ ਹੈ; ਜੋ ਆਪਣੇ ਜੀਵਨ ਦੀ ਕਦਰ ਕਰਦਾ ਹੈ ਉਹ ਅਸਥਾਈ ਜ਼ਿੰਮੇਵਾਰੀ ਸਵੀਕਾਰ ਕਰ ਸਕਦਾ ਹੈ ਜਿਵੇਂ ਆਪਣੇ ਭਰਾ ਦਾ ਰੱਖਿਅਕ ਹੋਣਾ। ਇੱਕ ਸੁਤੰਤਰ ਵਿਅਕਤੀ ਇਹ ਨਹੀਂ ਚਾਹੇਗਾ ਕਿ ਕਿਸੇ ਮਾਲਿਕ ਦੁਆਰਾ ਉਸਨੂੰ ਰੱਖਿਆ ਜਾਵੇ ਅਤੇ ਨਾ ਹੀ ਸਿਹਤ ਅਤੇ ਮਾਨਵ ਸੇਵਾ ਵਿਭਾਗ ਦੁਆਰਾ ਰੱਖਿਆ ਜਾਵੇ। ਰੈਂਡ ਦਾ ਅਧਿਐਨ ਹੈ ਕਿ ਵਿਉਪਾਰ ਦਾ ਸਿਧਾਂਤ ਹੀ ਇਕ ਅਜਿਹੀ ਬੁਨਿਆਦ ਹੈ ਜਿਸ ਉਪਰ ਮਨੁੱਖ ਇਹ ਦੂਸਰੇ ਦੇ ਨਾਲ ਸੁਤੰਤਰ ਬਰਾਬਰੀ ਨਾਲ ਵਿਉਪਾਰ ਕਰ ਸਕਦੇ ਹਨ।

ਸੰਖੇਪ ਵਿਚ ਨਿਰਪੱਖ ਨੈਤਿਕਤਾ ਪਦ (Term) ਦੇ ਅਰਥ ਵਿਚ ਇਕ ਪੂਰੇ ਵਿਅਕਤੀ ਦੀ ਵਿਆਖਿਆ ਮੌਜੂਦ ਹੈ ਜੋ ਸਵੈ ਨੂੰ ਸਮਰਪਿਤ ਹੈ। ਗਹਿਰੇ ਅਰਥ ਵਿਚ ਪੂੰਜੀਵਾਦ ਹੀ ਸਹੀ ਅਤੇ ਨੈਤਿਕ ਪ੍ਰਣਾਲੀ ਹੈ। ਪੂੰਜੀਵਾਦ ਸਮਾਜ ਵਿਅਕਤੀਗਤ ਅਧਿਕਾਰਾਂ ਦੀ ਮਾਨਤਾ ਅਤੇ ਸੁਰੱਖਿਆ ਉਪਰ ਆਧਾਰਿਤ ਹੈ। ਪੂੰਜੀਵਾਦੀ ਸਮਾਜ ਵਿਚ ਆਪਣੇ ਮਨ ਦੇ ਅਭਿਆਸ ਦੁਆਰਾ ਲਕਸ਼ ਨੂੰ ਅੱਗੇ ਵਧਾਉਣ ਲਈ ਮਨੁੱਖ ਸੁਤੰਤਰ ਹੈ। ਕਿਸੇ ਵੀ ਸਮਾਜ ਵਿਚ ਪ੍ਰਕਿਰਤੀ ਦੇ ਨਿਯਮਾਂ ਕਰਕੇ ਮਨੁੱਖ ਨੂੰ ਰੋਕਿਆ ਗਿਆ ਹੈ। ਭੋਜਨ, ਘਰ, ਕੱਪੜੇ, ਕਿਤਾਬਾਂ ਅਤੇ ਦਵਾਈਆਂ ਰੁੱਖਾਂ ਉਪਰ ਨਹੀਂ ਉਗਦੀਆਂ। ਇਸ ਲਈ ਉਹਨਾਂ ਦਾ ਉਤਪਾਦਨ ਹੋਣਾ ਜ਼ਰੂਰੀ ਹੈ। ਕਿਸੇ ਵੀ ਸਮਾਜ ਵਿਚ ਮਨੁੱਖ ਉਸਦੇ ਆਪਣੇ ਸੁਭਾਅ ਦੀਆਂ ਸੀਮਾਵਾਂ ਵਿਚ ਬੱਝਿਆ ਹੁੰਦਾ ਹੈ ਜੋ ਕਿ ਵਿਅਕਤੀਗਤ ਸਮਰੱਥਾ ਦੀ ਸੀਮਾ ਹੈ। ਪਰ ਪੂੰਜੀਵਾਦ ਦੁਆਰਾ ਸਮਾਜਿਕ ਪਾਬੰਦੀ ਵਜੋਂ ਲਗਾਈ ਗਈ ਜ਼ਰੂਰੀ ਸ਼ਰਤ ਇਹ ਹੈ ਕਿ ਜੋ ਦੂਸਰਿਆਂ ਤੋਂ ਸੇਵਾ ਦੀ ਇੱਛਾ ਰੱਖਦੇ ਹਨ, ਉਹਨਾਂ ਨੂੰ ਬਦਲੇ ਵਿਚ ਕੁੱਝ ਮੁੱਲ ਚੁਕਾਉਣਾ ਪਵੇਗਾ।ਜੋ ਦੂਸਰਿਆਂ ਦਾ ਉਤਪਾਦਨ ਹੈ ਉਸਨੂੰ ਜ਼ਬਤ ਕਰਨ ਜਾਂ ਜ਼ਬਰੀ ਹਥਿਆਉਣ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ।

ਬਾਜ਼ਾਰ ਵਿਚ ਆਰਥਿਕ ਨਤੀਜੇ (ਆਮਦਨ ਅਤੇ ਧਨ ਦੀ ਵੰਡ) ਦਾ ਹੋਣਾ ਸਵੈਇਛਿਤ ਕੰਮਾਂ ਅਤੇ ਸਾਰੇ ਕਾਰਜ-ਕਰਤਾਵਾਂ ਦੀ ਗੱਲ ਬਾਤ ਉਪਰ ਨਿਰਭਰ ਹੈ। ਨਿਯਮਾਂ ਦੀ ਧਾਰਣਾ ਨਤੀਜੇ ਉਪਰ ਨਹੀਂ ਬਲਕਿ ਆਰਥਿਕ ਗਤੀਵਿਧੀ ਦੀ ਪ੍ਰਕਿਰਿਆ ਉਪਰ ਹੁੰਦੀ ਹੈ। ਇਕ ਵਿਅਕਤੀ ਦੀ ਆਮਦਨ ਜੋ ਕਿ ਸਵੈ-ਇਛਿਤ ਵਟਾਂਦਰੇ ਦੇ ਮਾਧਿਅਮ ਨਾਲ ਹੁੰਦੀ ਹੈ ਜਿਵੇਂ ਮੁੱਲ ਲਈ ਇਨਾਮ ਦੀ ਪੇਸ਼ਕਸ਼ ਦੇ ਰੂਪ ਵਿਚ, ਅਤੇ ਉਨ੍ਹਾਂ ਲੋਕਾਂ ਦੇ ਨਿਆ ਤੋਂ ਜਿਨ੍ਹਾਂ ਨੂੰ ਇਹ ਪੇਸ਼ਕਸ਼ ਕੀਤੀ ਗਈ ਹੈ, ਉਹ ਹੀ ਸਹੀ ਆਮਦਨ ਹੁੰਦੀ ਹੈ। ਮਾਣ ਦੀ ਕੀਮਤ ਦੇ ਸੰਬੰਧ ਵਿਚ ਸਹਿਕਰਮਚਾਰੀਆਂ ਦੇ ਫੈਸਲੇ ਤੋ ਇਲਾਵਾ ਅਰਥ- ਸ਼ਾਸਤ੍ਰੀਆਂ ਦੀ ਜਾਣਕਾਰੀ ਤੋਂ ਵੀ ਪਤਾ ਲੱਗਦਾ ਹੈ ਕਿ ਮਾਣ ਲਈ ਵਾਜਿਬ ਕੀਮਤ ਜਹੀ ਕੋਈ ਚੀਜ਼ ਨਹੀ ਹੁੰਦੀ।

ਇਹ ਗੱਲ ਮਨੁੱਖ ਦੁਆਰਾ ਉਤਪਾਦਿਤ ਸੇਵਾਵਾਂ ਦੀ ਕੀਮਤ ਲਈ ਵੀ ਸੋਚ ਹੈ। ਇਹ ਕਹਿਣ ਦੀ ਗੱਲ ਨਹੀਂ ਕਿ ਮੈਨੂੰ ਆਪਣੀ ਚੰਗਿਆਈ ਆਪਣੀ ਆਮਦਨ ਨਾਲ ਆਪਣੀ ਹੋਵੇਗੀ ਪਰੰਤੂ ਜੇਕਰ ਮੈ ਦੂਸਰਿਆਂ ਨਾਲ ਵਿਉਪਾਰ ਕਰਕੇ ਜਿਊਣ ਦੀ ਇੱਛਾ ਰੱਖਦਾ ਹਾਂ ਤਾਂ ਮੈ ਮੰਗ ਨਹੀ ਕਰ ਸਕਦਾ ਕਿ ਉਹ ਮੇਰੀਆਂ ਸ਼ਰਤਾਂ ਨੂੰ ਆਪਣੇ ਹੀ ਸਵਾਰਥ ਦੇ ਬਲਿਦਾਨ ਬਦਲੇ ਸਵੀਕਾਰ ਕਰਨ।

## ਚੁਣੇ ਗਏ ਮੁੱਲ ਦੇ ਰੂਪ ਵਿਚ ਪਰਉਪਕਾਰ

ਜੋ ਗਰੀਬ ਹੈ, ਅੰਗਹੀਣ ਹੈ ਜਾਂ ਉਹ ਜੋ ਆਪਣੀ ਆਪ ਸਹਾਇਤਾ ਕਰਨ ਵਿਚ ਅਸਮਰਥ ਹੈ। ਉਸ ਬਾਰੇ ਕੀ ਕਹਾਂਗੇ? ਜਦੋਂ ਅਸੀਂ ਸਮਾਜਿਕ ਵਿਵਸਥਾ ਬਾਰੇ ਪੁੱਛਦੇ ਹਾਂ, ਤਾਂ ਇਹ ਪਹਿਲਾ ਸਵਾਲ ਨਹੀਂ ਉੱਠਦਾ। ਪਰੰਤੂ ਇਹ ਇਕ ਵਾਜਿਬ ਸਵਾਲ ਹੈ। ਪਰਉਪਕਾਰ ਦੀ ਵਿਰਾਸਤ ਦਾ ਮੰਨਣਾ ਹੈ ਕਿ ਬੁਨਿਆਦੀ ਮਾਪਦੰਡ ਦੁਆਰਾ ਇਕ ਸਮਾਜ ਦਾ ਮੁਲਾਂਕਣ ਹੁੰਦਾ ਹੈ। ਇਹ ਇਕ ਤਰੀਕਾ ਹੈ ਜੋ ਇਹ ਦੱਸਦਾ ਹੈ ਕਿ ਉਤਪਾਦਨ ਪ੍ਰਕਿਰਿਆ ਵਿਚ ਸ਼ਾਮਿਲ ਅਧਿਕਾਰੀਆਂ ਵਿਚ ਸਭ ਤੋਂ ਪਿਛਲਿਆਂ (ਮਜ਼ਦੂਰਾਂ) ਨਾਲ ਕਿਵੇ ਵਿਵਹਾਰ ਕੀਤਾ ਜਾਂਦਾ ਹੈ। ਜੀਸਸ ਨੇ ਕਿਹਾ ਹੈ "ਗਰੀਬ ਆਤਮਿਕ ਤੌਰ 'ਤੇ ਪਵਿੱਤਰ (Blessed) ਹਨ" ਅਤੇ "ਪਵਿੱਤਰ ਨਿਮਰਤਾਵਾਨ ਹਨ।" ਪਰੰਤੂ ਗਰੀਬ ਜਾਂ ਨਿਮਰਤਾਵਾਨ ਨੂੰ ਕਿਸੇ ਵਿਸ਼ੇਸ਼ ਸਨਮਾਨ ਵਿਚ ਨਾਂ ਉਹਨਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇਣ ਦੇ ਰੂਪ ਵਿਚ ਵੇਖਣ ਦਾ ਕੋਈ ਬੁਨਿਆਦੀ ਨਿਆਂ ਨਹੀ ਹੈ। ਇਕ ਸਮੂਹਵਾਦੀ ਸਮਾਜ ਜਿਸ ਵਿਚ ਕੋਈ ਮੁਕਤ ਨਹੀਂ ਹੈ ਪਰੰਤੂ ਕੋਈ ਭੁੱਖਾ ਵੀ ਨਹੀਂ ਹੈ ਅਤੇ ਇਕ ਵਿਅਕਤੀਵਾਦੀ ਸਮਾਜ ਜਿਸ ਵਿਚ ਸਭ ਮੁਕਤ ਹਨ ਪਰੰਤੂ ਕੁਝ ਲੋਕ ਭੁੱਖੇ ਰਹਿੰਦੇ ਹਨ। ਜੇਕਰ ਇਹਨਾਂ ਦੋ ਸਮਾਜਾਂ ਵਿਚੋ ਕਿਸੇ ਇੱਕ ਨੂੰ ਚੁਣਨਾ ਹੋਵੇ ਤਾਂ ਮੈਂ ਦੂਸਰੇ ਸਮਾਜ ਨੂੰ ਚੁਣਾਂਗਾਂ ਜੋ ਮੁਕਤ ਹੈ ਅਤੇ ਇਹੀ ਨੈਤਿਕ ਵਿਕਲਪ ਹੈ। ਭਾਵੇਂ ਕਿ ਉਸਦਾ ਆਪਣਾ ਜੀਵਨ ਇਸ ਉਪਰ ਨਿਰਭਰ ਕਰਦਾ ਹੋਵੇ, ਪਰੰਤੂ ਕੋਈ ਵੀ ਦੂਸਰਿਆਂ ਨੂੰ ਅਣਚਾਹੀ ਸੇਵਾ ਮਜ਼ਦੂਰੀ ਦੇ ਅਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ।

ਪਰ ਜੋ ਸਾਡੇ ਸਾਹਮਣੇ ਹੈ ਉਹ ਵਿਕਲਪ ਨਹੀਂ ਹੈ। ਅਸਲ ਵਿਚ ਕਲਿਆਣਕਾਰੀ ਰਾਜ ਵਿਚ ਜਾਂ ਸਮਾਜਵਾਦੀ ਰਾਜ ਦੀ ਤੁਲਨਾ ਵਿਚ ਪੂੰਜੀਵਾਦੀ ਸਮਾਜ ਵਿਚ ਗਰੀਬ ਦੀ ਸਥਿਤੀ ਜਿਆਦਾ ਬਿਹਤਰ ਹੁੰਦੀ ਹੈ। ਇਤਿਹਾਸਿਕ ਤੱਥ ਵਜੋ ਪੂਰਵ ਸੋਵੀਅਤ ਸੰਘ ਵਾਂਗ ਜਿਸ ਸਮਾਜ ਵਿਚ ਕੋਈ ਮੁਕਤ ਨਹੀਂ ਹੁੰਦਾ। ਇਹ ਉਹ ਸਮਾਜ ਹੈ ਜਿਸ ਵਿਚ ਵੱਡੀ ਸੰਖਿਆ ਵਿਚ ਲੋਕ ਭੁੱਖੇ ਰਹਿੰਦੇ ਹਨ। ਬਜ਼ਾਰ ਦੀ ਕ੍ਰਮਸ਼ੀਲਤਾਂ ਵਿਚ ਆਰਥਿਕ ਅਤੇ ਤਕਨੀਕੀ ਵਿਕਾਸ ਸਭ ਤੋਂ ਵੱਧ ਤੇਜ਼ੀ ਨਾਲ ਹੁੰਦਾ ਹੈ ਅਤੇ ਜੋ ਲੋਕ ਕੰਮ ਕਰਨ ਵਿਚ ਸਮਰੱਥ ਹਨ ਉਨ੍ਹਾਂ ਦੇ ਵਿਕਾਸ ਕਰਨ ਲਈ ਮਹੱਤਵਪੂਰਨ ਹਿੱਤ ਮੌਜੂਦ ਹੁੰਦੇ ਹਨ। ਪੂੰਜੀ ਦਾ ਨਿਵੇਸ਼ ਅਤੇ ਮਸ਼ੀਨਰੀ ਦੀ ਵਰਤੋ

ਉਨ੍ਹਾਂ ਲੋਕਾਂ ਦੇ ਲਈ ਰੋਜ਼ਗਾਰ ਪੈਦਾ ਕਰਦੀ ਹੈ ਜੋਂ ਉਂਝ ਆਪਣੇ-ਆਪ ਦੀ ਮਦਦ ਲਈ ਲੋੜੀਂਦਾ ਉਤਪਾਦਨ ਨਹੀਂ ਕਰ ਸਕਦੇ। ਉਦਾਹਰਣ ਵਜੋਂ ਜੋ ਲੋਕ ਗੰਭੀਰ ਰੂਪ ਵਿਚ ਅੰਗਹੀਣ ਹਨ ਉਹ ਕੰਪਿਊਟਰ ਅਤੇ ਸੰਚਾਰ ਸੰਦਾਂ ਦੇ ਜਰੀਏ ਆਪਣੇ ਘਰ ਵਿਚ ਹੀ ਕੰਮ ਕਰ ਸਕਦੇ ਹਨ।

ਜੋ ਲੋਕ ਆਸਾਨੀ ਨਾਲ ਕੰਮ ਨਹੀਂ ਕਰ ਸਕਦੇ ਉਨ੍ਹਾਂ ਲੋਕਾਂ ਲਈ ਮੁਕਤ ਸਮਾਜ ਨੇ ਬਾਜ਼ਾਰ ਤੋਂ ਇਲਾਵਾ ਵੀ ਨਿੱਜੀ ਸਹਾਇਤਾ ਅਤੇ ਪਰਉਪਕਾਰਤਾ ਕਈ ਰੂਪਾਂ ਵਿਚ ਮੁਹੱਈਆ ਕੀਤੀ ਹੈ। ਧਾਰਮਿਕ ਸੰਗਠਨਾਂ, ਉਦਾਰ ਸਮਾਜਾਂ ਅਤੇ ਹੋਰ ਵੀ ਕਈ ਪ੍ਰਕਾਰ ਦੇ ਮਾਧਿਅਮਾਂ ਦੁਆਰਾ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ। ਇਸ ਪ੍ਰਕਾਰ ਸੱਪਸ਼ਟ ਹੈ ਕਿ ਅਹੰਕਾਰ ਅਤੇ ਦਾਨ ਵਿਚਕਾਰ ਕੋਈ ਵਿਰੋਧਾਭਾਸ ਨਹੀ ਹੈ। ਦੂਸਰਿਆਂ ਨਾਲ ਕੰਮ ਕਰਨ ਕਰਕੇ ਸਾਨੂੰ ਕਈ ਲਾਭ ਪ੍ਰਾਪਤ ਹੁੰਦੇ ਹਨ ਅਤੇ ਇਸੇ ਗਿਆਨ ਦੁਆਰਾ ਆਪਣੇ ਸਾਥੀਆਂ ਨੂੰ ਸਾਧਾਰਨ ਪਰਉਪਕਾਰ ਦੀ ਭਾਵਨਾ ਨਾਲ ਸਮਝਣਾ ਸਹੀ ਹੈ। ਉਹਨਾਂ ਦੇ ਮੰਦੇਭਾਗ ਨੂੰ ਦਇਆ ਦੀ ਭਾਵਨਾਂ ਨਾਲ ਵੇਖਣਾ ਅਤੇ ਸਾਡੇ ਆਪਣੇ ਹਿਤਾਂ ਦੇ ਬਲੀਦਾਨ ਤੋ ਬਿਨਾਂ ਹੀ ਉਹਨਾਂ ਦੀ ਸਹਾਇਤਾ ਕਰਨਾ। ਪਰੰਤੂ ਇੱਕ ਅਹਿੰਕਾਰੀ ਅਤੇ ਦਾਨ ਦੇ ਇਕ ਪਰਉਪਕਾਰ ਵਾਲੇ ਸਿਧਾਂਤ ਵਿਚਕਾਰ ਮਹਤਵਪੂਰਨ ਮਤਭੇਦ ਹਨ। ਇਕ ਪਰਉਪਕਾਰ ਦੇ ਸਿਧਾਂਤ ਲਈ ਦੂਸਰਿਆਂ ਲਈ ਉਦਾਰਤਾ ਇੱਕ ਨੈਤਿਕ ਬੁਨਿਆਦੀ ਲੋੜ ਹੈ ਅਤੇ "ਦਰਦ ਹੋਣ ਦੀ ਸੀਮਾ ਤੱਕ ਦੇਂਦੇ ਰਹੋ" ਦੇ ਸਿਧਾਂਤ ਅਨੁਸਾਰ ਬਲੀਦਾਨ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਹੋਰ ਮੁੱਲ ਦੀ ਪਰਵਾਹ ਕੀਤੇ ਬਗੈਰ ਦੇਣਾ ਇਕ ਨੈਤਿਕ ਕੱਰਤਵ ਹੈ ਅਤੇ ਪ੍ਰਾਪਤਕਰਤਾ ਨੂੰ ਇਸ ਦਾ ਅਧਿਕਾਰ ਹੈ। ਇਕ ਅਹੰਕਾਰੀ ਲਈ ਉਦਾਰਤਾ ਮੁੱਲਾਂ ਨੂੰ ਅੱਗੇ ਵਧਾਉਣ ਲਈ ਕਈ ਮਾਧਿਅਮਾਂ ਵਿੱਚੋ ਇੱਕ ਹੈ ਅਤੇ ਇਸ ਵਿਚ ਦੁਨਿਆ ਦੀ ਭਲਾਈ ਦਾ ਨਿਯਮ ਵੀ ਸ਼ਾਮਿਲ ਹੈ।"ਭਲਾਈ ਤੱਦ ਦਿਉ ਜਦ ਸਦਾਚਾਰ ਸਾਬਿਤ ਹੋਵੇ" ਦੇ ਸਿਧਾਂਤ ਅਨੁਸਾਰ ਇੱਕ ਦੂਸਰੇ ਦੇ ਮੁੱਲਾਂ ਦੇ ਸੰਦਰਭ ਵਿੱਚ ਹੋਣੀ ਚਾਹੀਦੀ ਹੈ। ਇਹ ਕੋਈ ਕਰੱਤਵ ਨਹੀ ਹੈ ਅਤੇ ਨਾ ਹੀ ਪ੍ਰਾਪਤ ਕਰਤਾ ਨੂੰ ਇਸਦਾ ਕੋਈ ਅਧਿਕਾਰ ਹੈ। ਇਸ ਧਾਰਣਾ ਉਪਰ ਕਿ ਸਮਰੱਥ, ਸਫਲ, ਉਤਪਾਦਨ ਜਾਂ ਅਮੀਰ ਹੋਣ ਵਿੱਚ ਦੋਸ਼ ਹੈ, ਦੇ ਅਨੁਸਾਰ ਪਰਉਪਕਾਰਵਾਦ ਦਾ ਸਿੱਧਾਂਤ ਉਦਾਰਤਾ ਨੂੰ ਅਪਰਾਧ ਦੀ ਇਕ ਕਿਸਮ ਦੇ ਰੂਪ ਵਿੱਚ ਵੇਖਦਾ ਹੈ। ਇੱਕ ਅਹੰਕਾਰੀ ਉਹਨਾਂ ਸਾਰੇ ਗੁਣਾ ਨੂੰ ਸਦਗੁਣ ਦੇ ਰੂਪ ਵਿੱਚ ਦੇਖਦਾ ਹੈ ਜਿੰਨ੍ਹਾਂ ਨੂੰ ਇਕ ਉਦਾਰਵਾਦੀ ਸਨਮਾਨ ਦੀ ਨਜ਼ਰ ਨਾਲ ਵੇਖਦਾ ਹੈ। ਜਿਨਾਂ ਨੂੰ ਇਕ ਉਦਾਰਵਾਦੀ ਸਨਮਾਨ ਦੀ ਅਭਿਵਿਅਕਤੀ ਦੇ ਰੂਪ ਵਿੱਚ ਵੇਖਦਾ ਹੈ।

**ਚੌਥੀ ਕ੍ਰਾਂਤੀ**

ਸ਼ੁਰੂਆਤ ਵਿੱਚ ਮੈਂ ਕਿਹਾ ਸੀ ਕਿ ਪੂੰਜੀਵਾਦ ਤਿੰਨ ਕ੍ਰਾਂਤੀਆਂ ਦਾ ਨਤੀਜਾ ਹੈ। ਜਿਨ੍ਹਾਂ ਹਰੇਕ ਦਾ ਅਤੀਤ ਨਾਲ ਅਤੁੱਟ ਸੰਬੰਧ ਰਿਹਾ ਹੈ। ਰਾਜਨੀਤਿਕ ਕ੍ਰਾਂਤੀ

ਨੇ ਵਿਅਕਤੀਗਤ ਅਧਿਕਾਰਾਂ ਦੀ ਪ੍ਰਧਾਨਤਾ ਅਤੇ 'ਸਰਕਾਰ ਨਾਗਰਿਕਾਂ ਦੀ ਸਵਾਮੀ ਨਹੀਂ ਬਲਕਿ ਸੇਵਕ ਹੈ', ਦੇ ਸਿਧਾਂਤ ਦੀ ਸਥਾਪਨਾ ਕੀਤੀ। ਆਰਥਿਕ ਕ੍ਰਾਂਤੀ ਬਾਜ਼ਾਰ ਦਾ ਗਿਆਨ ਲੈ ਕੇ ਆਈ। ਉਦਯੋਗਿਕ ਕ੍ਰਾਂਤੀ ਨੇ ਮੌਲਿਕ ਰੂਪ ਵਿਚ ਉਤਪਾਦਨ ਦੀ ਪ੍ਰਕਿਰਿਆ ਲਈ ਗਿਆਨ ਦੇ ਸਦਉਪਯੋਗ ਦਾ ਵਿਸਥਾਰ ਕੀਤਾ। ਪਰੰਤੂ ਮਾਨਵ ਜਾਤੀ ਨੇ ਆਪਣੇ ਨੈਤਿਕ ਅਤੀਤ ਦਾ ਸਾਥ ਕਦੇ ਨਹੀਂ ਛੱਡਿਆ। ਨੈਤਿਕ ਸਿਧਾਂਤ ਹੈ ਕਿ ਵਿਅਕਤੀਗਤ ਸਮਰੱਥਾ ਇਕ ਸਮਾਜਿਕ ਸਮਰੱਥਾ ਹੈ ਅਤੇ ਇਹ ਸਿਧਾਂਤ ਇਕ ਮੁਕਤ ਸਮਾਜ ਦਾ ਵਿਰੋਧੀ। ਜੇਕਰ ਜੀਵਨ ਦਾ ਕਾਇਮ ਰਹਿਣਾ ਅਤੇ ਵਿਕਾਸ ਕਰਨਾ ਹੀ ਸੁਤੰਤਰਤਾ ਹੈ ਤਾਂ ਸਾਨੂੰ ਇਕ ਚੌਥੀ ਕ੍ਰਾਂਤੀ ਦੀ ਜਰੂਰਤ ਹੈ। ਇਕ ਨੈਤਿਕ ਕ੍ਰਾਂਤੀ ਜੋ ਖੁਦ ਲਈ ਜੀਉਣ ਵਾਸਤੇ ਵਿਅਕਤੀ ਦਾ ਨੈਤਿਕ ਆਧਾਰ ਸਥਾਪਿਤ ਕਰਦੀ ਹੈ।

# ਖੰਡ-3

# ਧਨ ਦਾ ਉਤਪਾਦਨ ਅਤੇ ਵੰਡ

# ਭਾਰਤ ਦੀ ਮੁਸ਼ਕਿਲ :
# ਆਰਥਿਕ ਸੁਤੰਤਰਤਾ ਦੀ ਅਸਮਾਨ ਵੰਡ

**ਪਾਰਥ ਜੇ. ਸ਼ਾਹ (Parth J. Shah)**

*ਇਸ ਲੇਖ ਵਿੱਚ ਥਿੰਕ ਟੈਂਕ ਦੇ ਪ੍ਰੈਜ਼ੀਡੈਂਟ (Think Tank President) ਅਤੇ ਅਰਥਸ਼ਾਸਤਰੀ ਪਾਰਥ ਜੇ. ਸ਼ਾਹ ਦੱਸਦੇ ਹਨ ਕਿ ਜ਼ਿਆਦਾਤਰ ਭਾਰਤੀ ਗਰੀਬ 1991 ਦੇ ਸੁਧਾਰਾਂ ਤੋਂ ਬਾਅਦ ਉਨੀਂ ਰਫ਼ਤਾਰ ਨਾਲ ਅੱਗੇ ਨਹੀਂ ਵੱਧ ਸਕਿਆ ਜਿੰਨੀ ਰਫ਼ਤਾਰ ਨਾਲ ਇਸਨੂੰ ਵੱਧਣਾ ਚਾਹੀਦਾ ਸੀ। ਇਸ ਦੌਰਾਨ ਸੁਧਾਰਾਂ ਨੇ ਅਮੀਰ ਅਤੇ ਮੱਧ-ਵਰਗ ਨੂੰ ਜ਼ਿਆਦਾ ਆਰਥਿਕ ਸੁਤੰਤਰਤਾ ਮੁਹੱਈਆਂ ਕਰਵਾਈ। ਪਰੰਤੂ ਇਹਨਾਂ ਸੁਧਾਰਾਂ ਵਿੱਚ ਲਾਇਸੰਸ ਦੇ ਦਮਨਕਾਰੀ ਪ੍ਰਬੰਧ ਅਤੇ ਜੀਵਨ ਦੇ ਵਿਭਿੰਨ ਪੱਖਾਂ ਉਪਰ ਪਾਬੰਧੀਆਂ ਲਗਾਉਂਦੇ ਨਿਯਮਾਂ ਨੂੰ ਲਾਗੂ ਕਰਕੇ ਗਰੀਬਾਂ ਦੀ ਸੁਤੰਤਰਤਾ ਨੂੰ ਨਜ਼ਰਅੰਦਾਜ਼ ਕੀਤਾ ਗਿਆ।*

*ਪਾਰਥ ਜੇ. ਸ਼ਾਹ 'ਸੇਂਟਰ ਫਾਰ ਸਿਵਿਲ ਸੁਸਾਇਟੀ' (Centre for Civil Society) ਦੇ ਸੰਸਥਾਪਕ ਤੇ ਪ੍ਰਤਿਨਿਧ ਹਨ। ਇਹ ਦਿੱਲੀ ਦੀ ਇੱਕ ਸਵਾਰਥ-ਰਹਿਤ ਖੋਜ ਅਤੇ ਸਿਖਿਆ ਲਈ ਕੰਮ ਕਰਨ ਵਾਲੀ ਸੰਸਥਾ ਹੈ। ਜੋ (ਸਿਵਲ ਸੋਸਾਇਟੀ) ਨੂੰ ਪੁਨਰ-ਜੀਵਿਤ ਕਰਕੇ ਭਾਰਤ ਦੇ ਸਾਰੇ ਨਾਗਰਿਕਾਂ ਦੇ ਜੀਵਨ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਪ੍ਰਤਿਬੱਧ ਹੈ। ਉਹ ਕਈ ਪੁਸਤਕਾਂ ਦੇ ਸੰਪਾਦਕ ਹਨ। ਜਿਵੇਂ Law, Liberty and Livelihood: Making A Living on the Street; The Terracotta Reader : A Market Approach to the Environment; And Morality of Markets.*

❋❋❋

"ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਗਰੀਬ ਹੋਰ ਗਰੀਬ!" ਇਹ ਭਾਰਤ ਵਿੱਚ ਆਮ ਪਾਈ ਜਾਂਦੀ ਰੁਕਾਵਟ ਹੈ। 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਭਾਰਤ ਦੀ ਆਰਥਿਕ ਸੁਤੰਤਰਤਾ ਵਿੱਚ ਵੱਡੀ ਤਬਦੀਲੀ ਆਈ ਹੈ। ਇਸਦਾ ਅਸਰ ਅੰਦਰੂਨੀ ਅਤੇ ਬਾਹਰੀ ਦੋਵਾਂ ਪੱਧਰਾਂ ਤੇ ਹੋਇਆ ਹੈ। ਅੰਦਰੂਨੀ ਪੱਧਰ 'ਤੇ ਨਿਯਮਾਂ ਵਿੱਚ ਸੁਧਾਰ ਅਤੇ ਲਾਇਸੰਸ ਦੀ ਪ੍ਰਤਿਬੱਧਤਾ ਵਿੱਚ ਬਦਲਾਅ ਦੇ ਜਰੀਏ ਅਤੇ ਬਾਹਰੀ ਤੌਰ 'ਤੇ ਅੰਤਰ-ਰਾਸ਼ਟਰੀ ਵਿਉਪਾਰ ਅਤੇ ਵਿਦੇਸ਼ੀ ਨਿਵੇਸ਼ ਦੇ ਜਰੀਏ। ਪਰੰਤੂ ਇਸਦੀ ਥਾਂ ਤੇ ਵੱਧਦੀ ਹੋਈ ਅਸਮਾਨਤਾ ਦੇ ਲਈ ਇੱਕ ਅਪਮਾਨ ਜਨਕ ਭਾਵਨਾ ਵਧੀ ਅਤੇ ਆਰਥਿਕ ਸੁਤੰਤਰਤਾ, ਸੁਤੰਤਰ ਬਾਜ਼ਾਰ ਅਤੇ ਪੂੰਜੀਵਾਦ ਦੇ ਲਈ ਨੈਤਿਕਤਾ ਦੇ ਮੁੱਦੇ ਨੂੰ ਲੈ ਕੇ ਟਿੱਪਣੀ ਕੀਤੀ ਜਾਣ ਲੱਗ ਪਈ।

ਇਹ ਸੱਚਾਈ ਮਹਿਸੂਸ ਕੀਤੀ ਜਾਣ ਲੱਗੀ ਕਿ ਗਰੀਬਾਂ ਤੱਕ ਸੁਤੰਤਰਤਾ ਪਹੁੰਚਾਉਣ ਦਾ ਇਹ ਬੀਜ਼ ਲੋੜੀਂਦੀ ਮਾਤਰਾ ਵਿੱਚ ਇੱਕਠਾ ਨਹੀਂ ਹੋ ਰਿਹਾ। ਹਾਲਾਕਿ ਇਹ ਸੱਚ ਨਹੀਂ ਹੈ ਕਿ ਸੁਧਾਰਾਂ ਨੇ ਆਮ ਤੌਰ ਤੇ ਗਰੀਬਾਂ ਦੀ ਹਾਲਤ ਨੂੰ ਹੋਰ ਬੁਰਾ ਬਣਾਇਆ ਹੈ ਅਤੇ ਗਰੀਬਾਂ ਤੋਂ ਇੱਕਠੇ ਹੋਏ ਪੈਸੇ ਨਾਲ ਅਮੀਰ ਹੋਰ ਅਮੀਰ ਹੁੰਦੇ ਜਾਂ ਰਹੇ ਹਨ। ਅਸਲ ਵਿੱਚ ਭਾਰਤ ਦੇ ਗਰੀਬਾਂ ਦੇ ਇੱਕ ਵੱਡੇ ਹਿੱਸੇ ਨੇ ਉਦਾਰੀਕਰਣ ਦੇ ਬਾਅਦ ਆਪਣੇ ਜੀਵਨ ਪੱਧਰ ਵਿੱਚ ਸੁਧਾਰ ਮਹਿਸੂਸ ਕੀਤਾ ਹੈ। ਅਜਿਹੀ ਸਥਿਤੀ ਵਿੱਚ ਉਦਾਰੀਕਰਣ ਦੇ ਪ੍ਰਭਾਵ ਵਿੱਚ ਅਸਮਾਨਤਾ ਦੀ ਵਿਆਖਿਆ ਕਿਵੇਂ ਹੋ ਸਕਦੀ ਹੈ? ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਦੀ ਸੰਪਨਤਾ ਵਧੀ ਹੈ। ਸਵਾਲ ਇਹ ਹੈ ਕਿ ਗਰੀਬਾਂ ਦੀ ਸਥਿਤੀ ਵਿੱਚ ਬੁਨਿਆਦੀ ਸੁਧਾਰ ਕਿਉਂ ਨਹੀਂ ਹੋਇਆ? ਮੇਰਾ ਸਹਿਜ ਉੱਤਰ ਇਹ ਹੈ ਕਿ ਕਮਾਈ ਅਤੇ ਜਾਇਦਾਦ ਵਿੱਚ ਅਸਮਾਨਤਾਂ ਦਾ ਕਾਰਣ ਇੱਥੋਂ ਦੀ ਆਰਥਿਕ ਸੁਤੰਤਰਤਾ ਵਿੱਚ ਅਸਮਾਨਤਾ ਦਾ ਹੋਣਾ ਹੈ। ਜਿਸਦੀ ਵਰਤੋਂ ਭਾਰਤ ਦੇ ਵੱਖ-ਵੱਖ ਸਮੂਹ ਕਰ ਰਹੇ ਹਨ। ਜਿਨ੍ਹਾਂ ਖੇਤਰਾਂ ਵਿੱਚ ਉੱਚ ਤੇ ਮੱਧ-ਵਰਗ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ ਉਨ੍ਹਾਂ ਖੇਤਰਾਂ ਵਿੱਚ ਵਿਆਪਕ ਆਰਥਿਕ ਸੁਤੰਤਰਤਾ ਹੈ। ਪਰੰਤੂ ਜਿਨ੍ਹਾਂ ਖੇਤਰਾਂ ਵਿੱਚ ਗਰੀਬ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ ਉਹਨਾਂ ਵਿੱਚ ਕੁਝ ਵਿਸ਼ੇਸ਼ ਨਿਯਮ ਅਤੇ ਪਾਬੰਧੀਆਂ ਹਨ। ਉਹਨਾਂ ਲੋਕਾਂ ਲਈ ਆਰਥਿਕ ਸੁਤੰਤਰਤਾ ਵੱਧ ਗਈ ਹੈ ਜੋ ਸਿਖਿਅਤ ਹਨ ਅਤੇ ਉਹਨਾਂ ਦੇ ਕੋਲ ਧਨ ਹੈ। ਪਰੰਤੂ ਉਹਨਾਂ ਲੋਕਾਂ ਦੀ ਆਰਥਿਕ ਸੁਤੰਤਰਤਾ ਵਿੱਚ ਸੁਧਾਰ ਨਹੀਂ ਆਇਆ ਜੋ ਅਸਿਖਿਅਤ ਹਨ ਅਤੇ ਉਹਨਾਂ ਕੋਲ ਧਨ ਵੀ ਨਹੀਂ। ਆਰਥਿਕ ਸੁਤੰਤਰਤਾ ਦੀ ਅਸਮਾਨ ਵੰਡ ਹੀ ਸੰਪਨਤਾ ਦੀ ਅਸਮਾਨ ਵੰਡ ਦੀ ਸਹੀ ਵਜ੍ਹਾ ਹੈ। ਇਸ 'ਤੇ ਵਿਚਾਰ ਕਰਨਾ ਹੋਵੇਗਾ ਕਿ 1991 ਦੇ ਸੁਧਾਰਾਂ ਵਿੱਚ ਕੀ ਹੋਇਆ ਅਤੇ ਕੀ ਨਹੀਂ ਹੋਇਆ।

**1991 ਦੇ ਸੁਧਾਰ : ਕੁਝ ਥੋੜੇ ਜਹੇ ਲੋਕਾਂ ਦਾ ਪੂੰਜੀਵਾਦ**

ਇਹ 1991 ਵਿੱਚ ਆਏ ਭਿਅੰਕਰ ਆਰਥਿਕ ਸੰਕਟ ਦਾ ਸਿੱਟਾ ਹੈ ਕਿ ਸਾਲਾਂ ਤੋਂ ਤੁਰੀ ਆ ਰਹੀ ਬੰਦ ਆਰਥਿਕ ਪ੍ਰਣਾਲੀ ਵਿੱਚ ਬਦਲਾਅ ਕੀਤਾ ਗਿਆ। ਧੰਨਵਾਦ ਉਹਨਾਂ ਸੰਚਾਲਕਾਂ ਦਾ (ਪ੍ਰਧਾਨ ਮੰਤਰੀ ਨਰਸਿਮਾ ਰਾਓ ਅਤੇ ਵਿੱਤ ਮੰਤਰੀ ਮਨਮੋਹਨ ਸਿੰਘ) ਜਿਹਨਾਂ ਨੇ ਕੰਗਾਲ ਹੋਣ ਦੀ ਸਥਿਤੀ ਤੋਂ ਬਚਣ ਲਈ ਨਿਯਮਾਂ ਵਿੱਚ ਬਦਲਾਅ ਦੀ ਜ਼ਰੂਰਤ ਮਹਿਸੂਸ ਕੀਤੀ।[41] ਉਹਨਾਂ ਨੇ ਲਾਇਸੰਸ ਰਾਜ ਨੂੰ ਖਤਮ ਕਰਨਾ ਸ਼ੁਰੂ ਕੀਤਾ - ਕੇਂਦਰੀ ਪ੍ਰਣਾਲੀ ਦਾ ਭਾਰਤੀ ਤਰੀਕਾ।

ਇਹ ਇਕ ਅਹਿਮ ਬਦਲਾਅ ਦੀ ਘਟਨਾ ਸੀ। 1947 ਦੀ ਆਜ਼ਾਦੀ ਮਿਲਣ ਤੋਂ ਬਾਅਦ ਇਹ ਭਾਰਤੀ ਇਤਿਹਾਸ ਦਾ ਦੂਸਰਾ ਸਭ ਤੋਂ ਮਹੱਤਵਪੂਰਨ ਬਦਲਾਅ ਸੀ। ਨਿਯਮਾਂ ਜਾਂ ਪ੍ਰਣਾਲੀ ਵਿੱਚ ਔਖੇ ਤੇ ਵਿਰੋਧੀ ਜਾਪਦੇ ਪਰਿਵਰਤਨਾਂ ਦੁਆਰਾ

ਭਾਰਤੀ ਬਾਜ਼ਾਰ, ਬਾਜ਼ਾਰ ਦੀਆਂ ਸ਼ਕਤੀਆਂ ਤੋਂ ਆਖਿਰਕਾਰ ਕਿਸੇ ਹੱਦ ਤੱਕ ਮੁਕਤ ਹੋਇਆ। ਭਾਰਤ ਦੀਆਂ ਸੰਭਾਵਨਾਵਾਂ ਬੇਇੰਤਹਾ ਸੀ। ਜਿਨ੍ਹਾਂ ਨੂੰ ਆਜ਼ਾਦੀ ਦੇ ਸਮੇਂ ਲਗਭਗ ਸਾਰਿਆਂ ਨੇ ਹੀ ਮਹਿਸੂਸ ਕੀਤਾ। ਤਕਰੀਬਨ 300 ਤੋਂ ਵੀ ਵੱਧ ਸਾਲਾਂ ਬਾਅਦ ਆਖ਼ਿਰਕਾਰ ਇੱਥੋਂ ਦੇ ਲੋਕ ਧਨ ਦੇ ਉਤਪਾਦਨ ਲਈ ਸੁਤੰਤਰ ਹੋਏ।

1991 ਦੇ ਸੁਧਾਰਾਂ ਨੇ ਧਨ ਉਤਪਾਦਨ ਅਤੇ ਜੀਵਨ ਨਿਰਬਾਹ ਦੀ ਸਥਿਤੀ ਵਿੱਚ ਸੁਧਾਰ ਦੇ ਇੱਕ ਨਵੇਂ ਯੁੱਗ ਨਾਲ ਲੋਕਾਂ ਦੀ ਮੁਲਾਕਾਤ ਕਰਵਾਈ। 1991 ਤੋਂ 2000 ਦੇ ਵਿੱਚ ਪ੍ਰਤੀ ਵਿਅਕਤੀ ਆਮਦਨ (1993-94 ਦੇ ਨਿਯਤ/ਸਥਿਰ ਰੁਪਏ ਦੀ ਕੀਮਤ ਦੇ ਹਿਸਾਬ ਨਾਲ) 7,345 ਤੋਂ ਵੱਧ ਕੇ 10,207 ਰੁਪਏ ਤੱਕ ਪਹੁੰਚ ਗਈ। ਵਿਕਾਸ ਦਰ 3.5 ਤੋਂ ਵੱਧ ਕੇ ਦਹਾਕੇ ਦੇ ਅੰਤ ਤੱਕ 6.3 ਤੱਕ ਪਹੁੰਚ ਗਈ।

ਵਾਸਤਵਿਕ ਰੂਪ ਵਿੱਚ ਇਸਨੂੰ ਸਮਝਣ ਦੇ ਲਈ ਉਦਾਹਰਣ ਵਜੋਂ ਨਿਯਮ-ਮੁਕਤ ਕੀਤੇ ਗਏ ਖੇਤਰਾਂ ਵਿੱਚੋਂ, ਟੈਲੀਫੋਨ-ਸੇਵਾ ਨੂੰ ਵੇਖਦੇ ਹਾਂ। 1995 ਤੱਕ (ਆਜ਼ਾਦੀ ਤੋਂ ਬਾਅਦ) 40 ਸਾਲਾਂ ਤੋਂ ਵੱਧ ਦੇ ਸਰਕਾਰੀ ਏਕਾਧਿਕਾਰ ਤੋਂ ਬਾਅਦ ਵੀ ਦੇਸ਼ ਵਿੱਚ ਸਿਰਫ਼ 9.38 ਮਿਲੀਅਨ ਟੈਲੀਫੋਨ ਕਨੈਕਸ਼ਨ ਸਨ। ਦੁਨੀਆਂ ਵਿੱਚ ਇਹ ਸਭ ਤੋਂ ਘੱਟ ਟੈਲੀਡੇਂਸਿਟੀ ਸੀ। 2005 ਤੱਕ 46.19 ਮਿਲੀਅਨ ਫਿਕਸ ਲਾਇਨ ਗ੍ਰਾਹਕ ਅਤੇ 52.22 ਮਿਲੀਅਨ ਮੋਬਾਇਲ ਫੋਨ ਸਨ।[42] ਪਰ ਮੌਜੂਦਾ ਸਮੇਂ ਵਿੱਚ 884, 371,296 ਤੋਂ ਵੀਂ ਜ਼ਿਆਦਾ ਮੋਬਾਇਲ ਫੋਨ ਹਨ ਅਤੇ 73.44% ਆਬਾਦੀ ਤੱਕ ਇਸਦੀ ਪਹੁੰਚ ਹੈ।[43] ਹੁਣ ਇਕ ਗਲੀ ਦੇ ਦੁਕਾਨਦਾਰ ਦੁਆਰਾ ਅਤੇ ਇਕ ਕਰਿਆਨੇ ਦਾ ਸਾਮਾਨ ਵੇਚਣ ਵਾਲੇ ਨੂੰ ਮੋਬਾਇਲ ਫੋਨ ਜਾਂ ਫੋਨ ਤੇ ਹੋਮ ਡਿਲਵਰੀ ਦਾ ਆਰਡਰ ਲੈਂਦੇ ਵੇਖਣਾ ਕੋਈ ਅਸਾਧਾਰਣ ਗੱਲ ਨਹੀਂ ਜਾਪਦੀ। ਇੱਕ ਦੂਜੇ ਦੇ ਨਾਲ ਸੰਪਰਕ ਵਧਾਉਣਾ ਅਸਾਨ ਹੋ ਜਾਣ ਕਰਕੇ ਵਿਉਪਾਰ ਵਿੱਚ ਵਾਧਾ ਕਰਨ ਦੇ ਮੌਕੇ ਵਧੇ ਹਨ।

ਸੁਧਾਰਾਂ ਦਾ ਗਰੀਬੀ ਦੇ ਪੱਧਰ ਉੱਪਰ ਵੀ ਨਾਟਕੀ ਅਸਰ ਵੇਖਿਆ ਗਿਆ ਹੈ। ਗਰੀਬੀ ਦੇ ਪੱਧਰ 1993-94 ਅਤੇ 1980 ਦੇ ਤਕਰੀਬਨ 45% ਦੇ ਮੁਕਾਬਲੇ 2000 ਵਿੱਚ 26% ਤੱਕ ਘੱਟ ਗਿਆ। 1973-1993 ਦੇ ਵਿਚਕਾਰ ਗਰੀਬਾਂ ਦੀ ਗਿਣਤੀ 320 ਮਿਲੀਅਨ ਕਾਇਮ ਰਹੀ। 1993-1999 ਦੇ ਵਿੱਚ ਇਸ ਗਿਣਤੀ ਵਿੱਚ 60 ਮਿਲੀਅਨ ਦੀ ਗਿਰਾਵਟ ਦੱਸੀ ਗਈ ਅਤੇ ਕੁਝ ਅੰਦਾਜ਼ਿਆ ਦੇ ਅਨੁਸਾਰ 100 ਮਿਲੀਅਨ ਲੋਕਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਕੱਢਿਆ ਗਿਆ ਹੈ।44 2007 ਦੀ "ਮੈਕੇਨਜ਼ੀ ਗਲੋਬਲ ਇੰਨਸਟੀਚਿਊਟ" ਦੀ ਰਿਪੋਰਟ ਦੇ ਅਨੁਸਾਰ "ਜਦ ਅਸੀਂ ਜਨਸੰਖਿਆ ਵਿਚਲੇ ਵਾਧੇ ਦੇ ਨਜ਼ਰੀਏ ਤੋਂ ਵੇਖਦੇ ਹਾਂ ਤਾਂ; ਲਗਭਗ 431 ਮਿਲੀਅਨ ਲੋਕ ਹੁਣ ਵੀ ਗਰੀਬੀ ਦੇ ਪਹਿਲਾਂ ਵਾਲੇ ਪੱਧਰ 'ਤੇ ਹੀ ਜੀਅ ਰਹੇ ਹਨ। ਇਹਨਾਂ ਤੱਥਾਂ ਨੂੰ ਵੇਖਦੇ ਹੋਏ ਆਰਥਿਕ ਸੁਧਾਰਾਂ ਨੂੰ ਭਾਰਤੀ ਇਤਿਹਾਸ ਦਾ ਸਭ ਤੋਂ ਪ੍ਰਭਾਵੀ ਗਰੀਬੀ ਹਟਾਓ ਪ੍ਰੋਗਰਾਮ ਕਿਹਾ ਜਾ ਸਕਦਾ ਹੈ। ਜੇਕਰ ਮੌਜੂਦਾ ਵਿਕਾਸ ਦਰ ਅੱਗੇ

ਵੀ ਇੰਝ ਹੀ ਚੱਲਦੀ ਰਹੀ ਤਾਂ ਅੱਗਲੇ ਦੋ ਦਹਾਕਿਆਂ ਵਿੱਚ 291 ਮਿਲੀਅਨ ਹੋਰ ਲੋਕ ਗਰੀਬੀ ਰੇਖਾ ਤੋਂ ਬਾਹਰ ਆ ਜਾਣਗੇ।[45]

ਸੁਧਾਰ ਕਰਤਾਵਾਂ ਦੀ ਇੱਕ ਸਭ ਤੋਂ ਵੱਡੀ ਅਸਫਲਤਾ ਇਹ ਹੈ ਕਿ ਉਹ ਇਨ੍ਹਾਂ ਸੁਧਾਰਾਂ ਦੇ ਤਰਕ ਨੂੰ ਅਰਥ-ਵਿਵਸਥਾ ਦੇ ਤਿੰਨ ਮੁੱਖ ਖੇਤਰ: ਖੇਤੀਬਾੜੀ, ਉਤਪਾਦਨ ਅਤੇ ਸੇਵਾ ਖੇਤਰ ਵਿੱਚ ਲਗਾਤਾਰਤਾ ਨਾਲ ਲਾਗੂ ਨਹੀਂ ਕਰ ਸਕੇ। ਸੇਵਾ ਖੇਤਰ—ਆਈ.ਟੀ., ਟੈਲੀਕਾਮ, ਏਅਰਲਾਈਨ, ਬੀਮਾ ਅਤੇ ਬੈਂਕਿੰਗ—ਵਿੱਚ ਸਭ ਤੋਂ ਜ਼ਿਆਦਾ ਸੁਧਾਰ ਵੇਖਿਆ ਗਿਆ। ਉਤਪਾਦਨ ਖੇਤਰ ਵਿੱਚ ਕੁਝ ਸੁਧਾਰ ਹੋਏ, ਪਰੰਤੂ ਖੇਤੀਬਾੜੀ ਖੇਤਰ ਵਿੱਚ ਸ਼ਾਇਦ ਹੀ ਕੋਈ ਸੁਧਾਰ ਹੋਇਆ ਹੋਵੇ। ਸੇਵਾ ਖੇਤਰ ਅਤੇ ਪੂੰਜੀ ਆਧਾਰਿਤ—ਉਤਪਾਦਨ ਖੇਤਰ ਖ਼ਾਸ ਤੌਰ ’ਤੇ ਪੜ੍ਹੇ ਲਿਖੇ ਵਰਗਾਂ ਲਈ ਹੈ ਅਤੇ ਇਹ ਉਹ ਵਰਗ ਹੈ ਜਿਨ੍ਹਾਂ ਨੇ ਆਰਥਿਕ ਸੁਧਾਰਾਂ ਤੋਂ ਬਾਅਦ ਭਾਰਤ ਵਿੱਚ ਸਭ ਤੋਂ ਵੱਧ ਤਰੱਕੀ ਕੀਤੀ ਹੈ। ਪਰ ਘੱਟ ਪੜ੍ਹੇ ਲਿਖੇ ਅਤੇ ਘੱਟ ਪੂੰਜੀ ਵਾਲੇ ਲੋਕ ਆਪਣੀ ਰੋਜ਼ੀ ਰੋਟੀ ਕਿਵੇਂ ਕਮਾ ਰਹੇ ਹਨ? ਇਹ ਵੇਖਣ ਦੀ ਲੋੜ ਹੈ।

### ਵਿਆਪਕ ਸੁਧਾਰ: ਆਮ ਲੋਕਾਂ ਦੇ ਲਈ ਪੂੰਜੀਵਾਦ

ਗਰੀਬੀ ਘੱਟ ਹੋਣ ਦੀ ਚੰਗੀ ਖ਼ਬਰ ਦੇ ਬਾਵਜੂਦ ਇਹ ਮੰਨਣਾ ਪਵੇਗਾ ਕਿ ਜ਼ਿਆਦਾ ਗਰੀਬ ਲੋਕ ਉਨੀ ਤੇਜ਼ੀ ਨਾਲ ਅੱਗੇ ਨਹੀਂ ਵੱਧ ਸਕੇ। ਜਿੰਨੀ ਤੇਜ਼ੀ ਨਾਲ ਉਹਨਾਂ ਨੂੰ ਵੱਧਣਾ ਚਾਹੀਦਾ ਸੀ। ਇਸਦਾ ਇਲਜ਼ਾਮ ਪੂੰਜੀਵਾਦ ਦੇ ਸਿਰ ਨਹੀਂ ਲਗਾਇਆ ਜਾ ਸਕਦਾ। ਬਲਕਿ ਸਮਾਜ ਵਿੱਚ ਮੌਜੂਦ ਕਮੀਆਂ ਜਿੰਮੇਵਾਰ ਹਨ। ਗਰੀਬ ਅੱਜ ਵੀ ਸਖ਼ਤ ਤੇ ਜਾਲਿਮ ਲਾਇਸੰਸ ਪਰਮਿਟ - ਕੋਟਾ ਰਾਜ ਵਿੱਚ ਜਿਊਣ ਲਈ ਮਜ਼ਬੂਰ ਹਨ।

ਉਹ ਤਿੰਨ ਮੁੱਖ ਖੇਤਰ, ਜਿਨ੍ਹਾਂ ਦੇ ਰਾਹੀ ਭਾਰਤ ਦੇ ਗਰੀਬ ਲੋਕਾਂ ਦਾ ਜੀਵਨ ਨਿਰਬਾਹ ਹੋ ਰਿਹਾ ਹੈ, ਹਨ:- ਪਹਿਲਾ ਸ਼ਹਿਰੀ ਅਨਿਯਮਿਤ ਖੇਤਰ, ਦੂਸਰਾ ਖੇਤੀਬਾੜੀ ਅਤੇ ਤੀਸਰਾ ਪ੍ਰਾਕਿਰਤਕ ਵਸੀਲੇ (ਜੰਗਲ ਉਪਰ ਨਿਰਭਰ ਆਬਾਦੀ ਜਿਵੇਂ ਕਿ ਆਦਿਵਾਸੀ) ਹਨ। ਇਹਨਾਂ ਖੇਤਰਾਂ ਵਿੱਚ ਸਭ ਤੋਂ ਘੱਟ ਜਾਂ ਕਹੋ ਕਿ ਨਾਂਹ ਦੇ ਬਰਾਬਰ ਆਰਥਿਕ ਸੁਤੰਤਰਤਾ ਜਾਂ ਬਾਜ਼ਾਰ ਸੁਧਾਰ ਹੋਏ ਦਿਖਾਈ ਦੇਂਦੇ ਹਨ।

### ਬਜ਼ਾਰ ਦੇ ਉੱਦਮੀ: ਲਾਇਸੰਸ ਰਾਜ, ਅਵਿਵਹਾਰਿਕਤਾ ਅਣਇਛੁੱਕ ਪਰਵਾਸ

ਸ਼ਹਿਰੀ ਖੇਤਰ ਵਿੱਚ ਆਰਥਿਕ ਸੁਤੰਤਰਤਾ ਦੀ ਅਸਮਾਨ ਵੰਡ ਵੱਲ ਧਿਆਨ ਮਾਰਦੇ ਹਾਂ। ਇੱਕ ਫੈਕਟਰੀ ਜਾਂ ਕੱਾਲ ਸੇਂਟਰ ਖੋਲਣ ਲਈ ਲਾਇਸੰਸ ਦੀ ਜ਼ਰੂਰਤ ਨਹੀਂ ਹੁੰਦੀ। ਪਰ ਜੇਕਰ ਕੋਈ ਇਕ ਚਾਹ ਦੀ ਦੁਕਾਨ ਖੋਲ੍ਹਣੀ ਚਾਹੁੰਦਾ ਹੈ, ਗਲੀ-ਗਲੀ ਫੇਰੀ ਲਾਉਣਾ ਚਾਹੁੰਦਾ ਹੈ ਤਾਂ ਉਸਨੂੰ ਲਾਇਸੰਸ ਦੀ ਜ਼ਰੂਰਤ ਪੈਂਦੀ ਹੈ। ਮੁੱਢਲੀ ਕਿਸਮ ਦੇ ਵਿਉਪਾਰਕ ਕੰਮਾਂ, ਜਿਹਨਾਂ ਵਿੱਚ ਘੱਟ ਮੁਹਾਰਤ ਤੇ ਘੱਟ ਪੂੰਜੀ ਦੀ ਜ਼ਰੂਰਤ ਪੈਂਦੀ ਹੈ, ਦੇ ਲਈ ਅੱਜ ਵੀ ਲਾਇਸੰਸ ਦੀ ਲੋੜ ਪੈਂਦੀ ਹੈ। ਇਸ ਵਿੱਚੋਂ ਕਈਆਂ

ਦੇ ਲਾਇਸੰਸ ਦੀ ਗਿਣਤੀ ਤਾਂ 30-40 ਸਾਲ ਪਹਿਲਾ ਨਿਰਧਾਰਿਤ ਕੀਤੀ ਗਈ ਸੀ ਅਤੇ ਇਹਨਾਂ ਵਿੱਚ ਹੁਣ ਤੱਕ ਕੋਈ ਬਦਲਾਅ ਨਹੀਂ ਕੀਤਾ ਗਿਆ। ਸ਼ੁਕਰ ਹੈ ਕਿ ਇਸ ਤਰ੍ਹਾਂ ਦੀਆ ਪਾਬੰਧੀਆਂ ਨਿੱਕੇ ਪੱਧਰ ਦੇ ਵਿਉਪਾਰਕ ਕੰਮਾਂ ਨੂੰ ਬੰਦ ਨਹੀਂ ਕਰਦੀਆਂ। ਜੇਕਰ ਅਜਿਹਾ ਹੁੰਦਾ ਤਾਂ ਇਹ ਲੱਖਾਂ ਹੋਰ ਲੋਕਾਂ ਨੂੰ ਵੀ ਇਸ ਅਸਮਾਨ ਵੰਡ ਵਿੱਚ ਖਿੱਚ ਲੈਂਦੀਆਂ। ਜਦਕਿ ਇਹ ਗਲ ਵਿਉਪਾਰੀਆਂ ਨੂੰ ਗੈਰ-ਕਾਨੂੰਨੀ ਜਾਂ ਅਵਿਵਹਾਰਿਕ ਤੌਰ ਤੇ ਕੰਮ ਕਰਨ ਤੋਂ ਰੋਕਦੀਆਂ ਹਨ। ਪਰ ਇਹ ਪਾਬੰਧੀਆਂ ਇਹਨਾਂ ਨੂੰ ਪੁਲਿਸ ਅਤੇ ਨਗਰ ਨਿਗਮ ਅਧਿਕਾਰੀਆਂ ਦੁਆਰਾ ਸ਼ੋਸ਼ਿਤ ਕੀਤੇ ਜਾਣ ਅਤੇ ਰਿਸ਼ਵਤ ਦੇਣ ਲਈ ਵੀ ਮਜ਼ਬੂਰ ਕਰਦੀਆਂ ਹਨ। ਸਿਰਫ਼ ਦਿੱਲੀ ਵਿੱਚ ਹੀ 6,00,000 ਫੇਰੀ ਵਾਲੇ ਲਗਭਗ 200 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਦੇਂਦੇ ਹਨ। ਮਤਲਬ ਕਿ 12 ਮਿਲੀਅਨ (120 ਕਰੋੜ ਰੁਪਏ) ਪ੍ਰਤੀ ਮਹੀਨਾ। ਇਹ ਦਿੱਲੀ ਦੇ ਸਭ ਤੋਂ ਗਰੀਬ ਲੋਕਾਂ ਉਤੇ ਲਾਇਸੰਸ ਰਾਜ/ਆਰਥਿਕ ਅਸੁਤੰਤਰਤਾ ਦਾ ਬੋਝ ਹੈ।"[46]

ਇੱਥੋਂ ਤੱਕ ਕਿ ਰਿਸ਼ਵਤ ਦੇਣ ਦੇ ਬਾਵਜੂਦ ਵੇਚਣ ਵਾਲਾ ਗੈਰ-ਕਾਨੂੰਨੀ ਹੀ ਰਹਿੰਦਾ ਹੈ। ਇਹ ਸਭ ਤੋਂ ਵੱਡੀ ਵਿਡੰਬਨਾ ਹੈ। ਨਗਰ ਨਿਗਮ ਅਧਿਕਾਰੀਆਂ ਦੇ ਛਾਪੇ ਦੇ ਡਰ ਤੋਂ ਛਾਬੜੀ ਵਾਲੇ ਆਪਣਾ ਕੰਮ ਵਧਾ ਨਹੀਂ ਪਾਉਂਦੇ। ਜੇਕਰ ਰੇਹੜੀ ਵਾਲਾ ਜ਼ਿਆਦਾ ਸਾਮਾਨ ਵੇਚਣ ਲਈ ਥੋੜ੍ਹੀ ਜ਼ਿਆਦਾ ਜਗ੍ਹਾ ਘੇਰ ਲੈਂਦਾ ਹੈ ਤਾਂ ਨਗਰ ਨਿਗਮ ਦੀ ਗੱਡੀ ਆਉਂਦੇ ਹੀ ਸਭ ਕੁਝ ਸਮੇਟ ਕੇ ਭੱਜਣਾ ਪੈਂਦਾ ਹੈ। ਰੇਹੜੀ ਵਾਲਾ ਸਿਰਫ਼ ਆਪਣੀ ਬਾਂਹ ਜਿੰਨੀ ਦੂਰੀ ਤੱਕ ਹੀ ਆਪਣਾ ਕੰਮ ਵਧਾ ਸਕਦਾ ਹੈ। ਉਸਦੇ ਵਿਉਪਾਰ ਦਾ ਦਾਇਰਾ ਛੋਟਾ ਰੱਖਣ ਲਈ ਮਜ਼ਬੂਰ ਕਰਕੇ ਅਸੀਂ ਉਸਨੂੰ ਸੀਮਿਤ ਦਾਇਰੇ ਵਾਲੇ ਜੀਵਨ ਨਿਰਬਾਹ ਲਈ ਮਜ਼ਬੂਰ ਕਰਦੇ ਹਾਂ।

ਸਾਹ ਘੁਟਵੇਂ ਲਾਇਸੰਸ ਪ੍ਰਬੰਧ ਦੇ ਇਲਾਵਾ ਅਣਗਿਣਤ ਨਿਯਮ ਅਤੇ ਉਪ-ਨਿਯਮ ਹੋਰ ਕਈ ਰੁਕਾਵਟਾਂ ਪਾਉਂਦੇ ਹਨ। ਹਾਲਾਂਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਨਿਯਮਾਂ ਦਾ ਮੂਲ ਉਦੇਸ਼ ਚੰਗਾ ਹੁੰਦਾ ਹੈ। ਪਰ, ਇਨ੍ਹਾਂ ਦੇ ਪ੍ਰਾਪਤ ਨਤੀਜੇ ਉਲਟ ਦਿਖਾਈ ਦੇਂਦੇ ਹਨ। ਉਦਾਹਰਣ ਦੇ ਤੌਰ ਤੇ ਦਿੱਲੀ ਵਿੱਚ ਸ਼ਾਇਕਲ-ਰਿਕਸ਼ਾ, ਮਾਲਿਕ ਅਤੇ ਰਿਕਸ਼ਾਂ ਚਾਲਕ ਦੋਵੇਂ ਇਕੋ ਇਨਸਾਨ ਨਾਲ ਜੁੜੇ ਹੋਣੇ ਚਾਹੀਦੇ ਹਨ। ਦੂਸਰੇ ਸ਼ਬਦਾਂ ਵਿੱਚ ਰਿਕਸ਼ਾ ਕਿਰਾਏ 'ਤੇ ਲੈਣਾ ਦੇਣਾ ਗੈਰ-ਕਾਨੂੰਨੀ ਹੈ। ਇਸ ਨਿਯਮ ਦਾ ਉਦੇਸ਼ ਮਾਲਕੀਅਤ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨਾ ਤੇ ਵਿਚੋਲਿਆਂ ਦੁਆਰਾ ਸ਼ੋਸ਼ਣ ਨੂੰ ਘਟਾਉਣਾ ਹੈ।

ਇਹਨਾਂ ਨਿਯਮਾਂ ਦਾ ਅਸਲ ਅਸਰ ਵੇਖਦੇ ਹਾਂ। ਜ਼ਿਆਦਾਤਰ ਰਿਕਸ਼ਾ ਚਲਾਉਣ ਵਾਲੇ ਮੌਸਮੀ ਪ੍ਰਵਾਸੀ ਹੁੰਦੇ ਹਨ। ਉਹ ਅਜਿਹੇ ਸਮੇਂ ਵਿੱਚ ਸ਼ਹਿਰ ਆਉਂਦੇ ਹਨ ਜਦ ਉਹਨਾਂ ਕੋਲ ਹੋਰ ਕੋਈ ਕੰਮ ਨਹੀਂ ਹੁੰਦਾ। ਉਹਨਾਂ ਦਾ ਉਦੇਸ਼ ਕੁਝ ਪੈਸਾ ਕਮਾ ਕੇ ਵਾਪਸ ਖੇਤਾਂ ਵਿੱਚ ਮਜ਼ਦੂਰੀ ਲਈ ਮੁੜ ਜਾਣਾ ਹੁੰਦਾ ਹੈ। ਅਜਿਹੇ ਹਾਲਾਤ ਵਿੱਚ

ਉਹਨਾਂ ਲਈ ਸੰਭਵ ਨਹੀਂ ਹੈ ਕਿ ਹਰ ਕੁਝ ਮਹੀਨਿਆਂ ਬਾਅਦ ਉਹ ਰਿਕਸ਼ਾ ਖਰੀਦਣ ਅਤੇ ਫਿਰ ਵੇਚਣ। ਪਰੰਤੂ ਮੰਨ ਲਉ ਇੱਕ ਗਰੀਬ ਆਦਮੀ ਕਿਸੇ ਤਰ੍ਹਾਂ ਇੱਕ ਰਿਕਸ਼ਾਂ ਖਰੀਦ ਵੀ ਲੈਂਦਾ ਹੈ ਤਾਂ ਉਸ ਸਥਿਤੀ ਵਿੱਚ ਕੀ ਹੋਵੇਗਾ ਜਦ ਉਸਨੂੰ ਕੁਝ ਮਹੀਨਿਆਂ ਲਈ ਆਪਣੇ ਪਿੰਡ ਵਾਪਸ ਮੁੜ ਜਾਣਾ ਪਵੇਗਾ? ਇਹਨਾਂ ਮਹੀਨਿਆਂ ਲਈ ਉਹ ਆਪਣਾ ਰਿਕਸ਼ਾ ਕਿਰਾਏ 'ਤੇ ਨਹੀਂ ਦੇ ਸਕਦਾ। ਇੱਕ ਵਿਅਕਤੀ ਇੱਕ ਦਿਨ ਵਿੱਚ ਜ਼ਿਆਦਾ ਤੋਂ ਜ਼ਿਆਦਾ 12 ਤੋਂ 15 ਘੰਟੇ ਲਈ ਰਿਕਸ਼ਾ ਚਲਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਇਸਨੂੰ ਪੂਰੇ ਦਿਨ ਲਈ ਕਿਰਾਏ 'ਤੇ ਨਹੀਂ ਦਿੱਤਾ ਜਾ ਸਕਦਾ। ਇੱਕ ਅਮੀਰ ਆਦਮੀ ਦੀ ਪੂੰਜੀ-ਇੱਕ ਕਾਲ ਸੈਂਟਰ-24 ਘੰਟੇ ਤੱਕ ਕੰਮ ਕਰ ਸਕਦਾ ਹੈ। ਪਰੰਤੂ ਇਕ ਗਰੀਬ ਆਦਮੀ ਦੀ ਪੂੰਜੀ-ਇੱਕ ਰਿਕਸ਼ਾ-ਪੂਰਾ ਦਿਨ ਕੰਮ ਨਹੀਂ ਕਰ ਸਕਦਾ। ਜੇਕਰ ਉਹ ਆਪ ਬੀਮਾਰ ਪੈ ਜਾਂਦਾ ਹੈ ਤਾਂ ਉਸਦਾ ਰਿਕਸ਼ਾ ਨਹੀਂ ਚੱਲ ਸਕਦਾ। ਉਹ ਜਿਸ ਕੰਮ ਨੂੰ ਜਾਣਦਾ ਹੈ ਉਸਨੂੰ ਵਧਾ ਨਹੀਂ ਸਕਦਾ- ਉਹ ਜ਼ਿਆਦਾ ਰਿਕਸ਼ਾ ਨਹੀਂ ਖਰੀਦ ਸਕਦਾ। ਅਜਿਹੇ ਵਿੱਚ ਉਸਦੀ ਕਮਾਈ ਹਮੇਸ਼ਾ ਉਨੀ ਹੀ ਸੀਮਿਤ ਰਹਿ ਜਾਂਦੀ ਹੈ ਜਿੰਨੀ ਕਿ ਸਿਹਤਮੰਦ ਰਹਿਣ ਦੀ ਸਥਿਤੀ ਵਿੱਚ 12 ਤੋਂ 15 ਘੰਟੇ ਤੱਕ ਰਿਕਸ਼ਾ ਚਲਾ ਕੇ ਉਹ ਕਮਾ ਸਕਦਾ ਹੈ। ਹੁਣ ਅਸੀਂ ਇਹ ਸਮਝ ਸਕਦੇ ਹਾਂ ਕਿ ਉਹ ਗਰੀਬ ਕਿਉਂ ਹੈ।

ਰਿਕਸ਼ਾ ਕਿਰਾਏ ਉਪਰ ਦੇਣ ਦੀ ਪਾਬੰਧੀ ਦੇ ਨਿਯਮ ਦਾ ਅੱਗੇ ਜਾਕੇ ਕੀ ਉਲਟਾ ਅਸਰ ਪੈਂਦਾ ਹੈ। ਕਿਰਾਇਆ ਜਿਨ੍ਹਾਂ ਹੋਣਾ ਚਾਹੀਦਾ ਹੈ ਉਸਤੋਂ ਕਿਤੇ ਜ਼ਿਆਦਾ ਹੁੰਦਾ ਹੈ। ਕਿਰਾਏ ਵਿੱਚ ਰਿਕਸ਼ਾ ਗੈਰ-ਕਾਨੂੰਨੀ ਤੌਰ ਤੇ ਚਲਾਉਣ ਦੇ ਖਤਰੇ ਦਾ ਇਵਜਾਨਾ ਵੀ ਸ਼ਾਮਿਲ ਹੋ ਜਾਂਦਾ ਹੈ। ਇਸਤੋਂ ਇਲਾਵਾ ਇਸਦੀ ਪੂਰਤੀ ਵੀ ਜ਼ਰੂਰਤ ਨਾਲੋਂ ਘੱਟ ਹੀ ਰਹਿੰਦੀ ਹੈ ਕਿਉਂਕਿ ਇਮਾਨਦਾਰ ਲੋਕ ਗੈਰ-ਕਾਨੂੰਨੀ ਕਾਰੋਬਾਰ ਨਾਲ ਜੁੜਨਾ ਪਸੰਦ ਨਹੀਂ ਕਰਦੇ। ਇਥੋਂ ਤੱਕ ਕਿ ਇਕ ਐਨ. ਜੀ. ਓ. ਜਾਂ ਇਕ ਨਿਰਸਵਾਰਥਿਕ ਸੰਸਥਾ ਵੀ ਘੱਟ ਪੈਸਿਆਂ ਵਿੱਚ ਰਿਕਸ਼ਾ ਕਿਰਾਏ ਤੇ ਨਹੀਂ ਦੇ ਸਕਦੀ। ਨਤੀਜੇ ਵੱਜੋਂ ਪੰਜ ਮਹੀਨੇ ਲਈ ਰਿਕਸ਼ੇ ਦਾ ਜਿਨ੍ਹਾਂ ਕਿਰਾਇਆ ਦੇਣਾ ਪੈਂਦਾ ਹੈ ਉਨੇ ਪੈਸਿਆਂ ਵਿੱਚ ਨਵਾਂ ਰਿਕਸ਼ਾ ਆ ਜਾਂਦਾ ਹੈ। ਇਕ ਨਿਯਮ ਜਿਸਨੂੰ ਗਰੀਬ ਨੂੰ ਲਾਭ ਪਹੁੰਚਾਉਣ ਲਈ ਬਣਾਇਆ ਗਿਆ ਉਹ ਉਸੇ ਗਰੀਬ ਨੂੰ ਹਰ ਪਾਸਿਓ ਨੁਕਸਾਨ ਪਹੁੰਚਾ ਰਿਹਾ ਹੈ ਜਿਵੇਂ ਕੋਈ ਕਾਨੂੰਨ ਅਣਲੋੜੀਂਦੇ ਨਤੀਜਿਆਂ ਨੂੰ ਪੇਸ਼ ਕਰਦਾ ਹੈ।

ਰਿਕਸ਼ੇ ਦੇ ਵਿਕਲਪ ਨੂੰ ਸਿਰਫ਼ ਉਹਨਾਂ ਗਰੀਬਾਂ ਤੱਕ ਸੀਮਿਤ ਕਿਉਂ ਕਰ ਦਿੱਤਾ ਗਿਆ ਜਿਨ੍ਹਾਂ ਕੋਲ ਇਨ੍ਹਾਂ ਨੂੰ ਖਰੀਦਣ ਦੇ ਲਈ ਲੋੜ ਅਨੁਸਾਰ ਪੈਸੇ ਵੀ ਨਹੀਂ ਹਨ? ਇਹ ਉਹਨਾਂ ਲਈ ਸਹੀ ਕਿਵੇਂ ਹੋ ਸਕਦਾ ਹੈ? ਕੀ ਸੱਚਮੁੱਚ ਰਿਕਸ਼ਾਂ ਚਾਲਕ ਭਾਰਤ ਦੇ ਉਦਾਰੀਕਰਣ ਅਤੇ ਵਿਸ਼ਵੀਕਰਣ ਦੀ ਵਜ੍ਹਾ ਨਾਲ ਗਰੀਬ ਹੈ? ਕੀ ਉਸਦੇ ਖਰਚ ਉਪਰ ਅਮੀਰ ਹੋਰ ਅਮੀਰ ਹੋ ਰਿਹਾ ਹੈ? ਜਾਂ ਉਸਨੂੰ ਜੀਵਨ ਨਿਰਬਾਹ

ਲਈ ਸਾਡੇ ਦੁਆਰਾ ਮੁੱਢਲੇ ਕਾਰੋਬਾਰੀ ਕਿੱਤੇ ਤੱਕ ਸੀਮਿਤ ਰਹਿਣ ਲਈ ਦਬਾਇਆ ਜਾ ਰਿਹਾ ਹੈ?

**ਭੋਜਨ ਦਾ ਉਤਪਾਦਨ ਕਰਨ ਵਾਲਿਆ ਦੇ ਭੁੱਖੇ ਰਹਿਣ ਦਾ ਵਿਰੋਧਾਭਾਸ**

ਪੇਂਡੂ ਕਿਸਾਨ ਜਿਸਦਾ ਜੀਵਨ ਨਿਰਬਾਹ ਖੇਤੀਬਾੜੀ ਤੋਂ ਹੁੰਦਾ ਹੈ, ਸੰਤੋਸ਼ਜਨਕ ਹਾਲਤ ਵਿੱਚ ਨਹੀਂ ਹੈ। ਭਾਰਤ ਵਿੱਚ ਖੇਤੀਬਾੜੀ ਉਹ ਖੇਤਰ ਹੈ ਜਿਸ ਵਿੱਚ ਸਭ ਤੋਂ ਘੱਟ ਸੁਧਾਰ ਹੋਇਆ ਹੈ। ਜ਼ਿਆਦਾਤਰ ਖੇਤੀ ਉਤਪਾਦਕ ਵਸਤੂਆਂ ਪੂਰੇ ਜ਼ਿਲ੍ਹੇ ਤੱਕ ਨਹੀਂ ਪਹੁੰਚ ਪਾਉਂਦੀਆ। ਰਾਜ ਅਤੇ ਦੇਸ਼ ਦੀ ਸੀਮਾਂ ਤਾਂ ਬਹੁਤ ਦੂਰ ਦੀ ਗੱਲ ਹੈ। ਮਹਾਰਾਸ਼ਟਰ ਵਿੱਚ ਇਕ ਨਿਯਮ ਹੈ ਜਿਸ ਅਨੁਸਾਰ ਕਿਸਾਨਾਂ ਦਾ ਆਪਣਾ ਗੰਨਾ ਜ਼ਿਲ੍ਹੇ ਦੀ ਵਿਸ਼ੇਸ਼ ਮਿੱਲ ਵਿੱਚ ਵੇਚਣਾ ਹੀ ਜ਼ਰੂਰੀ ਹੈ। ਕੇਰਲ ਵਿੱਚ ਇੱਕ ਵਾਰ ਜਦੋਂ ਕੋਈ ਖੇਤ ਕਿਸੇ ਵਿਸ਼ੇਸ਼ ਫਸਲ ਦੇ ਉਤਪਾਦਨ ਲਈ ਰਜਿਸਟਰ ਹੋ ਜਾਂਦਾ ਹੈ ਤਾਂ ਬਿਨਾਂ ਸਰਕਾਰੀ ਅਨੁਮਤੀ ਦੇ ਉਸ ਵਿੱਚ ਬਦਲਾਅ ਨਹੀਂ ਕੀਤਾ ਜਾ ਸਕਦਾ। ਥੋੜ੍ਹਾ ਸਮਾਂ ਪਹਿਲਾ ਕੇਰਲ ਵਿੱਚ ਵੇਖਿਆ ਗਿਆ ਕਿ ਜਦ ਕਿਸਾਨਾਂ ਨੇ ਕਣਕ ਦੀ ਥਾਂ ਗੰਨਾਂ ਬੀਜਿਆ ਤਾਂ ਯੂਨੀਅਨ ਕਾਰਜਕਰਤਾਵਾਂ ਨੇ ਉਹਨਾਂ ਦੀ ਫਸਲ ਨੂੰ ਜੜ੍ਹ ਤੋਂ ਪੁੱਟ ਸੁੱਟਿਆ। ਕਣਕ ਅਤੇ ਗੰਨੇ ਦੀ ਫਸਲ ਵੱਖ-ਵੱਖ ਯੂਨੀਅਨ ਨਾਲ ਸੰਬੰਧਿਤ ਹੁੰਦੀ ਹੈ ਅਤੇ ਯੂਨੀਅਨ ਫਸਲ ਵਿੱਚ ਬਦਲਾਅ ਨੂੰ ਉਤਸ਼ਾਹਿਤ ਨਹੀਂ ਕਰਦੀ।

ਸਰਕਾਰ ਪ੍ਰਭਾਵਕਾਰੀ ਰੂਪ ਵਿੱਚ ਕਿਸਾਨਾਂ ਨੂੰ ਉਹਨਾਂ ਲਈ ਸਭ ਤੋਂ ਵੱਧ ਲੋੜੀਂਦੀ ਵਸਤੂਆਂ ਦੇਂਦੀ ਹੈ। ਬਿਜਲੀ, ਪਾਣੀ, ਬੀਜ਼ ਅਤੇ ਫਿਰ ਕੀਮਤ, ਮੰਡੀਕਰਨ (Storage) ਅਤੇ ਆਵਾਜਾਈ ਨੂੰ ਨਿਯੰਤ੍ਰਿਤ ਕਰਦੀ ਹੈ ਅਤੇ ਇਹ ਨਿਸ਼ਚਿਤ ਕਰਦੀ ਹੈ ਕਿ ਫਸਲ ਕਿਸਨੂੰ ਵੇਚਣੀ ਹੈ। ਕਿਸਾਨਾਂ ਨੂੰ ਉਹਨਾਂ ਦੀ ਫਸਲ ਰਾਜ ਸਰਕਾਰ ਦੁਆਰਾ ਪ੍ਰਮਾਣਿਤ ਲੋਕ ਬਾਜ਼ਾਰ ਵਿੱਚ ਵੇਚਣੀ ਜ਼ਰੂਰੀ ਹੁੰਦੀ ਹੈ-ਖੇਤੀਬਾੜੀ ਉਤਪਾਦਨ ਵਿਕਰੀ ਕਮੇਟੀ (Agriculture Produce Marketing Committee -APMC) ਇਥੇ ਸਿਰਫ ਕੁਝ ਕੁ ਲਾਇਸੰਸ ਏਜੰਟਾਂ ਨੂੰ ਕੀਮਤ ਨਿਯਤ ਕਰਨ ਦੀ ਅਨੁਮਤੀ ਦੇਂਦੀ ਹੈ। ਇਸ ਨਾਲ ਕਿਸਨਾਂ ਨੂੰ ਮਿਲਣ ਵਾਲੀ ਕੀਮਤ ਘੱਟ ਜਾਂਦੀ ਹੈ। ਲੋੜੀਂਦੀ ਵਸਤੂ ਦਾ ਨਿਯਮ, ਇਕ ਹੋਰ ਕਠੋਰ ਕਾਨੂੰਨ ਦੀ ਫਸਲ ਵੱਖ-ਵੱਖ ਯੂਨੀਅਨ ਨਾਲ ਸੰਬੰਧਿਤ ਹੁੰਦੀ ਹੈ ਅਤੇ ਯੂਨੀਅਨ ਫਸਲ ਵਿੱਚ ਬਦਲਾਅ ਨੂੰ ਉਤਸ਼ਾਹਿਤ ਨਹੀਂ ਕਰਦੀ। ਸਰਕਾਰ ਖਰੀਦਦਾਰੀ ਰੂਪ ਵਿੱਚ ਕਿਸਾਨਾਂ ਨੂੰ ਉਹਨਾਂ ਲਈ ਸਭ ਤੋਂ ਵਧ ਲੋੜੀਂਦੀ ਵਸਤੂਆਂ ਦੇਂਦੀ ਹੈ। ਬਿਜਲੀ, ਪਾਣੀ, ਬੀਜ ਅਤੇ ਫਿਰ ਕੀਮਤ, ਮੰਡੀਕਰਨ (Storage) ਅਤੇ ਆਵਾਜਾਈ ਨੂੰ ਨਿਯੰਤ੍ਰਿਤ ਕਰਦੀ ਹੈ। ਅਤੇ ਇਹ ਨਿਸ਼ਚਿਤ ਕਰਦੀ ਹੈ ਕਿ ਫਸਲ ਕਿਸਨੂੰ ਵੇਚਣੀ ਹੈ। ਕਿਸਾਨਾਂ ਨੂੰ ਉਹਨਾਂ ਦੀ ਫਸਲ ਰਾਜ ਸਰਕਾਰ ਦੁਆਰਾ ਪ੍ਰਮਾਣਿਤ ਥੋਕ ਬਾਜ਼ਾਰ ਵਿੱਚ ਵੇਚਣੀ ਜਰੂਰੀ ਹੁੰਦੀ ਹੈ—ਖੇਤੀਬਾੜੀ ਉਤਪਾਦਨ ਵੇਚ ਕਮੇਟੀ (Agriculture Produce Marketing Committee—APMC)— ਇੱਥੇ ਸਿਰਫ਼

ਕੁਝ ਕੁ ਲਾਇਸੰਸ ਏਜੰਟਾਂ ਨੂੰ ਕੀਮਤ ਤੈਅ ਕਰਨ ਦੀ ਅਨੁਮਤੀ ਦੇਂਦੀ ਹੈ। ਇਸ ਨਾਲ ਕਿਸਾਨਾਂ ਨੂੰ ਮਿਲਣ ਵਾਲੀ ਕੀਮਤ ਘੱਟ ਜਾਂਦੀ ਹੈ। ਲੋੜੀਂਦੀ ਵਸਤੂ ਦਾ ਨਿਯਮ, ਇੱਕ ਹੋਰ ਕਠੋਰ ਕਾਨੂੰਨ ਖੇਤੀਬਾੜੀ ਉਤਪਾਦਨ ਨੂੰ ਨਿਸ਼ਚਿਤਤਾ ਦੀ ਸ਼੍ਰੇਣੀ ਵਿੱਚ ਬੰਨ੍ਹ ਦੇਂਦਾ ਹੈ। ਜਿਸ ਦੇ ਲਈ ਸਥਾਈ ਤੌਰ ਤੇ ਨਹੀਂ ਅਪਣਾ ਸਕਦੇ। ਇੱਕ ਔਸਤਨ ਅੰਦਾਜ਼ੇ ਦੇ ਮੁਤਾਬਿਕ 30% ਤੱਕ ਖੇਤੀ ਉਤਪਾਦ ਖਾਣੇ ਦੀ ਥਾਲੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਸੜ ਜਾਂਦਾ ਹੈ। ਇਸਦੇ ਬਾਵਜੂਦ ਵੀ ਹੁਣ ਵਿਦੇਸ਼ੀ ਪ੍ਰਤੱਖ ਨਿਵੇਸ਼, ਜੋ ਕਿ ਸਟੋਰੇਜ਼ ਦੇ ਸਿਸਟਮ ਨੂੰ ਆਧੁਨਿਕ ਬਣਾ ਸਕਦਾ ਹੈ, ਅਜੇ ਤੱਕ ਇਸ ਉੱਪਰ ਪਾਬੰਦੀ ਲੱਗੀ ਹੋਈ ਹੈ।[47]

**ਆਦਿਵਾਸੀ ਅਤੇ ਚੀਤਾ, ਰਾਸ਼ਟਰ ਅਤੇ ਕਬੀਲਾਈ ਵਿਕਾਸ : ਮਿਥਕ ਸੰਘਰਸ਼**

ਚੀਤੇ ਦੀ ਸੁਰੱਖਿਆ ਦੇ ਨਾਮ ਤੇ ਆਦਿਵਾਸੀਆਂ ਨੂੰ ਉਹਨਾਂ ਜੰਗਲੀ ਵਸੀਲਿਆਂ ਦੀ ਵਰਤੋਂ ਤੋਂ ਰੋਕ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਉਹਨਾਂ ਨੇ ਸਦੀਆਂ ਤੋਂ ਸੰਭਾਲਕੇ ਰੱਖਿਆ ਹੈ ਅਤੇ ਜੋ ਉਹਨਾਂ ਦਾ ਰਹਿਣ-ਬਸੇਰਾ ਹੈ। ਇੱਥੋਂ ਤੱਕ ਕਿ ਇੱਕ ਮਾਮੂਲੀ ਜੰਗਲੀ ਉਤਪਾਦ ਵਾਂਸ (Bamboo) ਵੀ ਉਹਨਾਂ ਦੀ ਪਹੁੰਚ ਵਿੱਚ ਨਹੀਂ ਹੈ। ਭਾਰਤੀ ਜੰਗਲ ਅਧਿਨਿਯਮ ਦੇ ਅਨੁਸਾਰ ਵਾਂਸ ਇਕ ਦਰੱਖਤ ਹੈ। ਅਜਿਹੀ ਸਥਿਤੀ ਵਿੱਚ ਜੰਗਲ-ਵਿਭਾਗ (Forest Department) ਨੂੰ ਇਸਦਾ ਇਸਤੇਮਾਲ ਨਿਯੰਤ੍ਰਿਤ ਕਰਨ ਦਾ ਅਧਿਕਾਰ ਹੈ। ਵਨਸਪਤੀ ਵਿਗਿਆਨ ਅਨੁਸਾਰ ਵਾਂਸ ਇੱਕ ਘਾਹ ਹੈ ਜੋ ਇਕ ਨਵੀਨੀਕਰਨ ਲਈ ਉਪਯੋਗੀ ਵਸੀਲਾ ਹੈ। ਜੇਕਰ ਕਾਨੂੰਨ ਵਿੱਚ ਇਸ ਤੱਥ ਨੂੰ ਮਾਨਤਾ ਦੇ ਦਿੱਤੀ ਜਾਂਦੀ ਹੈ ਤਾਂ ਆਦਿਵਾਸੀ ਆਪਣੇ ਜੀਵਨ-ਨਿਰਬਾਹ ਲਈ ਬਿਹਤਰ ਵਸੀਲੇ ਬਣਾਉਣ, ਇੱਕਠੇ ਕਰਨ ਦੇ ਯੋਗ ਹੋ ਜਾਂਦੇ ਹਨ। ਇਸਦੇ ਨਾਲ-ਨਾਲ ਵਾਂਸ ਨੂੰ ਲੱਕੜ ਦੇ ਰੂਪ ਵਿੱਚ ਵਰਤੇ ਜਾਣ ਤੋਂ ਬਚਾਇਆ ਜਾ ਸਕਦਾ ਸੀ।[48] ਕੁਝ ਦੇਸ਼ਾਂ ਜਿਵੇਂ ਕਿ ਨੇਪਾਲ ਅਤੇ ਜ਼ਿੰਬਾਬਵੇ ਵਿੱਚ ਵੇਖਿਆ ਗਿਆ ਹੈ ਕਿ ਜੰਗਲ ਵਿਭਾਗ ਅਸਲ ਵਿੱਚ ਜੰਗਲ ਅਤੇ ਇਸਦੀਆਂ ਪ੍ਰਜਾਤੀਆਂ ਨੂੰ ਬਿਹਤਰ ਸੁਰੱਖਿਆ ਮੁਹੱਈਆ ਕਰਦੀ ਹੈ ਅਤੇ ਆਦਿਵਾਸੀਆਂ ਨੂੰ ਜੀਵਨ-ਨਿਰਬਾਹ ਦੀ ਸੁਤੰਤਰਤਾ ਵੀ ਦੇਂਦੀ ਹੈ।

ਭਾਰਤ ਵਿੱਚ ਆਦਿਵਾਸੀ ਇਲਾਕਿਆਂ ਦੀ ਭੂਮੀ ਵਿੱਚ ਸਭ ਤੋਂ ਵੱਧ ਖਣਿਜ ਤੇ ਕੁਦਰਤੀ ਸ੍ਰੋਤ ਹਨ। ਸਰਕਾਰ ਨੇ ਰਾਸ਼ਟਰੀ ਤੇ ਆਦਿਵਾਸੀ ਵਿਕਾਸ ਦੀ ਦੋਹਰੀ ਮਹੱਤਤਾ ਕਾਰਣ ਇਹਨਾਂ ਸ੍ਰੋਤਾਂ ਦਾ ਰਾਸ਼ਟਰੀਕਰਣ ਕਰ ਦਿੱਤਾ ਹੈ।

ਜੇਕਰ ਇਹਨਾਂ ਸ੍ਰੋਤਾਂ ਉੱਪਰ ਆਦਿਵਾਸੀਆਂ ਦੇ ਅਧਿਕਾਰਾਂ ਨੂੰ ਮਾਨਤਾ ਮਿਲਦੀ ਹੈ ਤਾਂ ਇਹ ਵੇਖਣਾ ਹੋਵੇਗਾ ਕਿ ਇਸ ਨਾਲ ਰਾਸ਼ਟਰੀ ਹਿੱਤ ਕਿਵੇਂ ਪ੍ਰਭਾਵਿਤ ਹੁੰਦੇ ਹਨ? ਆਦਿਵਾਸੀ ਇਹਨਾਂ ਸ੍ਰੋਤਾਂ ਦੀ ਕਿਵੇਂ ਵਰਤੋਂ ਕਰਦੇ ਹਨ?

ਬੁਨਿਆਦੀ ਫਰਕ ਇਹ ਹੋਵੇਗਾ ਕਿ ਸਰਕਾਰ ਦੀ ਬਜਾਏ ਆਦਿਵਾਸੀ ਇਹਨਾਂ ਸ੍ਰੋਤਾਂ ਦੀ ਵਰਤੋਂ ਲਈ ਬੁਲਾਵਾ ਦੇਂਦੇ ਅਤੇ ਸ੍ਰੋਤਾਂ ਨੂੰ ਲੱਭਣ ਅਤੇ ਵਰਤਣ ਲਈ

ਸੌਦਾ/ਸੰਧੀ ਕਰਦੇ। ਇਸ ਨਾਲ ਆਦਿਵਾਸੀ ਵੀ ਲਾਭ ਪ੍ਰਾਪਤ ਕਰਦੇ ਅਤੇ ਸਰਕਾਰ ਨੂੰ ਵੀ ਇਸ ਉਪਰ ਟੈਕਸ ਪ੍ਰਾਪਤ ਹੁੰਦਾ (ਠੀਕ ਉਸੇ ਤਰ੍ਹਾਂ ਜਿਵੇਂ ਨਾਰਾਇਣ ਮੂਰਤੀ ਨੇ ਇਨਫੋਸੇਸ ਕੰਪਨੀ ਸ਼ੁਰੂ ਕੀਤੀ)। ਆਦਿਵਾਸੀ ਵਿਕਾਸ ਰਾਸ਼ਟਰ ਵਿਕਾਸ ਦੇ ਵਿਰੁੱਧ ਕਿਵੇਂ ਹੋ ਸਕਦਾ ਹੈ?

ਆਦਿਵਾਸੀ, ਪੇਂਡੂ ਅਤੇ ਸ਼ਹਿਰੀ ਅਵਿਵਹਾਰਿਕ ਸਮੁਦਾਇਕ ਵਿਕਾਸ ਨਹੀਂ ਕਰ ਪਾ ਰਹੇ। ਕਿਉਂਕਿ ਜਿਨ੍ਹਾਂ ਇਲਾਕਿਆਂ ਅਤੇ ਖੇਤਰਾਂ ਵਿੱਚ ਉਹ ਆਪਣੇ ਜੀਵਨ ਪ੍ਰਵਾਹ ਲਈ ਕਮਾਈ ਕਰਦੇ ਹਨ, ਉਹਨਾਂ ਵਿੱਚ ਉਦਾਰਵਾਦ ਅਤੇ ਸੁਧਾਰਾਂ ਨੂੰ ਲਾਗੂ ਨਹੀਂ ਕੀਤਾ ਗਿਆ। ਉਹਨਾਂ ਦੀ ਸਮੱਸਿਆ ਦੇ ਕਾਰਣਾ ਦੀ ਸਹੀਂ ਸਮਝ ਇਹ ਸੁਝਾਅ ਦੇਂਦੀ ਹੈ ਕਿ 1991 ਦੇ ਸੁਧਾਰਾਂ ਤੋਂ ਪਹਿਲਾਂ ਵਿਵਸਥਿਤ ਰਾਜ ਜਿਸ ਆਰਥਿਕ ਸੁਤੰਤਰਤਾ ਦੀ ਕਮੀ ਦੇ ਸੰਗਲਾਂ ਵਿੱਚ ਬੱਝੇ ਹੋਏ ਸਨ, ਉਨ੍ਹਾਂ ਵਿੱਚ ਘੱਟ ਕਮਾਈ ਵਾਲਾ ਵਰਗ ਅੱਜ ਵੀ ਫਸਿਆ ਹੋਇਆ ਹੈ।

## ਸੰਯੁਕਤ ਵਿਕਾਸ ਲਈ ਜ਼ਰੂਰੀ ਹੈ ਸੰਯੁਕਤ ਸੁਧਾਰ

ਆਰਥਿਕ ਤੱਥ ਅਤੇ ਅਨੁਭਵ ਇਹ ਸਪੱਸ਼ਟ ਕਰਦੇ ਹਨ ਕਿ ਗਰੀਬੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਆਰਥਿਕ ਸੁਤੰਤਰਤਾ ਬਹੁਤ ਜ਼ਰੂਰੀ ਹੈ।[49] 1991 ਦੇ ਸੁਧਾਰਾਂ ਨੇ ਵਿਵਸਥਿਤ ਉਦਯੋਗਿਕ ਖੇਤਰਾਂ ਲਈ ਜੋ ਸੁਧਾਰ ਕੀਤਾ ਉਹੀ ਸ਼ਹਿਰੀ ਅਵਿਵਸਥਿਤ ਸਮੁਦਾਇ ਦੇ ਲਈ ਵੀ ਹੋਣਾ ਚਾਹੀਦਾ ਹੈ। ਸੰਯੁਕਤ ਵਿਕਾਸ ਲਈ ਸੰਯੁਕਤ ਸੁਧਾਰ ਜ਼ਰੂਰੀ ਹੈ।

ਆਮ ਪ੍ਰਚੱਲਿਤ ਸੰਦੇਸ਼ ਇਹ ਹੋਣਾ ਚਾਹੀਦਾ ਹੈ ਕਿ,

**"ਉਦਾਰਵਾਦ ਕਾਰਣ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ**
**ਉਦਾਰਵਾਦ ਨਾ ਹੋਣ ਕਾਰਨ ਗਰੀਬ ਹੋਰ ਗਰੀਬ ਹੋ ਰਹੇ ਹਨ।"**

ਇਹ ਸਿਰਫ਼ ਸਮੱਸਿਆ ਨੂੰ ਹੀ ਸਪੱਸ਼ਟ ਨਹੀਂ ਕਰਦਾ ਸਗੋਂ ਉਸ ਸਮੱਸਿਆ ਦੇ ਹੱਲ ਦੀ ਦਿਸ਼ਾ ਵੱਲ ਵੀ ਸੰਕੇਤ ਕਰਦਾ ਹੈ। ਇਹ ਭਾਰਤ ਵਿੱਚ ਆਰਥਿਕ ਸੁਤੰਤਰਤਾ ਦੀ ਉੱਚ ਪੱਧਰੀ ਅਤੇ ਸਮਾਨ ਵੰਡ ਹੈ।

# ਅਸਮਾਨਤਾ ਲਈ ਚਿੰਤਾ ਨਾ ਕਰੋ

**ਸਵਾਮੀਨਾਥਨ ਸ. ਅੰਕਲੇਸਰੀਆ ਅਈਅਰ**

*ਇਸ ਨਿਬੰਧ ਵਿੱਚ ਅਖ਼ਬਾਰ ਲਈ ਨਿਰੰਤਰ ਕਾਲਮ (ਲੇਖ) ਲਿਖਣ ਵਾਲੇ ਕਾਲਮਨਵੀਸ ਤੇ ਟੀ.ਵੀ ਉੱਪਰ ਅੱਖੀਂ ਵੇਖੇ ਹਾਲ ਨੂੰ ਪੇਸ਼ ਕਰਨ ਵਾਲੇ ਕਲਾਕਾਰ (Commentator) ਸਵਾਮੀਨਾਥਨ ਅਈਅਰ ਨੇ ਉੱਚ ਅਧਿਕਾਰੀਆਂ ਨਾਲ ਮੌਕਿਆਂ ਦੀ ਸਮਾਨਤਾ ਅਤੇ ਨਤੀਜਿਆਂ ਦੀ ਸਮਾਨਤਾ ਨੂੰ ਇੱਕ-ਦੂਜੇ ਦੇ ਵਿਰੋਧ ਵਿੱਚ ਰੱਖਦੇ ਹੋਏ ਦੋਹਾਂ ਵਿਚਲੇ ਅੰਤਰ ਸੰਬੰਧੀ ਚਰਚਾ ਕੀਤੀ ਹੈ ਅਤੇ ਇਸ ਗੱਲ ਸੰਬੰਧਿਤ ਤਰਕ ਪੇਸ਼ ਕੀਤਾ ਹੈ ਕਿ ਨਤੀਜਿਆਂ ਦੀ ਸਮਾਨਤਾ ਨੂੰ ਮਾਪਣ ਵਾਲੇ ਪੈਮਾਨੇ ਨੂੰ ਕਲਿਆਣਕਾਰੀ ਆਰਥਿਕਤਾ ਪ੍ਰਬੰਧ ਮਾਪਣ ਦਾ ਪੈਮਾਨਾ ਮੰਨ ਲੈਣਾ ਠੀਕ ਤੇ ਵਿਹਾਰਕ ਨਹੀਂ।*

*ਸਵਾਮੀਨਾਥਨ 'ਟਾਇਮਸ ਆਫ਼ ਇੰਡੀਆਂ' ਵਿੱਚੋਂ ਪ੍ਰਕਾਸ਼ਿਤ ਹੋਣ ਵਾਲੇ ਇੱਕ ਲੋਕ-ਪ੍ਰਚੱਲਿਤ ਹਫ਼ਤੇਵਾਰ ਕਾਲਮ 'ਸਵਾਮੀਨੌਮਿਕਸ' ਦੇ ਲਈ ਪ੍ਰਸਿੱਧ ਹਨ। ਉਹ 'ਕੈਟੋ' (CATO) ਇੰਸਟੀਚਿਊਟ ਦੇ ਖ਼ੋਜ-ਸਕਾਲਰ (Research Scholar) ਵੀ ਹਨ। ਜਿਸਦਾ ਕੇਂਦਰ ਬਿੰਦੂ ਭਾਰਤ ਅਤੇ ਏਸ਼ੀਆ ਹੈ। ਉਹਨਾਂ ਦੇ ਸ਼ੋਧ ਕਾਰਜਾਂ ਦੇ ਮੁੱਖ ਵਿਸ਼ਿਆ ਵਿੱਚ ਵਿਕਾਸਸ਼ੀਲ ਦੇਸ਼ਾ ਵਿੱਚ ਆਰਥਿਕ ਬਦਲਾਅ, ਮਨੁੱਖੀ ਅਧਿਕਾਰ ਅਤੇ ਨਾਗਰਿਕ ਵਿਵਾਦ, ਰਾਜਨੀਤਿਕ ਹਨ। ਉਹ 'ਐਸਕੇਪ ਫਰਾਮ ਦੀ ਬੇਨਵੋਲੈਂਟ ਜੋਕੀਪਰਸ ਦੀ ਬੈਸਟ ਆਫ਼ ਸਵਾਮੀਨੋਮੀਕ' ਦੇ ਲੇਖਕ ਹਨ। ਉਹ 'ਦੀ ਇਕਨੌਮਿਕਸ ਟਾਈਮਸ' ਅਤੇ ਫਾਇਨੈਨਸ਼ੀਅਲ ਐਕਸਪਰੈੱਸ' ਦੇ ਸੰਪਾਦਕ ਰਹੇ ਅਤੇ ਦੋ ਦਰਸ਼ਕਾਂ ਤੱਕ 'ਦੀ ਈਕੋਨੋਮਿਸਟ' ਦੇ ਭਾਰਤੀ ਸੰਵਾਦਦਾਤਾ (Correspondent) ਰਹੇ ਹਨ। ਉਹ 'ਵਿਸ਼ਵ ਬੈਂਕ' ਅਤੇ 'ਏਸ਼ੀਆ ਵਿਕਾਸ ਬੈਂਕ' ਦੇ ਕਈ ਵਾਰ ਸਲਾਹਕਾਰ ਰਹੇ ਹਨ।*

*ਇਹ ਲੇਖ 'ਦ ਇਕਨੌਮਿਕ ਟਾਈਮਸ' (ਭਾਰਤ) ਵਿੱਚ 11 ਮਈ 2011 ਨੂੰ ਪ੍ਰਕਾਸ਼ਿਤ ਹੋਇਆ ਸੀ।*

❋❋❋

ਜੇਕਰ ਲੋਕ ਪੂਰੀ ਤਰ੍ਹਾਂ ਸੁਤੰਤਰ ਹੋਣ ਤਾਂ ਸਭ ਤੋਂ ਜ਼ਿਆਦਾ ਬੁੱਧੀਮਾਨ ਅਤੇ ਕਿਸਮਤ ਵਾਲੇ ਲੋਕ ਸਭ ਤੋਂ ਘੱਟ ਬੁੱਧੀਮਾਨ ਅਤੇ ਬਦਕਿਸਮਤ ਲੋਕਾਂ ਦੇ ਮੁਕਾਬਲੇ ਬਹੁਤ ਹੀ ਜ਼ਿਆਦਾ ਅਮੀਰ ਹੋਣਗੇ। ਅਜਿਹੇ ਵਿੱਚ ਸੁਤੰਤਰਤਾ ਅਸਮਾਨਤਾ ਨੂੰ ਵਧਾਏਗੀ। ਖੱਬੇ ਪੱਖੀ ਸੋਚ ਵਾਲੇ ਦੇਸ਼ ਸਰਵੱਸਤਾਵਾਦੀ ਨਿਯੰਤਰਣ ਦੁਆਰਾ ਨਤੀਜਿਆਂ ਦੀ ਸਮਾਨਤਾ ਦਾ ਉਦੇਸ਼ ਸਾਹਮਣੇ ਰੱਖਦੇ ਹਨ। ਪਰੰਤੂ ਇਹ ਇੱਕ ਧੋਖਾ

ਸੀ। ਇੱਥੇ ਉਹਨਾਂ  ਦੋਵਾਂ ਵਰਗਾਂ, ਜੋ ਨਿਯਮਾਂ ਨੂੰ ਤੋੜਦੇ ਸਨ ਅਤੇ ਜਿਨ੍ਹਾਂ ਉੱਤੇ ਨਿਸ਼ਚਿਤ ਰੂਪ ਨਾਲ ਇਹਨਾਂ ਦੀ ਪਾਲਣਾ ਕਰਨ ਲਈ ਜ਼ੋਰ ਪਾਇਆ ਜਾਂਦਾ ਸੀ, ਦੋਵਾਂ ਵਿੱਚਕਾਰ ਸ਼ਕਤੀਆਂ ਦੀ ਵੰਡ ਵਿੱਚ ਕੋਈ ਬਰਾਬਰੀ ਨਹੀਂ ਸੀ। ਸੁਤੰਤਰਤਾ ਅਤੇ ਸਮਾਨਤਾ ਦੇ ਦਰਮਿਆਨ ਤਨਾਓ ਨੂੰ ਘੱਟ ਕਰਨ ਲਈ ਦੇਸ਼ ਆਮ ਤੌਰ ਤੇ ਮੌਕਿਆ ਦੀ ਸਮਾਨਤਾ ਮੁਹੱਈਆ ਕਰਨ ਨੂੰ ਆਪਣਾ ਮੰਤਵ ਬਣਾਉਂਦੇ ਹਨ ਬਲਕਿ ਨਤਿਜਿਆਂ ਦੀ ਸਮਾਨਤਾ ਨੂੰ ਨਹੀਂ। ਨਤਿਜਿਆਂ ਦੇ ਸੰਦਰਭ ਵਿੱਚ ਅਰਥ-ਸ਼ਾਸਤਰੀਆਂ ਦੁਆਰਾ ਕੀਤੇ ਗਏ ਖੋਜ-ਕਾਰਜਾਂ ਤੋਂ ਪਤਾ ਲੱਗਦਾ ਹੈ ਕਿ ਹਰ ਤਰਫ਼ ਨਤੀਜਿਆਂ ਨੂੰ ਲੈ ਕੇ ਅਸਮਾਨਤਾ ਹੀ ਪਾਈ ਜਾਂਦੀ ਹੈ। ਜਦਕਿ ਮੌਕਿਆ ਦੇ ਸੰਦਰਭ ਵਿੱਚ ਅਜਿਹਾ ਨਹੀਂ ਹੈ। ਨਤੀਜਿਆਂ ਨੂੰ ਆਧਾਰ ਬਣਾ ਕੇ ਇਕੱਠੇ ਕੀਤੇ ਗਏ ਤੱਥਾਂ ਤੋਂ ਕਿਸੇ ਸੱਚਾਈ ਦੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਅਤੇ ਪੈਮਾਨੇ ਵੀ ਦੋਸ਼ਪੂਰਣ ਹੁੰਦੇ ਹਨ। ਅੱਗੇ ਦਿੱਤੇ ਗਏ ਟੇਬਲ ਵਿੱਚ ਉਪਭੋਗਤਾ ਦੇ ਸੰਦਰਭ ਵਿੱਚ 6 ਸਭ ਤੋਂ ਜ਼ਿਆਦਾ ਬਰਾਬਰੀ ਤੇ ਅਸਮਾਨਤਾ ਵਾਲੇ ਦੇਸ਼ਾ ਦੀ ਲਿਸਟ ਬਣਾਈ ਗਈ ਹੈ। ਗਿਨੀ ਕੋਫ਼ੀਸ਼ੀਏਂਟ (Gini Coefficient) ਦੁਆਰਾ ਮਾਪੇ ਸਮਾਨਤਾ ਦੇ ਪੱਧਰ ਦਾ ਸੰਖਿਆਤਮਕ ਮਾਪ ਕ੍ਰਮਵਾਰ 0 (ਮਤਲਬ0%) ਤੋਂ 1 ਹੈ (1 ਮਤਲਬ 100% ਹੈ।) 1 ਤੋਂ ਵੱਧ ਗਿਨੀ ਦਾ ਮਤਲਬ ਹੈ, ਪੂਰੀ ਅਸਮਾਨਤਾ (ਜਿੱਥੇ ਸਾਰੀ ਕਮਾਈ ਕਿਸੇ ਇੱਕ ਦੀ ਜ਼ੇਬ ਵਿੱਚ  ਜਾਂਦੀ ਹੈ) ਅਤੇ ਜ਼ੀਰੋ ਤੋਂ ਘੱਟ ਗਿਨੀ ਦਾ ਮਤਲਬ ਹੈ ਪੂਰੀ ਸਮਾਨਤਾ।

Gini Coefficients of the Major States, 2004-05

| | Rural ਪੇਂਡੂ | Urban ਸ਼ਹਿਰੀ |
|---|---|---|
| Bihar | 0.17 | 0.31 |
| Assam | 0.17 | 0.30 |
| Jharkhand | 0.20 | 0.33 |
| Rajasthan | 0.20 | 0.30 |
| UP | 0.23 | 0.34 |
| MP | 0.24 | 0.37 |
| Gujarat | 0.24 | 032 |
| Punjab | 0.26 | 0.32 |
| Tamil Nadu | 0.26 | 0.34 |
| Maharashtra | 0.27 | 0.35 |
| Kerala | 0.29 | 0.35 |
| Haryana | 0.31 | 0.36 |
| All India | 0.25 | 0.35 |

ਨਾਟਕੀ ਢੰਗ ਨਾਲ ਸਭ ਤੋਂ ਜ਼ਿਆਦਾ ਉਪਭੋਗ ਸਮਾਨਤਾ (ਦੇਸ਼ ਦੀ ਕੁੱਲ ਆਮਦਨ ਦੀ ਬਰਾਬਰ ਵੰਡ) ਕਰਨ ਵਾਲੇ ਖੇਤਰ (ਦੂਜੇ ਸ਼ਬਦਾ ਵਿੱਚ ਘੱਟ ਤੋਂ ਘੱਟ ਪੇਂਡੂ ਗਿਨੀ ਵਾਲੇ) ਸਭ ਤੋਂ ਵੱਧ ਗਰੀਬ ਹਨ। ਬਿਹਾਰ ਅਤੇ ਆਸਾਮ 0.17 ਗਿਨੀਂ ਨਾਲ ਸਭ ਤੋਂ ਵੱਧ ਸਮਾਨ ਹਨ। ਪਰ ਕਿ ਇਹ ਸਭ ਤੋਂ ਵੱਧ ਨਿਰਪੱਖਤਾ ਅਤੇ ਸੁੱਖ ਵਾਲੀ ਜਗ੍ਹਾ ਦੇ ਤੌਰ ਤੇ ਪ੍ਰਤੀਨਿੱਧਤਾ ਕਰਦੇ ਹਨ? ਬੇਸ਼ੱਕ ਨਹੀ। ਇਹਨਾਂ ਕਈ

ਦਹਾਕਿਆ ਤੱਕ ਭਿਅੰਕਰ ਗਰੀਬੀ, ਖ਼ਰਾਬ ਸ਼ਾਸਨ ਪ੍ਰਣਾਲੀ ਦੀ ਇਸ ਅਸਮਾਨਤਾ (ਅਤੇ ਮੌਕਿਆਂ ਦੀ ਅਸਮਾਨਤਾ) ਨੂੰ ਆਂਕੜਿਆ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ।

ਪਿਛਲੇ ਕੁਝ ਸਮੇਂ ਤੋਂ ਬਿਹਾਰ ਦੀ ਵਿਕਾਸ ਦਰ ਵਿੱਚ ਕਾਫ਼ੀ ਵਾਧਾ ਹੋਇਆ ਹੈ ਅਤੇ ਨੀਤੀਸ਼ ਸਰਕਾਰ ਦੀ ਅਗਵਾਈ ਵਿੱਚ ਉੱਥੇ ਸ਼ਾਸਨ ਪ੍ਰਬੰਧ ਵੀ ਸੁਧਰਿਆ ਹੈ। ਜਦ 2009-2010 ਦੇ ਆਂਕੜੇ ਜਾਰੀ ਹੋਏ ਤਾਂ ਇਹ ਸਪੱਸ਼ਟ ਹੋ ਗਿਆ ਕਿ ਬਿਹਾਰ ਵਿੱਚ ਉਪਭੋਗਤਾ ਦੀ ਅਸਮਾਨਤਾ ਵੀ ਵਧੀ ਹੈ। ਵਿਸ਼ਲੇਸ਼ਕ ਇਸਨੂੰ ਅਯੋਗਤਾ ਦਾ ਸੰਕੇਤ ਮੰਨਦੇ ਹੋਏ ਇਸਦਾ ਖੰਡਨ ਕਰ ਸਕਦੇ ਹਨ। ਪਰ ਅਜਿਹਾ ਕਰਨਾ ਬੇਅਰਥ ਜਾਂ ਬੇਵਕੂਫ਼ੀ ਹੋਵੇਗੀ। ਗਰੀਬ ਰਾਜਾਂ (ਬਿਹਾਰ, ਉੜੀਸਾ, ਛੱਤੀਸਗੜ) ਦੇ ਮੌਜੂਦਾ ਮੁੱਖ-ਮੰਤਰੀ ਵਿਕਾਸ ਦਰ ਵਧਣ ਦੇ ਕਾਰਨ ਘੱਟ ਗਿਨੀ ਦਰ ਦੇ ਬਾਵੂਜਦ ਹਾਸਿਲ ਕਰਕੇ ਦੁਬਾਰਾ ਅਹੁਦਾ ਪ੍ਰਾਪਤ ਕਰ ਲੈਂਦੇ ਹਨ। ਅਜਿਹੇ ਰਾਜਾਂ ਵਿੱਚ ਵਿਕਾਸ ਦੇ ਮੌਕੇ ਵਧੇ ਹਨ ਅਤੇ ਇਹ ਨਤੀਜਿਆਂ ਦੀ ਸਮਾਨਤਾ ਤੋਂ ਵੱਧ ਮਹੱਤਵਪੂਰਣ ਹੈ।

ਪੇਂਡੂ ਗਿਨੀ ਦੇ ਮਾਮਲੇ ਵਿੱਚ ਸਭ ਤੋਂ ਜ਼ਿਆਦਾ ਅਸਮਾਨਤਾ ਵਾਲੇ ਰਾਜ ਸਭ ਤੋਂ ਵੱਧ ਅਮੀਰ ਹਨ। ਹਰਿਆਣਾ 0.31 ਨਾਲ ਸਭ ਤੋਂ ਅੱਗੇ ਹੈ। ਇਸ ਤੋਂ ਬਾਅਦ ਕੇਰਲ (0.29) ਮਹਾਰਾਸ਼ਟਰ (0.27), ਤਾਮਿਲਨਾਡੂ (0.26), ਪੰਜਾਬ (0.26) ਅਤੇ ਗੁਜਰਾਤ (0.25) ਹੈ।

ਗਰੀਬ ਮੁਲਕਾਂ ਵਿੱਚ ਉਪਭੋਗ ਸਮਾਨਤਾ ਦੀ ਦਰ ਲਗਭਗ ਇਕ ਸਮਾਨ ਰੂਪ ਵਿਚ ਨੀਵੀਂ ਹੀ ਹੈ। ਅਤੇ ਅਮੀਰ ਮੁਲਕਾਂ ਵਿੱਚ ਸਮਾਨ ਰੂਪ ਵਿੱਚ ਉੱਚੀ (ਭਾਵ ਅਮੀਰ ਮੁਲਕਾਂ ਵਿੱਚ ਗਿਨੀ ਦਰ ਦੇ ਹਿਸਾਬ ਨਾਲ ਅਸਮਾਨਤਾ ਵੱਧ ਹੈ)। ਸੰਪੂਰਣ ਭਾਰਤ ਲਈ ਇਹ ਦਰ ਲਗਭਗ 0.25 ਹੈ। ਸਮਾਨਤਾ ਦੀ ਅਜਿਹੀ ਦਰ ਯੋਗ ਤੇ ਸੰਤੁਸ਼ਟੀ ਦੀ ਥਾਂ ਤਣਾਉ ਨੂੰ ਵਧਾਉਣ ਦੀ ਸੂਚਕ ਹੈ।

ਲੋਕ ਉਪਰੋਕਤ ਸੰਦਰਭ ਵਿੱਚ ਸਮਾਨਤਾ ਵਾਲੇ ਪਰ ਗਰੀਬ ਖੇਤਰਾਂ ਤੋਂ ਅਸਮਾਨਤਾ ਵਾਲੇ ਪਰ ਅਮੀਰ ਖੇਤਰਾਂ ਵੱਲ ਪ੍ਰਵਾਸ ਕਰਦੇ ਹਨ। ਲੋਕ ਪਿੰਡਾਂ ਤੋਂ (ਜੋ ਕਿ ਵੱਧ ਸਮਾਨਤਾ ਵਾਲੇ ਹਨ) ਸ਼ਹਿਰਾ ਨੂੰ ਵੀ (ਜੋ ਕਿ ਉਪਭੋਗਤਾ ਦੇ ਸੰਦਰਭ ਤੋਂ ਵੱਧ ਅਸਮਾਨ ਹਨ) ਪ੍ਰਵਾਸ ਕਰਦੇ ਹਨ, ਜਿਨ੍ਹਾਂ ਥਾਵਾਂ ਤੇ ਅਮੀਰ ਅਤੇ ਗਰੀਬ ਦੇ ਦਰਮਿਆਨ ਦਾ ਫਰਕ ਸਭ ਤੋਂ ਵੱਧ ਹੈ। ਉੱਥੇ ਪ੍ਰਵਾਸੀਆਂ ਨਾਲ ਮੁਨਾਫ਼ਾ ਵੱਧ ਰਿਹਾ ਹੈ। ਅਜਿਹੇ ਹਾਲਾਤ ਵਿੱਚ ਵਿਸ਼ਲੇਸ਼ਕ ਇਸ ਗੱਲ ਦਾ ਖੰਡਨ ਕਰਦੇ ਹਨ ਕਿ ਰਾਜਾਂ ਵਿੱਚ ਅਸਮਾਨਤਾਂ ਗਰੀਬ ਪ੍ਰਵਾਸੀਆਂ ਦੇ ਵਾਪਸ ਮੁੜ ਆਉਣ ਤੇ ਵਧੇਰੇ ਮੌਕੇ ਮੁਹੱਈਆ ਕਰ ਸਕਣ ਲਈ ਕੋਈ ਸ਼ਰਤੀਆ ਆਧਾਰ ਮੰਨੀ ਜਾਣੀ ਚਾਹੀਦੀ ਹੈ।

ਉਪਰੋਕਤ ਆਂਕੜਿਆ ਵਾਲੇ ਟੇਬਲ ਵਿੱਚ ਜੋ ਲੋਕਾਂ ਨੂੰ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਹੈ। ਉਹ ਇਹ ਹੈ ਕਿ ਕੇਰਲ ਖੁਦ ਨੂੰ ਸਭ ਤੋਂ ਵੱਧ ਪੁਰਾਣਾ ਸਨਮਾਨਯੋਗ ਉਦਾਰਵਾਦੀ/ ਸਮਾਜਵਾਦੀ ਸਰੂਪ ਵਾਲਾ ਖੇਤਰ ਮੰਨਦਾ ਹੈ। ਪਰੰਤੂ

ਇਹ ਪੇਂਡੂ ਉਪਭੋਗ ਅਸਮਾਨਤਾ (0.29) ਦੇ ਸੰਦਰਭ ਵਿੱਚ ਸ਼ਿਖਰ ਤੋਂ ਦੂਸਰੇ ਨੰਬਰ ਉਪਰ ਹੈ। ਇਸ ਹਿਸਾਬ ਨਾਲ ਉਹ ਬਿਹਾਰ ਤੇ ਓੱਤਰ ਪ੍ਰਦੇਸ਼ ਤੋਂ ਕਿਤੇ ਵੱਧ ਖ਼ਰਾਬ ਸਥਿਤੀ ਵਿੱਚ ਹੈ।

ਕੇਰਲ ਮੂਲ ਰੂਪ ਵਿੱਚ ਬਾਹਰੋਂ ਭੇਜੇ ਪੈਸਿਆ ਨਾਲ ਚੱਲਣ ਵਾਲੀ ਅਰਥਵਿਵਸਥਾ ਹੈ (ਰਾਜ ਦੇ ਕੁਲ ਘਰੇਲੂ ਉਤਪਾਦ ਦਾ ਚੌਥਾ ਹਿੱਸਾ ਬਾਹਰੋਂ ਆਏ ਪੈਸੇ ਦਾ ਹੁੰਦਾ ਹੈ) ਅਤੇ ਸਪੱਸ਼ਟ ਰੂਪ ਵਿੱਚ ਬਾਹਰੋਂ ਆਉਣ ਵਾਲਾ ਪੈਸਾ ਪ੍ਰਾਪਤ ਕਰਨ ਵਾਲੇ ਅਜਿਹੀ ਮਦਦ ਤੋਂ ਹੀਣ ਲੋਕਾਂ ਨਾਲੋਂ ਬਿਹਤਰ ਸਥਿਤੀ ਵਿੱਚ ਹਨ। ਕੇਰਲ ਭਾਰਤ ਦਾ ਸਭ ਤੋਂ ਵੱਧ ਸਮਾਜਕਿਤਾ ਦਾ ਸੂਚਕ ਹੈ। ਜਿਸਦਾ ਮਤਲਬ ਹੈ ਕਿ ਮੌਕੇ ਮੁਹੱਈਆ ਹੋਣ ਦੇ ਸੰਦਰਭ ਤੋਂ ਇੱਥੇ ਸਭ ਤੋਂ ਵੱਧ ਸਮਾਨਤਾ ਹੈ। ਪਰ ਇਹ ਨਤੀਜਿਆਂ ਦੀ ਸਮਾਨਤਾ ਵਿੱਚ ਰੂਪਾਂਤ੍ਰਿਤ ਨਹੀਂ ਹੋ ਪਾਉਂਦਾ ਅਤੇ ਇਸਦਾ ਕੋਈ ਕਾਰਣ ਨਜ਼ਰ ਨਹੀਂ ਆਉਂਦਾ ਕਿ ਅਜਿਹਾ ਹੋਣਾ ਚਾਹੀਦਾ ਹੈ। ਪ੍ਰਤੱਖ ਰੂਪ ਵਿੱਚ ਬਿਹਾਰ ਅਤੇ ਉਤਰ ਪ੍ਰਦੇਸ਼ ਦੀ ਤੁਲਨਾ ਵਿੱਚ ਕੇਰਲ ਰਹਿਣ ਲਈ ਜ਼ਿਆਦਾ ਬਿਹਤਰ ਜਗ੍ਹਾਂ ਹੈ। ਕਿਉਂਕਿ ਇੱਥੇ ਆਪਣੀ ਮੁਹਾਰਤ ਨੂੰ ਵਧਾਉਣ ਦੇ ਵਧੇਰੇ ਆਸਾਰ ਹਨ ਜੋ ਕਿ ਬਾਜ਼ਾਰ ਵਿੱਚ ਟਿਕੇ ਰਹਿਣ ਅਤੇ ਆਮਦਨੀ ਵਿੱਚ ਵਾਧਾ ਕਰਨ ਲਈ ਮਹੱਤਵਪੂਰਨ ਹੈ। ਇਹ ਉਹ ਚੀਜ਼ ਹੈ ਜੋ ਅਸਲ ਵਿੱਚ ਮਾਇਨੇ ਰੱਖਦੀ ਹੈ।

ਹਰਿਆਣਾ ਵਿੱਚ ਪੇਂਡੂ ਉਪਭੋਗਤਾ ਵਿੱਚ ਸਭ ਤੋਂ ਵੱਧ ਅਸਮਾਨਤਾ ਹੈ। ਦਿੱਲੀ ਦੇ ਨਜ਼ਦੀਕ ਹੋਣ ਨਾਲ ਇਸ ਜ਼ਮੀਨ ਦੀ ਕੀਮਤ ਕਰੋੜਾਂ ਰੁਪਏ ਪ੍ਰਤੀ ਏਕੜ ਤੱਕ ਵੱਧ ਗਈ ਹੈ ਅਤੇ ਇਸ ਵੱਡੇ ਕਿਸਾਨਾਂ ਨੂੰ ਅਮੀਰ ਬਣਾ ਦਿੱਤਾ ਹੈ। ਅਜਿਹੇ ਸਮੇਂ ਗਿਨੀਂ ਦੇ ਆਂਕੜਿਆ ਵਿੱਚ ਕੁਝ ਗਲਤੀਆਂ ਹੋ ਸਕਦੀਆਂ ਹਨ। ਪਰੰਤੂ ਇਸਨੂੰ ਵਿਡੰਬਨਾਂ ਹੀ ਕਹਾਂਗੇ ਕਿ ਇਕ ਏਕੜ ਜ਼ਮੀਨ ਵਾਲੇ ਕਿਸਾਨ ਵੀ ਬਹੁਤ ਸਾਰੇ ਅਜਿਹੇ ਸ਼ਹਿਰੀ ਲੋਕਾਂ ਤੋਂ ਕਿਤੇ ਜ਼ਿਆਦਾ ਅਮੀਰ ਹਨ ਜੋ ਇਕ ਲੱਖ ਪ੍ਰਤੀ ਮਹੀਨਾ ਕਮਾਉਂਦੇ ਹਨ ਪਰੰਤੂ ਉਨ੍ਹਾਂ ਕੋਲ ਕੋਈ ਗੈਰ-ਕਾਨੂੰਨੀ ਸੰਪਤੀ ਨਹੀਂ ਹੈ।

ਜਿਵੇਂ ਕਿ ਪਿੱਛੇ ਆਂਕੜਿਆ ਵਾਲੇ ਟੇਬਲ ਵਿਚ ਦਿਖਾਇਆ ਗਿਆ ਹੈ। ਸ਼ਹਿਰੀ ਇਲਾਕਿਆ ਦੇ ਗਿਨੀਂ ਵਾਲੇ ਸੰਦਰਭ ਵਿਚ ਅਮੀਰ ਤੇ ਗਰੀਬ ਰਾਜਾ ਦਰਮਿਆਨ ਜਿਆਦਾ ਫ਼ਰਕ ਨਹੀਂ ਹੈ। ਭਾਰਤ ਵਿਚ ਜ਼ਿਆਦਾਤਰ ਪ੍ਰਵਾਸ ਰਾਜਾਂ ਦੇ ਆਪਣੇ ਹੀ ਅੰਦਰ ਹੁੰਦਾ ਹੈ ਬਲਕਿ ਦੋ ਰਾਜਾਂ ਦੇ ਦਰਮਿਆਨ ਨਹੀਂ। ਜ਼ਿਆਦਾ ਗਰੀਬ ਪੇਂਡੂ ਆਪਣੇ ਨਜ਼ਦੀਕ ਦੇ ਸ਼ਹਿਰਾਂ ਵਿੱਚ ਜਾਂਦੇ ਹਨ ਤਾਂ ਜੋ ਉਨ੍ਹਾਂ ਕੁਝ ਕੁ ਜਗੀਰਦਾਰ ਅਮੀਰਾਂ ਤੇ ਤਾਕਤਵਾਰ ਲੋਕਾਂ ਦੇ ਨਰਦਈਪੁਣੇ ਤੋਂ ਬਚ ਸਕਣ। ਜਿਨ੍ਹਾਂ ਦੇ ਹੱਥਾਂ ਵਿੱਚ ਪੁਲਿਸ ਅਤੇ ਮਾਲ ਅਧਿਕਾਰੀ (Revenue Officer) ਕੱਠਪੁਤਲੀ ਹੁੰਦੇ ਹਨ। ਅਤੇ ਜੋ ਇਹਨਾਂ ਦੇ ਸਹਾਰੇ ਗਰੀਬ ਪੇਂਡੂ ਲੋਕਾਂ ਨੂੰ ਉੱਪਰ ਨਹੀਂ ਓੱਠਣ ਦੇਂਦੇ।

ਪ੍ਰਵਾਸ (Migration) ਆਮ ਗੱਲ ਹੈ ਪਰ, ਇਸਨੂੰ ਪਰੇਸ਼ਾਨੀ ਦੇ ਲੱਛਣ ਵਜੋਂ ਵੇਖਣਾ ਗਲਤ ਹੈ। ਹਕੀਕਤ ਵਿੱਚ ਇਹ ਨਵੇਂ ਮੌਕਿਆ ਨੂੰ ਪ੍ਰਾਪਤ ਕਰਨ ਦਾ ਸੰਕੇਤ ਹੈ। ਬਿਹਾਰ ਦੀਆਂ ਪਿਛਲੀ ਵਿਧਾਨ ਸਭਾ ਚੋਣਾਂ ਵਿੱਚ ਰਾਹੁਲ ਗਾਂਧੀ ਨੇ ਰੈਲੀਆਂ ਵਿੱਚ ਕਿਹਾ ਕਿ ਬਿਹਾਰ ਦੀ ਸਥਿਤੀ ਨੀਤੀਸ਼ ਕੁਮਾਰ ਦੀ ਅਗਵਾਈ ਵਿੱਚ ਹੋਰ ਬੁਰੀ ਹੋ ਗਈ ਹੈ ਕਿਉਂਕਿ ਲੋਕਾਂ ਨੇ ਇੱਥੋਂ ਪ੍ਰਵਾਸ ਕੀਤਾ ਹੈ। ਪਰੰਤੂ ਵੋਟਰਾਂ ਨੇ ਉਹਨਾਂ ਦੀ ਇਸ ਦਲੀਲ ਨੂੰ ਇਕ ਪਾਸੇ ਕਰਕੇ ਕਾਂਗਰਸ ਨੂੰ ਸਿਰਫ਼ ਚਾਰ ਸੀਟਾਂ ਤੱਕ ਹੀ ਸੀਮਿਤ ਕਰ ਦਿੱਤਾ।

ਨਿਸ਼ਚਿਤ ਤੌਰ ਤੇ ਅਜਿਹੇ ਕੁਝ ਦੇਸ਼ ਹਨ (ਖਾਸ ਤੌਰ ਤੇ ਅਫ਼ਰੀਕਾ) ਜਿੱਥੇ ਉਪਭੋਗ ਦੀ ਅਸਮਾਨਤਾ ਪਰੇਸ਼ਾਨੀ ਤੇ ਅ-ਨਿਆਂ ਦਾ ਲੱਛਣ ਹੋ ਸਕਦੀ ਹੈ। ਪਰੰਤੂ ਭਾਰਤ ਵਿੱਚ ਦੋਵੇਂ ਸਭ ਤੋਂ ਬਿਹਤਰੀਨ ਮੌਕਿਆਂ ਵਾਲੀਆਂ ਅਰਥ-ਵਿਵਸਥਾਵਾਂ (ਮਹਾਰਾਸ਼ਟਰ ਤੇ ਗੁਜਰਾਤ) ਅਤੇ ਬਿਹਤਰੀਨ ਸਮਾਜਕਿਤਾ ਦੀ ਸੂਚਕ (ਕੇਰਲ) ਅਸਮਾਨ ਨਤੀਜਿਆਂ ਦੇ ਮਾਮਲੇ ਵਿੱਚ ਮੋਹਰੀ ਹਨ।

ਇਹ ਕਹਿਣਾ ਆਸਾਨ ਹੈ ਕਿ ਦੂਸਰੀਆਂ ਚੀਜ਼ਾ ਬਰਾਬਰ ਹਨ। ਘੱਟ ਆਮਦਨ ਤੋਂ ਬਿਹਤਰ ਹੈ ਜ਼ਿਆਦਾ ਆਮਦਨ ਵਾਲੀ ਅਸਮਾਨਤਾ ਪਰੰਤੂ ਦੂਸਰੀਆਂ ਚੀਜ਼ਾ ਸਮਾਨ ਨਹੀਂ ਹਨ। ਕਿਉਂਕਿ ਮੌਕਿਆਂ ਦੀ ਸਮਾਨਤਾ ਵਿੱਚ ਵਾਧਾ ਨਤੀਜਿਆਂ ਵਿੱਚ ਅਸਮਾਨਤਾ ਨੂੰ ਵਧਾ ਰਿਹਾ ਹੈ।ਸਾਨੂੰ ਗਿਨੀ ਕੌਫ਼ੀਸ਼ੀਏਂਟ ਨੂੰ ਯੋਗ ਤੇ ਸਟੀਕ ਪੈਮਾਨਾ ਨਹੀਂ ਮੰਨਣਾ ਚਾਹੀਦਾ। ਇੱਕ ਅਜਿਹਾ ਪੈਮਾਨਾ ਬਨਾਉਣਾ ਹੋਵੇਗਾ ਜੋ ਮੌਕਿਆ ਦੀ ਸਮਾਨਤਾ ਅਤੇ ਯੋਗਤਾ ਦੇ ਆਧਾਰ 'ਤੇ ਤੁਹਾਨੂੰ ਆਪਣੇ ਗੁਆਂਢੀ ਤੋਂ ਵੱਧ ਅਮੀਰ ਬਨਣ ਦੇ ਲਈ ਸੁਤੰਤਰਤਾ ਮੁਹੱਈਆ ਕਰਾਏ। ਜਿਸ ਤਰ੍ਹਾਂ ਜੀ.ਡੀ.ਪੀ, ਸੰਪਨਤਾ ਦਾ ਇੱਕ ਅਧੂਰਾ ਪੈਮਾਨਾ ਹੈ, ਠੀਕ ਉਸੇ ਤਰ੍ਹਾਂ ਆਮਦਨ ਦੀ ਸਮਾਨਤਾ ਯੋਗਤਾ ਨੂੰ ਮਾਪਣ ਦਾ ਅਧੂਰਾ ਪੈਮਾਨਾ ਹੈ।

# ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਅਤੇ ਧਨ ਦੀ ਵੰਡ

**ਲੁਡਵਿੰਗ ਲੈਚਮੇਨ (Ludwing Lachmann)**

*ਇਸ ਨਿਬੰਧ ਵਿੱਚ ਮਸ਼ਹੂਰ ਅਰਥ-ਸ਼ਾਸ਼ਤਰੀ ਲੁਡਵਿੰਗ ਲੈਚਮੇਨ ਨੇ ਸੁਤੰਤਰ ਬਾਜ਼ਾਰ ਵਾਲੇ ਪੂੰਜੀਵਾਦ ਵਿਚਲੇ "ਸਮਾਜਿਕ ਨਿਆਂ" ਦੀ ਆਲੋਚਨਾ ਦਾ ਅਧਿਐਨ ਕੀਤਾ ਹੈ ਅਤੇ ਇਸ ਵਿਚਲੀਆਂ ਅਸੰਗਤੀਆਂ ਨੂੰ ਉਘਾੜਿਆ ਹੈ। ਉਹ 'ਮਲਕੀਅਤ' ਤੇ 'ਸੰਪਤੀ' ਵਿੱਚ ਅੰਤਰ ਦੀ ਵਿਆਖਿਆ ਕਰਦਾ ਹੈ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਬਾਜ਼ਾਰ ਦੁਆਰਾ ਧਨ ਦੀ ਵਿਆਪਕ ਵੰਡ ਕਿਸ ਤਰ੍ਹਾਂ ਜਾਇਦਾਦ (ਮਲਕੀਅਤ) ਲਈ ਸਨਮਾਨ ਦੇ ਅਨੁਕੂਲ ਹੈ। ਇਹ ਨਿਬੰਧ ਪੂੰਜੀਵਾਦੀ ਪ੍ਰਬੰਧ ਵਿੱਚ ਸਮਾਜਿਕ ਤੇ ਆਰਥਿਕ ਸੰਬੰਧਾਂ ਦੇ ਗਤੀਸ਼ੀਲ ਸੁਭਾਅ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੈ।*

*ਲੁਡਵਿੰਗ ਲੈਚਮੇਨ (1906-1990) ਨੇ ਬਰਲਿਨ ਯੂਨੀਵਰਸਿਟੀ ਤੋਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਹ 1933 ਵਿੱਚ ਜਰਮਨ ਤੋਂ ਇੰਗਲੈਂਡ ਚਲਾ ਗਿਆ। ਜਿੱਥੇ ਉਸਨੇ ਲੰਡਨ ਸਕੂਲ ਆਫ ਇਕਨਾਮਿਕਸ (London School of Economics) ਵਿੱਚ ਆਪਣਾ ਅਧਿਐਨ ਜਾਰੀ ਰੱਖਿਆ। ਲੈਚਮੇਨ ਨੇ ਅਰਥ-ਸ਼ਾਸ਼ਤਰ ਤੇ ਸਮਾਜ-ਸ਼ਾਸ਼ਤਰ ਦੀ ਮਿਥਿਹਾਸਿਕ ਬੁਨਿਆਦ ਅਤੇ ਪੂੰਜੀ ਤੇ ਆਰਥਿਕ ਵਿਕਾਸ ਦੇ ਸਿਧਾਂਤ ਲਈ ਮਹੱਤਵਪੂਰਨ ਯੋਗਦਾਨ ਦਿੱਤਾ। ਉਹ ਪੂੰਜੀ ਅਤੇ ਇਸਦੀ ਸੰਰਚਨਾ-ਮੈਕਸ ਵੈਬਰ ਦੀ ਵਿਰਾਸਤ, (Capital and its structure, the legacy of Max Weber) ਆਰਥਿਕ ਸਮਝ ਦੀਆਂ ਬਰੀਕੀਆਂ ਅਤੇ ਆਰਥਿਕ ਬਾਜ਼ਾਰ - ਪੂੰਜੀ, ਉਮੀਦਾਂ ਤੇ ਬਾਜ਼ਾਰ ਪ੍ਰਕਿਰਿਆ (Macro Economics Thinking and the Market Economy; Capital Expectations) ਅਤੇ ਆਰਥਿਕ ਪ੍ਰਕਿਰਿਆ ਵਜੋਂ ਬਾਜ਼ਾਰ (The Market as an Economic Process) ਜਿਹੀਆ ਕਿਤਾਬਾਂ ਦੇ ਲੇਖਕ ਹਨ।*

*ਇਹ ਨਿਬੰਧ 1956 ਦੇ ਮੂਲ ਪ੍ਰਕਾਸ਼ਨ ਦਾ ਇੱਕ ਸੰਖੇਪ ਸੰਸਕਰਣ ਹੈ।*

ਜਿਵੇਂ ਪ੍ਰੋਫ਼ੈਸਰ ਮੀਸਸ (Mises) ਨੇ ਤੀਹ ਸਾਲ ਪਹਿਲੇ ਕਿਹਾ ਸੀ ਕਿ ਇੱਕ ਰਾਜਨੀਤਿਕ ਸ਼ਕਤੀ ਦੁਆਰਾ ਹਰ ਦਖ਼ਲਅੰਦਾਜ਼ੀ ਅਗਾਮੀ ਆਰਥਿਕ ਪਰਿਵਾਸ ਨੂੰ ਸਥਾਪਿਤ ਹੋਣ ਤੋਂ ਰੋਕਣ ਲਈ ਅਗਾਮੀ ਦਖ਼ਲਅੰਦਾਜ਼ੀ ਨੂੰ ਨਿਸ਼ਚਿਤ ਬਣਾ ਦੇਂਦੀ ਹੈ। ਅੱਜ ਇਸ ਗੱਲ ਤੇ ਕੌਣ ਸੰਦੇਹ ਕਰ ਸਕਦਾ ਹੈ? "ਨਿਯੰਤ੍ਰਿਤ ਮੁਦਰਾ ਸਫ਼ਿਤੀ"

ਦਾ ਹਾਨੀਕਾਰਕ ਪ੍ਰਭਾਵ ਅੱਜ ਕੌਣ ਨਹੀਂ ਜਾਣਦਾ? ਅਤੇ ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਇਕ ਨਿਰਦੇਸ਼ਿਤ ਅਰਥ-ਵਿਵਸਥਾ ਨੂੰ ਵੀ ਕੰਮ ਕਰਨ ਲਈ ਮੁਦਰਾ-ਸਫਿਤੀ (Inflation) ਦੇ ਅਨੁਕੂਲ ਮਾਹੌਲ ਦੀ ਜ਼ਰੂਰਤ ਹੁੰਦੀ ਹੈ। ਭਾਵੇਂ ਕਿ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕੁਝ ਅਰਥ-ਸ਼ਾਸਤ੍ਰੀਆਂ ਨੇ ਸਥਾਈ ਮੁਦਰਾ-ਸਫਿਤੀ ਦੀ ਵਿਆਖਿਆ ਕਰਨ ਲਈ ਪ੍ਰਸ਼ੰਸਾ-ਮੂਲਕ ਪਦ (Term) "ਧਰਮ-ਨਿਰਪੱਖ ਮੁਦਰਾ-ਸਫ਼ੀਤੀ" (Secular Inflation) ਦਾ ਅਵਿਸ਼ਕਾਰ ਕੀਤਾ ਹੈ। ਇਸ ਲਈ ਇਸ ਪਦ ਤੋਂ ਕਿਸੇ ਦੇ ਧੋਖਾ ਖਾ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਇਹ ਦੱਸਣ ਲਈ ਪਿੱਛੇ ਦਿੱਤੀ ਗਈ ਜਰਮਨ ਉਦਾਹਰਣ ਨੂੰ ਮੁੜ ਦੇਣ ਦੀ ਕੋਈ ਜ਼ਰੂਰਤ ਨਹੀਂ ਕਿ ਇਕ ਬਾਜ਼ਾਰ ਆਧਾਰਤ ਅਰਥ-ਵਿਵਸਥਾ "ਪ੍ਰਸ਼ਾਸ਼ਨਿਕ ਨਿਯੰਤ੍ਰਣ" ਤੋਂ ਬਾਹਰ ਇੱਥੋਂ ਤੱਕ ਕਿ ਵਿਰੋਧੀ ਹਾਲਾਤ ਵਿੱਚ ਵੀ ਇੱਕ ਨਿਸ਼ਚਿਤ ਤਰਤੀਬ ਵਿੱਚ ਕੰਮ ਕਰੇਗੀ। ਸਵੈ-ਇੱਛਾ ਵਾਲੇ ਸਹਿਯੋਗ ਉਪਰ ਆਧਾਰਿਤ ਆਰਥਿਕ ਸੰਸਥਾ ਦਾ ਇਕ ਰੂਪ ਤੇ ਵਿਸ਼ਵ ਵਿਆਪੀ ਵਟਾਂਦਰੇ ਦੀ ਪ੍ਰਕਿਰਿਆ ਦਾ ਗਿਆਨ ਨਿਸ਼ਚਿਤ ਤੌਰ ਤੇ ਕਿਸੇ ਵੀ ਰਾਜਸ਼ਾਹੀ ਵਿਵਸਥਾ ਤੋਂ ਵੱਧ ਉੱਚਾ ਤੇ ਸੁੱਚਾ ਹੈ। ਇਹ ਉਹਨਾਂ ਲੋਕਾਂ ਦੀ ਤਰਕਸੰਗਤ ਯੋਗਤਾ ਸਮਝਣ ਦੇ ਸੰਦਰਭ ਵਿੱਚ ਵੀ ਸਾਰਥਕ ਹੈ, ਜਿਨ੍ਹਾਂ ਨੇ 'ਨਿਯੰਤ੍ਰਣ' ਸ਼ਬਦ ਨੂੰ ਵਰਤਿਆ ਹੈ। ਉਹਨਾਂ ਲੋਕਾਂ ਲਈ ਵੀ ਜੋ ਤਰਕ ਅਤੇ ਅਨੁਭਵ ਤੋਂ ਸਿਖਣ ਦੀ ਕਾਬਲੀਅਤ ਕਾਰਣ ਇਸਨੂੰ (ਨਿਯੰਤ੍ਰਣ ਸ਼ਬਦ ਨੂੰ) ਪਹਿਲਾਂ ਜਾਣ ਗਏ ਅਤੇ ਉਹਨਾਂ ਲਈ ਵੀ ਜੋ ਇਸ ਕਾਬਲੀਅਤ ਦੀ ਅਣਹੋਂਦ ਕਾਰਣ ਅਜੇ ਵੀ ਨਹੀਂ ਸਿਖ ਸਕੇ।

ਇਸ ਹਾਲਤ ਵਿਚ ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਦੇ ਵਿਰੋਧੀਆਂ ਨੇ ਆਪਣੇ ਵਿਰੋਧ ਕਰਨ ਦੇ ਆਧਾਰ ਵਿੱਚ ਪਰਿਵਰਤਨ ਕਰ ਲਿਆ ਹੈ। ਹੁਣ ਉਹ ਇਸਦਾ ਵਿਰੋਧ ਆਰਥਿਕ ਆਧਾਰ 'ਤੇ ਨਹੀਂ ਬਲਕਿ "ਸਮਾਜਿਕ ਆਧਾਰ" ਤੇ ਕਰਦੇ ਹਨ। ਅਵਿਵਸਥਿਤ ਹੋਣ ਦੀ ਥਾਂ ਉਹ ਇਸ ਉਪਰ ਅਨਿਆ-ਪੂਰਣ ਹੋਣ ਦਾ ਦੋਸ ਲਗਾਉਂਦੇ ਹਨ। ਹੁਣ ਉਹ ਧਨ ਦੀ ਮਲਕੀਅਤ ਦੇ "ਹਾਨੀਕਾਰਕ ਪ੍ਰਭਾਵ" ਉਪਰ ਧਿਆਨ ਕੇਂਦਰਿਤ ਕਰਦੇ ਹਨ ਅਤੇ ਉਹ ਦਾਅਵੇ ਨਾਲ ਕਹਿੰਦੇ ਹਨ ਕਿ "ਬਾਜ਼ਾਰ ਨਾਲ ਸੰਬੰਧੀ ਲੋਕ ਰਾਇ ਬਹੁ ਮੱਤ ਕਾਰਣ ਲੜਖੜਾ ਗਈ ਹੈ।"ਉਹ ਸਪੱਸ਼ਟ ਕਰਦੇ ਹਨ ਕਿ ਧਨ ਦੀ ਵੰਡ ਉਤਪਾਦਨ ਅਤੇ ਆਮਦਨੀ ਦੀ ਵੰਡ ਨੂੰ ਪ੍ਰਭਾਵਿਤ ਕਰਦੀ ਹੈ। ਕਿਉਂਕਿ ਧਨ ਦੇ ਮਾਲਕ ਸਿਰਫ਼ ਸਮਾਜਿਕ ਆਮਦਨ ਦਾ "ਜ਼ਰੂਰਤ ਤੋਂ ਵੱਧ ਹਿੱਸਾ" ਹੀ ਨਹੀਂ ਲੈਂਦੇ ਬਲਕਿ ਉਹ ਘਰੇਲੂ ਉਤਪਾਦਾਂ ਦੇ ਨਿਰਮਾਣ ਉਪਰ ਵੀ ਪ੍ਰਭਾਵ ਪਾਉਂਦੇ ਹਨ। (ਕਿਉਂ ਜੋ ਸੁੱਖ-ਸਾਧਨ ਜ਼ਰੂਰਤਾਂ ਤੋਂ ਵਧੇਰੇ ਮਾਤਰਾ ਵਿੱਚ ਹੋ ਜਾਂਦੇ ਹਨ) ਇਸ ਤੋਂ ਵੀ ਵੱਧ ਕਿਉਂਕਿ ਇਹਨਾਂ ਮਾਲਕਾਂ ਦੇ ਕੋਲ ਕਾਫ਼ੀ ਮਾਤਰਾ ਵਿੱਚ ਬਚਤ ਇੱਕਠੀ ਹੋ ਜਾਂਦੀ ਹੈ ਉਹ ਧਨ ਦੀ ਇੱਕਤੀਕਰਣ ਦੀ ਦਰ ਅਤੇ ਇਸ ਤਰ੍ਹਾਂ ਆਰਥਿਕ ਵਿਕਾਸ ਦੀ ਦਰ ਨੂੰ ਨਿਰਧਾਰਿਤ (ਆਰਥਿਕ ਵਿਕਾਸ ਵਿਚ ਰੁਕਾਵਟ ਬਣਕੇ) ਕਰਦੇ ਹਨ।

ਇਹ ਵਿਰੋਧੀ ਇਸ ਗੱਲ ਨੂੰ ਨਕਾਰਨ ਲਈ ਇੱਕ ਮੱਤ ਨਹੀਂ ਕਿ ਧਨ ਦੀ ਵੰਡ ਆਰਥਿਕ ਸ਼ਕਤੀਆਂ ਦੀ ਖੇਡ ਦਾ ਸਮੂਹ-ਬੋਧਕ (Cumulative) ਨਤੀਜਾ ਹੈ। ਪਰੰਤੂ ਇਸ ਸਮੂਹ-ਬੌਧਿਕਤਾ ਨੂੰ ਅਜਿਹੇ ਢੰਗ ਨਾਲ ਅੱਗੇ ਵਧਾਉਂਦੇ ਹਨ ਕਿ ਇਹ ਸਮੂਹ-ਬੌਧਿਕਤਾ ਜਾਂ ਆਰਥਿਕ ਸ਼ਕਤੀਆਂ ਦੀ ਕਾਰਜਸ਼ੀਲਤਾ ਵਰਤਮਾਨ ਨੂੰ ਭੂਤਕਾਲ ਦਾ ਗੁਲਾਮ ਬਣਾਉਣ ਵਾਲੇ ਰਿਵਾਜ਼ ਅਤੇ ਵਰਤਮਾਨ ਵਿੱਚ ਅਪ੍ਰੱਚਲਿਤ ਤੇ ਆਪਹੁਦਰਾ ਤੱਤ ਵਜੋਂ ਸਾਹਮਣੇ ਆਉਂਦੀ ਹੈ। ਅੱਜ ਦੀ ਆਮਦਨ ਵੰਡ, ਅੱਜ ਦੀ ਸੰਪਤੀ ਵੰਡ ਦੁਆਰਾ ਆਕਾਰ ਗ੍ਰਹਿਣ ਕਰਦੀ ਹੈ। ਫਿਰ ਵੀ ਅੱਜ ਦੀ ਸੰਪਤੀ ਅੰਸ਼ਿਕ ਰੂਪ ਵਿੱਚ ਬੀਤ ਚੁੱਕੇ ਕੱਲ ਵਿਚ ਹੀ ਇੱਕਠੀ ਕੀਤੀ ਗਈ ਹੁੰਦੀ ਹੈ। ਇਹ ਬੀਤ ਚੁੱਕੇ ਕੱਲ ਤੋਂ ਵੀ ਪਿਛਲੇ ਦਿਨ ਵਿਚ ਇਕ ਅਜਿਹੀ ਪ੍ਰਕਿਰਿਆ ਦੁਆਰਾ ਇੱਕਠੀ ਕੀਤੀ ਗਈ ਹੁੰਦੀ ਹੈ ਜੋ ਪ੍ਰਕ੍ਰਿਆ ਸੰਪੱਤੀ ਦੀ ਵੰਡ ਦੇ ਪ੍ਰਭਾਵ ਨੂੰ ਦਰਸਾਉਂਦੀ ਹੈ। ਮੁੱਖ ਰੂਪ ਵਿੱਚ ਬਾਜ਼ਾਰ ਆਧਾਰਿਤ ਆਰਥਿਕਤਾ ਦੇ ਵਿਰੋਧੀਆਂ ਦੇ ਇਹ ਤਰਕ 'ਵਿਰਾਸਤੀ' ਸੰਸਥਾ ਤੇ ਆਧਾਰਿਤ ਹੈ ਜਿਨ੍ਹਾਂ ਬਾਰੇ ਸਾਨੂੰ ਇਹ ਦੱਸਿਆ ਗਿਆ ਹੈ ਕਿ ਇਕ ਪ੍ਰਗਤੀਸ਼ੀਲ ਸਮਾਜ ਵਿਚ ਮਾਲਕਾਂ ਦੇ ਬਹੁਮਤ ਕੋਲ ਹੀ ਸੰਪਤੀ ਰਹਿੰਦੀ ਹੈ।

ਇਸ ਤਰਕ ਨੂੰ ਅੱਜ ਵਿਆਪਕ ਪੱਧਰ ਤੇ ਸਵੀਕਾਰ ਕਰ ਲਿਆ ਗਿਆ ਹੈ। ਉਹਨਾਂ ਦੁਆਰਾ ਜੋ ਅਸਲ ਵਿਚ ਆਰਥਿਕ ਆਜ਼ਾਦੀ ਦੇ ਪੱਖ ਵਿੱਚ ਹਨ। ਅਜਿਹੇ ਲੋਕ ਮੰਨ ਰਹੇ ਹਨ ਕਿ ਆਰਥਿਕ ਨਤੀਜਿਆ ਵਿੱਚ 'ਧਨ ਦੀ ਦੁਬਾਰਾ ਵੰਡ' ਉਦਾਹਰਣ ਵਜੋਂ ਮੌਤ ਦੇ ਪਰਸਾਰਥ ਰਹੀਂ ਸਮਾਜਿਕ ਰੂਪ ਨਾਲ ਇਛੁੱਕ ਹੈ ਪਰ ਆਰਥਿਕ ਨਤੀਜਿਆਂ ਵਜੋਂ ਲਾਭਕਾਰੀ ਨਹੀਂ। ਇਸਦੇ ਉਲਟ ਇਸ ਪ੍ਰਕਾਰ ਦੇ ਮਾਪ ਵਰਤਮਾਨ ਨੂੰ ਭੂਤਕਾਲ ਦੇ "ਮੁਰਦਾ ਹੱਥਾਂ" ਤੋਂ ਆਜ਼ਾਦ ਕਰਵਾਉਣ ਵਿੱਚ ਮਦਦ ਕਰਨ ਦੇ ਨਾਲ-ਨਾਲ ਵਰਤਮਾਨ ਸਮੇਂ ਦੀ ਆਮਦਨ ਨੂੰ ਵਰਤਮਾਨ ਦੀਆਂ ਜ਼ਰੂਰਤਾਂ ਦੇ ਅਨੁਸਾਰ ਸੰਤੁਲਿਤ ਕਰਨ ਵਿੱਚ ਵੀ ਮਦਦ ਕਰਦਾ ਹੈ। ਧਨ ਦੀ ਵੰਡ ਬਾਜ਼ਾਰ ਦੀ ਆਧਾਰ-ਸਮੱਗਰੀ/ਅੰਕੜੇ ਹੈ ਅਤੇ ਅੰਕੜਿਆਂ ਵਿੱਚ ਬਦਲਾਓ ਕਰਕੇ ਅਸੀਂ ਬਾਜ਼ਾਰ ਦੇ ਤੰਤਰ ਵਿੱਚ ਦਖ਼ਲਅੰਦਾਜ਼ੀ ਕੀਤੇ ਬਗੈਰ ਨਤੀਜਆਂ ਨੂੰ ਬਦਲ ਸਕਦੇ ਹਾਂ। ਇਸ ਨਾਲ ਪਤਾ ਲੱਗਦਾ ਹੈ ਕਿ ਮੌਜੂਦਾ ਧਨ ਦੀ ਨਿਰੰਤਰਤਾ ਮੁੜ ਵੰਡ ਲਈ ਬਣਾਈ ਗਈ ਨੀਤੀ ਦੇ ਅਨੁਕੂਲ ਹੋਣ ਉਪਰੰਤ ਹੀ ਬਾਜ਼ਾਰ ਪ੍ਰਕਿਰਿਆ "ਸਮਾਜਿਕ ਰੂਪ ਨਾਲ ਸਵੀਕਾਰਨਯੋਗ" (Socially Tolerable) ਨਤੀਜ਼ੇ ਦੇ ਸਕੇਗੀ। ਜਿਵੇਂ ਅਸੀਂ ਕਿਹਾ ਕਿ ਇਹ ਵਿਚਾਰ ਕਈ ਲੋਕਾਂ ਦੁਆਰਾ ਸਵੀਕਾਰ ਕੀਤਾ ਗਿਆ ਹੈ ਅਤੇ ਕਈ ਉਹਨਾਂ ਅਰਥ ਸ਼ਾਸ਼ਤਰੀਆਂ ਦੁਆਰਾ ਜੋ ਨਿਰਦੇਸ਼ਿਤ ਅਰਥ-ਵਿਵਸਥਾ ਅਤੇ ਹਤਾਸ਼ ਕਰਨ ਵਾਲੀ ਦਖ਼ਲਅੰਦਾਜ਼ੀ ਤੋਂ ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਨੂੰ ਉੱਤਮ ਸਮਝਦੇ ਹਨ। ਪਰ ਉਹ ਬਾਜ਼ਾਰ ਆਧਾਰਿਤ ਅਰਥ ਵਿਵਸਥਾ ਦੇ ਸਮਾਜਿਕ ਨਤੀਜਿਆਂ ਨੂੰ ਨਾਪਸੰਦ ਕਰਦੇ ਹਨ। ਉਹ ਬਾਜ਼ਾਰ ਆਧਾਰਿਤ ਅਰਥ ਵਿਵਸਥਾ ਨੂੰ ਸਿਰਫ਼ ਉਸ

ਸਥਿਤੀ ਵਿੱਚ ਹੀ ਸਵੀਕਾਰਦੇ ਹਨ ਜਿੱਥੇ ਇਸਦੀ ਕਾਰਜਸ਼ੀਲਤਾ ਉਪਰੋਕਤ ਕਿਸਮ ਦੀ ਮੁੜਵੰਡ ਦੀ ਨੀਤੀ ਅਨੁਸਾਰ ਵਿਵਸਥਿਤ ਹੋਵੇ।

ਇਹ ਲੇਖ ਇਸੇ ਦ੍ਰਿਸ਼ਟੀ ਦੇ ਆਧਾਰ ਤੇ ਆਲੋਚਨਾ ਨੂੰ ਸਮਰਪਿਤ ਹੈ।

ਸਭ ਤੋਂ ਪਹਿਲਾਂ ਤਾਂ, ਆਧਾਰ ਸਮੱਗਰੀ/ਅੰਕੜੇ (Datum) ਸ਼ਬਦ ਦੇ ਅਸਪੱਸ਼ਟ ਅਰਥਾਂ ਤੋਂ ਪੈਦਾ ਹੋਣ ਵਾਲੇ ਮੌਖਿਕ ਅਰਥ ਉਪਰ ਟਿਕਿਆ ਹੋਇਆ ਹੈ। ਆਮ ਵਰਤੋਂ ਵਿੱਚ ਆਂਕੜਿਆਂ ਦੇ ਆਧਾਰ ਤੇ ਪ੍ਰਾਪਤ ਡਾਟਮ ਸ਼ਬਦ ਦਾ ਅਰਥ ਜ਼ਿਆਦਾਤਰ ਵਿਗਿਆਨਾ ਵਾਂਗ ਕੁਝ ਅਜਿਹਾ ਹੈ ਜੋ ਇਕ ਨਿਸ਼ਚਿਤ ਸਮੇਂ ਤੇ ਇਕ ਦ੍ਰਿਸ਼ (ਸਥਿਤੀ) ਨੂੰ ਧਿਆਨ ਨਾਲ ਵੇਖਣ 'ਤੇ ਪ੍ਰਾਪਤ ਹੁੰਦਾ ਹੈ।

ਇਸ ਸਥਿਤੀ ਵਿਚ ਨਿਸ਼ਚਿਤ ਰੂਪ ਨਾਲ ਸਵੇ ਸਿੱਧ ਸੱਚ ਵਜੋਂ ਪ੍ਰਾਪਤ ਅੰਕੜੇ (Datum) ਨਿਸ਼ਚਿਤ ਸਮੇਂ ਤੇ ਪ੍ਰਾਪਤ ਧਨ ਦੀ ਵੰਡ ਦਾ ਹੀ ਰੂਪ ਹੁੰਦੇ ਹਨ। ਸਿੱਧੇ ਤੌਰ ਤੇ ਆਮ ਪ੍ਰਚੱਲਿਤ ਸਮਝ ਇਹ ਹੈ ਕਿ ਇਸਦਾ ਅਸਤਿੱਤਵ ਵੰਡ ਦੇ ਪ੍ਰਾਪਤ ਸਪੱਸ਼ਟ ਤਰੀਕੇ ਅਨੁਸਾਰ ਹੀ ਆਪਣਾ ਸਰੂਪ ਗ੍ਰਹਿਣ ਕਰਦਾ ਹੈ ਹੋਰ ਕਿਸੇ ਤਰੀਕੇ ਨਾਲ ਨਹੀਂ।

ਪਰੰਤੂ ਸੰਤੁਲਿਤ ਸਿਧਾਂਤ ਪੂਰੀ ਤਰ੍ਹਾਂ ਅੱਜ ਦੀ ਅਰਥ-ਵਿਵਸਥਾ ਦੀ ਸਮਝ ਦਾ ਸਪੱਸ਼ਟੀਕਰਨ ਹੋਣਾ ਚਾਹੀਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਚੰਗਾ ਹੈ ਜਾ ਬੁਰਾ। ਇਸ ਤੋਂ ਇਲਾਵਾ ਇਸਦੀ ਸਮੱਗਰੀ ਵੀ ਵਿਸ਼ੇ ਨਾਲ ਸੰਬੰਧਿਤ ਅਤੇ ਵਿਆਪਕ ਹੋਣੀ ਚਾਹੀਦੀ ਹੈ। ਅੰਕੜੇ (Datum) ਸ਼ਬਦ ਨੇ ਹੋਰ ਵੀ ਕਈ ਵੱਖ-ਵੱਖ ਅਰਥ ਆਪਣੇ ਨਾਲ ਜੋੜ ਲਏ ਹਨ। ਅੰਕੜੇ (Datum) ਦਾ ਅਰਥ ਹੈ ਇਕ ਸੰਤੁਲਨ ਦੀ ਅਨਿਵਾਰਿਤਾ ਇਕ ਸੁਤੰਤਰ ਬਦਲਾਓ ਹੈ। ਡਾਟਾ (The Data) ਦਾ ਸਮੂਹਿਕ ਅਰਥ ਜ਼ਰੂਰੀ ਅਤੇ ਉਚਿਤ ਮਾਤਰਾ ਵਿੱਚ ਸਥਿਤੀਆਂ ਦਾ ਕੁੱਲ ਜੋੜ ਹੈ। ਜਦੋਂ ਅਸੀਂ ਇਹ ਸਭ ਜਾਣਕਾਰੀ ਹਾਸਿਲ ਕਰ ਲੈਂਦੇ ਹਾਂ ਤਾਂ ਅਸੀਂ ਅੱਗੇ ਬਿਨਾਂ ਕੁਝ ਹੋਰ ਜੋੜੇ ਸੰਤੁਲਿਤ ਮੁੱਲ ਅਤੇ ਮਾਤਰਾ ਦਾ ਪਤਾ ਲਗਾ ਸਕਦੇ ਹਾਂ। ਇਸ ਦੂਸਰੀ ਸਮਝ ਅਨੁਸਾਰ ਇਸ ਤਰ੍ਹਾਂ ਧਨ ਦੀ ਵੰਡ ਦੇ ਆਂਕੜੇ ਬਾਕੀ ਦੇ ਅੰਕੜਿਆਂ ਨਾਲ ਜੋੜਨ ਤੋਂ ਬਾਅਦ ਪ੍ਰਾਪਤ ਨਿਰਣੇ ਹੀ ਵੇਚੇ ਤੇ ਖਰੀਦੇ ਗਏ ਵੱਖ-ਵੱਖ ਉਤਪਾਦਾਂ ਤੇ ਸੇਵਾਵਾਂ ਦੇ ਮੁੱਲ ਅਤੇ ਮਾਤਰਾ ਦੇ ਅੰਤਿਮ ਨਿਰਣੇ ਨਹੀਂ ਹਨ।

ਜੋ ਵੀ ਹੈ, ਇਸ ਲੇਖ ਵਿੱਚ ਸਾਡਾ ਮੁੱਖ ਮਕਸਦ ਇਹ ਦੱਸਣਾ ਹੈ ਕਿ ਦੂਸਰੀ ਧਾਰਣਾ ਜਾਂ ਸਮਝ ਧਨ ਦੀ ਵੰਡ ਹੀ ਅੰਕੜੇ (Datum) ਨਹੀਂ ਹੈ। ਬਾਜ਼ਾਰ ਦੀ ਇਸ ਪ੍ਰਕਿਰਿਆ ਦੇ 'ਸੁਤੰਤਰ ਬਦਲਾਅ' (Independence Variable) ਤੋਂ ਬਹੁਤ ਦੂਰ ਵਿਚਰਦੇ ਹੋਏ ਇਸਦੇ ਉਲਟ ਬਾਜ਼ਾਰ ਦੀਆਂ ਤਾਕਤਾਂ ਦੁਆਰਾ ਬਦਲਾਓ ਲਗਾਤਾਰ ਸੋਚ ਦਾ ਵਿਸ਼ਾ ਬਣਿਆ ਰਿਹਾ ਹੈ। ਇਹ ਕਹਿਣ ਦੀ ਲੋੜ ਨਹੀਂ ਕਿ

ਇਸ ਗੱਲ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਆਉਣ ਵਾਲੇ ਸਮੇਂ ਵਿਚ ਆਰਥਿਕ ਸ਼ਕਤੀਆਂ ਹੀ ਬਾਜ਼ਾਰ ਦੀ ਪ੍ਰਕਿਰਿਆ ਦਾ ਰਾਹ ਨਿਰਧਾਰਿਤ ਕਰਨਗੀਆਂ। ਪਰੰਤੂ ਧਨ ਦੀ ਵੰਡ ਦਾ ਤਰੀਕਾ ਬਜ਼ਾਰ ਦੀ ਪ੍ਰਕ੍ਰਿਆ 'ਤੇ ਕੋਈ ਸਥਾਈ ਪ੍ਰਭਾਵ ਨਹੀਂ ਪਾ ਸਕਦਾ ਹੈ। ਭਾਵੇਂ ਕਿ ਧਨ ਦੀ ਵੰਡ ਹਮੇਸ਼ਾ ਕੁਝ ਨਿਸ਼ਚਿਤ ਤਰੀਕਿਆਂ ਨਾਲ ਹੀ ਕੀਤੀ ਜਾਂਦੀ ਹੈ ਪਰੰਤੂ ਇਹ ਤਰੀਕੇ ਹਮੇਸ਼ਾ ਪਰਿਵਰਤਿਤ ਹੁੰਦੇ ਰਹਿੰਦੇ ਹਨ।

ਜੇਕਰ ਧਨ ਦੀ ਵੰਡ ਦਾ ਤਰੀਕਾ ਇਕ ਨਿਸ਼ਚਿਤ ਸਮੇਂ ਤੋਂ ਬਾਅਦ ਵੀ ਬਣਿਆ ਰਹਿੰਦਾ ਹੈ ਅਤੇ ਧਨ ਦੇ ਵਿਅਕਤੀਗਤ ਹਿੱਸੇ ਜਦੋਂ ਜੱਦੀ-ਪੁਸ਼ਤੀ ਰੂਪ ਵਿੱਚ ਅੱਗੇ ਵੱਧਦੇ ਰਹਿੰਦੇ ਹਨ ਤਾਂ ਅਜਿਹੇ ਨਿਰੰਤਰਤਾ ਵਾਲੇ ਢੰਗ ਨੂੰ ਸਥਾਈ ਆਰਥਿਕ ਸ਼ਕਤੀ ਕਿਹਾ ਜਾਂਦਾ ਹੈ। ਹਕੀਕਤ ਵਿੱਚ ਅਜਿਹਾ ਨਹੀਂ ਹੁੰਦਾ। ਬਾਜ਼ਾਰ ਦੀਆਂ ਤਾਕਤਾਂ ਦੁਆਰਾ ਧਨ ਦੀ ਵੰਡ ਨੂੰ ਇੱਕ ਉਦੇਸ਼ ਸਮਝਿਆ ਜਾਂਦਾ ਹੈ ਨਾਂ ਕਿ ਇਕ ਪ੍ਰਤਿਨਿਧ ਦੇ ਰੂਪ ਵਿੱਚ। ਅੱਜ ਇਸਦਾ ਸਰੂਪ ਜਾਂ ਢੰਗ ਜੋ ਵੀ ਹੋਵੇ, ਇਹ ਸਮਾਂ ਬੀਤ ਜਾਣ ਉਪਰੰਤ ਅਪ੍ਰਸੰਗਿਕ ਹੋ ਜਾਵੇਗਾ।

ਇਸ ਲਈ ਧਨ ਦੀ ਵੰਡ ਦਾ ਸੰਤੁਲਨ/ਨਿਰਣਾਜਨਕ ਡਾਟਾ ਵਿੱਚ ਕੋਈ ਸਥਾਨ ਨਹੀਂ। ਇਸ ਪ੍ਰਕਾਰ ਮਹਾਨ ਆਰਥਿਕ ਅਤੇ ਸਮਾਜਿਕ ਹਿੱਤ ਜੋ ਵੀ ਹੋਣ, ਉਹ ਇਕ ਨਿਸ਼ਚਿਤ ਸਮੇਂ ਤੇ ਹੋਈ ਧਨ ਦੀ ਵੰਡ ਦੇ ਢੰਗ/ਆਧਾਰ ਨਹੀਂ ਮੰਨੇ ਜਾ ਸਕਦੇ। ਪਰ ਇਹ ਇਕ ਨਿਸ਼ਚਿਤ ਸਮੇਂ ਉਪਰੰਤ ਹੋਣ ਵਾਲੇ ਪਰਿਵਰਤਨ ਦੇ ਢੰਗ/ਆਧਾਰ ਜ਼ਰੂਰ ਮੰਨੇ ਜਾ ਸਕਦੇ ਹਨ। ਅਸੀਂ ਵੇਖਦੇ ਹਾਂ ਕਿ ਅਜਿਹੇ ਪਰਿਵਰਤਨ ਸਮੱਸਿਆਤਮਕ ਰਾਹ ਉਪਰ ਹੋਣ ਵਾਲੀਆਂ ਘਟਨਾਵਾਂ ਵਿੱਚ ਆਪਣਾ ਸਥਾਨ ਬਣਾ ਲੈਂਦੇ ਹਨ ਅਤੇ ਸੰਤੁਲਨ ਦੀ ਦਿਸ਼ਾ ਵਿੱਚ ਤੁਰਦੇ ਹਨ। ਪਰੰਤੂ ਹਕੀਕਤ ਵਿੱਚ ਇਹਨਾਂ ਵਿਚੋਂ ਵਿਰਲੇ ਹੀ ਸੰਤੁਲਨ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਇੱਕ ਵਿਸ਼ੇਸ਼ ਕਿਸਮ ਦਾ ਗਤੀਸ਼ੀਲ ਫ਼ਲਸਫ਼ਾ ਹੈ। ਇਹ ਉਤਸੁਕਤਾ ਜਗਾਉਣ ਵਾਲਾ ਤੱਥ ਹੈ ਕਿ ਇੱਕ ਸਮੇਂ ਜਦ ਗਤੀਸ਼ੀਲ ਅਧਿਐਨ ਦੇ ਪ੍ਰਯੋਜਨ ਦੀ ਜ਼ਰੂਰਤ ਅਤੇ ਪਾਸਾਰ ਬਾਰੇ ਵਿੱਚ ਬਹੁਤ ਕੁਝ ਕਿਹਾ ਗਿਆ ਤਾਂ ਇਸ ਸੰਬੰਧੀ ਬਹੁਤ ਘੱਟ ਰੁਚੀ ਦਿਖਾਈ ਗਈ।

ਮਲਕੀਅਤ ਇਕ ਕਾਨੂੰਨੀ ਧਾਰਣਾ ਹੈ ਜੋ ਠੋਸ ਵਸਤੂਆਂ ਦੀ ਸਮੱਗਰੀ ਨਾਲ ਸੰਬੰਧਿਤ ਹੈ। ਧਨ ਇਕ ਆਰਥਿਕ ਧਾਰਣਾ ਹੈ ਜੋ ਦੁਰਲੱਭ ਵਸਤੂਆਂ ਨਾਲ ਸੰਬੰਧਿਤ ਹੈ। ਸਾਰੇ ਕੀਮਤੀ ਵਸੀਲੇ/ਸ੍ਰੋਤ ਜਾਂ ਤਾਂ ਪ੍ਰਤੀਬਿੰਬਤ ਰੂਪ ਵਿੱਚ ਹੁੰਦੇ ਹਨ, ਪ੍ਰਗਟ ਰੂਪ ਵਿੱਚ ਜਾਂ ਵਸਤੂ ਸਾਮਗ੍ਰੀ ਦੇ ਸਾਕਾਰ ਰੂਪ ਵਿੱਚ। ਪਰੰਤੂ ਸਾਰੀ ਵਸਤੂ ਸਮੱਗਰੀ ਵਸੀਲੇ ਜਾਂ ਸ੍ਰੋਤ ਨਹੀਂ ਹੁੰਦੀ। ਤਿਆਗੇ ਗਏ ਘਰ ਜਾਂ ਕੂੜੇ ਦੇ ਢੇਰ ਇਸਦੇ ਸੁਭਾਵਿਕ ਉਦਾਹਰਣ ਹਨ। ਇਹ ਅਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਦੇ ਮਾਲਿਕ ਉਹਨਾਂ ਨੂੰ ਸਵੈ-ਇੱਛਾ ਨਾਲ ਦੇਣ ਦੇ ਲਈ ਤਿਆਰ ਹੋ ਜਾਣਗੇ ਜੇਕਰ ਕੋਈ ਉਹਨਾਂ ਨੂੰ ਹਟਾਉਣ ਦੇ ਲਈ ਤਿਆਰ ਹੋ ਜਾਏ।

ਜੋ ਅੱਜ ਵਸੀਲੇ/ਸ੍ਰੋਤ ਹਨ, ਉਹ ਕੱਲ ਬੰਦਿਸ਼ ਬਣ ਜਾਵੇ। ਜਦਕਿ ਜੋ ਅੱਜ

ਮੁੱਲਹੀਣ ਵਸਤੂ ਹੈ। ਉਹ ਕੱਲ ਮੁਲਵਾਨ ਬਣ ਜਾਵੇ। ਇਸ ਲਈ ਵਸਤੂ-ਸਮੱਗਰੀ ਦਾ ਵਸੀਲਾ/ਸ੍ਰੋਤ ਪੱਧਰ ਹਮੇਸ਼ਾ ਸਮੱਸਿਆਯੁਕਤ ਤੇ ਅਸਪੱਸ਼ਟ ਰਹਿੰਦਾ ਹੈ ਅਤੇ ਇਹ ਦੂਰਦ੍ਰਿਸ਼ਟੀ ਦੀ ਸੀਮਾ ਉਤੇ ਵੀ ਨਿਰਭਰ ਕਰਦਾ ਹੈ। ਇਕ ਵਸਤੂ ਧਨ ਹੀ ਰਚ ਪਾਉਂਦੀ ਹੈ ਜੇਕਰ ਉਹ ਆਮਦਨ ਦੀ ਪ੍ਰਕਿਰਿਆ ਦਾ ਮਾਧਿਅਮ ਬਣਦੀ ਹੈ। ਕਿਸੇ ਵਸਤੂ ਦੀ ਅਸਲ ਜਾਂ ਸੰਭਾਵਿਤ ਕੀਮਤ ਉਸਦੇ ਮਾਲਿਕ ਲਈ ਇਸ ਤੱਥ ਉਪਰ ਨਿਰਭਰ ਕਰਦੀ ਹੈ ਕਿ ਕਿਸੇ ਨਿਸ਼ਚਿਤ ਸਮੇਂ ਤੇ ਉਸਦੀ ਅਨੁਮਾਨਿਤ ਆਮਦਨ ਉਪਜਾਉ ਯੋਗਤਾ ਕੀ ਹੈ। ਇਹ ਇਸ ਗੱਲ ਤੇ ਵੀ ਨਿਰਭਰ ਕਰੇਗਾ ਕਿ ਉਸ ਵਸਤੂ ਦੀ ਵਰਤੋਂ ਕੀ ਹੋ ਰਹੀ ਹੈ। ਇਸ ਲਈ ਸਿਰਫ਼ ਸਫ਼ਲ ਵਸਤੂ ਦੀ ਮਾਲਕੀ ਸਬੂਤ ਨਹੀਂ ਮੰਨੀ ਜਾ ਸਕਦੀ। ਜੇਕਰ ਵਸਤੂ ਦਾ ਕੋਈ ਸਫ਼ਲ ਪ੍ਰਯੋਗ ਹੈ ਤਾਂ ਹੀ ਇਹ ਧਨ ਵਿਚ ਬਦਲ ਸਕਦੀ ਹੈ। ਮਲਕੀਅਤ ਨਹੀਂ ਬਲਕਿ ਵਸੀਲਿਆ ਦੀ ਵਰਤੋਂ ਆਮਦਨ ਤੇ ਧਨ ਦਾ ਮਾਧਿਅਮ ਬਣਦੀ ਹੈ। ਨਿਊਯਾਰਕ ਵਿਚ ਆਈਸ ਕਰੀਮ ਦਾ ਕਾਰਖਾਨਾ ਇਸਦੇ ਮਾਲਕ ਲਈ ਧਨ ਹੈ। ਪਰੰਤੂ ਗ੍ਰੀਨਲੈਂਡ ਵਿਚ ਇਸੇ ਆਈਸਕਰੀਮ ਦਾ ਕਾਰਖਾਨਾ ਸ਼ਾਇਦ ਹੀ ਸੰਪਤੀ (Wealth) ਸਾਬਤ ਹੋਵੇਗਾ।

ਉਮੀਦ ਤੋਂ ਪਰੇ ਦੇ ਪਰਿਵਰਤਨਾਂ ਵਾਲੀ ਇਸ ਦੁਨੀਆਂ ਵਿਚ ਧਨ ਦੀ ਸਾਂਭ-ਸੰਭਾਲ ਹਮੇਸ਼ਾ ਹੀ ਸਮੱਸਿਆ ਪੈਦਾ ਕਰਨ ਵਾਲਾ ਕੰਮ ਰਿਹਾ ਹੈ ਅਤੇ ਅੱਗੇ ਲੰਮੇ ਸਮੇਂ ਦੇ ਸੰਦਰਭ ਵਿੱਚ ਇਸਨੂੰ ਅਸੰਭਵ ਹੀ ਕਿਹਾ ਜਾਵੇਗਾ। ਧਨ ਦੀ ਇਕ ਰਕਮ ਨੂੰ ਨਿਸ਼ਚਿਤ ਰੱਖਣਾ, ਜਿਸਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੇ ਹਵਾਲੇ ਕੀਤਾ ਜਾ ਸਕੇ, ਤਾਂ ਉਸ ਪਰਿਵਾਰ ਨੂੰ ਸਥਾਪਿਤ ਆਮਦਨ ਸਥਿਰ ਰੱਖਣ ਲਈ ਆਪਣੇ ਸ੍ਰੋਤ/ਵਸੀਲੇ ਇੱਕਠੇ ਕਰਨੇ ਪੈਣਗੇ। ਭਾਵ ਅੰਸ਼ਿਕ ਸੇਵਾਵਾਂ ਕੀਮਤ ਉਪਰ ਪ੍ਰਾਪਤ ਉਤਪਾਦਨ ਮੁੱਲ ਦੇ ਵਾਧੂ ਮੁੱਲ ਨੂੰ ਸ੍ਰੋਤ/ਵਸੀਲਿਆਂ ਦੇ ਬਰਾਬਰ ਮੰਨ ਲੈਣਾ। ਇੰਝ ਲੱਗਦਾ ਹੈ ਕਿ ਇਹ ਸਿਰਫ਼ ਸਥਾਈ ਸੰਸਾਰ ਵਿਚ ਹੀ ਸੰਭਵ ਹੈ। ਜਿੱਥੇ ਬੀਤ ਗਏ ਕੱਲ ਅਤੇ ਆਉਣ ਵਾਲੇ ਕੱਲ ਵਿਚ ਵੀ ਸਭ ਕੁਝ ਬਰਾਬਰ ਸੀ। ਅਜਿਹੇ ਵਿਚ ਦਿਨ ਪ੍ਰਤੀ ਦਿਨ ਅਤੇ ਸਾਲ ਦਰ ਸਾਲ ਬਰਾਬਰ ਆਮਦਨ ਮਾਲਕ ਅਤੇ ਉਸਦੇ ਓਤਰਾਧਿਕਾਰੀਆਂ ਨੂੰ ਮਿਲਦੀ ਰਹੇਗੀ। ਜਾਂ ਫਿਰ ਇਹ ਉੱਥੇ ਹੋਵੇਗਾ ਜਿੱਥੇ ਸਾਰੇ ਵਸੀਲਿਆਂ ਦੇ ਮਾਲਕਾਂ ਦੀ ਦੂਰ-ਦ੍ਰਿਸ਼ਟੀ ਇਕ ਸਮਾਨ ਹੋਵੇ।

ਦੋਵੇਂ ਸਥਿਤੀਆਂ ਯਥਾਰਥ ਤੋਂ ਦੂਰ ਹਨ। ਇਸ ਲਈ ਅਸੀਂ ਇਸਨੂੰ ਨਜ਼ਰ-ਅੰਦਾਜ਼ ਕਰ ਸਕਦੇ ਹਾਂ। ਪਰੰਤੂ ਫਿਰ ਉਮੀਦ ਤੋਂ ਪਰੇ ਪਰਿਵਰਤਨ ਵਾਲੇ ਸੰਸਾਰ ਵਿੱਚ ਧਨ ਦੀ ਕੀ ਸਥਿਤੀ ਹੁੰਦੀ ਹੈ?

ਸਮੁੱਚਾ ਧਨ ਦੋ ਤਰ੍ਹਾਂ ਨਾਲ ਪੂੰਜੀ ਸੰਪਤੀ ਵਿਚ ਪਰਿਵਰਤਿਤ ਹੁੰਦਾ ਹੈ। ਜਿਸ ਵਿੱਚ ਮੁਨਾਫ਼ੇਯੋਗ ਉਤਪਾਦਨ ਦੇ ਸ੍ਰੋਤ ਉਤਪਾਦਨ ਦੀ ਸ੍ਰੋਤ ਸਾਮਗ੍ਰੀ ਨੂੰ ਸਮੂਰਤ ਰੂਪ ਦੇਂਦੇ ਜਾਂ ਘੱਟ ਤੋਂ ਘੱਟ ਸਮੁੱਚੇ ਰੂਪ ਵਿੱਚ ਪ੍ਰਤੀਬਿੰਬਤ ਕਰਦੇ ਹਨ।

ਸਾਰਾ ਉਤਪਾਦਨ ਇਸ ਤਰ੍ਹਾਂ ਦੇ ਸ੍ਰੋਤ/ਵਸੀਲਿਆਂ ਦੇ ਜੋੜ/ਮੇਲ ਦੀ ਮਦਦ

ਤੇ ਮਨੁੱਖੀ ਮਿਹਨਤ ਦੁਆਰਾ ਹੁੰਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਸ੍ਰੋਤ/ਵਸੀਲਿਆਂ ਦੀ ਇੱਕ ਵਿਸ਼ੇਸ਼ ਜੋੜ/ਮੇਲ (Combinations) ਦੁਆਰਾ ਵਰਤੋਂ ਹੋਣੀ ਚਾਹੀਦੀ ਹੈ (ਵਿਸ਼ੇਸ਼ ਤੌਰ 'ਤੇ ਸ੍ਰੋਤ/ਵਸੀਲਿਆਂ ਦੀ ਸਮਝ ਅਨੁਸਾਰ)।

ਇਹ ਅਨੁਸਾਰਤਾ ਦੇ ਢੰਗ/ਤਰੀਕੇ ਉਦਮੀ ਜਾਂ ਯੋਜਨਾ ਕਰਤਾ ਜੋ ਉਤਪਾਦਨ ਯੋਜਨਾਵਾਂ ਨੂੰ ਬਨਾਉਣ ਦੀ ਪਹਿਲ ਕਰਦੇ ਅਤੇ ਚਲਾਉਂਦੇ ਹਨ ਉਹਨਾਂ ਨੂੰ ਕੋਈ ਪਹਿਲਾਂ ਤੋਂ ਹੀ ਤਿਆਰ ਰਾਹ ਨਹੀਂ ਦੇਂਦੇ। ਅਸਲ ਵਿੱਚ ਉਤਪਾਦਨ ਵਿਸ਼ੇਸ਼ਤਾ ਜਿਹੀ ਕੋਈ ਚੀਜ਼ ਨਹੀਂ ਹੁੰਦੀ ਹੈ। ਇਸਦੇ ਉਲਟ ਉਦਮੀ ਦਾ ਕੰਮ ਪਰਿਵਰਤਿਤ ਹੋ ਰਹੇ ਅਜਿਹੇ ਸੰਸਾਰ ਵਿੱਚ ਖੋਜ ਕਰਨਾ ਹੈ ਜਿੱਥੇ ਵਰਤਮਾਨ ਸਥਿਤੀਆਂ ਵਿੱਚ ਸ੍ਰੋਤ/ਵਸੀਲਿਆਂ ਦੇ ਸੰਯੁਕਤੀਕਰਣ ਦੀ ਸਫ਼ਲਤਾਪੂਰਵਕ ਵਰਤੋਂ ਨੂੰ ਇਹਨਾਂ ਪਰਿਵਰਤਨਾਂ ਸੰਯੁਕਤ ਵਰਤੋਂ ਤੋਂ ਪੈਦਾ ਹੋਣ ਵਾਲੇ ਉਤਪਾਦਨ, ਲਾਗਤ ਉਪਰ ਉਤਪਾਦਨ ਤੋਂ ਪ੍ਰਾਪਤ ਮੁਨਾਫੇ ਦੇ ਮੁੱਲ ਦੇ ਵਾਧੇ, ਕਲ ਦੀਆਂ ਸੰਭਾਵਿਤ ਸਥਿਤੀਆਂ ਵਿੱਚ ਕੀਤੇ ਜਾ ਸਕਣ ਵਾਲੇ ਕੰਮਾਂ ਦਾ ਅੰਦਾਜ਼ਾ, ਕਦੋਂ ਉਪਜ ਮੁੱਲਵਾਨ ਹੋਵੇਗੀ, ਨਿਵੇਸ਼ ਦੀ ਸਨਮਾਨਯੋਗ ਕੀਮਤ ਅਤੇ ਵਿਗਿਆਨ ਆਦਿ ਸਭ ਵਿਚ ਪਰਿਵਰਤਨ ਹੁੰਦਾ ਹੈ। ਜੇਕਰ ਸਾਰੇ ਪੂੰਜੀਗਤ ਸ੍ਰੋਤ/ਵਸੀਲੇ ਵਿਆਪਕ ਰੂਪ ਵਿੱਚ ਵਿਭਿੰਨਤਾ ਵਾਲੇ ਹੁੰਦੇ ਤਾਂ ਇਕ ਉਦਮੀ ਨੂੰ ਸ੍ਰੋਤ ਵਸੀਲਿਆਂ ਦੇ ਸੰਯੁਕਤੀਕਰਣ ਦੀ ਸਫ਼ਲਤਾਪੂਰਵਕ ਵਰਤੋਂ ਨੂੰ ਇਹਨਾਂ ਪਰਿਵਰਤਨਾਂ ਦੁਆਰਾ ਫਾਇਦੇਯੋਗ ਬਨਾਉਣ ਲਈ ਸਥਿਤੀਆਂ ਦੇ ਬਾਹਰੀ ਬਦਲਾਅ ਦਾ ਸਾਹਮਣਾ ਕਰਨ ਤੋਂ ਵੱਧ ਕੋਈ ਮੁਸ਼ਕਿਲ ਨਾ ਆਉਂਦੀ। ਜਿਵੇਂ ਕਿ ਅਸੀਂ ਵੇਖਦੇ ਹਾਂ ਸ੍ਰੋਤ /ਵਸੀਲਿਆਂ ਦੀ ਇਕ ਨਿਯਮ ਵਾਂਗ ਵਿਭਿੰਨਤਾ ਦੇ ਪੱਖ ਤੋਂ ਨਿਸ਼ਚਿਤ ਸੀਮਾ ਹੈ। ਹੇਰਕ ਸ੍ਰੋਤ/ਵਸੀਲੇ ਦਾ ਇਕ ਹੱਦ ਤੱਕ ਹੀ ਨਿਸ਼ਚਿਤ ਰੂਪ ਵਿਚ ਹੀ ਇਸਤੇਮਾਲ ਕੀਤਾ ਜਾ ਸਕਦਾ ਹੈ।[50] ਇਸ ਲਈ "ਪੂੰਜੀਗਤ ਪੁਨਰ-ਸਮੂਹੀਕਰਨ" (Capital Re-grouping) ਲਈ ਸ੍ਰੋਤ ਦੇ ਸੰਯੁਕਤੀਕਰਨ ਵਿੱਚ ਬਦਲਾਓ ਆਮ ਤੌਰ 'ਤੇ ਇਕ ਬਦਲਾਉ ਦੀ ਸਥਾਪਤੀ ਲਈ ਵਿਸ਼ੇਸ਼ ਬੰਧੇਜ਼ ਦੀ ਮੰਗ ਕਰਦਾ ਹੈ। ਪਰੰਤੂ ਸਥਾਪਿਤ ਤਰੀਕਿਆਂ ਵਿਚਲਾ ਹਰੇਕ ਬਦਲਾਓ ਪੂਰੀ ਤਰ੍ਹਾਂ ਪੂੰਜੀ ਦੇ ਫਾਇਦੇ ਅਤੇ ਨੁਕਸਾਨ ਵਿੱਚ ਹੋਏ ਵਾਧੇ ਦੁਆਰਾ ਹਰੇਕ ਬਦਲਾਓ ਉਪਰ ਪ੍ਰਭਾਵ ਪਾਉਂਦਾ ਹੈ। ਉਦਮੀ/ਵਿਉਪਾਰੀ ਉਹਨਾਂ ਸ੍ਰੋਤਾਂ ਦੀ ਪ੍ਰਾਪਤੀ ਲਈ ਉੱਚੀ ਬੋਲੀ ਲਗਾਉਣਗੇ ਜਿਨ੍ਹਾਂ ਵਿੱਚ ਜ਼ਿਆਦਾ ਲਾਭ ਤੇ ਉਪਯੋਗ ਮਿਲੇ ਹੋਣਗੇ ਅਤੇ ਘੱਟ ਲਾਭ ਵਾਲੇ ਸ੍ਰੋਤ ਲਈ ਘੱਟ ਤੋਂ ਘੱਟ ਬੋਲੀ ਲਗਾਈ ਜਾਵੇਗੀ। ਸੀਮਿਤ ਸਥਿਤੀਆਂ ਵਿੱਚ ਜਿੱਥੇ ਹੁਣ ਤੱਕ ਕਮਾਏ ਗਏ ਮੁਨਾਫ਼ੇ ਦੇ ਸੰਯੁਕਤੀਕਰਣ ਲਈ ਸ੍ਰੋਤ ਦਾ ਕੋਈ ਪ੍ਰਯੋਗ (ਵਰਤਮਾਨ ਜਾਂ ਭਵਿੱਖਮਈ ਸੰਭਾਵਨਾ) ਨਹੀਂ ਮਿਲਦਾ ਉੱਥੇ ਸ੍ਰੋਤ ਆਪਣੀ ਵਿਸ਼ੇਸ਼ਤਾ ਇਕੋ ਸਮੇਂ ਗਵਾ ਦੇਵੇਗਾ। ਘੱਟ ਬੁਰੀਆਂ ਸਥਿਤੀਆਂ ਵਿੱਚ ਵੀ ਉਮੀਦ ਤੋਂ ਪਰੇ ਪਰਿਵਰਤਨ ਦੇ ਸੰਸਾਰ ਵਿੱਚ ਸਵੈ-ਇੱਛਿਤ ਮੁਨਾਫ਼ਾ ਜਾਂ ਨੁਕਸਾਨ ਹੁੰਦਾ ਹੈ।

ਇਸ ਪ੍ਰਕਾਰ ਬਾਜ਼ਾਰ ਪ੍ਰਕਿਰਿਆ ਨੂੰ ਸਮਤਲ (Leveling) ਕਰਨ ਦੀ ਪ੍ਰਕ੍ਰਿਆ

ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਇਕ ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਵਿੱਚ ਧਨ ਦੀ ਪੁਨਰ-ਵੰਡ ਦੀ ਪ੍ਰਕਿਰਿਆ ਆਧੁਨਿਕ ਨੇਤਾਵਾਂ ਦੀਆਂ ਸੰਸਥਾਗਤ ਸੁਭਾਅ ਵਾਲੀਆਂ ਸਮਾਨ ਪ੍ਰਕਿਰਿਆਵਾਂ ਤੋਂ ਪਹਿਲਾ ਹੋ ਜਾਂਦੀ ਹੈ। ਤੁਲਨਾਤਮਕ ਨਿਰਅਰਥਕਤਾ ਵਿਚਲੇ ਇਸ ਅੰਤਰ ਦਾ ਇਸਤੋਂ ਇਲਾਵਾ ਕੋਈ ਹੋਰ ਕਾਰਣ ਨਹੀਂ ਹੈ ਕਿ ਬਾਜ਼ਾਰ ਉਹਨਾਂ ਨੂੰ ਧਨ ਦੇਂਦਾ ਹੈ ਜੋ ਇਸਨੂੰ ਸੰਭਾਲਕੇ ਰੱਖ ਸਕਦੇ ਹਨ ਜਦਕਿ ਰਾਜਨੀਤਿਕ ਨੇਤਾ ਧਨ ਉਸ ਇਨਸਾਨ ਨੂੰ ਦੇਂਦਾ ਹੈ ਜੋ ਬਾਜ਼ਾਰ ਦੇ ਨੇਮਾਂ/ਜ਼ਰੂਰਤਾਂ ਅਨੁਸਾਰ ਅਯੋਗ ਹੁੰਦਾ ਹੈ।

ਧਨ ਦੀ ਪੁਨਰ ਵੰਡ ਦੀ ਪ੍ਰਕਿਰਿਆ ਇਤਫ਼ਾਕੀਆ ਰੂਪ ਵਿੱਚ ਤੁਰੰਤ ਵਾਪਰਨ ਵਾਲੀ ਘਟਨਾਵਾਂ ਦੀ ਲੜੀ ਨਹੀਂ। ਉਹ ਸਭ ਲੋਕ ਜੋ ਇਸ ਵਿੱਚ ਭਾਗ ਲੈਂਦੇ ਹਨ ਉਹ ਅਚਨਚੇਤ ਕੋਈ ਮੌਕਾ ਪ੍ਰਾਪਤ ਹੋਣ ਦੀ ਖੇਡ ਨਹੀਂ ਖੇਡ ਰਹੇ ਹੁੰਦੇ। ਬਲਕਿ ਇਹ ਤਾਂ ਯੋਗਤਾ (Skill) ਦੀ ਖੇਡ ਹੈ। ਸਾਰੀਆਂ ਦੂਸਰੀਆਂ ਗਤੀਸ਼ੀਲ ਪ੍ਰਕਿਰਿਆਵਾਂ ਵਾਂਗ ਇਹ ਪ੍ਰਕਿਰਿਆ ਵੀ ਇੱਕ ਦਿਮਾਗ ਤੋਂ ਦੂਸਰੇ ਦਿਮਾਗ ਤੱਕ ਗਿਆਨ ਦੇ ਪਹੁੰਚਣ ਨੂੰ ਪ੍ਰਤੀਬਿੰਬਤ ਕਰਦੀ ਹੈ। ਇਹ ਇਸ ਲਈ ਸੰਭਵ ਹੈ ਕਿ ਕਿਉਂਕਿ ਕੁਝ ਲੋਕਾਂ ਕੋਲ ਗਿਆਨ ਹੈ ਅਤੇ ਬਾਕੀਆਂ ਨੇ ਅਜੇ ਇਹ ਹਾਸਿਲ ਨਹੀਂ ਕੀਤਾ ਹੈ। ਕਿਉਂਕਿ ਪੂਰੇ ਸਮਾਜ ਵਿੱਚ ਪਰਿਵਰਤਨ ਦਾ ਗਿਆਨ ਅਤੇ ਇਸਦਾ ਪ੍ਰਭਾਵ ਅਸਮਾਨ ਅਤੇ ਘੱਟ ਰਫ਼ਤਾਰ ਨਾਲ ਫੈਲਦਾ ਹੈ।

ਇਸ ਪ੍ਰਕਿਰਿਆ ਵਿੱਚ ਉਹੀ ਸਫ਼ਲ ਹੈ ਜੋ ਦੂਸਰਿਆਂ ਤੋਂ ਪਹਿਲਾਂ ਇਸ ਗੱਲ ਨੂੰ ਸਮਝ ਲਵੇਗਾ ਕਿ ਜੇਕਰ ਅੱਜ ਇੱਕ ਸ੍ਰੋਤ ਨਵੇਂ ਜਾਂ ਖਰੀਦੇ ਗਏ ਰੂਪ ਵਿੱਚ ਪ੍ਰਸਤੁਤ (Produced) ਹੋਇਆ ਹੈ ਅਤੇ ਜਿਸਦੀ ਕੀਮਤ 'ਅ' ਹੈ ਉਹ ਕੱਲ ਉਤਪਾਦਨ ਦੇ ਸੰਯੁਕਤ ਰੂਪ ਵਿੱਚ ਵੀ ਆਪਣੀ ਸਮਾਨ ਕੀਮਤ ਬਣਾਈ ਰੱਖਦਾ ਹੈ ਜਾਂ ਨਹੀਂ। ਪੂੰਜੀ ਦੇ ਅਜਿਹੇ ਮੁਨਾਫ਼ੇ ਜਾਂ ਨੁਕਸਾਨ ਸ੍ਰੋਤ ਦੀ ਇਕ ਤੋਂ ਬਾਅਦ ਦੂਸਰੀ ਵਰਤੋਂ ਵਿੱਚ ਬਦਲਣ ਦੇ (ਪਹਿਲੇ ਦੇ ਮੁਕਾਬਲੇ ਘੱਟ ਜਾਂ ਵੱਧ ਮਹੱਤਤਾ ਵਾਲੀ) ਮੌਕਿਆਂ ਦੀ ਦੇਣ ਹੁੰਦੇ ਹਨ। ਇਸ ਆਰਥਿਕਤਾ ਦੇ ਜੋ ਮੂਲ ਤੱਤ ਦਾ ਨਿਰਮਾਣ ਕਰਦੇ ਹਨ ਜਿਸ ਤੋਂ ਪਰਿਵਰਤਨ ਦੀ ਦੁਨੀਆਂ ਵਿਚ ਧਨ ਆਪਣੇ ਅਰਥ ਗ੍ਰਹਿਣ ਕਰਦਾ ਹੈ ਅਤੇ ਇਹ ਹੀ ਧਨ ਦੀ ਪੁਨਰਵੰਡ ਦਾ ਮੁੱਖ ਸੰਚਾਰ ਮਾਧਿਅਮ ਹਨ।

ਇਸ ਪ੍ਰਕਿਰਿਆ ਵਿੱਚ ਇਹ ਸੰਭਵ ਨਹੀਂ ਕਿ ਇੱਕ ਹੀ ਵਿਅਕਤੀ ਹਰ ਵਾਰ ਮੌਜੂਦਾ ਜਾਂ ਸੰਭਾਵਿਤ ਸ੍ਰੋਤ ਦੇ ਪ੍ਰਯੋਗ ਦੇ ਲਈ ਅੰਦਾਜ਼ਾ ਲਗਾਉਣ ਵਿੱਚ ਹਮੇਸ਼ਾ ਸਹੀ ਸਾਬਿਤ ਹੋਵੇ, ਬਸ਼ਰਤੇ ਉਹ ਸਾਰਿਆਂ ਤੋਂ ਉੱਤਮ ਨਾ ਹੋਵੇ। ਇਸ ਸਥਿਤੀ ਵਿੱਚ ਉਸਦੇ ਉਤਰਾਧਿਕਾਰੀਆਂ ਦਾ ਏਹੋ ਜਿਹੀ ਹੀ ਸਫ਼ਲਤਾ ਨਾਲ ਪ੍ਰਦਰਸ਼ਨ ਕਰਨਾ ਮੁਸ਼ਕਿਲ ਹੈ, ਬਸ਼ਰਤੇ ਉਹ ਵੀ ਸਭ ਤੋਂ ਉੱਤਮ ਨਾ ਹੋਣ। ਉਮੀਦ ਬਾਹਰੇ ਪਰਿਵਰਤਨ ਵਾਲੇ ਸੰਸਾਰ ਵਿੱਚ ਪੂੰਜੀ ਦਾ ਨੁਕਸਾਨ ਪੂੰਜੀ ਦੇ ਲਾਭ ਵਾਂਗ ਨਿਸ਼ਚਿਤ ਹੈ।

ਪੂੰਜੀਪਤੀਆਂ ਦੇ ਮੁਕਾਬਲੇ ਅਤੇ ਦੋਹਰੇ ਸ੍ਰੋਤ ਦੀ ਵਿਸ਼ੇਸ਼ਤਾ ਜਾਂ ਵਿਸ਼ੇਸ਼ ਪ੍ਰਕਿਰਤੀ ਕਾਰਣ, ਭਾਵੇਂ ਕਿ ਇਹ ਬਹੁ-ਗੁਣਾਤਮਕ ਪ੍ਰਕਿਰਤੀ ਵਾਲੇ ਹੁੰਦੇ ਹਨ, ਮੁਨਾਫ਼ਾ ਨਿਸ਼ਚਿਤ ਰੂਪ ਨਾਲ ਨੁਕਸਾਨ ਤੋਂ ਬਾਅਦ ਆਉਂਦਾ ਹੈ ਜਿਵੇਂ ਨੁਕਸਾਨ ਮੁਨਾਫ਼ੇ ਤੋਂ ਬਾਅਦ ਆਉਂਦਾ ਹੈ।

ਇਨ੍ਹਾਂ ਆਰਥਿਕ ਤੱਥਾਂ ਦੇ ਕੁਝ ਨਿਸ਼ਚਿਤ ਸਮਾਜਿਕ ਨਤੀਜੇ ਨਿਕਲਦੇ ਹਨ। ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਦੇ ਆਲੋਚਕ ਆਪਣਾ ਪੱਖ ਸਮਾਜਿਕ ਆਧਾਰ ਤੇ ਪੇਸ਼ ਕਰਦੇ ਹਨ। ਬਸ਼ਰਤੇ ਬਾਜ਼ਾਰ ਪ੍ਰਕਿਰਿਆ ਦੇ ਵਾਸਤਵਿਕ/ਸੱਚੇ ਸਮਾਜਿਕ ਨਤੀਜਿਆਂ ਨੂੰ ਇੱਥੇ ਪੇਸ਼ ਕਰਨਾ ਅਯੋਗ ਨਹੀਂ ਹੋਵੇਗਾ। ਅਸੀਂ ਇਸ ਬਾਰੇ ਵਿੱਚ ਸਮਤਲ ਪ੍ਰਕਿਰਿਆ ਦੇ ਰੂਪ ਵਿੱਚ ਪਹਿਲਾਂ ਹੀ ਗੱਲ ਕਰ ਚੁੱਕੇ ਹਾਂ। ਹੁਣ ਸਾਨੂੰ ਹੋਰ ਜ਼ਿਆਦਾ ਹਾਜ਼ਰ-ਜੁਆਬੀ ਨਾਲ ਇਹਨਾਂ ਨਤੀਜਿਆਂ ਨੂੰ ਉਸ ਉਦਾਹਰਣ ਦੇ ਨਾਲ ਦੱਸਣਾ ਪਵੇਗਾ ਜਿਸਨੂੰ ਪਰੈਟੋ (Pareto) ਨੇ "ਕੁਲੀਨ ਲੋਕਾਂ ਦਾ ਪਾਸਾਰ" (The Circulation of Elites) ਕਿਹਾ ਹੈ।

ਧਨ ਦੇ ਲੰਮੇ ਸਮੇਂ ਤੱਕ ਇਕੋ ਵਿਅਕਤੀ ਦੇ ਹੱਥਾਂ ਵਿੱਚ ਰੁਕਣਾ ਮੁਸ਼ਕਿਲ ਹੁੰਦਾ ਹੈ। ਇਹ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਦੇ ਹੱਥਾਂ ਵਿੱਚ ਜਾਂਦਾ ਹੈ। ਕਿਉਂਕਿ ਕੀਮਤਾਂ ਵਿੱਚ ਆਸ ਬਾਹਰੇ ਪਰਿਵਰਤਨ ਆਉਂਦੇ ਹਨ। ਇਸ ਉਪਰ ਵਿਸ਼ੇਸ਼ ਸ੍ਰੋਤ ਪੂੰਜੀ ਦੇ ਮੁਨਾਫ਼ੇ ਤੇ ਨੁਕਸਾਨ ਦੇ ਮੌਕੇ ਪੈਦਾ ਕਰਦੇ ਹਨ। ਅਸੀਂ ਸ਼ੂਮਪੀਟਰ ਨਾਲ ਸਹਿਮਤ ਹਾਂ ਕਿ ਧਨ ਦੇ ਮਾਲਕ ਇੱਕ ਰੇਲਗੱਡੀ ਦੇ ਯਾਤਰੀ ਜਾਂ ਹੋਟਲ ਦੇ ਮਹਿਮਾਨ ਵਾਂਗ ਹੁੰਦੇ ਹਨ। ਉਹ ਹਮੇਸ਼ਾ ਉੱਥੇ ਹੁੰਦੇ ਹਨ, ਪਰੰਤੂ ਹਰ ਵਾਰ ਵਿਅਕਤੀ ਬਦਲ ਜਾਂਦੇ ਹਨ।

ਅਸੀਂ ਵੇਖਦੇ ਹਾਂ ਕਿ ਬਾਜ਼ਾਰ ਆਧਾਰਤ ਅਰਥ ਵਿਵਸਥਾ ਵਿੱਚ ਸਾਰਾ ਧਨ ਸਮੱਸਿਆਤਮਕ ਸੁਭਾਅ ਵਾਲਾ ਹੁੰਦਾ ਹੈ। ਜਿਆਦਾ ਸਥਿਰ ਅਤੇ ਨਿਸ਼ਚਿਤ ਸੰਪਤੀ ਵਰਤੋਂ ਦੀ ਜ਼ਿਆਦਾ ਨਿਸ਼ਚਿਤ ਸੀਮਾ ਵਿਚ ਬਦਲ ਜਾਂਦੀ ਹੈ। ਸਪੱਸ਼ਟ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਸਮੱਸਿਆ ਪ੍ਰਤੱਖ ਰੂਪ ਵਿੱਚ ਦਿਖਾਈ ਦੇਣ ਲੱਗ ਪੈਂਦੀ ਹੈ। ਪਰੰਤੂ ਇੱਕ ਸਮਾਜ ਵਿੱਚ ਥੌੜ੍ਹੀ ਜਿਹੀ ਸਥਿਰ ਪੂੰਜੀ ਨਾਲ, ਜਿਸ ਵਿੱਚ ਵਧੇਰੇ ਜਮ੍ਹਾਂ ਸੰਪਤੀ ਵਸਤੂਆਂ (ਵਿਸ਼ੇਸ਼ਕਰ ਖੇਤੀਬਾੜੀ ਅਤੇ ਛੇਤੀ ਨਸ਼ਟ ਹੋ ਜਾਣ ਵਾਲੀਆ ਵਸਤੂਆਂ) ਦੇ ਜ਼ਖੀਰੇ ਦੇ ਰੂਪ ਵੱਜੋਂ ਵੱਖ - ਵੱਖ ਸਮੇਂ, ਘੱਟ ਜਾਂ ਵੱਧ ਸਮੇਂ ਲਈ ਪ੍ਰਚੱਲਿਤ ਰਹਿੰਦੇ ਹਨ। ਇਕ ਸਮਾਜ ਜਿਸ ਵਿਚ ਸਥਿਰ ਵਸਤੂਆਂ ਦੇ ਗ੍ਰਾਹਕ (ਘਰਾਂ ਤੇ ਵਸਤੂਆਂ ਲਈ ਵੀ ਸ਼ਾਇਦ) ਘੱਟ ਹੋਣ। ਉਸ ਸਮਾਜ ਵਿੱਚ ਸਮੱਸਿਆ ਸਪੱਸ਼ਟ ਰੂਪ ਵਿੱਚ ਪ੍ਰਗਟ ਨਹੀਂ ਹੋਵੇਗੀ। ਅਜਿਹੇ ਸਮਾਜ ਵਿੱਚ ਵੱਡੇ ਪੱਧਰ ਤੇ ਕੁਝ ਪ੍ਰਾਚੀਨ ਅਰਥ-ਸ਼ਾਸ਼ਤਰੀ ਰਹਿੰਦੇ ਸਨ ਅਤੇ ਇਹਨਾਂ ਨੇ ਇਸੇ ਸਮਾਜ ਤੋਂ ਸੁਭਾਵਿਕ ਰੂਪ ਵਿੱਚ ਕੁਝ ਗੁਣ ਗ੍ਰਹਿਣ ਕੀਤੇ ਹੋਣਗੇ। ਇਸ ਲਈ ਆਪਣੇ ਸਮੇਂ ਦੀਆਂ ਸ਼ਰਤਾਂ ਵਿੱਚ

ਪ੍ਰਾਚੀਨ ਅਰਥ-ਸ਼ਾਸ਼ਤਰੀ ਕੁਝ ਹੱਦ ਤੱਕ ਖਾਸ ਕਰਕੇ ਵਾਸਤਵਿਕ ਸਮਾਨ ਲਿੰਗਕ ਅਤੇ ਪੂਰਣ ਵਿਆਪਕਤਾ ਦੇ ਸੰਬੰਧ ਵਿੱਚ ਸਹੀ ਸਨ। ਪਰੰਤੂ ਨਿਸ਼ਚਿਤ ਅਤੇ ਉਤਪਾਦਕਤਾਹੀਣ ਸ੍ਰੋਤ ਵਾਲੀ ਭੂਮੀ ਨੂੰ ਲੈ ਕੇ ਅਣਸੁਲਝੇ ਸਨ। ਪਰ ਸਾਡੇ ਸਮੇਂ ਵਿੱਚ ਅਜਿਹੇ ਦੋ ਭਾਗਾਂ ਵਿੱਚ ਵੰਡ ਦੀ ਬਹੁਤ ਥੋੜ੍ਹੀ ਜਾਂ ਅਸਲ ਵਿੱਚ ਕੋਈ ਜਗ੍ਹਾਂ ਨਹੀਂ ਹੈ। ਜਿੱਥੇ ਪੂੰਜੀ ਜ਼ਿਆਦਾ ਨਿਸ਼ਚਿਤ ਅਤੇ ਸਥਿਰ ਹੈ ਉੱਥੇ ਹੀ ਅਜਿਹੇ ਪੂੰਜੀਗਤ ਸ੍ਰੋਤ ਦੀਆਂ ਸੰਭਾਵਨਾਵਾਂ ਜ਼ਿਆਦਾ ਹਨ। ਇਹਨਾਂ ਦੀ ਵਰਤੋਂ ਕਰਨ ਤੋਂ ਬਿਨਾਂ ਵਾਸਤਵਿਕ ਰੂਪ ਵਿੱਚ ਤਿਆਰ ਪ੍ਰਯੋਜਨਾਂ ਦੇ ਇਲਾਵਾਂ ਸਾਰਿਆਂ ਦਾ ਪ੍ਰਯੋਗ ਕਰਨਾ ਹੋਵੇਗਾ। ਇਸਦਾ ਅਰਥ ਇਹ ਹੈ ਕਿ ਆਧੁਨਿਕ ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਅਸਲ ਵਿੱਚ ਸਥਾਈ ਆਮਦਨ ਦਾ ਸਾਧਨ ਨਹੀਂ ਹੋ ਸਕਦੀ। ਸਥਿਰਤਾ ਅਤੇ ਸੀਮਿਤ ਵਿਆਪਕਤਾ ਨੇ ਇਸਨੂੰ ਅਸੰਭਵ ਬਣਾ ਦਿੱਤਾ ਹੈ।

ਇਸ ਲੇਖ ਵਿੱਚ ਜਿਸ ਮੁੱਖ ਤੱਥ ਉਪਰ ਅਸੀਂ ਜ਼ੋਰ ਦਿੱਤਾ ਹੈ। ਉਹ ਸਾਧਾਰਣ ਸਮਝ ਦਾ ਤੱਥ ਹੈ ਕਿ ਉਮੀਦ ਤੋਂ ਪਰੇ ਪਰਿਵਰਤਨ ਵਾਲੇ ਸੰਸਾਰ ਵਿੱਚ ਬਾਜ਼ਾਰ ਦੀ ਸ਼ਕਤੀ ਧਨ ਦੀ ਮੁੜ-ਵੰਡ ਕਾਰਣ ਹੈ। ਫਿਰ ਇਸਨੂੰ ਲਗਾਤਾਰ ਨਜ਼ਰ ਅੰਦਾਜ਼ ਕਿਉਂ ਕੀਤਾ ਜਾ ਰਿਹਾ ਹੈ। ਅਸੀਂ ਸਮਝ ਸਕਦੇ ਹਾਂ ਕਿ ਨੇਤਾਵਾਂ ਨੇ ਕਿਉਂ ਇਸ ਵੱਲ ਧਿਆਨ ਨਹੀਂ ਦਿੱਤਾ। ਆਖਿਰਕਾਰ ਉਹਨਾਂ ਨੂੰ ਚੋਣਾਂ ਦੇ ਖੇਤਰ ਵਿੱਚ ਬਹੁਸੰਖਿਅਕ ਇਸਤੋਂ ਸਿੱਧੇ ਰੂਪ ਨਾਲ ਪ੍ਰਭਾਵਿਤ ਨਹੀਂ ਹੋਣਗੇ ਅਤੇ ਜਿਵੇਂ ਕਿ ਮੁਦਰਾ-ਸਫੀਤੀ ਵਿੱਚ ਦਿਖਾਇਆ ਗਿਆ ਹੈ ਕਿ ਅਸੀਂ ਉਸਨੂੰ ਸਮਝ ਨਹੀਂ ਸਕਾਂਗੇ। ਪਰੰਤੂ ਅਰਥ ਸ਼ਾਸ਼ਤਰੀਆਂ ਨੇ ਇਸਨੂੰ ਕਿਉਂ ਨਜ਼ਰਅੰਦਾਜ਼ ਕੀਤਾ। ਆਰਥਿਕ ਬਲਾਂ ਦੇ ਸੰਚਾਲਨ ਦਾ ਨਤੀਜਾ ਧਨ ਦੀ ਵੰਡ ਦਾ ਹੀ ਰੂਪ ਹੈ। ਇਹ ਇੱਕ ਅਜਿਹਾ ਕਥਨ ਹੈ ਕਿ ਜੋ ਇਸਨੂੰ ਸੋਚਣਗੇ ਉਹਨਾਂ ਨੂੰ ਪ੍ਰਭਾਵਿਤ ਕਰੇਗਾ। ਫਿਰ ਉਪਰੋਂ ਦੂਸਰੀ ਧਾਰਣਾ ਵਿੱਚ ਦੱਸੇ ਗਏ ਅਨੁਸਾਰ ਧਨ ਦੀ ਵੰਡ ਨੂੰ ਬਹੁਤ ਸਾਰੇ ਅਰਥ-ਸ਼ਾਸ਼ਤਰੀ 'ਡਾਟਮ' ਕਿਉਂ ਮੰਨਦੇ ਹਨ। ਅਸੀਂ ਮੰਨਦੇ ਹਾਂ ਕਿ ਕਾਰਣ ਦਾ ਸੰਤੁਲਨ ਦੀ ਸਮੱਸਿਆ ਨਾਲ ਬਹੁਤਾ ਕਰਕੇ ਰੁਝੇਵੇਂ ਦੇ ਸਮੇਂ ਪਤਾ ਲਗਾਇਆ ਜਾਣਾ ਚਾਹੀਦਾ ਹੈ।

ਅਸੀਂ ਪਹਿਲਾਂ ਦੇਖਿਆ ਕਿ ਅਸੰਤੁਲਨ ਦੇ ਸੰਸਾਰ ਨਾਲ ਧਨ ਦੀ ਵੰਡ ਦੇ ਸਫ਼ਲ ਰੂਪ ਸੰਬੰਧ ਰੱਖਦੇ ਹਨ। ਲਾਭ ਅਤੇ ਹਾਨੀ ਪੂੰਜੀ ਹੁੰਦੇ ਹਨ। ਕਿਉਂਕਿ ਸਥਿਰ ਸ੍ਰੋਤ ਦਾ ਅਜਿਹੇ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਜੋ ਕਿ ਯੋਜਨਾ ਅਨੁਸਾਰ ਨਹੀਂ ਹੁੰਦਾ ਅਤੇ ਕੁਝ ਲੋਕ ਪਹਿਲਾਂ ਦੇ ਲੋਕਾਂ ਦੇ ਮੁਕਾਬਲੇ ਬਿਹਤਰ ਸਮਝ ਰੱਖਦੇ ਹਨ ਕਿ ਪਰਿਵਰਤਨ ਦੇ ਸਮੇਂ ਕੀ ਕਰਨਾ ਚਾਹੀਦਾ ਹੈ ਅਤੇ ਸੰਸਾਰ ਦੇ ਸ੍ਰੋਤ ਗਤੀਸ਼ੀਲ ਹੁੰਦੇ ਹਨ। ਸੰਤੁਲਨ ਦਾ ਅਰਥ ਨਿਰੰਤਰ ਯੋਜਨਾ ਬੱਧ ਰਹਿਣਾ ਹੈ। ਪਰੰਤੂ ਬਾਜ਼ਾਰ ਵਿੱਚ ਧਨ ਦੀ ਮੁੜ ਵੰਡ ਨਿਸ਼ਚਿਤ ਰੂਪ ਨਾਲ ਅਨਿਸ਼ਚਿਤ ਕਾਰਵਾਈ ਦਾ ਨਤੀਜਾ ਹੈ ਜਿਹਨਾਂ ਨੂੰ ਸੰਤੁਲਨ ਸ਼ਬਦ ਸਹੀ ਅਰਥਾਂ ਵਿੱਚ ਸੋਚਣ ਲਈ ਸਿਖਿਅਤ ਕੀਤਾ

ਗਿਆ ਹੈ। ਉਹ ਸ਼ਾਇਦ ਸੁਭਾਵਿਕ ਰੂਪ ਨਾਲ ਇਹ ਮੰਨਦੇ ਹਨ ਕਿ ਅਜਿਹੀ ਵਿਵਸਥਾ ਨੂੰ 'ਸਨਮਾਨਜਨਕ' ਰੂਪ ਵਿੱਚ ਵਰਣਿਤ ਨਹੀਂ ਕਰਨਾ ਚਾਹੀਦਾ। ਉਹਨਾਂ ਲਈ 'ਵਾਸਤਵਿਕ' ਆਰਥਿਕ ਤਾਕਤਾਂ ਉਹ ਹਨ ਜੋ ਸੰਤੁਲਨ ਦੀ ਸਥਾਪਨਾ ਅਤੇ ਸੁਰੱਖਿਆ ਦੀ ਪੱਖਪਾਤੀ ਹਨ। ਅਸੰਤੁਲਨ ਵਿੱਚ ਸੰਚਾਲਿਤ ਤਾਕਤਾਂ ਬਹੁਤ ਰੁਚੀ ਲੈਣ ਵਾਲੀਆਂ ਨਹੀਂ ਮੰਨੀਆਂ ਜਾਂਦੀਆਂ ਅਤੇ ਇਸ ਲਈ ਉਹਨਾਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ।

ਬੇਸ਼ੱਕ ਅਸੀਂ ਇਹ ਨਹੀਂ ਕਹਿ ਰਹੇ ਕਿ ਆਧੁਨਿਕ ਅਰਥ-ਸ਼ਾਸ਼ਤਰ ਸੰਤੁਲਨ ਦੇ ਵਿਆਕਰਣ ਨਾਲ ਆਇਆ ਹੈ ਅਤੇ ਇਸ ਲਈ ਬਾਜ਼ਾਰ ਦੇ ਤੱਥਾਂ ਨੂੰ ਨਜ਼ਰ ਅੰਦਾਜ਼ ਕਰਦਾ ਹੈ। ਇਹ ਕਹਿਣਾ ਵੀ ਠੀਕ ਨਹੀਂ ਹੋਵੇਗਾ ਕਿ ਆਰਥਿਕ ਪਰਿਵਰਤਨ ਦੇ ਨਾਲ ਸਹਿਯੋਗ ਕਰਨ ਵਿੱਚ ਸਮਰਥ ਨਹੀਂ।

ਅਸੀਂ ਸਿਰਫ਼ ਇਹ ਕਹਿ ਰਹੇ ਹਾਂ ਕਿ ਇਹ ਬਹੁਤ ਕਠੋਰ ਰੂਪ-ਵਿਧ (Pattern) ਅਨੁਰੂਪ ਹੋਣ ਲਈ ਪੂਰੀ ਤਰ੍ਹਾਂ ਨਿਯਮਬੱਧ ਹੈ।

# ਰਾਜਨੀਤੀਕ ਅਤੇ ਆਰਥਿਕ ਸੁਤੰਤਰਤਾ ਦਾ ਸੰਯੋਜਨ/ਮੇਲ ਮਾਨਵਤਾ ਦੇ ਚਮਤਕਾਰਾਂ ਨੂੰ ਜਨਮ ਦੇਂਦਾ ਹੈ

**ਟੈਂਬਾ ਏ. ਨੋਲੁਤਸ਼ੁੰਗੂ (Temba A. Nolutshungu)**

*ਇਸ ਨਿਬੰਧ ਵਿੱਚ ਦੱਖਣੀ ਅਫ਼ਰੀਕੀ ਅਰਥ-ਸ਼ਾਸਤਰੀ ਟੈਂਬਾ ਏ. ਨੋਲੁਤਸ਼ੁੰਗੂ ਥੋੜਾ ਸਮਾਂ ਪਹਿਲਾਂ ਪ੍ਰਾਪਤ ਆਪਣੇ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਨੂੰ ਦੱਸਦੇ ਹੋਏ ਬਹੁਮਤ ਸ਼ਾਸਨ (ਜਿਸਨੂੰ ਥੌੜ੍ਹਾ ਸਮਾਂ ਪਹਿਲਾਂ ਹੀ ਸ਼ਾਸ਼ਨ ਦੇ ਘੱਟ-ਗਿਣਤੀ ਏਕਾਧਿਕਾਰ ਖਿਲਾਫ਼ ਕਈ ਦਹਾਕਿਆਂ ਦੇ ਸੰਘਰਸ਼ ਤੋਂ ਬਾਅਦ ਹਰਾਇਆ ਗਿਆ) ਤੋਂ ਅੰਤਰ ਦੱਸਦੇ ਹੋਏ ਆਰਥਿਕ ਆਜ਼ਾਦੀ ਦੀਆਂ ਉਦਾਰ ਸੰਭਾਵਨਾਵਾਂ ਨੂੰ ਦਿਖਾਉਂਦੇ ਹਨ। ਉਹ ਦੱਖਣੀ ਅਫ਼ਰੀਕਾ ਵਿੱਚ ਮੁਕਤ ਵਿਉਪਾਰ ਫਾਉਂਡੇਸ਼ਨ ਦੇ ਨਿਰਦੇਸ਼ਕ ਹਨ। ਉਹ ਪੂਰੇ ਦੇਸ਼ ਵਿੱਚ ਆਰਥਿਕ ਸ਼ਸ਼ਕਤੀਕਰਣ ਦੇ ਕੰਮ ਸੰਬੰਧੀ ਪੜਾਉਂਦੇ ਹਨ ਅਤੇ ਦੱਖਣੀ ਅਫ਼ਰੀਕੀ ਪ੍ਰੈੱਸ ਵਿਚ ਨਿਰੰਤਰ ਯੋਗਦਾਨ ਕਰਦੇ ਹਨ। ਉਹ ਮੁਗਾਬੇ (Mugabe) ਦੀਆਂ ਨੀਤੀਆਂ ਦੇ ਉਤਪਾਤ ਤੋਂ ਬਾਅਦ ਜ਼ਿੰਬਾਬਵੇ ਦੇ ਮੁੜ-ਓਦੁਾਰ ਲਈ ਪ੍ਰਸਤੁਤ ਨੀਤੀਆਂ 'ਜ਼ਿੰਬਾਬਵੇ ਪੇਪਰਸ' ਦੇ ਕਮਿਸ਼ਨਰ ਸਨ। ਜਿਨ੍ਹਾਂ ਨੂੰ ਜ਼ਿੰਬਾਬਵੇ ਦੇ ਪ੍ਰਧਾਨ-ਮੰਤਰੀ ਮੋਰਗਨ ਸਵਾਂਗੀਰੈ (Morgan Tsvangirai) ਨੂੰ ਸੌਂਪਿਆ ਗਿਆ ਸੀ। ਨੋਲੁਤਸ਼ੁੰਗੂ ਆਪਣੀ ਜਵਾਨੀ ਵਿੱਚ ਦੱਖਣੀ ਅਫ਼ਰੀਕਾ ਦੀ ਅਸ਼ਵੇਤ ਜਾਗ੍ਰਤੀ ਮੁੰਹਿਮ ਵਿੱਚ ਸਕ੍ਰਿਅ ਸਨ।*

❋❋❋

1794 ਵਿੱਚ ਕ੍ਰਾਂਤੀਕਾਰੀ ਗਣਤੰਤਰਵਾਦੀ, ਹਿੰਸਕ ਪ੍ਰਜਾਤੰਤਰੀ ਅਤੇ ਫ੍ਰਾਂਸ ਦੀ ਕ੍ਰਾਂਤੀ (ਜਿਸਦੇ ਦੌਰਾਨ 'ਰਾਸ਼ਟਰ ਦੇ ਦੁਸ਼ਮਣਾ' ਦੇ ਰੂਪ ਵਿੱਚ ਲਗਭਗ 40,000 ਫ੍ਰੈਂਚ ਔਰਤਾਂ ਅਤੇ ਮਰਦਾਂ ਨੂੰ ਗਿਲੋਟੀਨ-ਗੱਲ ਵੱਢਣ ਵਾਲੀ ਮਸ਼ੀਨ-ਉਪਰ ਮਾਰ ਦਿੱਤਾ ਗਿਆ) ਵਿਚ ਆਤੰਕ ਦੇ ਰਾਜ ਦੇ ਪਿੱਛੇ ਦੀ ਮੁੱਖ ਤਾਕਤ ਮੈਕਸਮਿਲੀਅਨ ਰੋਬੇਸਪੇਅਰੇ (Maximilien Robespierre) ਦਾ ਉਹਨਾਂ ਦੇ ਰਾਜਨੀਤਿਕ ਵਿਰੋਧੀਆਂ ਨੇ ਕਤਲ ਕਰਵਾ ਦਿੱਤਾ ਸੀ। ਮੌਤ ਤੋਂ ਕੁਝ ਸਮਾਂ ਪਹਿਲਾਂ ਉਹਨਾਂ ਨੇ ਉਸ ਭੀੜ ਨੂੰ ਸੰਬੋਧਿਤ ਕੀਤਾ ਜੋ ਪਹਿਲਾਂ ਉਹਨਾਂ ਦੀ ਖੁਸ਼ਾਮਦ ਕਰਦੀ ਸੀ ਅਤੇ ਹੁਣ ਉਹਨਾਂ ਦੇ ਖ਼ੂਨ ਦੀ ਪਿਆਸੀ ਹੋ ਰਹੀ ਸੀ। ਉਹਨਾਂ ਨੇ ਕਿਹਾ, "ਮੈਂ ਤੁਹਾਨੂੰ ਆਜ਼ਾਦੀ ਦਿੱਤੀ, ਹੁਣ ਤੁਹਾਨੂੰ ਰੋਟੀ ਵੀ ਚਾਹੀਦੀ ਹੈ।" ਇਸਦੇ ਨਾਲ ਹੀ ਹਿੰਸਾ ਦੇ ਰਾਜ ਦਾ ਅੰਤ ਹੋ ਗਿਆ। ਇਸ ਤੋਂ ਸਿਖਿਆ ਮਿਲਦੀ ਹੈ ਕਿ ਰਾਜਨੀਤਿਕ ਆਜ਼ਾਦੀ ਅਤੇ ਆਰਥਿਕ ਉਦਾਰ/ਕਲਿਆਣ ਵਿੱਚ ਸੰਬੰਧ ਹੋ ਸਕਦਾ ਹੈ ਪਰੰਤੂ ਦੋਵੇਂ ਇੱਕ ਚੀਜ਼ ਨਹੀਂ।

ਆਰਥਿਕ ਕਲਿਆਣ ਆਜ਼ਾਦੀ ਦਾ ਨਤੀਜ਼ਾ ਹੈ। ਦੱਖਣੀ ਅਫ਼ਰੀਕਾ ਵਿੱਚ ਉਪਚਾਰਿਕ ਰੂਪ ਨਾਲ ਦਰਜ 25.2 ਪ੍ਰਤੀਸ਼ਤ (ਇਸ ਵਿਚ ਉਹਨਾਂ ਲੋਕਾਂ ਦੇ ਅੰਕੜੇ ਨਹੀਂ ਹਨ ਜਿਨ੍ਹਾਂ ਨੇ ਹੁਣ ਕੰਮ ਲੱਭਣਾ ਬੰਦ ਕਰ ਦਿੱਤਾ ਹੈ) ਬੇਰੋਜ਼ਗਾਰੀ ਦਰ ਰਾਜਨੀਤਿਕ ਆਜ਼ਾਦੀ ਅਤੇ ਆਰਥਿਕ ਕਲਿਆਣ ਦਾ ਅੰਤਰ, ਸੰਭਾਵਿਤ ਉਥਲ-ਪੁਥਲ ਵਾਲੇ ਰਾਜਾਂ ਦੇ ਸੰਦਰਭ ਵਿੱਚ ਦਰਸਾਉਂਦਾ ਹੈ। ਇਸ ਅੰਤਰ ਅਨੁਸਾਰ ਉਹਨਾਂ ਖੇਤਰਾਂ ਨੂੰ ਸਾਰੇ ਲਾਭ ਦੇਣ ਵਾਲੇ ਸੂਚੀਬੱਧ ਰਾਜਨੀਤਿਕ ਪ੍ਰਸ਼ਾਸ਼ਨਿਕ ਵਾਅਦੇ ਖਤਰਨਾਕ ਹੁੰਦੇ ਹਨ। ਸਾਡੇ ਸਾਹਮਣੇ ਆਉਣ ਵਾਲੀਆਂ ਮੁਸ਼ਕਲਾ ਦਾ ਸਾਹਮਣਾ ਕਰਨ ਲਈ ਸਾਨੂੰ ਕੁਝ ਨਿਸ਼ਚਿਤ ਗਲਤਫਹਿਮੀਆਂ ਦੂਰ ਕਰਨੀਆਂ ਪੈਣਗੀਆਂ।

ਰੋਜ਼ਗਾਰ ਉਤਪਾਦਨ ਵਿੱਚ ਸਰਕਾਰ ਦੀ ਭੂਮਿਕਾ ਨਹੀਂ ਹੈ। ਨੌਕਰੀਆਂ ਨੂੰ ਬਣਾਏ ਰੱਖਣ ਲਈ ਉਹਨਾਂ ਦਾ ਨਿਰਮਾਣ ਨਿੱਜੀ ਖੇਤਰ (Private Sector) ਨੂੰ ਕਰਨਾ ਪਵੇਗਾ। ਸਰਕਾਰ ਦੁਆਰਾ ਉਤਪਾਦਿਤ ਨੌਕਰੀਆਂ ਕਰ-ਦਾਤਾਵਾਂ (Tax Payer) ਦੇ ਖਰਚ ਉੱਪਰ ਹੁੰਦੀਆਂ ਹਨ ਅਤੇ ਇਹੀ ਧਨ ਰੋਜ਼ਗਾਰ ਨੂੰ ਸਬਸਿਡੀ ਹੁੰਦਾ ਹੈ। ਸਥਿਰ ਨਾ ਹੋਣ ਕਾਰਣ ਉਸਦਾ ਕੋਈ ਸਕਾਰਾਤਮਕ ਆਰਥਿਕ ਪ੍ਰਭਾਵ ਨਹੀਂ ਹੁੰਦਾ। ਨਿੱਜੀ ਖੇਤਰ ਧਨ ਦਾ ਮੁੱਖ ਨਿਰਮਾਤਾ ਹੈ ਅਤੇ ਸਰਕਾਰੀ ਖੇਤਰ ਉਪਭੋਗਤਾ।

ਧਨ ਕੇਵਲ ਸੇਵਾਵਾਂ ਅਤੇ ਸਾਮਾਨ ਦੇ ਲਈ ਵੰਡ ਦਾ ਮਾਧਿਅਮ ਹੈ ਅਤੇ ਇਸ ਲਈ ਇਸਨੂੰ ਉਪਭੋਗਤਾ ਨਾਲ ਪ੍ਰਤੀਬਿੰਬਤ ਅਤੇ ਸੰਬੰਧਿਤ ਹੋਣਾ ਚਾਹੀਦਾ ਹੈ। ਜਦ ਮੈਂ 1991 'ਚ ਸਾਮਵਾਦ ਦੇ ਬਾਅਦ ਦੇ ਰੂਸ ਅਤੇ ਚੈਕੋਸਲੋਵਾਕੀਆ ਵਿੱਚ ਗਿਆ ਸਾਂ ਤਾਂ ਇਹ ਚੁਟਕਲਾ ਚਲਦਾ ਸੀ ਕਿ ਕਰਮਚਾਰੀ ਕੰਮ ਕਰਨ ਦਾ ਨਾਟਕ ਕਰਦੇ ਹਨ ਅਤੇ ਸਰਕਾਰ ਉਹਨਾਂ ਨੂੰ ਤਨਖ਼ਾਹ ਦੇਣ ਦਾ ਨਾਟਕ ਕਰਦੀ ਹੈ। ਇਸ ਲਈ ਮੇਰੀ ਰਾਏ ਵਿੱਚ ਜਦ ਅਸੀਂ ਸਾਰਥਕ ਨੌਕਰੀਆਂ ਪੈਦਾ ਕਰਨ ਦੇ ਸੰਬੰਧ ਵਿੱਚ ਗੱਲ ਕਰਦੇ ਹਾਂ ਤਾਂ ਸਾਨੂੰ ਪੂਰਾ ਧਿਆਨ ਨਿੱਜੀ ਖੇਤਰ ਤੇ ਲਗਾਉਣਾ ਚਾਹੀਦਾ ਹੈ। ਇਸ ਨਾਲ ਸੁਆਲ ਪੈਦਾ ਹੁੰਦਾ ਹੈ ਕਿ ਨਿੱਜੀ ਉੱਦਮਾਂ ਤੇ ਕਿਹੜੀ ਨੀਤੀ ਲਾਗੂ ਹੋਣੀ ਚਾਹੀਦੀ ਹੈ। ਕਿਹੜੀ ਨੀਤੀ ਨਾਲ ਉਹਨਾਂ ਦੀ ਉਤਪਾਦਕਤਾ ਵਧੇਗੀ ਅਤੇ ਕਿਹੜੀ ਨੀਤੀ ਨਾਲ ਘਟੇਗੀ। ਇਸ ਸੰਬੰਧ ਵਿੱਚ ਕੀ ਕਰਨਾ ਚਾਹੀਦਾ ਹੈ। ਆਉ ਅਸੀਂ ਦੋ ਦਲਾਂ ਦੇ ਵਿੱਚ ਵੰਡ ਦੇ ਸਾਧਾਰਣ ਸਿਧਾਂਤ ਦਾ ਵਿਸ਼ਲੇਸ਼ਣ ਕਰਦੇ ਹਾਂ। ਉਦਾਹਰਨ ਹੋ ਸਕਦਾ ਹੈ ਕਿ ਸਾਧਾਰਨ ਲੈਣ ਦੇਣ ਵੱਡੀ ਅਰਥਵਿਵਸਥਾ ਦਾ ਸੂਖਮ ਜਗਤ ਹੈ ਉਹਨਾਂ ਨੂੰ ਨੀਤੀ ਨਿਰਮਾਤਾਵਾਂ ਨੂੰ ਦੱਸਣਾ ਚਾਹੀਦਾ ਹੈ ਕਿ ਮਨੁੱਖ ਦੇ ਸੁਭਾਅ ਅਨੁਸਾਰ ਕਿਹੜੀ ਨੀਤੀ ਸਭ ਤੋਂ ਸਹੀ ਹੈ। ਕਿਉਂਕਿ ਆਰਥਿਕ ਸੰਦਰਭ ਵਿੱਚ ਮਨੁੱਖ ਕੇਂਦਰੀ ਬਿੰਦੂ ਹੈ। ਬਹੁਤ ਪਹਿਲਾਂ ਦੇ ਸਮੇਂ ਵਿੱਚ ਜਦ ਗੁਫ਼ਾਵਾਂ ਵਿੱਚ ਰਹਿਣ ਵਾਲੇ ਮਨੁੱਖ ਜੋ ਸ਼ਿਕਾਰ ਵਿੱਚ ਮਾਹਿਰ ਸਨ ਪਰ ਸ਼ਿਕਾਰ ਦੇ ਹਥਿਆਰ

ਬਣਾਉਣ 'ਚ ਮਾਹਿਰ ਨਹੀਂ ਸਨ। ਸਾਡੇ ਗੁਫ਼ਾ ਦੇ ਆਦਮੀ ਦੀ ਮੁਲਾਕਾਤ ਮਾਹਿਰ ਹਥਿਆਰ ਨਿਰਮਾਤਾ ਨਾਲ ਹੋਈ ਅਤੇ ਇਕ ਸ਼ਿਕਾਰ ਦੇ ਬਦਲੇ ਹਥਿਆਰ ਲੈਣ ਲਈ ਸਹਿਮਤ ਹੋ ਗਏ। ਦੋਵੇਂ ਵਿਅਕਤੀ ਲੈਣ - ਦੇਣ ਦੇ ਬਦਲੇ ਵਿੱਚ ਮਿਲੇ ਲਾਭ ਦੇ ਅਹਿਸਾਸ ਤੋਂ ਦੂਰ ਆ ਗਏ। ਜਲਦੀ ਹੀ ਹਥਿਆਰ ਬਨਾਉਣ ਵਾਲੇ ਨੂੰ ਮਹਿਸੂਸ ਹੋਇਆ ਕਿ ਸ਼ਿਕਾਰ ਤੇ ਜਾਣ ਦੀ ਬਜਾਏ ਹਥਿਆਰ ਬਣਾ ਕੇ ਮਾਸ, ਖਲ ਅਤੇ ਹਾਥੀ ਦੰਦ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਸਮੇਂ ਉਹ ਵਿਉਪਾਰ ਵਿੱਚ ਪੈ ਗਿਆ।

ਉਹ ਖੁਸ਼ਹਾਲ/ਅਮੀਰ ਹੋਇਆ ਅਤੇ ਉਸਦੇ ਉਪਭੋਗਤਾਂ ਵੀ ਅਮੀਰ ਹੋਏ ਹਨ। ਕਿਉਂਕਿ ਉਹ ਹੁਣ ਜ਼ਿਆਦਾ ਕਾਬਿਲ ਹਥਿਆਰਾਂ ਦਾ ਪ੍ਰਯੋਗ ਕਰ ਰਹੇ ਹਨ। ਇਸ ਉਪਰ ਧਿਆਨ ਦੇਣਾ ਜ਼ਰੂਰੀ ਹੈ ਕਿ ਇਸ ਦ੍ਰਿਸ਼ ਵਿੱਚ ਕੋਈ ਜ਼ੋਰ ਜ਼ਬਰਦਸਤੀ ਜਾਂ ਧੋਖਾ ਸ਼ਾਮਿਲ ਨਹੀਂ ਹੈ। ਇਸ ਵਿੱਚ ਕੋਈ ਤੀਸਰਾ ਦਲ ਸ਼ਾਮਿਲ ਨਹੀਂ ਹੈ। ਕਿਸੇ ਵੀ ਦਲ ਨੇ ਵਿਉਪਾਰ ਕਰਨ ਦੇ ਨਿਯਮਾਂ ਨੂੰ ਪੇਸ਼ ਨਹੀਂ ਕੀਤਾ। ਲੈਣ-ਦੇਣ ਕਰਨ ਵਾਲਿਆਂ ਦਲਾਂ ਦੇ ਨਿਯਮ ਅਣਕਿਆਸੇ ਹੀ ਆਉਂਦੇ ਹਨ। ਉਹ ਕੁਦਰਤੀ ਢੰਗ ਦੇ ਮਾਧਿਅਮ ਨਾਲ ਚਲਦੇ ਹਨ। ਸਵਰਗਵਾਸੀ ਅਰਥ-ਸ਼ਾਸਤਰੀ ਫ੍ਰੈਡਰਿਕ ਹਾਇਕ (Friedrich Hayek) ਨੇ ਇਸੇ ਅਣਕਿਆਸੇ ਢੰਗ ਦਾ ਸੰਦਰਭ ਦਿੱਤਾ ਹੈ ਅਤੇ ਇਸ ਲੜੀ ਦਾ ਹਿੱਸਾ ਹੀ ਨਿੱਜੀ ਸੰਪਤੀ ਦਾ ਅੰਤਰ ਸੰਬੰਧਿਤ ਸਨਮਾਨ ਹੈ।

ਇਸ ਸਾਧਾਰਨ ਉਦਾਹਰਨ ਨਾਲ ਕੋਈ ਵੀ ਅੰਦਾਜ਼ਾ ਲਗਾ ਸਕਦਾ ਹੈ ਕਿ ਜਦ ਆਧੁਨਿਕ ਸਮੇਂ ਦੀ ਅਰਥ ਵਿਵਸਥਾ ਵਿੱਚ ਕਿਸੇ ਦੇਸ਼ ਦੀ ਸਰਕਾਰ ਆਰਥਿਕ ਖੇਤਰ 'ਚ ਦਖ਼ਲ-ਅੰਦਾਜ਼ੀ ਕਰਨ ਤੋਂ ਬਚਦੀ ਹੈ ਤਾਂ ਉਹ ਆਰਥਿਕ ਵਿਕਾਸ ਅਤੇ ਅੰਤਰ-ਸੰਬੰਧਿਤ ਸਮਾਜਿਕ ਆਰਥਿਕ ਲਾਭ ਹੁੰਦਾ ਹੈ। ਦੂਸਰੇ ਸ਼ਬਦਾਂ ਵਿੱਚ ਜੇਕਰ ਕੋਈ ਸਰਕਾਰ ਉਤਪਾਦਕਾਂ ਤੇ ਉਪਭੋਗਤਾਵਾਂ ਦੀ ਆਰਥਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਉਹਨਾਂ ਨੂੰ ਅਜਿਹੇ ਲੈਣ ਦੇਣ 'ਚ ਸ਼ਾਮਿਲ ਹੋਣ ਦਿੰਦੀ ਹੈ ਜਿਸ ਵਿੱਚ ਜੋਰ ਜ਼ਬਰਦਸਤੀ ਜਾਂ ਧੋਖਾ ਨਾ ਹੋਵੇ ਤਾਂ ਦੇਸ਼ ਅਤੇ ਇਸਦੇ ਲੋਕ ਖੁਸ਼ਹਾਲ/ਅਮੀਰ ਹੋਣਗੇ। ਇਸ ਤਰੀਕੇ ਨਾਲ ਬੇਰੁਜ਼ਗਾਰੀ ਘਟੇਗੀ, ਸਿੱਖਿਆ ਵਿੱਚ ਸੁਧਾਰ ਹੋਵੇਗਾ ਅਤੇ ਲੋਕ ਬਿਹਤਰ ਸਿਹਤ ਸੰਬੰਧੀ ਇਲਾਜ਼ ਪ੍ਰਾਪਤ ਕਰ ਸਕਣਗੇ।

ਇਹ ਮੌਲਿਕ ਸਿਧਾਂਤ ਸਾਰੀਆ ਅਰਥਵਿਵਸਥਾਵਾਂ ਉਪਰ ਉਸ ਸੱਭਿਆਚਾਰਕ ਸੰਦਰਭ ਦੇ ਬਿਨਾਂ ਲਾਗੂ ਹੁੰਦਾ ਹੈ ਜਿਸ ਵਿੱਚ ਹਰੇਕ ਆਕਾਰ ਬਣਿਆ ਸੀ। ਜ਼ਿੱਦੀ (ਕੰਮ ਦੇ ਨਿਯਮ) ਮਿਥਕ ਆਲੋਚਨਾਤਮਕਤਾ ਨੂੰ ਵਧਾਉਂਦੇ ਹਨ। ਇਹ ਵਿਚਾਰ ਕੰਮ/ਕਾਰਜ ਦੇ ਨਿਯਮ ਹੋਣ ਜਾਂ ਨਾ ਹੋਣ ਉਪਰ, ਕਿ ਰਾਸ਼ਟਰੀ ਜਾਂ ਜਾਤੀ ਸਮੂਹਾਂ ਦੇ ਰੂੜੀਵਾਦੀ ਹੋਣ ਦੇ ਸਪੱਸ਼ਟ ਸੰਕੇਤ ਦੇਂਦਾ ਹੈ। ਜਿਸਦਾ ਤਾਰਕਿਕ ਵਿਸਥਾਰ ਹੈ ਕਿ ਗਰੀਬ ਲੋਕ ਗਰੀਬ ਹੀ ਰਹਿੰਦੇ ਹਨ ਕਿਉਂਕਿ ਉਹਨਾਂ ਵਿੱਚ ਕੰਮ ਦੇ ਨਿਯਮਾਂ ਦੀ ਕਮੀ ਹੁੰਦੀ ਹੈ ਜਦਕਿ ਅਮੀਰ ਸਫ਼ਲ ਹੋ ਜਾਂਦੇ ਹਨ ਕਿਉਂਕਿ ਉਹਨਾਂ ਕੋਲ ਅਜਿਹੇ

ਨਿਯਮ ਹੁੰਦੇ ਹਨ। ਇਹ ਬੇਹੱਦ ਖਤਰਨਾਕ ਵਿਚਾਰ ਹੈ ਖਾਸ ਕਰਕੇ ਜਦੋਂ ਇਸਨੂੰ ਵਰਗ ਜਾਂ ਜਾਤੀ ਨਾਲ ਜੋੜ ਦਿੱਤਾ ਜਾਵੇ।

1989 ਵਿੱਚ ਬਰਲਿਨ ਦੀ ਦੀਵਾਰ ਤੋੜੇ ਜਾਣ ਤੋਂ ਪਹਿਲਾਂ ਪੱਛਮੀ ਜਰਮਨ ਦੁਨੀਆਂ ਦੀ ਦੂਸਰੀ ਸਭ ਤੋਂ ਵੱਡੀ ਅਰਥ-ਵਿਵਸਥਾ ਸੀ ਜਦਕਿ ਪੂਰਬੀ ਜਰਮਨ ਆਰਥਿਕ ਮੰਦੀ ਦੀ ਸਥਿਤੀ ਵਿੱਚ ਸੀ। ਉਹ ਇੱਕੋ ਜਿਹੇ ਸਮਾਜ ਸੱਭਿਆਚਾਰ ਦੇ ਲੋਕ ਸਨ ਅਤੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਵੰਡੇ ਜਾਣ ਤੋਂ ਪਹਿਲਾਂ ਬਹੁਤ ਸਾਰੇ ਪਰਿਵਾਰ ਵੀ ਇਕ ਸਨ। ਅਜਿਹੀ ਹੀ ਰਾਏ ਦੋਹਾਂ ਕੋਰੀਆਈ ਦੇਸ਼ਾਂ ਦੇ ਸੰਬੰਧ 'ਚ ਵੀ ਬਣਾਈ ਜਾ ਸਕਦੀ ਹੈ। ਦੱਖਣੀ ਕੋਰੀਆਈ ਆਰਥਿਕ, ਵਿਸ਼ਾਲ ਆਰਥਿਕ ਵਿਵਸਥਾ ਹੈ ਅਤੇ ਉਤਰੀ ਕੋਰੀਆ ਅੱਜ ਵੀ ਆਰਥਿਕ ਦਲਦਲ ਵਿਚ ਹੈ ਅਤੇ ਵਿਦੇਸ਼ੀ ਮਦਦ ਲੈਂਦਾ ਹੈ। ਇਹ ਵੀ ਇਕੋ ਜਿਹੇ ਅਤੇ ਇਕੋ ਹੀ ਸਮਾਜ ਸੱਭਿਆਚਾਰ ਦੇ ਲੋਕ ਹਨ। ਸਾਲ 1992 ਤੋਂ ਪਹਿਲਾ ਮੁੱਖ ਚੀਨ ਅਤੇ ਹਾਂਗਕਾਂਗ ਵਿੱਚ ਕੀ ਫਰਕ ਸੀ ਜਦ ਡੇਂਗ ਸ਼ਿਉਪਿੰਗ (Deng Xiaoping) ਨੇ ਇਹ ਕਹਿੰਦੇ ਹੋਏ ਉਪਰੋਕਤ ਉਦਾਰਵਾਦੀ ਮੁਕਤ ਬਾਜ਼ਾਰ ਨੂੰ ਸਵੀਕਾਰ ਕੀਤਾ ਕਿ ਅਮੀਰ ਹੋਣਾ ਸਨਮਾਨਜਨਕ ਹੈ ਅਤੇ ਜਦ ਤੱਕ ਬਿਲੀ ਚੂਹੇ ਫੜ ਰਹੀ ਹੈ ਤਦ ਤੱਕ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਸਦਾ ਰੰਗ ਕਾਲਾ ਹੈ ਜਾਂ ਸਫ਼ੈਦ। ਇੱਥੇ ਵੀ ਇਕੋ ਜਿਹੇ ਲੋਕ, ਇਕੋ ਸਮਾਜ, ਸੱਭਿਆਚਾਰ ਅਤੇ ਇਕੋ ਜਿਹੀਆਂ ਆਰਥਿਕ ਵਿਭਿੰਨਤਾਵਾਂ ਸਨ।ਹਰ ਵਾਰ ਆਰਥਿਕ ਕੰਮਾਂ ਵਿੱਚ ਅੰਤਰ ਆਜ਼ਾਦੀ ਨਾਲ ਆਇਆ।

1992 ਤੱਕ ਕੁਝ ਸਮਾਂ ਪਹਿਲਾਂ ਦੇ ਸਾਲਾਂ ਵਿੱਚ ਹੋਏ ਸਭ ਤੋਂ ਵੱਧ ਕ੍ਾਂਤੀਕਾਰੀ ਮੁਕਤ ਬਾਜ਼ਾਰ ਸੁਧਾਰਾਂ ਦੀ ਬਦੌਲਤ ਚੀਨ ਅੱਜ ਦੁਨੀਆਂ ਦੀ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਬ੍ਟੇਲ ਸ਼ਮਿਟ (Bertel Schmitt) ਦੇ ਸ਼ਬਦਾਂ ਵਿੱਚ, ਦੁੱਖ ਦੀ ਗੱਲ ਇਹ ਹੈ ਕਿ, ਸੰਯੁਕਤ ਰਾਜ ਨੇ ਉਸ ਸਾਮਾਜਿਕ ਆਰਥਿਕ ਕਿਤਾਬ ਨੂੰ ਚੁੱਕ ਲਿਆ ਜਿਸਨੂੰ ਸੁੱਟਣ ਵਿੱਚ ਡੇਂਗ ਸ਼ਿਉਪਿੰਗ ਨੇ ਸਮਝਦਾਰੀ ਦਿਖਾਈ ਸੀ।"

ਸੰਸਥਾਗਤ ਢਾਂਚਾ (ਜਿਸ ਵਿੱਚ ਆਰਥਿਕ ਗਤੀਵਿਧੀਆਂ ਹੁੰਦੀਆਂ ਹਨ ਅਤੇ ਖਾਸ ਕਰਕੇ ਅਰਥ ਸ਼ਾਸਤਰ ਦੇ ਵਿਉਪਾਰਕ ਨਿਯਮਾਂ ਦੇ ਲੇਖਾ-ਜੋਖਾ ਹੁੰਦਾ ਹੈ) ਹੀ ਤੈਅ ਕਰਦਾ ਹੈ ਕਿ ਸਰਕਾਰ ਅਤੇ ਇਸਦੇ ਅੰਗ ਕਿੰਨੇ ਕੁ ਸਿਹਤਮੰਦ ਰਹਿਣਗੇ। ਦੂਜੇ ਸ਼ਬਦਾਂ ਵਿੱਚ ਜਿਸ ਹੱਦ ਤੱਕ ਸਰਕਾਰਾਂ ਲੋਕਾਂ ਨੂੰ ਆਰਥਿਕ ਆਜ਼ਾਦੀ ਦੇਂਦੀਆਂ ਹਨ ਉਸੇ ਤੋਂ ਹੀ ਉਹਨਾਂ ਦੇ ਆਰਥਿਕ ਨਤੀਜੇ ਤੈਅ ਹੁੰਦੇ ਹਨ।

ਸੋਚ ਨੂੰ ਝੰਜੋੜਨ ਵਾਲੀ ਕਿਤਾਬ "ਦੱਖਣੀ ਅਫ਼ਰੀਕਾ ਦੀ ਪੂੰਜੀ ਦੇ ਖਿਲਾਫ਼ ਲੜਾਈ" ਦੇ ਲੇਖਕ ਪ੍ਰੋਫ਼ੈਸਰ ਵਾਲਟਰ ਵਿਲੀਅਮਸ ਦੇ 1986 ਵਿਚ ਕਹੇ ਸ਼ਬਦ ਸਭ ਕੁਝ ਕਹਿ ਜਾਂਦੇ ਹਨ, "ਦੱਖਣੀ ਅਫ਼ਰੀਕਾ ਦੀ ਸਮੱਸਿਆ ਦਾ ਹੱਲ ਕੋਈ ਵਿਸ਼ੇਸ਼ ਯੋਜਨਾ ਨਹੀਂ ਹੈ, ਤੇ ਨਾ ਹੀ ਕੋਈ ਸਕਾਰਾਤਮਕ ਕਾਰਜ ਹੈ।ਇਹ ਸ਼ਾਸਕੀ ਸੂਚਨਾ

ਤੇ ਕਲਿਆਣ ਵੀ ਨਹੀਂ ਹੈ ਬਲਕਿ ਇਹ ਆਜ਼ਾਦੀ ਹੈ। ਤੁਸੀਂ ਸੰਸਾਰ ਵਿੱਚ ਚਾਰੇ ਪਾਸੇ ਵੇਖਦੇ ਹੋ ਅਤੇ ਤੁਹਾਨੂੰ ਅਮੀਰ ਲੋਕ ਨਜ਼ਰ ਆਉਂਦੇ ਹਨ, ਵੱਖ-ਵੱਖ ਕਿਸਮ ਦੇ ਲੋਕ ਨਜ਼ਰ ਆਉਂਦੇ ਹਨ ਜਿਨ੍ਹਾਂ ਵਿੱਚ ਭਲਾਈ ਕਰਨ ਦੀ ਸਮਰੱਥਾ ਹੈ ਤੁਹਾਨੂੰ ਅਜਿਹੇ ਸਮਾਜ ਵੀ ਨਜ਼ਰ ਆਉਂਦੇ ਹਨ ਜਿਨ੍ਹਾਂ ਵਿੱਚ ਵਿਅਕਤੀਗਤ ਆਜ਼ਾਦੀ ਦਾ ਵਿਸ਼ਾਲ ਹਿੱਸਾ ਨਜ਼ਰ ਆਉਂਦਾ ਹੈ।"

# ਖੰਡ-4

# ਵਿਸ਼ਵਿਕ ਪੂੰਜੀਵਾਦ

# ਅੰਤਰ ਰਾਸ਼ਟਰੀ ਪੂੰਜੀਵਾਦ ਅਤੇ ਨਿਆਂ

**ਜੂਨ ਅਰੂੰਗਾਂ (June Arunga)**

*ਇਸ ਨਿਬੰਧ ਵਿੱਚ ਜੂਨ ਅਰੂੰਗਾਂ ਅਫਰੀਕਾ ਵਿੱਚ ਸੁਤੰਤਰ ਬਾਜ਼ਾਰ ਆਧਾਰ ਪੂੰਜੀਵਾਦ ਦੀ ਮੰਗ ਕਰਦੀ ਹੈ ਅਤੇ ਵਿਉਪਾਰ ਦੀ ਆਜ਼ਾਦੀ ਦੇ ਮਾਧਿਅਮ ਨਾਲ ਅਫ਼ਰੀਕਾ ਦੇ ਵਿਸ਼ਵ -ਅਰਥ-ਵਿਵਸਥਾ ਨਾਲ ਜੁੜਨ ਦਾ ਵਿਰੋਧ ਕਰਨ ਵਾਲਿਆਂ ਦਾ ਸਾਹਮਣਾ ਕਰਦੀ ਹੈ, ਉਹਨਾਂ ਦੇ ਵਿਚਾਰ ਸੁਤੰਤਰ ਵਿਉਪਾਰ ਦੇ ਸਿਧਾਂਤਿਕ ਪੱਖ ਵਿੱਚ ਹਨ। ਉਹ ਵਿਸ਼ੇਸ਼ਾਧਿਕਾਰ ਵਾਲੇ ਸਥਾਨਕ ਉਦਮੀਆਂ/ਵਿਉਪਾਰੀਆਂ ਜਾਂ ਵਿਦੇਸ਼ੀ ਨਿਵੇਸ਼ਕਾਂ ਨੂੰ ਵਿਸ਼ੇਸ਼ ਅਧਿਕਾਰ (ਅਤੇ ਕਈ ਵਾਰ ਸਥਾਨਕ ਲੋਕਾਂ ਦੁਆਰਾ ਸੰਪਤੀ ਦੇ ਅਧਿਕਾਰ ਦਾ ਉਲੰਘਣ ਕਰਨ ਲਈ) ਦੇਣ ਵਾਲੀ ਪ੍ਰਬੰਧਕੀ "ਵਿਉਪਾਰ ਜੋਨ" ਅਤੇ ਦੂਸਰਿਆਂ ਦੀ ਸਮਾਨ ਰੂਪ ਨਾਲ ਵਿਉਪਾਰ ਜਾਂ ਨਿਵੇਸ਼ ਕਰਨ ਦੀ ਆਜ਼ਾਦੀ ਨੂੰ ਰੋਕਣ ਦੀ ਅਲੋਚਨਾ ਕਰਦੀ ਹੈ। ਉਹ ਅਫ਼ਰੀਕੀ ਲੋਕਾਂ ਦੇ ਸੰਪਤੀ ਦੇ ਅਧਿਕਾਰਾ ਦੇ ਸਨਮਾਨ ਅਤੇ ਵਿਸ਼ੇਸ਼ ਅਧਿਕਾਰਾਂ ਤੇ ਏਕਾਧਿਕਾਰ ਵਾਲੀਆਂ ਸ਼ਕਤੀਆਂ ਤੋਂ ਮੁਕਤ-ਬਾਜ਼ਾਰ ਆਧਾਰਿਤ ਪੂੰਜੀਵਾਦ ਦੀ ਮੰਗ ਕਰਦੀ ਹੈ।*

*ਜੂਨ ਅਰੂੰਗਾ ਕੀਨੀਆ ਦੀ ਉਦਮੀ ਮਹਿਲਾ ਅਤੇ ਫਿਲਮ ਨਿਰਮਾਤਾ ਹੈ। ਉਹ ਓਪਨ ਕਵੈਸਟ ਮੀਡੀਆ (ਐਲ.ਐਲ.ਸੀ) ਦੀ ਸੰਸਥਾਪਕ ਅਤੇ ਸੀ.ਈ.ਓ ਹੈ ਅਤੇ ਅਫ਼ਰੀਕਾ ਵਿੱਚ ਕਈ ਟੈਲੀਕਾਮ ਕੰਪਨੀਆਂ ਨਾਲ ਕੰਮ ਕਰ ਚੁੱਕੀ ਹੈ। ਉਹਨਾਂ ਨੇ ਅਫ਼ਰੀਕਾ ਉੱਪਰ ਦੋ ਬੀ.ਬੀ.ਸੀ ਡਾਕੂਮੈਂਟਰੀਆਂ ਬਣਾਈਆਂ ਹਨ। ਇੱਕ 'ਦੀ ਡੇਵਿਲਜ਼ ਫੁਟਪਾਥ' ਹੈ। ਇਸ ਵਿੱਚ ਕਾਇਰੋ ਤੋਂ ਕੇਪਟਾਉਨ ਤੱਕ 5,000 ਮੀਲ ਟਰੈਕ ਓਪਰ ਛੇ ਹਫ਼ਤੇ ਗੁਜ਼ਾਰਨ ਦਾ ਵਰਣਨ ਹੈ। 'ਹੂ-ਟੂ ਬਲੇਮ' ਵਿੱਚ ਅਰੂੰਗਾ ਅਤੇ ਘਾਨਾ ਦੇ ਪੂਰਵ ਰਾਸ਼ਟਰਪਤੀ ਜੈਰੀ ਰਾਲਿੰਗਸ ਦੇ ਵਿਚਕਾਰ ਹੋਈ ਚਰਚਾ ਤੇ ਗੱਲਬਾਤ ਹੈ। ਉਹ ਅਫ਼ਰੀਕਨਲਿਬਰਟੀ.ਓਆਰਜੀ ਵੈਬਸਾਇਟ ਦੇ ਲਈ ਲਿਖਦੀ ਹੈ ਅਤੇ ਕੀਨੀਆ ਵਿੱਚ ਸੈੱਲ ਫੋਨ ਕ੍ਰਾਂਤੀ ਦੀ ਸਹਾਇਕ ਲੇਖਿਕਾ ਹੈ। ਅਰੂੰਗਾ ਨੇ ਯੂਨਾਇਟਿਡ ਕਿੰਗਡਮ ਦੇ ਬਰਮਿੰਘਮ ਵਿਸ਼ਵਵਿਦਿਆਲੇ ਤੋਂ ਕਾਨੂੰਨ ਦੀ ਡਿਗਰੀ ਲਈ ਹੈ।*

ਮੇਰਾ ਅਨੁਭਵ ਹੈ ਕਿ ਜ਼ਿਆਦਾਤਰ ਅਸਹਿਮਤੀ - ਲਗਭਗ 90% - ਕਿਸੇ ਨਾ ਕਿਸੇ ਤਰ੍ਹਾਂ ਜਾਣਕਾਰੀ ਦੀ ਘਾਟ ਕਾਰਣ ਹੁੰਦੀ ਹੈ। ਇਹ ਖਾਸ ਕਰਕੇ ਉਸ ਸਮੇਂ ਮਹੱਤਵਪੂਰਨ ਹੈ ਜਦੋਂ ਲੋਕ ਇੱਕ ਸਮਾਜ ਸੱਭਿਆਚਾਰਕ ਸਥਾਨ ਤੋਂ ਦੂਸਰੇ ਸਮਾਜ-ਸੱਭਿਆਚਾਰਕ ਪਰਿਵੇਸ਼ ਵਿੱਚ ਜਾਂਦੇ ਹਨ। ਸੁਰੱਖਿਆਵਾਦ, ਰਾਸ਼ਟਰਵਾਦ ਅਤੇ ਗਲਤਫਹਿਮੀਆਂ ਦੀ ਵਜ੍ਹਾਂ ਨਾਲ ਲੰਮੇ ਸਮੇਂ ਤੱਕ ਇੱਕ-ਦੂਸਰੇ ਤੋਂ ਵੱਖ-ਵੱਖ ਰਹਿਣ

ਤੋਂ ਬਾਅਦ ਅਸੀਂ ਅਫ਼ਰੀਕਾ ਤੇ ਅਫ਼ਰੀਕੀਆਂ ਵਿੱਚ ਵਿਉਪਾਰ ਦੀ ਪ੍ਰਚੰਡ ਇੱਛਾ ਦੇਖ ਰਹੇ ਹਾਂ। ਮੈਨੂੰ ਲੱਗਦਾ ਹੈ ਕਿ ਸਾਨੂੰ ਵਿਉਪਾਰ ਦੀ ਪ੍ਰਗਤੀ ਦਾ ਉਤਸਵ ਮਨਾਉਣਾ ਚਾਹੀਦਾ ਹੈ। ਕੁਝ ਲੋਕ ਵਿਉਪਾਰ ਵਧਾਉਣ ਤੋਂ ਡਰਦੇ ਹਨ। ਮੈਨੂੰ ਲੱਗਦਾ ਹੈ ਕਿ ਉਹਨਾਂ ਨੂੰ ਹੋਰ ਜਾਣਕਾਰੀ ਦੀ ਜਰੂਰਤ ਹੈ।

ਵਿਸ਼ਵੀਕਰਨ ਹੋ ਰਿਹਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਸਾਨੂੰ ਇਸਦਾ ਸਵਾਗਤ ਕਰਨਾ ਚਾਹੀਦਾ ਹੈ। ਇਸ ਨਾਲ ਮੁਹਾਰਤ ਦਾ ਇੱਕ ਤੋਂ ਦੂਜੇ ਤੱਕ ਪਹੁੰਚਣਾ ਸੰਭਵ ਹੈ। ਸੰਸਾਰ ਭਰ ਵਿੱਚ ਤਕਨੀਕ ਤੱਕ ਪਹੁੰਚ ਵਧੀ ਹੈ ਅਤੇ ਹੋਰ ਵੀ ਬਹੁਤ ਕੁਝ ਹੋਇਆ ਹੈ। ਭਾਵੇਂ ਕਿ ਬਹੁਤਿਆਂ ਨੂੰ ਇਸ ਤੋਂ ਅਲੱਗ ਰੱਖਿਆ ਗਿਆ ਹੈ।

ਪ੍ਰਸ਼ਨ ਹੈ ਕਿ ਕਿਉਂ? ਮੇਰੀ ਮੁਲਾਕਾਤ 2002 ਵਿੱਚ ਅੱਖ ਖੋਲਣ ਵਾਲੀ ਕਿਤਾਬ 'ਇਨ ਡਿਫੇਂਸ ਆਫ਼ ਗਲੋਬਲ ਕੈਪਿਟਲਿਜ਼ਮ' ਦੇ ਲੇਖਕ ਸਵੀਡਿਸ਼ ਅਰਥਸ਼ਾਸਤਰੀ ਜੋਹਾਨ ਨੋਬਰਗ (Johan Norberg) ਨਾਲ ਹੋਈ। ਮੈਂ ਹੈਰਾਨ ਸੀ ਕਿ ਕਿਵੇਂ ਉਹਨਾਂ ਨੇ ਜਾਨਕਾਰੀ ਨੂੰ ਸਮਝਿਆ। ਓਹ ਮੁਕਤ ਵਿਓਪਾਰ ਦੇ ਵਿਰੋਧੀਆਂ ਨੂੰ ਬੜੀ ਅਸਾਨੀ ਨਾਲ ਖ਼ਾਰਜ ਕਰਨ ਦੀ ਬਜਾਏ ਓਹ ਓਹਨਾਂ ਨੂੰ ਸੁਣਦੇ ਹਨ, ਓਹਨਾਂ ਦੇ ਵਿਚਾਰਾਂ ਨੂੰ ਸਮਝਦੇ ਹਨ ਅਤੇ ਓਹਨਾਂ ਦੀ ਜਾਣਕਾਰੀ ਨੂੰ ਪਰਖਦੇ ਹਨ। ਤੱਥ-ਮੂਲਕ ਜਾਣਕਾਰੀ ਵਿੱਚ ਓਹਨਾਂ ਦੀ ਦਿਲਚਸਪੀ ਨੇ ਸ਼ੁਰੂਆਤ ਵਿੱਚ ਪੂੰਜੀਵਾਦ ਪ੍ਰਤੀ ਓਹਨਾਂ ਨੂੰ ਆਕਰਸ਼ਿਤ ਕੀਤਾ ਸੀ।

ਮੈਂ ਇਸ ਨਾਲ ਵੀ ਹੈਰਾਨ ਸੀ ਕਿ ਕਿਵੇਂ ਉਹਨਾਂ ਨੇ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ (ਗਰੀਬਾ ਦਾ) ਦ੍ਰਿਸ਼ਟੀਕੋਣ ਜਾਨਿਆ। ਨੋਬਰਗ ਨੇ ਸਵਾਲ ਪੁੱਛਦੇ ਹੋਏ ਦੁਨੀਆਂ ਦੀ ਯਾਤਰਾ ਕੀਤੀ। ਉਹਨਾਂ ਨੇ ਲੋਕਾਂ ਨੂੰ ਇਹ ਨਹੀਂ ਦੱਸਿਆ ਕਿ ਉਹਨਾਂ ਨੂੰ ਕਿ ਸੋਚਣਾ ਚਾਹੀਦਾ ਹੈ। ਉਹਨਾਂ ਨੇ ਪੁੱਛਿਆ ਕਿ ਉਹ ਕੀ ਸੋਚਦੇ ਹਨ। ਉਹਨਾਂ ਨੇ ਉਹਨਾਂ ਗਰੀਬ ਲੋਕਾਂ ਤੋਂ ਜਾ ਕੇ ਸਵਾਲ ਪੁੱਛੇ ਜਿਨ੍ਹਾਂ ਨੂੰ ਵਿਉਪਾਰ ਨਾਲ ਜੁੜਨ ਦਾ ਮੌਕਾ ਨਹੀਂ ਮਿਲਦਾ (ਜਾਂ ਤਾਂ ਵਿਉਪਾਰੀ ਜਾਂ ਕਾਰੋਬਾਰੀ ਜਾਂ ਅੰਤਰ-ਰਾਸ਼ਟਰੀ ਵਿਉਪਾਰ ਵਿੱਚ ਜੁੜੇ ਉਦਮੀਆਂ ਦੇ ਕਰਮਚਾਰੀਆਂ ਦੇ ਰੂਪ ਵਿੱਚ), ਉਹਨਾਂ ਨੇ ਇਸ ਤੱਥ ਦਾ ਖੁਲਾਸਾ ਕੀਤਾ ਕਿ ਅਧਿਕਾਰਿਕ ਜਾਣਕਾਰੀ ਗਾਇਬ ਸੀ। ਨਵੇਂ ਕਾਰਖਾਨਿਆਂ ਵਿੱਚ ਨੌਕਰੀ ਨੇ ਬੁਰਾ ਬਣਾਇਆ ਜਾਂ ਬਿਹਤਰ? ਤੁਹਾਡੇ ਪਹਿਲੇ ਸੈੱਲ ਫੋਨ ਨੇ ਤੁਹਾਡੀ ਜ਼ਿੰਦਗੀ ਨੂੰ ਬਿਹਤਰ ਬਣਾਇਆ ਜਾ ਖ਼ਰਾਬ? ਤੁਹਾਡੀ ਉਮਰ ਵਧੀ ਜਾਂ ਘਟੀ? ਤੁਸੀਂ ਕਿਵੇਂ ਯਾਤਰਾ ਕਰਦੇ ਹੋ-ਪੈਦਲ, ਸਾਈਕਲ ਤੇ ਜਾਂ ਮੋਟਰਸਾਈਕਲ ਜਾਂ ਕਾਰ ਤੇ? ਤੁਸੀਂ ਕਾਰ ਉਪਰ ਜਾਣਾ ਪਸੰਦ ਕਰਦੇ ਹੋ ਜਾਂ ਮੋਟਰਸਾਈਕਲ ਉਪਰ? ਨੋਬਰਗ ਜ਼ੋਰ ਦੇਕੇ ਜ਼ਮੀਨ ਉਪਰ ਤੱਥਾਂ ਨੂੰ ਤਲਾਸ਼ ਕਰਨ ਲਈ ਕਹਿੰਦੇ ਹਨ। ਉਹ ਸ਼ਾਮਿਲ ਲੋਕਾਂ ਤੋਂ ਪੁੱਛਦੇ ਹਨ ਕਿ ਉਹ ਕੀ ਸੋਚਦੇ ਹਨ ਅਤੇ ਕੀ ਮੁਕਤ-ਬਾਜ਼ਾਰ ਤੋਂ ਉਹਨਾਂ ਦੀ ਜ਼ਿੰਦਗੀ ਵਿੱਚ ਕੋਈ ਸੁਧਾਰ ਹੋਇਆ ਹੈ। ਉਹ ਵਿਅਕਤੀਗਤ ਰਾਏ ਜਾਨਣਾ ਚਾਹੁੰਦੇ ਹਨ।

ਸਾਨੂੰ ਪੁੱਛਣਾ ਚਾਹੁੰਦੇ ਹਨ ਕਿ ਸਾਡੀ ਸਰਕਾਰ ਸਾਡੇ ਲਈ ਕੀ ਕਰ ਰਹੀ ਹੈ? ਸਿਰਫ਼ ਸਾਡੇ ਲਈ ਹੀ ਨਹੀਂ। ਸਾਡੀਆਂ ਆਪਣੀਆਂ ਸਰਕਾਰਾ ਸਾਨੂੰ ਦੁੱਖ ਪਹੁੰਚਾ ਰਹੀਆਂ ਹਨ, ਉਹ ਸਾਡੇ ਤੋਂ ਚੋਰੀ ਕਰ ਰਹੀਆਂ ਹਨ, ਸਾਨੂੰ ਵਿਉਪਾਰ ਕਰਨ ਤੋਂ ਰੋਕ ਰਹੀਆਂ ਹਨ ਅਤੇ ਗਰੀਬਾਂ ਨੂੰ ਦਬਾ ਕੇ ਰੱਖ ਰਹੀਆਂ ਹਨ। ਘੱਟ ਆਮਦਨ ਵਾਲੇ ਦੇਸ਼ਾ ਵਿੱਚ ਕਾਨੂੰਨ ਦੀ ਕਮੀ ਦੀ ਵਜ੍ਹਾ ਨਾਲ ਸਥਾਨਕ ਨਿਵੇਸ਼ਕਾ ਨੂੰ ਮੁਕਾਬਲੇ ਦੀ ਆਜ਼ਾਦੀ ਨਹੀਂ ਹੈ। ਕਿਉਂਕਿ ਆਪਣੀਆਂ ਸਰਕਾਰਾਂ ਲੋਕਾਂ ਦਾ ਸਨਮਾਨ ਨਹੀਂ ਕਰਦੀਆਂ ਹਨ।

ਬਹੁਤ ਸਾਰੇ ਗਰੀਬ ਦੇਸ਼ਾ ਦੀਆਂ ਸਰਕਾਰਾਂ 'ਵਿਦੇਸ਼ੀ ਨਿਵੇਸ਼ਕਾ' ਨੂੰ ਆਕਰਸ਼ਿਤ ਕਰਨ ਵੱਲ ਧਿਆਨ ਦੇ ਰਹੀਆਂ ਹਨ। ਪਰੰਤੂ ਉਹ ਆਪਣੇ ਲੋਕਾਂ ਨੂੰ ਬਾਜ਼ਾਰ ਵਿੱਚ ਨਹੀਂ ਜਾਣ ਦੇ ਰਹੇ। ਬਾਜ਼ਾਰ ਖੋਲਣਾ ਅਤੇ ਸਥਾਨਕ ਲੋਕਾਂ ਨੂੰ ਮੁਕਾਬਲੇ ਯੋਗ ਬਨਾਉਣਾ ਉਹਨਾਂ ਦੇ ਏਜੰਡੇ ਵਿੱਚ ਨਹੀਂ ਹੈ। ਸਥਾਨਕ ਲੋਕਾਂ ਵਿੱਚ ਅੰਤਰ ਦ੍ਰਿਸ਼ਟੀ ਹੈ, ਸਮਝ ਹੈ ਅਤੇ 'ਸਥਾਨਕ ਗਿਆਨ' ਹੈ। ਪਰੰਤੂ ਅਫ਼ਰੀਕਾ ਵਿੱਚ ਸਾਡੀਆਂ ਆਪਣੀਆਂ ਸਰਕਾਰਾਂ ਵਿਦੇਸ਼ੀਆਂ ਜਾਂ ਸਥਾਨਕ ਵਿਸ਼ੇਸ਼ ਅਧਿਕਾਰ ਪ੍ਰਾਪਤ ਸਮੂਹਾਂ ਦੇ ਪੱਖ ਵਿੱਚ ਆਪਣੇ ਲੋਕਾਂ ਨੂੰ ਬਾਜ਼ਾਰ ਤੋਂ ਦੂਰ ਰੱਖਦੀ ਹੈ।

ਉਦਾਹਰਨ ਦੇ ਲਈ ਸੇਵਾ ਖੇਤਰਾਂ ਜਿਵੇਂ ਬੈਂਕਿੰਗ ਅਤੇ ਜਲ-ਪ੍ਰਬੰਧ ਵਿੱਚ ਸਥਾਨਕ ਮੁਕਾਬਲੇ ਨੂੰ ਰੋਕਣ ਵਾਲੇ ਸਖ਼ਤ ਪ੍ਰਤਿਬੰਧਾਂ ਸੰਰਚਨਾਤਮਕ, ਪਹਿਲਕਦਮੀ, ਤਕਨੀਕ ਦੇ ਸਥਾਨਕ ਗਿਆਨ ਦੇ ਇਸਤੇਮਾਲ ਦੀ ਆਪਣੇ ਲੋਕਾਂ ਦੀ ਯੋਗਤਾ ਨੂੰ ਅਣਦੇਖਿਆ ਕਰਨਾ ਹੈ। 'ਵਿਦੇਸ਼ੀ ਨਿਵੇਸ਼ਕਾਂ' ਨੂੰ ਵਿਸ਼ੇਸ਼ ਲਾਭ ਦੇਣਾ ਸਹੀ 'ਵਿਸ਼ਵੀਕਰਣ' ਨਹੀਂ ਹੈ। ਜਦਕਿ ਆਪਣੇ ਲੋਕ ਦੂਰ ਕਰ ਦਿੱਤੇ ਗਏ ਹਨ ਅਤੇ ਉਹਨਾਂ ਨੂੰ ਮੁਕਾਬਲੇ ਦੀ ਆਗਿਆ ਨਹੀਂ ਹੈ।

ਜੇਕਰ ਸਰਕਾਰ ਦਾ 'ਵਿਸ਼ੇਸ਼ ਆਰਥਿਕ ਖੇਤਰ' (Special Economic Zones) ਬਣਾ ਕੇ 'ਵਿਦੇਸ਼ੀ ਨਿਵੇਸ਼ਕਾਰ' ਨੂੰ ਆਕਰਸ਼ਿਤ ਕਰਨਾ ਚੰਗੀ ਗੱਲ ਹੈ ਤਾਂ ਇਸ ਨਾਲ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਫਾਇਦਾ ਕਿਉਂ ਨਾ ਹੋਵੇ। ਸਭ ਦੇ ਲਈ ਵਿਉਪਾਰ ਦੀ ਆਜ਼ਾਦੀ ਦਾ ਹਿੱਸਾ ਹੋਣ ਦੀ ਬਜਾਏ ਉਹਨਾਂ ਲਈ ਅਧਿਕਾਰਾਂ ਦੀ ਸਪੈਸ਼ਲ ਜ਼ੋਨ ਕਿਉਂ ਬਣਾਈ ਗਈ ਹੈ।? ਵਿਉਪਾਰ ਦੀ ਆਜ਼ਾਦੀ ਵਿੱਚ ਲੋਕਾਂ ਦੀ ਸੇਵਾ ਲਈ ਸੁਤੰਤਰ ਮੁਕਾਬਲਾ ਹੋਣਾ ਚਾਹੀਦਾ ਹੈ ਨਾ ਕਿ ਸਥਾਨਕ ਉਦਮੀਆਂ/ ਉਦਯੋਗਿਕਾਂ ਨੂੰ ਵਿਸ਼ੇਸ਼ ਅਧਿਕਾਰ ਲਈ ਜਾਂ ਵਿਦੇਸ਼ੀ ਨਿਵੇਸ਼ਕਾ ਲਈ ਜਿਨ੍ਹਾਂ ਨੂੰ ਮੰਤਰੀਆਂ ਦੇ ਵਿਸ਼ੇਸ਼ ਦਰਸ਼ਕ ਮਿਲਦੇ ਹਨ।

ਇਹ ਮੁਕਤ ਵਿਉਪਾਰ ਨਹੀਂ ਹੈ। ਅੰਤਰ-ਰਾਸ਼ਟਰੀ ਕੰਪਨੀਆਂ ਸਰਕਾਰ ਤੋਂ ਵਿਸ਼ੇਸ਼ ਲਾਭ ਪ੍ਰਾਪਤ ਕਰਦੀਆਂ ਹਨ ਜਦਕਿ ਉਹਨਾਂ ਦੀਆਂ ਆਪਣੀਆਂ ਸਰਕਾਰਾਂ ਨੇ ਸਥਾਨਕ ਫਰਮਾਂ ਨੂੰ ਪ੍ਰਤੀਬੰਧਿਤ ਕਰ ਦਿੱਤਾ ਹੈ। ਮੁਕਤ ਵਿਉਪਾਰ ਵਿੱਚ ਸਭ ਲਈ

ਕਾਨੂੰਨ ਦਾ ਰਾਜ ਹੋਵੇ ਅਤੇ ਕੰਮ ਤੋਂ ਸਭ ਤੋਂ ਸੁਭਾਵਿਕ ਰੂਪ; ਸਵੈ-ਇੱਛਿਤ ਅਦਾਨ ਪ੍ਰਦਾਨ ਵਿੱਚ ਸਭ ਨੂੰ ਆਜ਼ਾਦੀ ਹੋਵੇ।

ਅਫ਼ਰੀਕੀਆਂ ਦੇ ਰੂਪ ਵਿੱਚ ਸਾਡੀ ਸੰਪਨਤਾ ਵਿਦੇਸ਼ੀ ਮਦਦ ਜਾਂ ਆਸਾਨ ਧਨ ਨਾਲ ਨਹੀਂ ਆਵੇਗੀ। ਸਾਡੇ ਕੋਲ ਅਫ਼ਰੀਕਾ ਵਿੱਚ ਅਜਿਹਾ ਪਹਿਲਾਂ ਬਹੁਤ ਸੀ ਪਰੰਤੂ ਇਸ ਨਾਲ ਗਰੀਬਾਂ ਦੇ ਜੀਵਨ ਉਪਰ ਸਕਾਰਾਤਮਕ ਅਸਰ ਨਹੀਂ ਪਿਆ। ਇਸ ਤਰ੍ਹਾਂ ਦੀ ਮਦਦ ਭ੍ਰਿਸ਼ਟਾਚਾਰ ਵਧਾਉਂਦੀ ਹੈ ਅਤੇ ਕਾਨੂੰਨ ਦੇ ਰਾਜ ਨੂੰ ਘੱਟ ਕਰਦੀ ਹੈ। ਇਸ ਨਾਲ ਮਦਦ ਕਰਨ ਵਾਲੇ ਦੇਸ਼ਾਂ ਨਾਲ ਕੁਝ ਲੋਕਾਂ ਤੋਂ ਖਰੀਦੀਆ ਹੋਈਆਂ ਸੇਵਾਵਾ ਵੀ ਨਾਲ ਆਉਦੀਆਂ ਹਨ। ਪਰੰਤੂ ਸਭ ਤੋਂ ਬੁਰੀ ਗੱਲ ਇਹ ਹੈ ਕਿ ਇਹ ਮਦਦ ਸਰਕਾਰ ਨੂੰ ਆਪਣੇ ਲੋਕਾਂ ਤੋਂ ਵੱਖ ਕਰ ਦੇਂਦੀ ਹੈ। ਕਿਉਂਕਿ ਜੋ ਲੋਕ ਬਿਲ ਦੇ ਰਹੇ ਹਨ ਉਹ ਅਫ਼ਰੀਕਾ ਵਿੱਚ ਨਹੀਂ, ਉਹ ਪੇਰਿਸ, ਵਾਸ਼ਿੰਗਟਨ ਜਾਂ ਬ੍ਰੁਸੇਲਸ ਵਿੱਚ ਹਨ।

ਵਿਉਪਾਰ ਨੂੰ ਸਥਾਨਕ ਲੋਕਾਂ ਦੁਆਰਾ ਸੀਮਤ ਕੀਤਾ ਅਤੇ ਫੈਲਾਇਆ ਜਾਂਦਾ ਹੈ, ਜਿਹਨਾਂ ਦੀ ਗੱਲ ਮੰਤਰੀਆਂ ਤੱਕ ਪਹੁੰਚਦੀ ਹੈ। ਤੁਸੀਂ ਜਾਣਦੇ ਹੋ ਕਿ ਕਿਉਂ? ਵਿਉਪਾਰ ਨੂੰ ਸਥਾਨ ਤੇ ਵਿਦੇਸ਼ੀ ਮੁਕਾਬਲੇ ਦੇ ਆਪਵਾਦ ਨੂੰ ਏਕਾਧਿਕਾਰ ਦੇਕੇ ਫੈਲਾਇਆ ਜਾ ਸਕਦਾ ਹੈ।ਇਸ ਤੋਂ ਵੀ ਜ਼ਿਆਦਾ ਵਿਉਪਾਰ ਨੂੰ ਸੀਮਿਤ ਅਤੇ ਵਿਸ਼ਾਲ ਵਿਦੇਸ਼ੀ ਉਦਮੀ/ਉਦਯੋਗਪਤੀ ਬਣਾਉਂਦੇ ਹਨ। ਜੋ ਉਹਨਾਂ ਦੀ ਆਪਣੀ ਸਰਕਾਰ ਨਾਲ ਮਿਲੀਭਗਤ ਤੇ ਮਦਦ ਦੀ ਡੀਲ ਦੇ ਮਾਧਿਅਮ ਨਾਲ ਸਥਾਨਕ ਸਰਕਾਰ ਤੋਂ ਏਕਾਧਿਕਾਰ ਲੈਂਦੇ ਹਨ। ਇਸ ਡੀਲ ਵਿੱਚ ਸਥਾਨਕ ਅਤੇ ਵਿਦੇਸ਼ੀ ਮੁਕਾਬਲਾਂ ਅਪਵਾਦ ਹੈ। ਕਿਉਂਕਿ ਡੀਲ ਤੈਅ/ਨਿਸ਼ਚਿਤ ਹੁੰਦੀ ਹੈ। ਇਹ ਸਾਰੇ ਨਿਯਮ ਸਾਡੇ ਬਾਜ਼ਾਰ ਤੇ ਆਜ਼ਾਦੀ ਨੂੰ ਰੋਕਦੇ ਹਨ। ਸਾਨੂੰ ਅਜਿਹਾ ਸਾਮਾਨ ਅਤੇ ਸੇਵਾਵਾਂ ਖਰੀਦਣ ਲਈ ਛੱਡ ਦਿੱਤਾ ਜਾਂਦਾ ਹੈ ਜੋ ਸ਼ਾਇਦ ਸਹੀ ਗੁਣਵਤਾ ਤੇ ਮੁੱਲ ਦੀਆਂ ਨਾ ਹੋਣ। ਕਿਉਂਕਿ ਸਾਡੇ ਕੋਲ ਚੁਨਾਵ ਦੀ ਆਜ਼ਾਦੀ ਨਹੀਂ ਹੈ। ਆਜ਼ਾਦੀ ਦੀ ਕਮੀ ਸਾਨੂੰ ਨੀਂਵੇ ਅਤੇ ਸਥਾਪਿਤ ਗਰੀਬੀ ਵਿੱਚ ਰੱਖਦੀ ਹੈ।

ਅਸੀਂ ਸਿਰਫ਼ ਨਿਸ਼ਚਿਤ ਕੀਮਤਾਂ ਅਤੇ ਘੱਟ ਗੁਣਵਤਾ ਦੁਆਰਾ ਹੀ ਨਹੀਂ ਲੁੱਟੇ ਜਾ ਰਹੇ। ਸਾਨੂੰ ਨਵੀਨਤਾ ਦੇ ਮੌਕੇ, ਆਪਣੇ ਦਿਮਾਗ ਦਾ ਇਸਤੇਮਾਲ, ਆਪਣੀ ਊਰਜਾ ਅਤੇ ਬੁੱਧੀ ਨਾਲ ਆਪਣੀ ਹਾਲਤ ਸੁਧਾਰਨ ਦੇ ਮਾਮਲੇ ਵਿੱਚ ਵੀ ਲੁੱਟਿਆ ਜਾ ਰਿਹਾ ਹੈ। ਇਸ ਲੰਮ੍ਹੇ ਦੌਰ ਵਿੱਚ ਸਾਡੇ ਨਾਲ ਬੜਾ ਅਨਿਆਂ ਹੋ ਰਿਹਾ ਹੈ। ਸੁਰੱਖਿਆਵਾਦ ਅਤੇ ਵਿਸ਼ੇਸ਼ ਲਾਭ ਨੂੰ ਬਣਾਈ ਰੱਖਣਾ ਨਾ ਸਿਰਫ਼ ਆਰਥਿਕ ਕੰਗਾਲੀ ਹੈ ਬਲਕਿ ਸਾਡੇ ਅੰਦਰ ਵਿਸ਼ਵਾਸ਼, ਸੰਕਲਪ, ਇੱਛਾ-ਸ਼ਕਤੀ, ਚਰ੍ਰਿਤ, ਸਾਹਸ ਅਤੇ ਬੁੱਧੀਮਤਾ ਉਪਰ ਪ੍ਰਤੀਬੰਦ ਹੈ।

ਸਾਨੂੰ ਜੋ ਚੀਜ਼ ਚਾਹੀਦੀ ਹੈ ਉਹ ਜਾਣਕਾਰੀ ਹੈ। ਸਾਨੂੰ ਜ਼ਮੀਨ ਨਾਲ ਜੁੜੇ ਲੋਕਾਂ ਨਾਲ ਗੱਲ ਕਰਨੀ ਪਵੇਗੀ। ਜੋ ਜ਼ਿਆਦਾਤਰ ਮਾਮਲਿਆਂ ਵਿੱਚ ਰਹੱਸ ਹਨ।

ਪਰ ਉਹਨਾਂ ਨੂੰ ਕੁਝ ਹੀ ਲੋਕ ਜਾਨਣ ਦੀ ਕੋਸ਼ਿਸ਼ ਕਰਦੇ ਹਨ। ਇਹ ਸਬੂਤ ਕਾਫ਼ੀ ਹੈ ਕਿ ਜਨਤਾ ਦੇ ਲਈ ਕਾਨੂੰਨ ਦੇ ਰਾਜ ਦੇ ਅਨੁਸਾਰ ਮੁਕਤ ਬਾਜ਼ਾਰ ਪੂੰਜੀਵਾਦ, ਵਿਉਪਾਰ ਦੀ ਆਜ਼ਾਦੀ, ਅਤੇ ਸਮਾਨ ਅਧਿਕਾਰਾਂ ਦੁਆਰਾ ਖੁਸ਼ਹਾਲੀ/ਸੰਪੰਨਤਾ ਪੈਦਾ ਕੀਤੀ ਜਾ ਸਕਦੀ ਹੈ। ਸਾਨੂੰ ਮੁਕਤ ਬਾਜ਼ਾਰ ਪੂੰਜੀਵਾਦ ਦੀ ਜ਼ਰੂਰਤ ਹੈ ਜੋ ਸਾਡੀਆਂ ਸੰਭਾਵਨਾਵਾਂ ਦਾ ਅਹਿਸਾਸ ਕਰਵਾਉਂਦੇ ਹੋਏ ਸਾਡੇ ਲਈ ਮੌਕੇ ਮੁਹੱਈਆਂ ਕਰੇ। ਪੇਰੂ ਦੇ ਅਰਥ ਸ਼੍ਰਾਸ਼ਤੀ ਹਰਨਾਂਡੋ ਡੇ ਸੋਟੋ (Hernando de Soto) ਆਪਣੀ ਕਿਤਾਬ 'ਦ ਮਿਸਟ੍ਰੀ ਆਫ਼ ਕੈਪਿਟਲ' (The Mystery of Capital) ਵਿੱਚ ਕਹਿੰਦੇ ਹਨ ਕਿ ਕਿਵੇਂ ਗਰੀਬ ਲੋਕ 'ਮੁਰਦਾ ਪੂੰਜੀ' ਨੂੰ 'ਸਜੀਵ ਪੂੰਜੀ' ਵਿੱਚ ਬਦਲਕੇ ਆਪਣਾ ਜੀਵਨ ਸੁਧਾਰ ਸਕਦੇ ਹਨ। ਪੂੰਜੀ ਦੀ ਕਮੀ ਨਾ ਟਲਣਯੋਗ ਸਮੱਸਿਆ ਨਹੀਂ ਹੈ, ਸਾਡੇ ਕੋਲ ਅਫ਼ਰੀਕਾ ਵਿੱਚ ਬਹੁਤ ਪੂੰਜੀ ਹੈ। ਪਰੰਤੂ ਇਸ ਵਿੱਚੋਂ ਜ਼ਿਆਦਾਤਰ ਦਾ ਇਸਤੇਮਾਲ ਅਸੀਂ ਆਪਣੇ ਜੀਵਨ ਨੂੰ ਸੁਧਾਰਨ ਲਈ ਨਹੀਂ ਕਰ ਸਕਦੇ। ਇਹ ਮਰੀ ਹੋਈ ਪੂੰਜੀ ਹੈ। ਆਪਣੀ ਇਸ ਵਿਸ਼ਾਲ ਮਰੀ ਹੋਈ ਪੂੰਜੀ ਨੂੰ ਜ਼ਿੰਦਾ ਪੂੰਜੀ ਵਿੱਚ ਬਦਲਣ ਲਈ ਸਾਨੂੰ ਆਪਣੇ ਸੰਪੰਤੀ ਅਧਿਕਾਰਾਂ ਨੂੰ ਸੁਧਾਰਨ ਦੀ ਜ਼ਰੂਰਤ ਹੈ। ਸਾਨੂੰ ਸੰਪੰਤੀ ਚਾਹੀਦੀ ਹੈ ਅਤੇ ਸਾਡੇ ਅਧਿਕਾਰਾਂ ਦਾ ਸਨਮਾਨ ਹੋਣਾ ਚਾਹੀਦਾ ਹੈ। ਸਾਨੂੰ ਕਾਨੂੰਨ ਵਿੱਚ ਸਮਾਨਤਾ ਚਾਹੀਦੀ ਹੈ। ਸਾਨੂੰ ਸੁਤੰਤਰ ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਚਾਹੀਦੀ ਹੈ।

# ਵਿਸ਼ਵੀਕਰਨ ਦੇ ਮਾਧਿਅਮ ਦੁਆਰਾ ਮਾਨਵਤਾ ਦੀ ਉੱਨਤੀ

**ਵੇਰਨਨ ਸਮਿਥ**

*ਇਸ ਨਿਬੰਧ ਵਿੱਚ ਅਰਥ-ਸ਼ਾਸਤਰੀ ਅਤੇ ਨੋਬਲ ਪੁਰਸਕਾਰ ਵਿਜੇਤਾ ਵੇਰਨਨ ਸਮਿਥ (Vernon Smith) ਬਾਜ਼ਾਰ ਦੀ ਗਤੀ ਦੇ ਮਾਧਿਅਮ ਨਾਲ ਮਾਨਵ ਸੰਪਤੀ ਦੀ ਪ੍ਰਗਤੀ ਦਾ ਜਾਇਜਾ ਲੈਂਦੇ ਹਨ ਅਤੇ ਦੱਸਦੇ ਹਨ ਕਿ ਵਿਸ਼ਵੀ ਪੂੰਜੀਵਾਦ ਨਾਲ ਮਾਨਵੀ ਕਲਿਆਣ ਕਿਵੇਂ ਹੁੰਦਾ ਹੈ।*

*ਵੇਰਨਨ ਸਮਿਥ ਕੈਲੀਫੋਰਨੀਆ ਵਿੱਚ ਚੈਪਮੈਨ (Chapman) ਵਿਸ਼ਵਵਿਦਿਆਲੇ ਵਿੱਚ ਅਰਥ-ਸ਼ਾਸਤਰ ਪੜਾਉਂਦੇ ਹਨ ਅਤੇ ਨਵੇਂ ਉਭਰ ਰਹੇ ਅਧਿਐਨ ਖੇਤਰ 'ਪ੍ਰਯੋਗਾਤਮਕ ਅਰਥ ਸ਼ਾਸਤਰ' ਵਿੱਚ ਮੰਨੇ ਹੋਏ ਹਨ। ਉਹਨਾਂ ਦੇ ਖੋਜ਼-ਨਿਬੰਧ ਪਦਾਰਥ ਅਤੇ ਪੂੰਜੀ ਬਾਜ਼ਾਰ, ਸੰਪਤੀ ਦੇ ਬੁਲਬਲਿਆ (Bubbles) ਦਾ ਉੱਠਣਾ, ਵਿਉਪਾਰ ਦਾ ਗੋਲ ਚੱਕਰ, ਮਾਲੀ-ਪ੍ਰਬੰਧ (Finance), ਕੁਦਰਤੀ ਸ੍ਰੋਤ/ਵਸੀਲੇ, ਅਰਥ-ਸ਼ਾਸਤਰ ਅਤੇ ਬਾਜ਼ਾਰ ਸੰਸਥਾਵਾਂ ਦੇ ਵਿਕਾਸ ਉਪਰ ਕੇਂਦਰਿਤ ਹਨ। ਸਾਲ 2002 ਵਿੱਚ ਉਹਨਾਂ ਨੂੰ ਪ੍ਰਯੋਗਸਿੱਧ ਆਰਥਿਕ ਵਿਸ਼ਲੇਸ਼ਣ ਵਿੱਚ ਪ੍ਰਯੋਗਾਤਮਕ ਪ੍ਰਯੋਗਸ਼ਾਲਾ ਨੂੰ ਯੰਤਰ ਦੇ ਰੂਪ ਵਿੱਚ ਸਥਾਪਿਤ ਕਰਨ ਅਤੇ ਵਿਸ਼ੇਸ਼ ਕਰਕੇ ਵੈਕਲਪਿਕ ਬਾਜ਼ਾਰ ਤੇ ਕੰਮ ਲਈ ਅਰਥਸ਼ਾਸਤਰ ਵਿੱਚ ਸਾਂਝੇ ਤੌਰ 'ਤੇ ਨੋਬੇਲ ਪੁਰਸਕਾਰ ਮਿਲਿਆ। ਉਹਨਾਂ ਦੇ ਖੋਜ-ਨਿਬੰਧ ਵਿਆਪਕ ਰੂਪ ਨਾਲ ਅਰਥ-ਸ਼ਾਸਤ੍ਰ, ਖੇਡ ਸਿਧਾਂਤ ਅਤੇ ਜੋਖਿਮ ਨਾਲ ਸੰਬੰਧਿਤ ਅਕਾਦਮਿਕ ਜਰਨਲਾ ਵਿੱਚ ਪ੍ਰਕਾਸ਼ਿਤ ਹੋਏ ਹਨ। ਉਹ ਪ੍ਰਯੋਗਾਤਮਕ ਅਰਥ-ਸ਼ਾਸਤਰ ਅਤੇ ਤੋਲਮੋਲ ਤੇ ਵਿਉਪਾਰਕ ਸੁਭਾਅ-ਪ੍ਰਯੋਗਾਤਮਕ ਅਰਥ ਸ਼ਾਸਤਰ ਨਿਬੰਧਾਂ ਦੇ ਲੇਖਕ ਹਨ। ਸਮਿਥ ਦੁਨੀਆਂ ਭਰ ਵਿੱਚ ਜਾਣੇ-ਪਛਾਣੇ ਅਧਿਆਪਕ ਹਨ ਅਤੇ ਉਹਨਾਂ ਨੇ ਨਾ ਸਿਰਫ ਆਰਥਿਕ ਪ੍ਰਕਿਰਿਆ ਵਿੱਚ ਨਵੀਂ ਦ੍ਰਿਸ਼ਟੀ ਨੂੰ ਪ੍ਰਯੋਗਾਤਮਕ ਅਰਥ-ਸ਼ਾਸਤਰ ਵਿੱਚ ਉਪਯੋਗੀ ਬਣਾਉਣ ਦੇ ਲਈ ਬਲਕਿ ਅਰਥ-ਸ਼ਾਸਤਰ ਦੇ ਸਿਧਾਂਤ ਪੜ੍ਹਾਉਣ ਦੇ ਲਈ ਵੀ ਯੋਜਨਾਵਾਂ ਵਿਕਸਿਤ ਕੀਤੀਆਂ।*

*ਇਹ ਨਿਬੰਧ ਸਿਤੰਬਰ 2005 ਵਿੱਚ 'ਈਵਨਿੰਗ ਐਟ ਐਫ.ਈ.ਈ.'[51] ਵਿੱਚ ਦਿੱਤੇ ਗਏ ਭਾਸ਼ਣ ਵਿੱਚੋਂ ਲਿਆ ਗਿਆ ਹੈ।*

❋❋❋

ਅੱਜ ਮੇਰਾ ਸੰਦੇਸ਼ ਸਕਾਰਾਤਮਕ ਹੈ। ਇਹ ਵਟਾਂਦਰੇ ਦੀ ਪ੍ਰਕਿਰਿਆਂ ਅਤੇ ਬਾਜ਼ਾਰ ਨਾਲ ਸੰਬੰਧਿਤ ਹੈ ਜੋ ਸਾਨੂੰ ਕੰਮ ਅਤੇ ਮੁਹਾਰਤ ਦੇ ਗਿਆਨ ਨਾਲ ਜੋੜਦਾ ਹੈ। ਇਹ ਉਹ ਮੁਹਾਰਤ ਹੈ ਜੋ ਸਾਰੀ ਸੰਪਤੀ ਦੀ ਉਤਪਤੀ ਦਾ ਰਹੱਸ ਹੈ ਅਤੇ ਸਮੁੱਚੇ ਮਾਨਵ

ਕਲਿਆਣ ਦਾ ਇੱਕੋ ਇੱਕ ਸ੍ਰੋਤ ਹੈ। ਇਹ ਵਿਸ਼ਵੀਕਰਨ ਦੀ ਜ਼ਰੂਰਤ ਹੈ।

ਵੰਗਾਰ ਇਹ ਹੈ ਕਿ ਅਸੀਂ ਸਾਰੇ ਲਗਾਤਾਰ ਵਟਾਂਦਰੇ ਦੇ ਦੋ ਸੰਯੁਕਤ ਸੰਸਾਰਾਂ ਵਿੱਚ ਕੰਮ ਕਰਦੇ ਹਾਂ। ਪਹਿਲਾਂ, ਅਸੀਂ ਨਿੱਕੇ ਸਮੂਹਾਂ, ਪਰਿਵਾਰਾਂ ਅਤੇ ਸਮੁਦਾਵਾਂ ਵਿੱਚ ਸਪੱਸ਼ਟ ਅਤੇ ਸਾਂਝੇ ਨਿਯਮਾਂ ਉਪਰ ਆਧਾਰਿਤ ਵਿਅਕਤੀਗਤ, ਸਮਾਜਿਕ ਵਟਾਂਦਰੇ ਦੇ ਸੰਸਾਰ ਵਿੱਚ ਰਹਿੰਦੇ ਹਾਂ। 'ਤੁਹਾਡਾ ਇੱਕ ਅਹਿਸਾਸ ਮੇਰੇ ਉਪਰ ਰਿਹਾ, ਇਸ ਕਹਾਵਤ ਨੂੰ ਪੂਰੀ ਦੁਨੀਆਂ ਵਿੱਚ ਅਸੀਂ ਵੱਖ-ਵੱਖ ਭਾਸ਼ਵਾਂ ਵਿੱਚ ਜਾਣਦੇ ਹਾਂ। ਜਿੱਥ ਲੋਕ ਸਵੈ-ਇੱਛਾ ਨਾਲ ਕਰਜ਼ ਨੂੰ ਅਹਿਸਾਨ ਦੇ ਰੂਪ ਵਿੱਚ ਸਮਝਦੇ ਹਨ। ਆਦਿ ਕਾਲ ਤੋਂ ਹੀ ਵਿਅਕਤੀਗਤ ਵਟਾਂਦਰੇ ਨੇ ਕਰਮ (ਸ਼ਿਕਾਰ, ਇੱਕਤਰੀਕਰਣ ਤੇ ਔਜ਼ਾਰ ਨਿਰਮਾਣ) ਦੀ ਮੁਹਾਰਤ ਨੂੰ ਸਵੀਕਾਰ ਕੀਤਾ ਅਤੇ ਕਲਿਆਣ ਤੇ ਉਤਪਾਦਕਤਾ ਵਧਾਉਣ ਨੂੰ ਆਧਾਰ ਬਣਾਇਆ। ਕੰਮ ਦੀ ਵੰਡ ਨੇ ਆਦਿ-ਮਾਨਵ ਦੇ ਲਈ ਸਮੁੱਚੇ ਸੰਸਾਰ ਵਿੱਚ ਜਾ ਸਕਣਾ ਸੰਭਵ ਬਣਾਇਆ। ਇਸ ਲਈ ਵਿਵਹਾਰਿਕ ਬਾਜ਼ਾਰਾ ਦੇ ਉਦੈ ਤੋਂ ਵੀ ਬਹੁਤ ਪਹਿਲਾਂ ਮੁਹਾਰਤ ਨੇ ਵਿਸ਼ਵੀਕਰਨ ਦੀ ਸ਼ੁਰੂਆਤ ਕਰ ਦਿੱਤੀ ਸੀ।

ਦੂਸਰਾ, ਅਸੀਂ ਬਹੁਵਾਦੀ (impersonal) ਵਟਾਂਦਰੇ ਵਾਲੇ ਬਾਜ਼ਾਰ ਦੇ ਸੰਸਾਰ ਵਿੱਚ ਰਹਿੰਦੇ ਹਾਂ। ਜਿੱਥੇ ਅਨਜਾਣ ਲੋਕਾਂ ਦੇ ਵਿੱਚ ਲੰਮੀ ਦੂਰੀ ਵਾਲੇ ਵਿਉਪਾਰ ਦੇ ਮਾਧਿਅਮ ਦੁਆਰਾ ਸੰਚਾਰ ਅਤੇ ਸਹਿਯੋਗ ਦਾ ਵਿਕਾਸ ਹੋਇਆ। ਵਿਅਕਤੀਗਤ ਵਟਾਂਦਰੇ ਦੇ ਕੰਮ ਵਿੱਚ ਅਸੀਂ ਆਮ ਤੌਰ ਤੇ ਦੂਸਰਿਆ ਦਾ ਭਲਾ ਕਰਨ ਦੀ ਇੱਛਾ ਰੱਖਦੇ ਹਾਂ। ਬਾਜ਼ਾਰ ਵਿੱਚ ਅਸੀਂ ਇਸ ਅਹਿਸਾਸ ਨੂੰ ਆਮ ਤੌਰ 'ਤੇ ਗਵਾ ਦੇਂਦੇ ਹਾਂ ਕਿਉਂਕਿ ਸਾਡੇ ਵਿੱਚੋਂ ਹਰੇਕ ਦਾ ਧਿਆਨ ਆਪਣੇ ਨਿੱਜੀ ਹਿੱਤ ਉਪਰ ਹੁੰਦਾ ਹੈ। ਭਾਵੇਂ ਕਿ ਸਾਡੇ ਨਿਯੰਤ੍ਰਿਤ ਪ੍ਰਯੋਗਸ਼ਾਲਾ ਦੇ ਪ੍ਰਯੋਗ ਦੱਸਦੇ ਹਨ ਕਿ ਜੋ ਲੋਕ ਵਿਅਕਤੀਗਤ ਵਟਾਂਦਰੇ ਵਿੱਚ ਸਹਿਯੋਗ ਦਾ ਰਸਤਾ ਅਪਣਾਉਂਦੇ ਹਨ, ਉਹ ਹੀ ਵੱਡੇ ਬਾਜ਼ਾਰ ਵਿੱਚ ਆਪਣਾ ਫਾਇਦਾ ਵਧਾਉਣ ਵਿੱਚ ਲੱਗ ਜਾਂਦੇ ਹਨ। ਬਾਜ਼ਾਰ ਵਿੱਚ ਕੋਈ ਵਿਸ਼ੇਸ਼ ਇਰਾਦਾ ਨਾ ਹੁੰਦੇ ਹੋਏ ਵੀ ਉਹ ਸਮੂਹ ਦੁਆਰਾ ਪ੍ਰਾਪਤਤ ਸੰਯੁਕਤ ਲਾਭ ਨੂੰ ਵੀ ਵਧਾ ਦੇਂਦੇ ਹਨ। ਕਿਉਂ? ਸੰਪਤੀ ਦੇ ਅਧਿਕਾਰਾਂ ਕਾਰਣ ਅਜਿਹਾ ਵਾਪਰਦਾ ਹੈ। ਵਿਅਕਤੀਗਤ ਵਟਾਂਦਰੇ ਵਿਚ ਪ੍ਰਸ਼ਾਸ਼ਨਿਕ ਨਿਯਮ ਸ਼ਾਮਿਲ ਦਲਾਂ ਦੀ ਸਵੈ-ਇਛੁੱਕ ਸਹਿਮਤੀ ਨਾਲ ਆਉਂਦੇ ਹਨ। ਦੋ-ਧੁਰੀ ਜਾਂ ਬਹੁਵਾਦੀ ਬਾਜ਼ਾਰ ਵਾਲੇ ਵਟਾਂਦਰੇ ਵਿਚ ਪ੍ਰਸਾਂਸਨਿਕ ਨਿਯਮ- ਜਿਵੇਂ ਸੰਪਤੀ ਦੇ ਅਧਿਕਾਰ ਜੋ ਬਿਨਾਂ ਦਿੱਤੇ ਕੁਝ ਲੈਣ ਤੋਂ ਰੋਕਦੇ ਹਨ। ਸੰਸਥਾਗਤ ਢਾਂਚੇ ਦੇ ਸੰਕੇਤਕ ਹੁੰਦੇ ਹਨ। ਇਸ ਲਈ ਵਟਾਂਦਰੇ ਦੇ ਦੋ ਸੰਸਾਰ ਇਕੋ ਜਿਹੇ ਕੰਮ ਕਰਦੇ ਹਨ- ਕੁਝ ਪਾਉਣ ਦੇ ਲਈ ਕੁਝ ਗਵਾਉਣਾ ਪਵੇਗਾ।

## ਖੁਸ਼ਹਾਲੀ ਦੀ ਬੁਨਿਆਦ

ਬਾਜ਼ਾਰ ਦੀਆਂ ਵਸਤੂਆਂ ਅਤੇ ਸੇਵਾਵਾ ਧਨ ਬਣਾਉਣ ਦਾ ਆਧਾਰ ਹਨ

ਅਤੇ ਮੁਹਾਰਤ ਦੀ ਸੀਮਾ ਤੈਅ ਕਰਦੀਆ ਹਨ। ਸੰਗਠਿਤ ਬਾਜ਼ਾਰ ਵਿੱਚ ਉਤਪਾਦਕ ਉਤਪਾਦਨ ਦੇ ਸੰਭਾਵਿਤ ਮੁੱਲ ਨੂੰ ਮਹਿਸੂਸ ਕਰਦਾ ਹੈ ਅਤੇ ਉਪਭੋਗਤਾ ਮੁੱਲ ਦੀ ਸਾਮਗ੍ਰੀ ਦੀ ਸੰਭਾਵਿਤ ਪੂਰਤੀ ਉਪਰ ਆਸ਼ਰਿਤ ਰਹਿੰਦਾ ਹੈ। ਲਗਾਤਾਰ ਦੁਹਰਾਈਆਂ ਜਾਣ ਵਾਲੀਆ ਬਾਜ਼ਾਰ ਦੀਆਂ ਇਹ ਗਤੀਵਿਧੀਆਂ ਬਾਜ਼ਾਰ ਵਿੱਚ ਜ਼ਿਆਦਾਤਰ ਸਾਮੱਗਰੀ ਦੇ ਨਾਲ ਬੇਹੱਦ ਜਟਿਲ ਬਾਜ਼ਾਰ ਸੰਬੰਧਾਂ ਵਿੱਚ ਵੀ ਕਾਰਗਰ ਹੈ।

ਅਸੀਂ ਬਾਜ਼ਾਰ ਦੇ ਆਪਣੇ ਅਨੁਭਵਾਂ ਤੋਂ ਇਹ ਵੀ ਜਾਣਿਆ ਕਿ ਆਮ ਤੌਰ 'ਤੇ ਲੋਕ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਕਿਸੇ ਤਰ੍ਹਾਂ ਦਾ ਕੋਈ ਅਧਿਐਨ-ਮਾਡਲ ਉਹਨਾਂ ਦੇ ਨਿਸ਼ਚਿਤ ਵਿਉਪਾਰ ਮੁੱਲ ਅਤੇ ਜਿੰਨੀ ਸਮੱਗਰੀ ਉਹ ਵੇਚਣ ਜਾਂ ਖਰੀਦਣ ਵਾਲੇ ਹਨ, ਉਸਦੀ ਭਵਿੱਖਬਾਣੀ ਕਰ ਸਕਦਾ ਹੈ। ਦਰਅਸਲ ਬਾਜ਼ਾਰ ਦੀ ਸਮਰੱਥਾ ਨੂੰ ਵੱਡੀ ਗਿਣਤੀ ਵਿੱਚ ਹਿੱਸੇਦਾਰਾਂ, ਪੂਰੀ ਜਾਣਕਾਰੀ, ਆਰਥਿਕ ਸਮਝ ਜਾਂ ਕਿਸੇ ਵਿਸ਼ੇਸ਼ ਆਧੁਨਿਕਤਾ ਦੀ ਜ਼ਰੂਰਤ ਨਹੀਂ ਹੁੰਦੀ। ਸਮੁੱਚੇ ਰੂਪ ਵਿੱਚ ਬਾਜ਼ਾਰ ਦੀ ਪ੍ਰਕਿਰਿਆ ਉਪਰ ਅਧਿਐਨ ਕਰਨ ਵਾਲੇ ਅਰਥ-ਸ਼ਾਸਤਰੀਆਂ ਦੇ ਅਸਿੱਤਤਵ ਵਿੱਚ ਆਉਣ ਤੋਂ ਬਹੁਤ ਪਹਿਲਾਂ ਤੋਂ ਲੋਕ ਬਾਜ਼ਾਰ ਵਿੱਚ ਵਿਉਪਾਰ ਕਰ ਰਹੇ ਹਨ। ਤੁਹਾਨੂੰ ਸਿਰਫ ਏਨਾ ਜਾਨਣ ਦੀ ਜ਼ਰੂਰਤ ਹੈ ਕਿ ਕਦੋਂ ਤੁਸੀਂ ਜ਼ਿਆਦਾ ਕਮਾ ਰਹੇ ਹੋ ਅਤੇ ਕਦੋਂ ਤੁਸੀਂ ਘੱਟ ਕਮਾ ਰਹੇ ਹੋ। ਅਤੇ ਕੀ ਤੁਸੀਂ ਆਪਣੇ ਕੰਮ ਵਿੱਚ ਸੁਧਾਰ ਕਰ ਸਕਦੇ ਹੋ?

ਵਸਤੂ ਅਤੇ ਸੇਵਾ ਬਾਜ਼ਾਰ ਦੀ ਕਸੌਟੀ ਵਿਭਿੰਨਤਾ, ਸਵਾਦ ਦੀ ਵਿਭਿੰਨਤਾ, ਮਨੁੱਖੀ ਮੁਹਾਰਤ, ਗਿਆਨ, ਕੁਦਰਤੀ ਸ੍ਰੋਤ/ਵਸੀਲੇ, ਭੂਮੀ ਅਤੇ ਮੌਸਮ ਹੈ। ਪਰੰਤੂ ਵਿਭਿੰਨਤਾ ਗਰੀਬੀ ਦੇ ਵਟਾਂਦਰੇ ਦੀ ਆਜ਼ਾਦੀ ਦੇ ਬਿਨਾਂ ਹੋਣੀ ਚਾਹੀਦੀ ਹੈ। ਕੋਈ ਵੀ ਵਿਅਕਤੀ ਚਾਹੇ ਉਸ ਵਿੱਚ ਇਕ ਮੁਹਾਰਤ ਜਾਂ ਇਕ ਸ੍ਰੋਤ ਦੀ ਭਰਮਾਰ ਹੋਵੇ, ਵਿਉਪਾਰ ਦੇ ਬਿਨਾ ਖੁਸ਼ਹਾਲ ਨਹੀਂ ਹੋ ਸਕਦਾ। ਸੁਤੰਤਰ ਵਿਉਪਾਰ ਦੇ ਮਾਧਿਅਮ ਨਾਲ ਅਸੀਂ ਦੂਸਰਿਆਂ ਲੋਕਾਂ ਉਪਰ ਨਿਰਭਰ ਕਰਦੇ ਹਾਂ, ਜਿਨ੍ਹਾਂ ਨੂੰ ਅਸੀਂ ਜਾਣਦੇ, ਪਛਾਣਦੇ ਜਾਂ ਸਮਝਦੇ ਤੱਕ ਨਹੀਂ ਹਾਂ। ਬਾਜ਼ਾਰ ਦੇ ਬਿਨਾਂ ਅਸੀਂ ਗਰੀਬ, ਦੁਖੀ, ਪਸ਼ੂ-ਰੂਪ ਅਤੇ ਅਗਿਆਨੀ ਹੁੰਦੇ ਹਾਂ। ਬਾਜ਼ਾਰ ਨੂੰ ਆਰਥਿਕ ਵਟਾਂਦਰੇ ਅਤੇ ਸਮਾਜਿਕ ਅੰਤਰ-ਸੰਬੰਧਤਾ ਨਿਯਮਾਂ ਦੀ ਸਵੈ ਇੱਛਤ ਕਿਰਿਆਤਮਕਤਾ ਦੀ ਜ਼ਰੂਰਤਾ ਹੁੰਦੀ ਹੈ। ਡੈਵਿਡ ਹਯੂਮ (David Hume) ਤੋਂ ਬਿਹਤਰ ਇਸਨੂੰ 250 ਸਾਲ ਵਿੱਚ ਕੋਈ ਨਹੀਂ ਦੱਸ ਸਕਿਆ ਕਿ ਪ੍ਰਕਿਰਤੀ ਦੇ ਸਿਰਫ਼ ਤਿੰਨ ਨਿਯਮ ਹਨ; ਕਬਜ਼ਾ ਕਰਨ ਦਾ ਅਧਿਕਾਰ, ਸਹਿਮਤੀ ਨਾਲ ਇੱਕ ਤੋਂ ਦੂਜੇ ਹੱਥ ਤੱਕ ਪਹੁੰਚਾਉਣ ਅਤੇ ਪ੍ਰਤਿਬੱਧਤਾ ਦਾ ਪ੍ਰਦਰਸ਼ਨ। ਇਹ ਪ੍ਰਬੰਧ ਦੇ ਪੱਕੇ ਤੇ ਹਮੇਸ਼ਾ ਰਹਿਣ ਵਾਲੇ ਆਧਾਰ ਹਨ ਜੋ ਬਾਜ਼ਾਰ ਅਤੇ ਖੁਸ਼ਹਾਲੀ ਨੂੰ ਸੰਭਵ ਬਣਾਉਂਦੇ ਹਨ।

ਹਯੂਮ ਦੇ ਪ੍ਰਕਿਰਤੀ ਦੇ ਨਿਯਮ ਪ੍ਰਾਚੀਨ ਕਥਨਾਂ ਤੋਂ ਬਣੇ ਹਨ। ਜਿਵੇਂ- ਤੁਹਾਨੂੰ

ਚੋਰੀ ਨਹੀਂ ਕਰਨੀ ਚਾਹੀਦੀ। ਤੁਹਾਨੂੰ ਗੁਆਂਢੀ ਦੀਆਂ ਚੀਜ਼ਾਂ ਉਪਰ ਕਬਜ਼ਾ ਨਹੀਂ ਕਰਨਾ ਚਾਹੀਦਾ ਅਤੇ ਤੁਹਾਨੂੰ ਝੂਠੀ ਗਵਾਹੀ ਵੀ ਨਹੀਂ ਦੇਣੀ ਚਾਹੀਦੀ। 'ਚੋਰੀ' ਦੀ ਖੇਡ ਧਨ ਨੂੰ ਖਾਂ ਜਾਂਦੀ ਹੈ ਅਤੇ ਇਸਦੇ ਮੁੜ ਉਤਪਾਦਨ ਵਿਚ ਰੋਕ ਪਾਉਂਦੀ ਹੈ। ਦੂਸਰਿਆਂ ਦੀ ਸੰਪਤੀ ਉਪਰ ਕਬਜ਼ਾ ਕਰਨ ਨਾਲ ਧਨ ਦੀ ਮੁੜ-ਵੰਡ ਵਿੱਚ ਹਿੰਸਕ ਸਥਿਤੀ ਪੈਦਾ ਹੁੰਦੀ ਹੈ ਅਤੇ ਇਸ ਪ੍ਰਕਾਰ, ਕੱਲ ਦੀ ਫਸਲ ਦਾ ਉਤਪਾਦਨ ਖਤਰੇ ਵਿੱਚ ਪੈ ਜਾਂਦਾ ਹੈ। ਝੂਠੀ ਗਵਾਹੀ ਦੇਣ ਨਾਲ ਸਮੁਦਾਏ, ਨੇਮ-ਪ੍ਰਬੰਧ ਦੀ ਨਿਸ਼ਚਿਤਤਾ ਨਿਵੇਸ਼ਕਾਂ ਦਾ ਭਰੋਸਾ, ਲੰਮੇ ਸਮੇਂ ਦਾ ਲਾਭ ਅਤੇ ਵਿਅਕਤੀਗਤ ਵਟਾਂਦਰਾ ਘੱਟ ਹੁੰਦਾ ਹੈ।

## ਸਮੱਗਰੀ ਦੀ ਪੂਰਤੀ ਸਿਰਫ਼ ਬਾਜ਼ਾਰ ਤੋਂ

ਆਰਥਿਕ ਵਿਕਾਸ ਨਿੱਜੀ ਸੰਪਤੀ ਦੇ ਅਧਿਕਾਰਾਂ ਅਤੇ ਕਾਨੂੰਨ ਦੁਅਰਾ ਵਿਕਸਿਤ ਅਰਥ-ਵਿਵਸਥਾ ਅਤੇ ਰਾਜਨੀਤਿਕ ਵਿਵਸਥਾ ਦੇ ਨਾਲ ਜੁੜਿਆ ਹੈ। ਜਿੱਥੇ ਵੀ ਮਜ਼ਬੂਤ ਕੇਂਦਰੀ ਯੋਜਨਾ ਕਾਰਜਕਾਲ ਦਾ ਯਤਨ ਹੋਇਆ ਹੈ, ਸਮੱਗਰੀ ਦੀ ਪੂਰਤੀ ਅਸਫਲ ਰਹੀ ਹੈ। ਇਸ ਗੱਲ ਦੇ ਬਹੁਤ ਸਾਰੇ ਉਦਾਹਰਣ ਹਨ। ਜਦ ਵੱਡੇ ਅਤੇ ਛੋਟੇ ਦੋਵੇਂ ਤਰ੍ਹਾਂ ਦੇ ਦੇਸ਼ਾਂ (ਚੀਨ ਤੋਂ ਨਿਊਜ਼ੀਲੈਂਡ ਅਤੇ ਆਇਰਲੈਂਡ) ਦੀਆਂ ਸਰਕਾਰਾਂ ਨੇ ਆਰਥਿਕ ਆਜ਼ਾਦੀ ਦੀਆਂ ਰੁਕਾਵਟਾਂ ਨੂੰ ਕਿਸੇ ਹੱਦ ਤੱਕ ਦੂਰ ਕੀਤਾ। ਇਨ੍ਹਾਂ ਦੇਸ਼ਾਂ ਨੇ ਆਪਣੇ ਲੋਕਾਂ ਨੂੰ ਸਿਰਫ਼ ਆਪਣੀ ਆਰਥਿਕ ਬਿਹਤਰੀ ਦੀ ਆਜ਼ਾਦੀ ਕਰਨ ਦੀ ਆਗਿਆ ਦੇ ਕੇ ਹੀ ਉਲੇਖਯੋਗ ਆਰਥਿਕ ਪ੍ਰਗਤੀ ਹਾਸਿਲ ਕੀਤੀ ਹੈ।

ਚੀਨ ਸਪੱਸ਼ਟ ਰੂਪ ਵਿੱਚ ਆਰਥਿਕ ਆਜ਼ਾਦੀ ਦੀ ਦਿਸ਼ਾ ਵਿੱਚ ਵਧਿਆ ਹੈ। ਸਿਰਫ਼ ਇਕ ਸਾਲ ਪਹਿਲਾਂ ਹੀ ਚੀਨ ਨੇ ਲੋਕਾਂ ਨੂੰ ਸੰਪਤੀ ਰੱਖਣ, ਖਰੀਦਣ ਤੇ ਵੇਚਣ ਦਾ ਅਧਿਕਾਰ ਦੇਣ ਲਈ ਸੰਵਿਧਾਨ ਵਿੱਚ ਸੰਸ਼ੋਧਨ ਕੀਤਾ ਹੈ। ਕਿਉਂ? ਚੀਨ ਦੀ ਸਰਕਾਰ ਦੇ ਸਾਹਮਣੇ ਇਕ ਸਮੱਸਿਆ ਇਹ ਆ ਰਹੀ ਹੈ ਕਿ ਲੋਕ ਸੰਪਤੀ ਖਰੀਦ ਤੇ ਵੇਚ ਰਹੇ ਸੀ ਭਾਵੇਂ ਕਿ ਇਸ ਲੈਣ-ਦੇਣ ਨੂੰ ਸਰਕਾਰ ਤੋਂ ਮਨਜ਼ੂਰੀ ਨਹੀਂ ਮਿਲੀ ਸੀ। ਇਸ ਨਾਲ ਭੂਮੀ ਅਧਿਕਾਰੀ ਵਿਉਪਾਰ ਕਰਕੇ ਕਾਨੂੰਨ ਤੋੜਨ ਵਾਲਿਆ ਤੋਂ ਧਨ (ਰਿਸ਼ਵਤ) ਲੈ ਰਹੇ ਸਨ। ਸੰਪਤੀ ਦੇ ਅਧਿਕਾਰਾਂ ਨੂੰ ਮਨਜ਼ੂਰੀ ਦੇ ਕੇ ਕੇਂਦਰੀ ਸਰਕਾਰ ਸਥਾਨਕ ਨੌਕਰਸ਼ਾਹੀ ਦੇ ਭ੍ਰਿਸ਼ਟਾਚਾਰ ਨੂੰ ਤਾਕਤ ਦੇਣ ਵਾਲੇ ਕੇਂਦਰੀ ਸ੍ਰੋਤ ਨੂੰ ਖਤਮ ਕਰਨ ਦਾ ਯਤਨ ਕਰ ਰਹੀ ਹੈ। ਜਿਸਨੂੰ ਕੇਂਦਰ ਤੋਂ ਸੰਭਾਲਣ ਤੇ ਨਿਯੰਤ੍ਰਿਤ ਕਰਨਾ ਬਹੁਤ ਮੁਸ਼ਕਿਲ ਹੈ। ਇਸ ਸੰਵਿਧਾਨਿਕ ਪਰਿਵਰਤਨ ਨੂੰ ਮੈਂ ਆਰਥਿਕ ਵਿਕਾਸ ਦੇ ਨਾਲ ਰਾਜਨੀਤਿਕ ਦਖ਼ਲ-ਅੰਦਾਜ਼ੀ ਅਤੇ ਵੱਧਦੇ ਹੋਏ ਸਰਕਾਰੀ ਭ੍ਰਿਸ਼ਟਾਚਾਰ ਨੂੰ ਸੀਮਿਤ ਕਰਨ ਵਾਲੇ ਪ੍ਰਯੋਗ ਦੇ ਰੂਪ ਵਿੱਚ ਵੇਖਦਾ ਹਾਂ। ਭਾਵੇਂ ਕਿ ਆਜ਼ਾਦੀ ਲਈ ਇਹ ਬਦਲਾਅ ਕਿਸੇ ਰਾਜਨੀਤਿਕ ਸੰਘਰਸ਼ ਦਾ ਨਤੀਜਾ ਨਹੀਂ ਹੈ। ਪਰੰਤੂ ਇਹ ਮੁਕਤ

ਬਾਜ਼ਾਰ ਵੱਲ ਰਾਹ ਜ਼ਰੂਰ ਬਣਾ ਸਕਦਾ ਹੈ। ਤਤਕਾਲਿਕ ਪ੍ਰਭਾਵ ਹੁਣ ਤੋਂ ਹੀ ਦਿਖਾਈ ਦੇਣ ਲੱਗ ਪਏ ਹਨ-ਦੁਨੀਆਂ ਦੀ ਸੱਭ ਤੋਂ ਵਡੀਆਂ 500 ਵਿੱਚੋਂ 276 ਕੰਪਨੀਆਂ ਬੀਜ਼ਿੰਗ ਦੇ ਕੋਲ ਇੱਕ ਵਿਸ਼ਾਲ ਆਰ.ਐਂਡ.ਡੀ.(ਫ਼ਧ) ਪਾਰਕ ਵਿੱਚ (ਚੀਨੀ ਸਰਕਾਰ ਤੋਂ 50 ਸਾਲ ਦੀ ਲੀਜ਼ ਦੇ ਤਹਿਤ) ਫਾਇਦੇਮੰਦ ਨਿਵੇਸ਼ ਕਰ ਰਹੀਆਂ ਹਨ।

ਇਹ ਜਵਾਨ ਲੋਕ ਇਸ ਲਈ ਵਾਪਸ ਆ ਰਹੇ ਹਨ ਕਿਉਂਕਿ ਉਹਨਾਂ ਦੇ ਘਰਾਂ ਵਿੱਚ ਆਰਥਿਕ ਆਜ਼ਾਦੀ ਦੇ ਆਉਣ ਨਾਲ ਨਵੇਂ ਮੌਕੇ ਮਿਲਣ ਲੱਗ ਪਏ ਹਨ। ਉਹ ਗਿਆਨ ਆਧਾਰਿਤ ਉੱਦਮੀ/ਵਿਉਪਾਰੀਆਂ ਦੇ ਉਦਾਹਰਣ ਹਨ ਜੋ 'ਕਰ ਸਕਦੇ ਹਨ'। ਜੋ ਨਾ ਸਿਰਫ ਆਪਣੇ ਗੁਆਢੀ ਰਾਜਾਂ ਬਲਕਿ ਸੰਯੁਕਤ ਰਾਜ ਅਤੇ ਦੁਨੀਆਂ ਦੇ ਦੂਸਰੇ ਦੇਸ਼ਾਂ ਲਈ ਵੀ ਧਨ ਕਮਾ ਰਹੇ ਹਨ ਅਤੇ ਮਾਨਵ ਕਲਿਆਣ ਕਰ ਰਹੇ ਹਨ। ਇਨ੍ਹਾਂ ਲੋਕਾਂ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਕਿਵੇਂ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੂੰ ਚੰਗੇ ਆਰਥਿਕ ਮੌਕਿਆਂ ਵਿੱਚ ਬਦਲਕੇ ਦੇਸ਼ ਦੀ ਯੋਗਤਾ/ ਪ੍ਰਤਿਭਾ ਨੂੰ ਨਾਟਕੀ ਢੰਗ ਨਾਲ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ।

**ਡਰਨ ਦੀ ਕੋਈ ਲੋੜ ਨਹੀਂ**

ਪਰਿਵਰਤਨ, ਪ੍ਰਗਤੀ ਅਤੇ ਆਰਥਿਕ ਬਿਹਤਰੀ ਦੀ ਪ੍ਰਕਿਰਿਆ ਦਾ ਜ਼ਰੂਰੀ ਹਿੱਸਾ ਬੀਤ ਗਏ ਕੱਲ ਦੀਆਂ ਨੌਕਰੀਆਂ ਨੂੰ ਬੀਤ ਗਏ ਕੱਲ ਦੀ ਤਕਨੀਕ ਦਾ ਰਸਤਾ ਬਣਨ ਦੇਣਾ ਹੈ। ਘਰੇਲੂ ਕੰਪਨੀਆਂ ਨੂੰ ਬਾਹਰੀ ਸ੍ਰੋਤ ਬਣਨ ਤੋਂ ਰੋਕ ਕੇ ਉਹਨਾਂ ਦੇ ਵਿਦੇਸ਼ੀ ਮੁਕਾਬਲੇਦਾਰਾਂ (ਵਿਉਪਾਰੀਆਂ) ਨੂੰ ਅਜਿਹਾ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ ਭਾਵੇਂ ਕਿ ਬਾਹਰੀ ਸ੍ਰੋਤ ਦੇ ਮਾਧਿਅਮ ਨਾਲ ਵਿਦੇਸ਼ੀ ਮੁਕਾਬਲੇਬਾਜ਼ (ਵਿਉਪਾਰੀ) ਆਪਣੀਆਂ ਕੀਮਤਾਂ ਘੱਟ ਕਰਨਗੇ ਤੇ ਘੱਟ ਹੋਈਆਂ ਕੀਮਤਾਂ ਦੀ ਬਚਤ ਦਾ ਇਸਤੇਮਾਲ ਕਰਕੇ ਆਪਣੀ ਤਕਨੀਕ ਨੂੰ ਉੱਨਤ ਕੀਤਾ ਜਾ ਸਕਦਾ ਹੈ ਅਤੇ ਇਸ ਪ੍ਰਕਾਰ ਬਾਜ਼ਾਰ ਵਿੱਚੋਂ ਬਹੁਤ ਸਾਰਾ ਮੁਨਾਫ਼ਾ ਕਮਾਣਗੇ।

ਸ੍ਰੋਤ ਦੇ ਬਾਹਰੀਕਰਨ ਦਾ ਸਭ ਤੋਂ ਚੰਗਾ ਉਦਾਹਰਣ ਦੂਸਰੇ ਵਿਸ਼ਵ-ਯੁੱਧ ਦੇ ਬਾਅਦ ਦੱਖਣੀ ਰਾਜਾਂ ਵਿੱਚ ਘੱਟ ਮਜ਼ਦੂਰੀ ਤੇ ਤਨਖਾਹਾਂ ਦੀ ਪ੍ਰਤੀਕਿਰਿਆ ਦੇ ਰੂਪ ਵਿੱਚ ਨਿਊ-ਇੰਗਲੈਂਡ ਦੇ ਕੱਪੜਾ ਉਦਯੋਗ ਦਾ ਦੱਖਣ ਵਿੱਚ ਚਲੇ ਜਾਣਚਾ ਹੈ। (ਉਮੀਦ ਦੇ ਮੁਤਾਬਿਕ ਇਸ ਨਾਲ ਦੱਖਣ ਵਿੱਚ ਤਨਖਾਹਾਂ ਵੱਧ ਗਈਆਂ ਅਤੇ ਉਦਯੋਗ ਨੂੰ ਏਸ਼ੀਆਂ ਵਿੱਚ ਘੱਟ ਖਰਚ ਵਾਲੇ ਸ੍ਰੋਤਾਂ ਵੱਲ ਜਾਣਾ ਪਿਆ।) ਪਰੰਤੂ ਨਿਊ-ਇੰਗਲੈਂਡ ਵਿੱਚ ਨੌਕਰੀਆਂ ਖਤਮ ਨਹੀਂ ਹੋਈਆਂ। ਕੱਪੜਾ ਉਦਯੋਗ ਦੀ ਥਾਂ ਉੱਚ ਤਕਨੀਕ ਦੇ ਉਦਯੋਗ; ਇਲੈਕਟ੍ਰੋਨਿਕ ਇਨਫ਼ਰਮੇਸ਼ਨ ਅਤੇ ਬਾਇਓਟੈਕਨੋਲਜੀ ਨੇ ਲੈ ਲਈ। ਇਸ ਨਾਲ ਇਕ ਵਾਰ ਦਾ ਮਹੱਤਵਪੂਰਨ ਉਦਯੋਗ ਗਵਾਉਣ ਦੇ ਬਾਵਜੂਦ ਨਿਊ-ਇੰਗਲੈਂਡ ਨੇ ਭਾਰੀ ਲਾਭ ਕਮਾਇਆ। ਸਾਲ 1965 ਵਿੱਚ ਵਾਰੇਨ ਬਫ਼ੇਟ ਨੂੰ ਮੈਸੂਚਿਊਟਸ ਦੀ ਖਤਮ ਹੋ ਰਹੀ ਇਕ ਕੱਪੜਾ ਉਤਪਾਦਕ ਇਕਾਈ ਬਰਕਸ਼ਾਅਰ ਹੈਥਵੇ ਦਾ ਨਿਯੰਤਰਣ

ਮਿਲ ਗਿਆ। ਉਹਨਾਂ ਨੇ ਕੰਪਨੀ ਦਾ ਵੱਡੇ ਪੈਮਾਨੇ ਉਪਰ ਪ੍ਰਯੋਗ ਕੀਤਾ ਪਰੰਤੂ ਘੱਟ ਕੀਮਤਾਂ ਵਾਲੀਆਂ ਵਿਉਪਾਰਿਕ ਸੰਸਥਾਵਾਂ ਦੇ ਮੇਜ਼ਬਾਨ ਦੇ ਰੂਪ ਵਿੱਚ ਧਨ ਦੇ ਮੁੜ-ਨਿਵੇਸ਼ ਲਈ ਵਰਤਮਾਨ ਦੇ ਨਕਦੀ (in cash) ਪ੍ਰਵਾਹ ਨੂੰ ਰੋਕ ਦਿੱਤਾ। ਉਹ ਸਫ਼ਲ ਹੋ ਗਏ। 40 ਸਾਲ ਬਾਅਦ ਬਫੇਟ ਦੀ ਕੰਪਨੀ ਦੇ ਕੋਲ 113 ਬਿਲੀਅਨ ਡਾਲਰ ਦੀ ਪੂੰਜੀ ਸੀ। ਅਜਿਹਾ ਹੀ ਲੈਣ-ਦੇਣ ਅੱਜ ਕੱਲ ਦੇ ਕੇ-ਮਾਰਦ ਅਤੇ ਸਿਅਰਥ ਰੋਏਬਕ ਦਰਮਿਆਨ ਹੋ ਰਿਹਾ ਹੈ। ਕੁਝ ਵੀ ਹਮੇਸ਼ਾ ਦੇ ਲਈ ਨਹੀਂ ਹੁੰਦਾ। ਜਦ ਪੁਰਾਣਾ ਵਿਉਪਾਰ ਡੁੱਬਦਾ ਹੈ ਤਾਂ ਉਸਦੇ ਸੰਸਾਧਨ ਨਵੇਂ ਲਈ ਰਸਤਾ ਖੋਲ੍ਹਦੇ ਹਨ।

ਨੈਸ਼ਨਲ ਬਿਊਰੋ ਆਫ਼ ਇਕੋਨਾਮਿਕ ਰਿਸਰਚ ਨੇ ਯੂ.ਐੱਸ ਵਿੱਚ ਬਹੁ-ਰਾਸ਼ਟਰੀ ਨਿਯਮਾਂ ਦੇ ਦੁਆਰਾ ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਉਪਰ ਇਕ ਨਵਾਂ ਅਧਿਐਨ ਕੀਤਾ। ਅਧਿਐਨ ਤੋਂ ਪਤਾ ਲੱਗਾ ਕਿ ਉਹ ਵਿਦੇਸ਼ਾਂ ਵਿੱਚ ਇੱਕ ਡਾਲਰ ਦਾ ਨਿਵੇਸ਼ ਕਰਦੇ ਹਨ ਤਾਂ ਸੰਯੁਕਤ ਰਾਸ਼ਟਰ ਵਿੱਚ 3.50 ਡਾਲਰ ਦਾ ਨਿਵੇਸ਼ ਕਰਦੇ ਹਨ। ਇਸ ਨਾਲ ਵਿਦੇਸ਼ੀ ਅਤੇ ਘਰੇਲੂ ਨਿਵੇਸ਼ ਦੇ ਪੂਰਕ ਸੰਬੰਧ ਦਾ ਪਤਾ ਲੱਗਦਾ ਹੈ। ਜਦ ਇਕ ਵਿਕਾਸ ਕਰਦਾ ਹੈ ਤਾਂ ਦੂਸਰਾ ਵੀ ਵਿਕਾਸ ਕਰਦਾ ਹੈ। ਮੈਕਿਨਸੀ ਐਂਡ ਕੰਪਨੀ ਨੇ ਅੰਦਾਜ਼ਾ ਲਗਾਇਆ ਕਿ ਯੂ. ਐੱਸ ਕੰਪਨੀਆਂ ਭਾਰਤ ਵਿੱਚ ਇਕ ਡਾਲਰ ਨਿਵੇਸ਼ ਕਰਦੀਆ ਹਨ ਤਾਂ ਸੰਯੁਕਤ ਰਾਜ ਨੂੰ 1.14 ਡਾਲਰ ਦਾ ਫਾਇਦਾ ਹੁੰਦਾ ਹੈ। ਲਗਭਗ ਅੱਧਾ ਭਾਗ ਨਿਵੇਸ਼ਕਾਂ ਤੇ ਉਪਭੋਗਤਾਵਾਂ ਦੇ ਕੋਲ ਵਾਪਸ ਚਲਿਆ ਜਾਂਦਾ ਹੈ ਅਤੇ ਬਚਿਆ ਹੋਇਆ ਹਿੱਸਾ ਜ਼ਿਆਦਾਤਰ ਨੌਕਰੀਆਂ ਉਤਪੰਨ ਕਰਨ ਵਿੱਚ ਚਲਿਆਂ ਜਾਂਦਾ ਹੈ। ਇਸ ਤੋਂ ਉਲਟ ਜਰਮਨ ਕੰਪਨੀਆਂ ਦੁਆਰਾ ਵਿਦੇਸ਼ ਵਿੱਚ ਨਿਵੇਸ਼ ਕੀਤਾ ਗਿਆ ਹਰੇਕ ਯੂਰੋ ਘਰੇਲੂ ਅਰਥ-ਵਿਵਸਥਾ ਨੂੰ ਸਿਰਫ਼ 80 ਪ੍ਰਤੀਸ਼ਤ ਮੁਨਾਫ਼ਾ ਹੀ ਪਹੁੰਚਾ ਪਾਉਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਪ੍ਰਵਾਸੀ ਜਰਮਨ ਮਜ਼ਦੂਰਾਂ/ਕਰਮਚਾਰੀਆ ਦੀ ਮੁੜ-ਰੋਜ਼ਗਾਰ ਦਰ ਵੱਡੀ ਮਾਤਰਾ ਵਿੱਚ ਸਰਕਾਰੀ ਨਿਯਮਾਂ ਕਾਰਣ ਬਹੁਤ ਘੱਟ/ਨੀਵੀਂ ਰਹਿ ਜਾਂਦੀ ਹੈ।

ਮੇਰਾ ਮੰਨਣਾ ਹੈ ਕਿ ਵਿਸ਼ਵ ਨਵੀਨਤਾ ਦੀ ਗਨਣਾ ਵਿੱਚ ਸੰਯੁਕਤ ਰਾਜ ਪਹਿਲੇ ਸਥਾਨ ਉਪਰ ਰਹੇਗਾ। ਸਾਨੂੰ ਸ੍ਰੋਤ ਦੇ ਬਾਹਰੀਕਰਨ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਡਰਾਉਣ ਵਾਲੀ ਗੱਲ ਇਹ ਹੈ ਕਿ ਇਸਦਾ ਵਿਰੋਧ ਕਰਨ ਵਾਲੇ ਸਾਡੇ ਨੇਤਾ ਕਾਮਯਾਬ ਨਾ ਹੋ ਜਾਣ। ਅੰਤਰ-ਰਾਸ਼ਟਰੀ ਅਰਥ-ਸ਼ਾਸਤਰ ਸਰਵੇ ਦੇ ਮੁਤਾਬਿਕ 1999-2003 ਦੇ ਦੌਰਾਨ ਇਕ ਲੱਖ ਪੰਦਰਾਂ ਹਜ਼ਾਰ ਤੋਂ ਵੀ ਜ਼ਿਆਦਾ ਉੱਚ ਆਮਦਨ ਵਾਲੀਆਂ ਕੰਪਿਊਟਰ ਸਾਫ਼ਟਵੇਅਰ ਨੌਕਰੀਆਂ ਪੈਦਾ ਹੋਈਆਂ। ਜਦਕਿ ਸ੍ਰੋਤ ਦੇ ਬਾਹਰੀਕਰਣ ਨਾਲ 70 ਹਜ਼ਾਰ ਨੌਕਰੀਆਂ ਖ਼ਤਮ ਹੋ ਗਈਆ। ਇਸੇ ਤਰ੍ਹਾਂ ਨੌਕਰੀਆਂ ਦੇ ਖੇਤਰ ਵਿੱਚ 7 ਮਿਲੀਅਨ ਪੁਰਾਣੀਆਂ ਨੌਕਰੀਆਂ ਦੇ ਬਦਲੇ ਵਿਚ 15 ਮਿਲੀਅਨ ਨਵੀਆਂ ਨੌਕਰੀਆ ਪੇਦਾ ਹੋ ਗਈਆ। ਤੇਜ਼ ਤਕਨੀਕੀ ਪਰਿਵਰਤਨ ਅਤੇ ਪੁਰਾਣੀਆਂ

ਨੌਕਰੀਆਂ ਦੇ ਬਦਲੇ ਨਵੀਆਂ ਨੌਕਰੀਆਂ ਦੇ ਆਉਣ ਦੀ ਪ੍ਰਕਿਰਿਆ ਹੀ ਆਰਥਿਕ ਵਿਕਾਸ ਹੈ।

ਵਿਦੇਸ਼ਾਂ ਵਿੱਚ ਸ੍ਰੋਤ ਦੇ ਬਾਹਰੀਕਰਨ ਨਾਲ ਅਮਰੀਕੀ ਕਾਰੋਬਾਰ ਵਿੱਚ ਨਵੀਂ ਤਕਨੀਕ ਵਿੱਚ ਨਿਵੇਸ਼ ਦੇ ਲਈ ਧਨ ਦਾ ਬਚਾਅ ਅਤੇ ਵਿਸ਼ਵ ਬਾਜ਼ਾਰ ਵਿੱਚ ਮੁਕਾਬਲੇ ਵਿੱਚ ਬਣੇ ਰਹਿਣ ਦੀ ਪ੍ਰਕਿਰਿਆ ਵਿੱਚ ਨਵੀਆਂ ਨੌਕਰੀਆ ਪੈਦਾ ਹੋਈਆ। ਬਦਕਿਸਮਤੀ ਨਾਲ ਇੱਕ ਤੋਂ ਦੂਜੇ ਤੱਕ ਪਹੁੰਚਾਉਣ ਦੀ ਮੁਸ਼ਕਿਲ ਵਿੱਚੋਂ ਲੰਘੇ ਬਿਨਾਂ ਅਸੀਂ ਮੁਨਾਫ਼ੇ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਪਰਿਵਰਤਨ ਨਿਸ਼ਚਿਤ ਰੂਪ ਨਾਲ ਦੁਖਦਾਈ ਹੁੰਦਾ ਹੈ। ਜੋ ਲੋਕ ਆਪਣੀ ਨੌਕਰੀ ਗਵਾਕੇ ਨਵੇਂ ਮੌਕੇ ਦੀ ਤਲਾਸ਼ ਕਰਦੇ ਹਨ, ਉਹਨਾਂ ਦੇ ਲਈ ਇਹ ਦੁਖਦਾਈ ਹੁੰਦਾ ਹੈ। ਪਰੰਤੂ ਸਫ਼ਲ ਲੋਕਾਂ ਦੁਆਰਾ ਕਮਾਇਆ ਗਿਆ ਮੁਨਾਫ਼ਾ ਸੰਪੂਰਣ ਅਰਥ ਵਿਵਸਥਾ ਲਈ ਨਵੀਂ ਪੂੰਜੀ ਲਿਆਉਂਦਾ ਹੈ। ਇਹ ਲਾਭ ਖੋਜ ਦੀ ਪ੍ਰਕਿਰਿਆ ਅਤੇ ਮੁਕਾਬਲੇ ਵਿੱਚ ਸਿਖਣ ਦੇ ਅਨੁਭਵ ਦੇ ਮਾਧਿਅਮ ਨਾਲ ਬਾਜ਼ਾਰ ਨੂੰ ਨਿਸ਼ਚਿਤ ਬਣਾਉਂਦੇ ਹਨ। ਵਿਸ਼ਵੀਕਰਨ ਨਵਾਂ ਨਹੀਂ ਹੈ। ਇਹ ਪ੍ਰਾਚੀਨ ਮਨੁੱਖ ਦੀ ਵਿਆਖਿਆ ਕਰਨ ਵਾਲਾ ਨਵਾਂ ਸ਼ਬਦ ਹੈ। ਉਹ ਸ਼ਬਦ ਜੋ ਮੁਹਾਰਤ ਦੇ ਵਿਉਪਾਰਕ ਪਾਸਾਰ ਅਤੇ ਵਟਾਂਦਰੇ ਦੇ ਮਾਧਿਅਮ ਨਾਲ ਕਲਿਆਣ ਲਈ ਮਾਨਵ ਸੱਭਿਅਤਾ ਦੀ ਖੋਜ ਦਾ ਸੂਚਕ ਹੈ। ਇਹ ਸ਼ਾਂਤੀਪੂਰਣ ਸ਼ਬਦ ਹੈ। ਮਹਾਨ ਫਰਾਂਸੀਸੀ ਅਰਥ-ਸ਼ਾਸਤਰੀ ਫ੍ਰੈਡਰਿਕ ਬਾਸਤਿਯਾਤ ਸਮਝਪੂਰਵਕ ਕਹਿੰਦੇ ਹਨ ਕਿ, "ਜੇਕਰ ਸਮੱਗਰੀ ਸੀਮਾ ਪਾਰ ਨਹੀਂ ਕਰੇਗੀ ਤਾਂ ਯੋਧਾ ਕਰਨਗੇ"।

# ਕੀ ਸੁਤੰਤਰਤਾ ਬਾਜ਼ਾਰ ਨੈਤਿਕ ਚਰਿਤ੍ਰ ਨੂੰ ਖਤਮ ਕਰਦੀ ਹੈ? ਇੱਕ ਵਿਰੋਧਾਭਾਸ

**ਜਗਦੀਸ਼ ਭਗਵਤੀ (Jagdish Bhagwati)**

*ਇਸ ਲੇਖ ਵਿੱਚ ਪ੍ਰੋਫ਼ੈਸਰ ਅਤੇ ਆਰਥਿਕ ਅਧਿਐਨ-ਕਰਤਾ ਜਗਦੀਸ਼ ਭਗਵਤੀ ਉਸ ਧਾਰਣਾ ਦਾ ਜਵਾਬ ਦੇਂਦੇ ਹਨ ਜਿਸ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਵਿਸ਼ਵੀਕਰਨ ਨੈਤਿਕ ਚਰਿਤ੍ਰ ਨੂੰ ਅੰਦਰੋ-ਅੰਦਰ ਨੁਕਸਾਨ ਪਹੁੰਚਾਉਂਦਾ ਹੈ। ਉਹ ਬਜ਼ਾਰਾਂ ਦੇ ਖੁੱਲਣ ਤੋਂ ਬਾਲ-ਮਜ਼ਦੂਰੀ, ਲਿੰਗ ਸਮਾਨਤਾ, ਗਰੀਬੀ ਵਿੱਚ ਕਮੀ ਅਤੇ ਭੌਤਿਕ ਸੁੱਖ ਸਾਧਨਾਂ ਉੱਤੇ ਪੈਣ ਵਾਲੇ ਪ੍ਰਭਾਵ ਉਪਰ ਚਰਚਾ ਕਰਦਾ ਹੈ। ਸਮੁੱਚੇ ਰੂਪ ਵਿੱਚ ਉਹ ਦਾਅਵੇ ਨਾਲ ਕਹਿੰਦਾ ਹੈ ਕਿ ਵਿਸ਼ਵੀਕਰਨ ਸਾਨੂੰ ਸਬਰ ਵਾਲੇ ਅਤੇ ਸ਼ਾਂਤ ਬਣਾਉਂਦਾ ਹੈ। ਇਸਦੇ ਨਾਲ ਹੀ ਇਹ ਸਾਡੇ ਦਾਅਰੇ ਅਤੇ ਸਹਾਨੂੰਭੂਤੀ (Empathy) ਦੀ ਸੀਮਾ ਵਿਸ਼ਵ ਪੱਧਰ ਤੱਕ ਫੈਲਾਅ ਦੇਂਦਾ ਹੈ।*

*ਜਗਦੀਸ਼ ਭਗਵਤੀ ਕੋਲੰਬੀਆ ਯੂਨੀਵਰਸਿਟੀ ਵਿੱਚ ਅਰਥ-ਸ਼ਾਸਤਰ ਅਤੇ ਕਾਨੂੰਨ ਦੇ ਪ੍ਰੋਫ਼ੈਸਰ ਹਨ, ਕਾਉਂਸਲ ਆਫ਼ ਫ਼ਾਰੇਨ ਰਿਲੇਸ਼ਨ ਵਿੱਚ ਅੰਤਰਰਾਸ਼ਟਰੀ ਅਰਥ-ਸ਼ਾਸਤਰ ਦੇ ਖੋਜਾਰਥੀ ਹਨ ਅਤੇ ਉਹ 'ਡਿਫੈਂਸ ਆਫ਼ ਗਲੋਬਲਾਈਜ਼ੇਸ਼ਨ' ਦੇ ਲੇਖਕ ਹਨ। ਉਹ ਸਮਾਨ ਕਾਨੂੰਨ ਵਿਵਸਥਾ ਅਤੇ ਅੰਤਰ-ਰਾਸ਼ਟਰੀ ਵਿਉਪਾਰ ਉਪਰ ਕਾਫ਼ੀ ਲਿਖਦੇ ਹਨ।*

ਮੈਂ ਆਪਣੇ ਨਿੱਜੀ ਅਨੁਭਵਾਂ ਨਾਲ ਇਹ ਸਾਬਿਤ ਕਰ ਸਕਦਾ ਹਾਂ ਕਿ ਜੇਕਰ ਤੁਸੀਂ ਅੱਜ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਨਾਲ ਸੁਤੰਤਰ ਆਰਥਿਕ ਬਾਜ਼ਾਰ ਦੇ ਸੰਬੰਧ ਵਿੱਚ ਚਰਚਾ ਕਰਨ ਦੀ ਕੋਸ਼ਿਸ਼ ਕਰਦੇ ਹੋਂ ਤਾਂ ਤੁਹਾਨੂੰ ਵਿਸ਼ਵੀਕਰਨ ਦੀ ਸਮਾਲੋਚਨਾ ਦੇ ਪਹਾੜ ਥੱਲੇ ਦਫ਼ਨ ਕਰ ਦਿੱਤਾ ਜਾਵੇਗਾ। ਇਸਦੇ ਜ਼ਿਆਦਾਤਰ ਵਿਰੋਧੀ (ਅਧਿਆਪਕ ਵਰਗ ਤੇ ਵਿਦਿਆਰਥੀ) ਅੰਤਰਰਾਸ਼ਟਰੀ ਬਾਜ਼ਾਰ ਦੇ ਵਿਸਥਾਰ ਦੇ ਪਰਉਪਕਾਰਵਾਦੀ (altruism) ਸਿਧਾਂਤ ਵਾਲੇ ਹੁੰਦੇ ਹਨ। ਉਹ ਅਜਿਹਾ ਸਮਾਜਿਕ ਤੇ ਨੈਤਿਕ ਮੁੱਦਿਆ ਨਾਲ ਜੁੜੀ ਆਪਣੀ ਚਿੰਤਾ ਕਾਰਨ ਕਰਦੇ ਹਨ। ਸਾਧਾਰਣ ਤੌਰ ਤੇ ਉਹ ਇਹ ਮੰਨਦੇ ਹਨ ਕਿ ਵਿਸ਼ਵੀਕਰਨ ਦਾ ਕੋਈ ਮਾਨਵੀ ਚਿਹਰਾ ਨਹੀਂ ਹੈ। ਮੇਰਾ ਨਜ਼ਰੀਆ ਇਸਦੇ ਉਲਟ ਹੈ। ਮੈਂ ਮੰਨਦਾ ਹਾਂ ਕਿ ਵਿਸ਼ਵੀਕਰਨ ਨਾ ਸਿਰਫ਼ ਖੁਸ਼ਹਾਲੀ ਨੂੰ ਵਧਾਉਣ ਤੇ ਇਸਦੇ ਪਸਾਰ ਦਾ ਕੰਮ ਕਰਦਾ ਹੈ ਬਲਕਿ ਇਸ ਨਾਲ ਸੰਬੰਧਿਤ ਲੋਕਾਂ ਵਿੱਚ ਨੈਤਿਕ ਨਤੀਜਿਆਂ ਅਤੇ ਬਿਹਤਰ ਨੈਤਿਕ ਕਿਰਦਾਰਾਂ ਦਾ ਵਿਕਾਸ ਵੀ ਕਰਦਾ ਹੈ।

ਬਹੁਤ ਸਾਰੇ ਸਮਾਲੋਚਕ ਇਹ ਮੰਨਦੇ ਹਨ ਕਿ ਵਿਸ਼ਵੀਕਰਨ ਬਾਲ ਮਜ਼ਦੂਰੀ ਤੇ ਗਰੀਬ ਦੇਸ਼ਾਂ ਵਿੱਚ ਗਰੀਬੀ ਘੱਟ ਕਰਨ, ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਤੇ ਸਾਰੀਆਂ ਥਾਵਾਂ ਉਪਰ ਵਾਤਾਵਰਣ ਦੀ ਸੁਰੱਖਿਆ ਆਦਿ ਸਮਾਜਿਕ ਅਤੇ ਨੈਤਿਕ ਮੁੱਦਿਆ ਨੂੰ ਪਿੱਛੇ ਧੱਕ ਦੇਂਦਾ ਹੈ। ਪਰੰਤੂ ਜਦ ਮੈਂ ਆਪਣੀ ਪੁਸਤਕ 'ਇਨ ਡਿਫੈਂਸ ਆਫ਼ ਗਲੋਬਲਾਈਜੇਸ਼ਨ' ਵਿੱਚ ਇਹਨਾਂ ਮਸਲਿਆਂ ਦੀ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਅਸਲ ਨਤੀਜੇ ਇਹਨਾਂ ਸ਼ੰਕਾਵਾਂ ਤੋਂ ਉਲਟ ਹਨ। ਉਦਾਹਰਣ ਦੇ ਤੌਰ 'ਤੇ ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਵਿਸ਼ਵੀਕਰਨ ਦੇ ਆਉਣ ਤੋਂ ਬਾਅਦ ਅਨਪੜ੍ਹ ਗਰੀਬਾਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਤੋਂ ਹਟਾਕੇ ਕੰਮ ਉਪਰ ਲਗਾ ਦੇਣ ਦਾ ਬਿਹਤਰ ਮੌਕਾ ਮਿਲ ਗਿਆ। ਅਜਿਹੇ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸੁਤੰਤਰ ਬਾਜ਼ਾਰ ਦੇ ਵਿਕਾਸ ਨੇ ਇਕ ਵਿਨਾਸ਼ਕਾਰੀ ਸ਼ਕਤੀ ਦੇ ਰੂਪ ਵਿੱਚ ਕੰਮ ਕੀਤਾ। ਪਰੰਤੂ ਮੈਂ ਜਾਣਿਆ ਕਿ ਅਸਲੀਅਤ ਇਸਦੇ ਉਲਟ ਸੀ। ਇਹ ਕਈ ਮਾਮਲਿਆ ਵਿੱਚ ਬਿਹਤਰ ਸਾਬਿਤ ਹੋਇਆ। ਵਿਸ਼ਵੀਕਰਨ ਤੋਂ ਆਮਦਨ ਵਧਣ ਦੇ ਨਤੀਜੇ ਵਜੋਂ ਜੋ ਵੇਖਿਆ ਗਿਆ ਕਿ (ਜਿਵੇਂ ਕਿ ਵੀਅਤਨਾਮ ਵਿੱਚ ਚਾਵਲ ਦਾ ਉਤਪਾਦਨ ਕਰਨ ਵਾਲਿਆ ਦੀ ਆਮਦਨ ਵਧੀ ਤਾਂ) ਪਰਿਵਾਰ ਦੇ ਲੋਕਾਂ ਨੇ ਆਪਣੇ ਬੱਚਿਆ ਦੀ ਪੜ੍ਹਾਈ ਜਾਰੀ ਰੱਖਣਾ ਬਿਹਤਰ ਸਮਝਿਆ। ਕਿਉਂਕਿ ਹੁਣ ਉਹਨਾਂ ਨੂੰ ਉਸ ਮਾਮੂਲੀ ਆਮਦਨ ਦੀ ਜ਼ਰੂਰਤ ਨਹੀਂ ਰਹੀ ਜੋ ਉਹਨਾਂ ਦੇ ਬੱਚਾ ਸਕੂਲ ਤੋਂ ਬਾਹਰ ਰਹਿਕੇ ਬਾਲ - ਮਜ਼ਦੂਰੀ ਦੁਆਰਾ ਕਮਾ ਸਕਦਾ ਸੀ।

ਜਾਂ ਫਿਰ ਲਿੰਗ ਸਮਾਨਤਾ ਦੀ ਗੱਲ ਕਰੋ। ਵਿਸ਼ਵੀਕਰਨ ਦੇ ਨਾਲ ਜੋ ਉਦਯੋਗ ਵਿਉਪਾਰਿਕ ਵਸਤੂਆਂ ਦਾ ਉਤਪਾਦਨ ਕਰਦੇ ਹਨ ਜਾਂ ਨੌਕਰੀਆਂ ਮੁਹੱਈਆਂ ਕਰਦੇ ਹਨ ਉਨ੍ਹਾਂ ਨੂੰ ਗੰਭੀਰ ਅੰਤਰ-ਰਾਸ਼ਟਰੀ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਇਸ ਮੁਕਾਬਲੇ ਨੇ ਉਹਨਾਂ ਨੂੰ ਆਦਮੀ ਅਤੇ ਔਰਤ ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਆਮਦਨ ਦੇ ਵਿਚਕਾਰ ਦਾ ਫ਼ਾਸਲਾ ਘੱਟ ਕਰਨ ਲਈ ਮਜ਼ਬੂਰ ਕੀਤਾ। ਕਿਉ? ਕਿਉਂਕਿ ਵਿਉਪਾਰਿਕ ਤੌਰ ਤੇ ਮੁਕਾਬਲੇ ਵਿੱਚ ਸ਼ਾਮਿਕਲ ਕੰਪਨੀਆਂ ਆਪਣੇ ਉਪਰ ਲਿੰਗ ਭੇਦ ਦਾ ਇਲਜ਼ਾਮ ਲੱਗਣ ਤੋਂ ਹੋਣ ਵਾਲੇ ਨੁਕਸਾਨ ਨੂੰ ਨਹੀਂ ਝੇਲਣਾਂ ਚਾਹੁੰਦੀਆਂ ਸਨ। ਨਾਲ ਹੀ ਘੱਟ ਖਰਚ ਅਤੇ ਘੱਟ ਵਕਤ ਵਿੱਚ ਜ਼ਿਆਦਾ ਉਤਪਾਦਨ ਦੇ ਦਬਾਅ ਦੇ ਚਲਦਿਆਂ ਉਹਨਾਂ ਨੇ ਮਹਿੰਗੇ ਜ਼ਿਆਦਾ ਤਨਖਾਂਹ ਤੇ ਮਰਦ ਕਰਮਚਾਰੀਆਂ ਦੀ ਥਾਂ ਘੱਟ ਤਨਖਾਹਾਂ ਤੇ ਔਰਤ ਕਰਮਚਾਰੀਆਂ ਨੂੰ ਕੰਮ ਦੇਣਾ ਬਿਹਤਰ ਸਮਝਿਆ। ਅਜਿਹੇ ਵਿੱਚ ਕਾਮਕਾਜੀ ਔਰਤਾਂ ਦੀ ਸੰਖਿਆਂ ਆਦਮੀਆਂ ਦੇ ਮੁਕਾਬਲੇ ਵਧੀ। ਭਾਵੇਂ ਕਿ ਵਿਸ਼ਵੀਕਰਨ ਹੁਣ ਤੱਕ ਮਜ਼ਦੂਰੀ/ਤਨਖਾਹਾਂ ਦੇ ਵਿਚਲੇ ਅੰਤਰ ਨੂੰ ਖਤਮ ਨਹੀਂ ਕਰ ਸਕਿਆ। ਪਰੰਤੂ ਨਿਸ਼ਚਿਤ ਤੌਰ 'ਤੇ ਇਸਨੂੰ ਘੱਟ ਜ਼ਰੂਰ ਕੀਤਾ ਹੈ।

ਇਸ ਗੱਲ ਦੇ ਵਿਆਪਕ ਸਬੂਤ ਮਿਲਦੇ ਹਨ ਕਿ ਗਰੀਬੀ ਦੀ ਭਿਅੰਕਰ ਸਮੱਸਿਆ ਨਾਲ ਜੂਝ ਰਹੇ ਦੋ ਦੇਸ਼ ਭਾਰਤ ਤੇ ਚੀਨ ਨੇ ਵਿਉਪਾਰ ਅਤੇ ਵਿਦੇਸ਼ੀ ਨਿਵੇਸ਼ ਦਾ ਲਾਭ ਉਠਾਉਂਦੇ ਹੋਏ ਕਾਫ਼ੀ ਤੇਜ਼ੀ ਨਾਲ ਵਿਕਾਸ ਕੀਤਾ ਹੈ। ਅਜਿਹਾ ਕਰਕੇ ਇਹਨਾਂ ਦੇਸ਼ਾਂ ਨੇ ਬਹੁਤ ਨਾਟਕੀ ਢੰਗ ਨਾਲ ਗਰੀਬੀ ਨੂੰ ਘੱਟ ਕੀਤਾ ਹੈ। ਅਜੇ ਇਹਨਾਂ ਨੂੰ ਬਹੁਤ ਲੰਮਾ ਰਸਤਾ ਤੈਅ ਕਰਨ ਪਵੇਗਾ। ਪਰੰਤੂ ਵਿਸ਼ਵੀਕਰਨ ਨੇ ਉਹਨਾਂ ਨੂੰ ਆਪਣਿਆਂ ਕਈ ਸੌ ਲੱਖ ਲੋਕਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਦਾ ਮੌਕਾ ਮੁਹੱਈਆ ਕਰਵਾਇਆ ਹੈ। ਬਹੁਤ ਸਾਰੇ ਵਿਸ਼ਲੇਸ਼ਕ ਆਰਥਿਕ ਵਿਕਾਸ ਦੇ ਜ਼ਰੀਏ ਹੌਲੀ-ਹੌਲੀ ਗਰੀਬੀ ਉਪਰ ਹਮਲਾ ਕਰਨ ਦੀ ਨੀਤੀ ਨੂੰ ਦੋਸ਼ੀ ਠਹਿਰਾਉਂਦੇ ਹਨ। ਉਹ ਉਹਨਾਂ ਦ੍ਰਿਸ਼ਾਂ ਨੂੰ ਯਾਦ ਕਰਵਾਉਂਦੇ ਹਨ ਜਿਨ੍ਹਾਂ ਵਿੱਚ ਪੇਟੂ/ਮੋਟੇ ਕੁਲੀਨ ਵਰਗ ਦੇ ਬੁਰਜ਼ੁਆ ਸ਼੍ਰੇਣੀ ਮਾਸ ਖਾਂਦੇ ਹਨ ਅਤੇ ਦਾਸ ਤੇ ਕੁੱਤੇ ਮੇਜ਼ ਦੇ ਥੱਲੇ ਬੈਠ ਕੇ ਬਚੀ-ਖੁਚੀ ਰੋਟੀ ਦੇ ਟੁੱਕੜੇ ਦਬਾਉਂਦੇ ਹਨ। ਅਸਲ ਵਿੱਚ ਐਕਟੀਵਿਸਟ ਬਣਕੇ ਖਿਚਾਈ ਕਰਨ ਦੀ ਬਜਾਏ ਵਿਕਾਸ ਨੂੰ ਕੇਂਦਰ ਬਿੰਦੂ ਵਿੱਚ ਰੱਖ ਕੇ ਵੇਖਣ ਨਾਲ ਸਥਿਤੀ ਬਿਹਤਰ ਸਪੱਸ਼ਟ ਹੁੰਦੀ ਹੈ। ਵਧਦੀ ਹੋਈ ਅਰਥ ਵਿਵਸਥਾ ਗਰੀਬਾਂ ਨੂੰ ਫਾਇਦੇਮੰਦ ਰੋਜ਼ਗਾਰ ਵਿੱਚ ਖਿੱਚਦੀ ਹੈ ਅਤੇ ਇਸ ਨਾਲ ਗਰੀਬੀ ਘੱਟ ਹੁੰਦੀ ਹੈ।

ਇੱਥੋਂ ਤੱਕ ਕਿ ਇਹ ਸਵੀਕਾਰ ਕਰਨ ਦੇ ਬਾਵਜੂਦ ਕਿ ਵਿਸ਼ਵੀਕਰਨ ਕਈ ਸਮਾਜਿਕ ਉਦੇਸ਼ਾਂ ਨੂੰ ਪੂਰਾ ਕਰਨ ਦੇ ਸਮਰੱਥ ਰਿਹਾ ਹੈ, ਬਹੁਤ ਸਾਰੇ ਵਿਸ਼ਲੇਸ਼ਕ ਇਸੇ ਮੱਤ ਉੱਪਰ ਅੜੇ ਰਹਿੰਦੇ ਹਨ ਕਿ ਇਹ ਨੈਤਿਕ ਕਿਰਦਾਰ ਨੂੰ ਖੋਰ ਦੇਂਦਾ ਹੈ। ਉਹ ਮੰਨਦੇ ਹਨ ਕਿ ਮੁਕਤ ਬਾਜ਼ਾਰ ਆਪਣੇ ਪ੍ਰਸਾਰ ਦੇ ਨਾਲ ਉਹਨਾਂ ਸਾਰੇ ਖੇਤਰਾਂ ਨੂੰ ਆਪਣੇ ਦਾਇਰੇ ਵਿੱਚ ਲੈ ਲੈਂਦਾ ਹੈ ਜਿੱਥੋਂ ਉਸਨੂੰ ਸਿਰਫ਼ ਲਾਭ ਦਿਖਾਈ ਦੇਂਦਾ ਹੈ। ਅਜਿਹੇ ਵਿੱਚ ਇਹ ਮੁਨਾਫ਼ੇ ਦੇ ਪਿੱਛੇ ਭੱਜਣ ਵਾਲਿਆ ਨੂੰ ਜ਼ਿਆਦਾ ਸਵਾਰਥੀ ਅਤੇ ਅਨੈਤਿਕ ਬਣਾਉਂਦਾ ਹੈ। ਪਰੰਤੂ ਇਸਨੂੰ ਸਾਬਿਤ ਕਰਨਾ ਬਹੁਤ ਮੁਸ਼ਕਿਲ ਹੈ। ਜਿਸ ਤਰ੍ਹਾਂ ਸਾਇਮਨ ਚਾਮਾਂ ਨੇ ਆਪਣੇ ਨੀਦਰਲੈਂਡ ਦੇ ਇਤਿਹਾਸ ਵਿੱਚ ਬਹੁਤ ਸ਼ਖ਼ਤ ਨਾਗਰਿਕ ਦਾ ਵਰਨਣ ਕੀਤਾ ਹੈ। ਉਹਨਾਂ ਨੇ ਅੰਤਰ-ਰਾਸ਼ਟਰੀ ਵਿਉਪਾਰ ਤੋਂ ਆਪਣੀ ਤਕਦੀਰ ਤਾਂ ਬਣਾਈ ਪਰੰਤੂ ਉਹ ਆਪਣੀ ਨਿੱਜੀ ਭੁੱਖ ਬਾਰੇ ਸੋਚਣ ਦੀ ਬਜਾਏ ਪਰਉਪਕਾਰਵਾਦ ਵਿੱਚ ਸ਼ਾਮਿਲ ਰਹੇ। ਜਿਸਨੂੰ ਚਾਮਾ ਨੇ ਸਮੁੱਚੇ ਰੂਪ ਵਿੱਚ 'ਅਮੀਰਾਂ ਦੀ ਉਲਝਣ' '(Embarrassment of Riches)' ਕਿਹਾ ਹੈ। ਇਸੇ ਤਰ੍ਹਾਂ ਦਾ ਆਤਮ ਨਿਯੰਤ੍ਰਣ ਗੁਜਰਾਤ (ਭਾਰਤ ਦਾ ਉਹ ਰਾਜ ਜਿੱਥੋਂ ਮਹਾਤਮਾ ਗਾਂਧੀ ਵੀ ਸਨ) ਦੇ ਜੈਨੀਆਂ (ਜੈਨ ਧਰਮ ਨੂੰ ਮੰਨਣ ਵਾਲੇ) ਵਿੱਚ ਵੀ ਵੇਖਿਆ ਜਾਂਦਾ ਹੈ। ਉਹ ਖੁਸ਼ਹਾਲੀ ਜਿਸਨੂੰ ਜੈਨੀ ਆਪਣੀਆਂ ਵਿਉਪਾਰਕ ਗਤੀਵਿਧੀਆਂ ਨਾਲ ਕਮਾਉਂਦੇ ਹਨ। ਉਹ ਉਹਨਾਂ ਦੇ ਨੈਤਿਕ ਮੁੱਲਾਂ ਦਾ ਹੀ ਪ੍ਰਯੋਗ ਹੈ।

ਵਿਸ਼ਵੀਕਰਨ ਦਾ ਨੈਤਿਕ ਚਰਿਤ੍ਰ ਹੈ। ਇਸ ਵਿਚਾਰ ਨੂੰ ਪ੍ਰਭਾਵਸ਼ਾਲੀ ਬਣਾਉਣਾ ਲਈ ਮੈਂ ਜਾੱਨ ਸਟੂਅਰਟ ਮਿਲ ਦਾ ਇੱਕ ਅਨੋਖਾ ਵਾਕ ਪੇਸ਼ ਕਰਦਾ ਹਾਂ। ਜੋ ਉਹਨਾਂ ਨੇ 'ਰਾਜਨੀਤਿਕ ਆਰਥਿਕਤਾ ਦੇ ਸਿਧਾਂਤ (Principle of Political Economics 1848) ਵਿੱਚ ਲਿਖਿਆ ਹੈ:

> ਵਿਉਪਾਰ ਦਾ ਲਾਭ ਇਸਦੇ ਪ੍ਰਭਾਵ ਵਿੱਚ ਆਉਣ ਵਾਲੇ ਰਾਹੀਂ ਹੀ ਮਹੱਤਵਪੂਰਨ/ਨਿਸ਼ਚਿਤ ਰੂਪ ਵਿੱਚ ਵੱਖ ਹੋ ਜਾਂਦਾ ਹੈ, ਜੋ ਕਿ ਬੌਧਿਕ ਵੀ ਹੈ ਤੇ ਨੈਤਿਕ ਵੀ। ਮਨੁੱਖੀ ਸੁਧਾਰਾਂ ਦੀ ਮੌਜੂਦਾ ਸਥਿਤੀ ਵਿੱਚ ਕਦਰਾਂ-ਕੀਮਤਾਂ ਨੂੰ ਜ਼ਰੂਰਤ ਤੋਂ ਉੱਚਾਂ ਚੁੱਕਣਾ ਮੁਸ਼ਕਿਲ ਹੈ। ਲੋਕਾਂ ਨੂੰ ਉਹਨਾਂ ਤੋਂ ਉੱਚੇ ਜਾਂ ਨੀਵੇਂ ਲੋਕਾਂ ਦੇ ਸੰਪਰਕ ਵਿੱਚ ਲਿਆਉਣਾ ਅਤੇ ਅਜਿਹੀ ਸਥਿਤੀ ਜਾਂ ਸੋਚ ਦੇ ਸੰਦਰਭ ਵਿੱਚ ਉਹਨਾਂ ਨੂੰ ਜਾਣਕਾਰੀ ਦੇਣਾ ਜਿਸ ਨੂੰ ਉਹ ਪਹਿਲਾਂ ਤੋਂ ਨਹੀਂ ਜਾਣਦੇ। ਅਜਿਹਾ ਕੋਈ ਦੇਸ਼ ਨਹੀਂ ਜਿਸਨੂੰ ਦੂਸਰਿਆਂ ਤੋਂ ਉਧਾਰ ਲੈਣ ਦੀ ਜ਼ਰੂਰਤ ਨਾ ਹੋਵੇ। ਨਾ ਹੀ ਸਿਰਫ ਵਿਸ਼ੇਸ਼ ਕਲਾ ਜਾਂ ਪ੍ਰਤਿਭਾ, ਬਲਕਿ ਵਿਹਾਰਿਕ ਜ਼ਿੰਦਗੀ ਦੇ ਕਿਰਦਾਰਾਂ ਦੇ ਵੀ ਆਪਣੀ ਪ੍ਰਕਾਰ ਦੇ ਨਿਮਨ ਬਿੰਦੂ ਹੁੰਦੇ ਹਨ.... ਬਿਨਾਂ ਕੋਈ ਵਿਸ਼ੇਸ਼ ਕਥਨ ਦੇ ਇਹ ਕਿਹਾ ਜਾ ਸਕਦਾ ਹੈ ਕਿ ਅੰਤਰ-ਰਾਸ਼ਟਰੀ ਵਿਉਪਾਰ ਵਿੱਚ ਬਹੁਤ ਵਿਸਥਾਰ ਅਤੇ ਤੇਜ਼ ਵਿਕਾਸ ਦੁਨੀਆਂ ਵਿੱਚ ਸਾਂਤੀ ਬਣਾਈ ਰੱਖਣ ਦੇ ਸਿਧਾਂਤ ਨੂੰ ਸੁਰੱਖਿਅਤ ਰੱਖਦੇ ਹੋਏ, ਨਿਸ਼ਚਿਤ ਬੇਰੋਕ ਵਿਕਾਸ ਨੂੰ ਸੁਰੱਖਿਅਤ ਰੱਖਦੇ ਹੋਏ ਸੰਸਥਾਵਾਂ ਅਤੇ ਮਾਨਵਤਾ ਦੇ ਕਿਰਦਾਰਾਂ ਨੂੰ ਬਣਾਈ ਰੱਖ ਸਕਿਆ ਹੈ।

ਅੱਜ ਦੀ ਅੰਤਰ-ਰਾਸ਼ਟਰੀ ਅਰਥ-ਵਿਵਸਥਾ ਵਿੱਚ ਅਸੀਂ ਮਿਲ ਦੁਆਰਾ ਵਰਣਿਤ ਤੱਥਾਂ ਦੇ ਲੱਭਣ ਲਗਾਤਾਰ ਦੇਖ ਸਕਦੇ ਹਾਂ। ਜਦ ਜਾਪਾਨੀ ਬਹੁ-ਰਾਸ਼ਟਰਾਂ ਨੇ 1980 ਦੇ ਦਹਾਕੇ ਵਿੱਚ ਪਾਸਾਰ ਕੀਤਾ ਤਾਂ ਉਹਨਾਂ ਦੇ ਮਰਦ ਕਰਮਚਾਰੀ ਆਪਣੀਆ ਵਹੁਟੀਆਂ ਨੂੰ ਆਪਣੇ ਨਾਲ ਨਿਊਯਾਰਕ, ਲੰਡਨ ਅਤੇ ਪੈਰਿਸ ਲੈ ਆਏ। ਜਦ ਇਹਨਾਂ ਪਰੰਪਰਾਗਤ ਔਰਤਾਂ ਨੇ ਵੇਖਿਆ ਕਿ ਪੱਛਮ ਵਿੱਚ ਔਰਤਾਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਹੁੰਦਾ ਹੈ ਤਾਂ ਉਹਨਾਂ ਵਿੱਚ ਮਹਿਲਾਂ ਅਧਿਕਾਰਾਂ ਅਤੇ ਸਮਾਨਤਾ ਦਾ ਭਾਵ ਉਪਜਿਆ। ਜਦੋਂ ਉਹ ਵਾਪਸ ਜਾਪਾਨ ਗਈਆ ਤਾਂ ਉਹ ਹੀ ਸਮਾਜਿਕ ਸੁਧਾਰਾ ਦਾ ਮਾਧਿਅਮ ਬਣੀਆ। ਸਾਡੇ ਆਪਣੇ ਸਮੇਂ ਵਿੱਚ ਟੈਲੀਵਿਜ਼ਨ ਅਤੇ ਇੰਟਰਨੈੱਟ ਨੇ ਸਾਡੀ ਸਮਾਜਿਕ ਅਤੇ ਨੈਤਿਕ ਚੇਤਨਾ ਦੇ ਸਮੁਦਾਇ ਅਤੇ ਰਾਸ਼ਟਰ-ਰਾਜ ਦੀ ਸੀਮਾ ਤੋਂ ਬਾਹਰ ਤੱਕ ਹੋਏ ਪਾਸਾਰ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਐਡਮ ਸਮਿਥ ਨੇ ਬੜੇ ਸੁਚੱਜੇ ਢੰਗ ਨਾਲ ਲਿਖਿਆ ਹੈ ਕਿ "ਯੂਰੋਪ ਵਿੱਚ ਮਨੁੱਖਤਾ ਦਾ ਇਕ ਵਿਅਕਤੀ" ਜੋ ਅੱਜ ਰਾਤ 'ਸੁੱਤਾ ਨਹੀਂ' ਕਿਉਂਕਿ "ਉਸਨੂੰ ਕੱਲ ਆਪਣੀ

ਇਕ ਉਂਗਲ ਗਵਾਉਣੀ ਪੈਣੀ ਸੀ" ਜਦਕਿ "ਪੂਰੀ ਬੇਪਰਵਾਹ ਰੱਖਣ ਵਾਲੇ ਸੁਰੱਖਿਆ ਵਿੱਚ ਘੁਰਾੜੇ ਮਾਰਕੇ ਸੁੱਤੇ ਪਏ' ਚੀਨ ਦੇ 100 ਮਿਲੀਅਨ ਲੋਕਾਂ ਨੂੰ "ਅਚਾਨਕ ਇੱਕ ਜ਼ਲਜ਼ਲੇ (Earthquake) ਦੁਆਰਾ ਨਿਗਲ ਲਿਆ ਗਿਆ" ਕਿਉਂਕਿ ਉਹ ਉਸਨੂੰ ਵੇਖ ਨਹੀਂ ਸਕਦੇ ਸਨ। ਸਾਡੇ ਲਈ ਚੀਨੀ ਹੁਣ ਅਦ੍ਰਿਸ਼/ਅੰਜਾਨ ਨਹੀਂ ਰਹੇ। ਹੁਣ ਉਹ ਡੇਵਿਡ ਹਯੂਮ ਦੁਆਰਾ ਕਹੇ ਗਏ ਅਨੁਸਾਰ ਸਾਡੀ ਸਮਾਨ ਭਾਵ-ਅਨੁਭੂਤੀ (empathy) ਦੇ ਸਮਾਨ-ਕੇਂਦਰਿਤ (concentric circles) ਘੇਰੇ ਦੀ ਸੀਮਾਂ ਤੋਂ ਬਾਹਰ ਰਹਿ ਰਹੇ ਹਨ। ਪਿਛਲੀਆਂ ਗਰਮੀਆਂ ਵਿਚ ਚੀਨ ਵਿੱਚ ਜਦੋਂ ਭੂਚਾਲ ਆਇਆ। ਸਾਡੀ ਸਕਰੀਨ ਉਪਰ ਉਸ ਸਮੇਂ ਇਸ ਬਿਪਤਾ ਦੇ ਨਤੀਜਿਆ ਦੀ ਤਸਵੀਰ ਪੇਸ਼ ਹੋਣ ਲੱਗ ਪਈ। ਇਸਨੇ ਪੂਰੀ ਦੁਨੀਆਂ ਨੂੰ ਇਸਦੇ ਪ੍ਰਤੀ ਬੇਪਰਵਾਹੀ ਨਾਲ ਨਹੀਂ ਬਲਕਿ ਚੀਨੀ ਦੁਖੀਆਂ ਲਈ ਨੈਤਿਕ ਜਵਾਬਦੇਹੀ ਦੇ ਸਮਾਨ ਭਾਵ-ਅਨੁਭੂਤੀ ਨਾਲ ਜੋੜ ਦਿੱਤਾ ਸੀ। ਇਹ ਵਸ਼ਵੀਕਰਨ ਦਾ ਸਭ ਤੋਂ ਸੂਖਮ ਪਲ ਸੀ।

# ਸੱਭਿਆਚਾਰ ਦੀ ਸੁਤੰਤਰਤਾ

**ਮਾਰਿਆ ਵਰਗਾਸ ਲੋਸਾ**

*ਇਸ ਨਿਬੰਧ ਵਿੱਚ ਸਾਹਿਤ ਵਿੱਚ ਨੋਬਲ ਪੁਰਸਕਾਰ ਪ੍ਰਾਪਤ ਕਰ ਚੁੱਕੇ ਮਾਰੀਆ ਵਰਗਾਸ ਲੋਸਾ ਵਿਸ਼ਵੀ ਪੂੰਜੀਕਰਨ ਦੇ ਬੁਰੇ ਅਤੇ ਨੁਕਸਾਨਜਨਕ ਸੱਭਿਆਚਾਰ ਦੇ ਡਰ ਨੂੰ ਖਾਰਿਜ ਕਰਦੇ ਹਨ ਅਤੇ ਤਰਕ ਦੇਂਦੇ ਹਨ ਕਿ 'ਸਮੂਹਿਕ ਪਹਿਚਾਣ' (Collective Identity) ਦੀ ਧਾਰਣਾ ਅਮਾਨਵੀਕ੍ਰਿਤ ਰੂਪ ਵਿੱਚ ਫੈਲ ਰਹੀ ਹੈ। ਇਹਨਾਂ ਪ੍ਰਭਾਵਾਂ ਨੂੰ ਰੋਕਣ ਅਤੇ ਆਪਣੇ ਨਵੀਨਤਾ ਦੇ ਸੁਤੰਤਰ ਕੰਮ ਨਾਲ ਮੁਕਾਬਲਾ ਕਰਨ ਦੀ ਮਨੁੱਖੀ ਸਮਰੱਥਾ ਹੀ ਇਸਦੀ ਪਹਿਚਾਣ ਬਣਦੀ ਹੈ।*

*ਮਾਰੀਆ ਵਰਗਾਸ ਲੋਸਾ ਸਾਰੀ ਦੁਨੀਆਂ ਵਿੱਚ ਮਸ਼ਹੂਰ ਨਾਵਲਕਾਰ ਅਤੇ ਬੁੱਧੀਜੀਵੀ ਹਨ। ਉਹਨਾਂ ਨੂੰ 2010 ਵਿੱਚ 'ਵਿਅਕਤੀ ਦੇ ਵਿਰੋਧ; ਵਿਦਰੋਹ, ਹਾਰ ਦੇ ਵਿਅੰਗਮਈ ਚਿੱਤਰ ਅਤੇ ਸ਼ਕਤੀ-ਢਾਂਚੇ ਦੇ ਚਿੱਤਰਾ ਦੇ ਮਾਨਵੀਕਰਨ ਲਈ' ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ ਸੀ। ਉਹ 'ਦ ਫਸਟ ਆਫ ਦ ਗੋਟ, ਦ ਵਾਰ ਆਫ਼ ਦ ਐਂਡ ਆਫ ਦ ਵਰਲਡ, ਆਂਟ ਜੂਲੀਆ ਐਂਡ ਦ ਸਕ੍ਰਿਪਟਰਾਈਟਰ, ਦ ਬੈਡ ਗਰਲ, ਦ ਰੀਅਲ ਲਾਈਫ਼ ਆਫ਼ ਅਲੈਗਜੈਂਡਰ ਮਾਇਟਾਂ ਅਤੇ ਦੂਸਰੇ ਕਈ ਸਾਹਿਤ ਕਥਾਵਾਂ ਦੇ ਲੇਖਕ ਹਨ।*

*ਇਹ ਨਿੰਬੰਧ ਵਿਦੇਸ਼ ਨੀਤੀ ਦੇ ਮੁੱਦੇ ਉੱਪਰ 1 ਜਨਵਰੀ 2001 ਨੂੰ ਲਿਖਿਆ ਗਿਆ ਸੀ। ਇਸਨੂੰ ਲੇਖਜ ਦੀ ਆਗਿਆ ਨਾਲ ਮੁੜ ਪ੍ਰਕਾਸ਼ਿਤ ਕੀਤਾ ਗਿਆ ਹੈ।*

❋❋❋

ਵਿਸ਼ਵੀਕਰਨ ਉੱਪਰ ਸਭ ਤੋਂ ਵੱਧ ਪ੍ਰਭਾਵਸ਼ਾਲੀ ਹਮਲਾ ਆਮ ਤੌਰ ਤੇ ਅਰਥ-ਸ਼ਾਸਤਰ ਨਾਲ ਸੰਬੰਧਿਤ ਨਹੀਂ ਹੈ। ਇਸਦੇ ਉਲਟ ਇਹ ਹਮਲੇ ਸਮਾਜਿਕ, ਨੈਤਿਕ ਅਤੇ ਸਭ ਤੋਂ ਜ਼ਿਆਦਾ ਸੱਭਿਆਚਾਰਕ ਹਨ। ਇਹਨਾਂ ਤਰਕਾਂ ਨੂੰ 1999 ਵਿੱਚ ਸਿਆਟਲ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਦਾਵੋਸ, ਬੈਂਕਾਂਕ ਅਤੇ ਪੈਰਾਗਵੇ ਵਿੱਚ ਦੁਹਰਾਇਆ ਗਿਆ ਸੀ। ਉਹਨਾਂ ਦਾ ਕਹਿਣਾ ਹੈ ਕਿ:

> ਰਾਸ਼ਟਰੀ ਸਰਹੱਦਾਂ ਦੇ ਮਿਟ ਜਾਣ ਤੋਂ ਬਾਅਦ ਅੰਤਰ-ਸੰਬੰਧਿਤ ਵਿਸ਼ਵ ਬਾਜ਼ਾਰਾਂ ਦੀ ਸਥਾਪਨਾ ਸਾਰਿਆਂ ਮੁਲਕਾਂ ਦੀ ਸੱਭਿਆਚਾਰਕ ਪਹਿਚਾਣ ਨਿਰਧਾਰਿਤ ਕਰਨ ਵਾਲੇ ਰਿਵਾਜ, ਮਾਨਤਾਵਾਂ ਤੇ ਪਰੰਪਰਾਵਾਂ ਅਤੇ ਖੇਤਰੀ ਜਾਂ ਰਾਸ਼ਟਰੀ ਸੱਭਿਆਚਾਰਕ ਲਈ ਖਤਰਨਾਕ ਹੈ। ਸੰਸਾਰ ਦਾ ਜ਼ਿਆਦਾਤਰ ਭਾਗ ਆਪਣੇ ਆਪ ਨੂੰ ਵਿਕਸਿਤ ਦੇਸ਼ਾ ਜਾਂ ਇੰਝ ਕਿਹਾ

ਜਾ ਸਕਦਾ ਹੈ ਕਿ ਸੁਪਰ ਪਾਵਰ, ਅਮਰੀਕਾ ਦੁਆਰਾ ਸੱਭਿਆਚਾਰ ਘੁਸਪੈਠ ਰੋਕਣ ਤੋਂ ਅਸਮਰਥ ਹੈ। ਉਹ ਮਜ਼ਬੂਤ ਬਹੁ-ਰਾਸ਼ਟਰੀ ਕਾਰਪੋਰੇਸ਼ਨ ਵੱਖ-ਵੱਖ ਸੱਭਿਆਚਾਰਾਂ ਦੀਆਂ ਸੰਘਣੀਆਂ ਟਾਹਣੀਆਂ ਨੂੰ ਵੱਢਣ ਅਤੇ ਵਿਸ਼ਵ ਦੇ ਮਾਨਵੀਕਰਨ ਤੇ ਉਤਰੀ ਅਮਰੀਕੀ ਸੰਸਕ੍ਰਿਤੀ ਨੂੰ ਥੋਪਨ ਦਾ ਕੰਮ ਕਰ ਰਹੇ ਹਨ। ਇਸ ਸ਼ੈਲੀ ਵਿੱਚ ਨਾ ਸਿਰਫ਼ ਛੋਟੇ ਅਤੇ ਕਮਜ਼ੋਰ ਬਲਕਿ ਬਾਕੀ ਸਾਰੇ ਲੋਕ ਆਪਣੀ ਪਹਿਚਾਣ ਗਵਾ ਦੇਵੇਗੇ ਅਤੇ ਉਹਨਾਂ ਦੀ ਆਤਮਾ 21ਵੀਂ ਸਦੀ ਦੇ ਉਪਨਿਵੇਸ਼ ਵਿੱਚ ਬਦਲ ਜਾਵੇਗੀ। ਇੱਕ ਨਵੇਂ ਸਮਰਾਜਵਾਦ ਦੇ ਸੱਭਿਆਚਾਰਕ ਨਿਯਮਾਂ ਨੂੰ ਲਾਸ਼ਾ ਜਾਂ ਕਲਾਂ-ਕਿਰਤਾ ਦੇ ਮਾਡਲ ਇਸਦੀ ਪੂੰਜੀ, ਸੈਨਾ ਅਤੇ ਵਿਗਿਆਨਿਕ ਜਾਣਕਾਰੀ ਦੇ ਸ਼ਾਸ਼ਨ ਤੋਂ ਇਲਾਵਾ ਦੂਸਰਿਆਂ ਉਪਰ ਇਸਦੀ ਭਾਸ਼ਾ ਅਤੇ ਸੋਚਣ, ਵਿਸ਼ਵਾਸ਼ ਕਰਨ, ਆਨੰਦ ਲੈਣ ਅਤੇ ਸੁਪਨੇ ਵੇਖਣ ਦੇ ਤਰੀਕੇ ਉਪਰ ਥੋਪਿਆ ਜਾਵੇਗਾ।

ਵਿਸ਼ਵੀਕਰਨ ਦੀ ਵਜਾਂ ਨਾਲ ਦਿਲ ਦੇ ਸੁਪਨਿਆਂ ਜਾਂ ਨਕਾਰਾਤਮਕ ਕਲਪਨਾ ਦੀ ਦੁਨੀਆਂ ਭਾਸ਼ਾਈ ਅਤੇ ਸੰਸਕ੍ਰਿਤਿਕ ਮੌਲਿਕਤਾ/ਵਿਭਿਨਤਾ ਗਵਾ ਰਹੀ ਹੈ ਅਤੇ ਸੰਯੁਕਤ ਰਾਜ ਦੀ ਸੰਸਕ੍ਰਿਤਿਕ ਉੱਤਮਤਾ ਨੂੰ ਅਪਨਾ ਰਹੀ ਹੈ। ਇਹ ਮਾਰਕਸ, ਮਾਓ ਜਾਂ ਚ-ਗਵੇਰਾ ਦੇ ਲਈ ਓਦਾਸੀਨ ਖੱਬੇਪੱਖੀ ਰਾਜ ਨੇਤਾਵਾਂ ਦੇ ਖੇਤਰ ਨਹੀਂ ਹਨ। ਉਤਰੀ ਅਮਰੀਕਾ ਦੀ ਵਿਸ਼ਾਲਤਾ ਲਈ ਦਵੇਸ਼ ਅਤੇ ਨਫ਼ਰਤ ਰਾਹੀਂ ਫੈਲਿਆ ਇਹ ਦਰਦ ਦਾ ਵਿਰਲਾਪ ਵਿਕਸਿਤ ਦੇਸ਼ਾਂ ਅਤੇ ਉੱਚ ਸੰਸਕ੍ਰਿਤਿਕ ਰਾਸ਼ਟਰਾਂ ਵਿੱਚ ਸਾਫ ਨਜ਼ਰ ਆਉਂਦਾ ਹੈ ਅਤੇ ਇਹ ਖੱਬੇਪੱਖੀ, ਦੱਖਣਪੱਖੀ, ਤੇ ਮੱਧਮਪੱਖੀ ਲੋਕਾਂ ਦੇ ਰਾਜਨੀਤਿਕ ਖੇਤਰ ਵਿੱਚ ਸਾਂਝਾ ਮੁੱਦਾ ਹੈ।

ਇਸ ਵਿਚ ਸਭ ਤੋਂ ਮਹੱਤਵਪੂਰਨ ਉਦਾਹਰਨ ਫ੍ਰਾਂਸ ਦੀ ਹੈ। ਇੱਥੇ ਵਿਸ਼ਵੀਕਰਨ ਦੇ ਖਤਰੇ ਨੂੰ ਵੇਖਦੇ ਹੋਏ ਫਰਾਂਸੀਸੀ 'ਸੰਸਕ੍ਰਿਤਿਕ ਪਹਿਚਾਣ' ਦੇ ਬਚਾਉ ਲਈ ਲਗਾਤਾਰ ਸਰਕਾਰੀ ਪ੍ਰਚਾਰ ਕੀਤਾ ਗਿਆ। ਬੁੱਧੀਜੀਵੀਆਂ ਅਤੇ ਨੇਤਾਂਵਾ ਦੇ ਵਿਸ਼ਾਲ ਸਮੂਹ ਨੂੰ ਇਸ ਸੰਭਾਵਨਾਂ ਤੋਂ ਡਰ ਹੈ ਕਿ ਮੋਨਟੈਨ, ਡੇਸਕਾਟੇਸ, ਰੈਸੀਨ ਅਤੇ ਬੋਡਲੇਅਰ - ਪੈਦਾ ਕਰਨ ਵਾਲੀ ਧਰਤੀ ਅਤੇ ਲੰਮ੍ਹੇ ਸਮੇਂ ਤਕ ਕੱਪੜਿਆ ਵਿੱਚ ਫੈਸ਼ਨ, ਵਿਚਾਰਾਂ, ਕਲਾ, ਡਾਇਨਿੰਗ ਅਤੇ ਭਾਵਨਾ ਦੇ ਸਾਰਿਆਂ ਖੇਤਰਾਂ ਲਈ ਮਸ਼ਹੂਰ ਰਹੇ ਦੇਸ਼ ਉਪਰ ਮੈਕਡਾਨਲਡ, ਪਿੱਜਾ ਹੱਟ, ਕੇਂਟਕੀ ਫਰਾਇਡ ਚਿਕਨ, ਰਾਕ, ਰੈਪ, ਹਾਲੀਵੁੱਡ ਫਿਲਮਾਂ, ਬਲੂ ਜੀਨਸ, ਸਨੂਕਰ ਅਤੇ ਟੀ ਸ਼ਰਟ ਦਾ ਕਬਜ਼ਾ ਹੋ ਜਾਵੇਗਾ। ਇਸ ਡਰ ਦੇ ਫਲਸਰੂਪ ਸੰਯੁਕਤ ਰਾਜ ਤੋਂ ਆਉਣ ਵਾਲੀਆਂ ਫਿਲਮਾਂ ਨੂੰ ਸੀਮਤ ਰੱਖਣ ਅਤੇ ਰਾਸ਼ਟਰੀ ਫਿਲਮਾਂ ਦੇ ਸ਼ੋਅ ਨਿਸ਼ਚਿਤ ਸੰਖਿਆ ਵਿੱਚ ਥੀਏਟਰਾਂ ਵਿੱਚ ਦਿਖਾਉਣ ਲਈ ਕੋਟੇ ਦੀ ਮੰਗ ਅਤੇ ਸਥਾਨਕ ਫਿਲਮ ਉਦਯੋਗ ਦੀ ਵੱਡੀ ਸੰਖਿਆ ਵਿੱਚ ਫ੍ਰੈਂਚ ਸਬਸਿਡੀ ਦੇਣ ਦੀ

ਮੰਗ ਰਹੀ ਹੈ। ਇਸ ਡਰ ਦਾ ਇਕ ਕਾਰਣ ਇਹ ਵੀ ਹੈ ਕਿ ਨਗਰਪਾਲਿਕਾਂ ਨੇ ਇੰਜ਼ੇਲਿਕਸਮਸ ਦੀ ਲੈਂਗਵਜ਼ ਆਫ਼ ਮੋਲੀਏਰ ਦੇ ਨਾਲ ਛੇੜਛਾੜ ਕਰਨ ਵਾਲੀ ਕਿਸੇ ਸਰਵਜਨਕ ਘੋਸ਼ਣਾ ਉਪਰ ਬਹੁਤ ਵੱਡਾ ਜੁਰਮਾਨਾ ਲਗਾਉਣ ਅਤੇ ਸਜ਼ਾ ਦੇਣ ਦੇ ਨਿਰਦੇਸ਼ ਕਿਉਂ ਦਿੱਤੇ। (ਹਲਾਂਕਿ ਪੈਰਿਸ ਦੀਆ ਗਲੀਆਂ ਵਿੱਚ ਪੈਦਲ ਚੱਲਦੇ ਇਕ ਵਿਅਕਤੀ ਨਾਲ ਗੱਲ ਬਾਤ ਤੋਂ ਪਤਾ ਲੱਗਿਆ ਕਿ ਨਿਰਦੇਸ਼ਾਂ ਦਾ ਪਾਲਣ ਨਹੀਂ ਕੀਤਾ ਗਿਆ)। ਇਹ ਹੀ ਵਜ੍ਹਾ ਹੈ ਕਿ ਫ੍ਰਾਂਸ ਦੇ ਕਿਸਾਨ-ਰੱਖਿਅਕ ਜੋਸ ਬੋਣ ਮਸ਼ਹੂਰ ਨਾਇਕ ਬਣ ਗਏ। ਕੁਝ ਸਮਾਂ ਪਹਿਲਾਂ ਤਿੰਨ ਮਹੀਨੇ ਦੀ ਜ਼ੇਲ ਦੀ ਸਜ਼ਾ ਨੇ ਉਹਨਾਂ ਦੀ ਲੋਕ ਪ੍ਰਸਿੱਧੀ ਨੂੰ ਹੋਰ ਵੀ ਵਧਾ ਦਿੱਤਾ।

ਭਾਵੇਂ ਕਿ ਮੇਰਾ ਮੰਨਣਾ ਹੈ ਕਿ ਵਿਸ਼ਵੀਕਰਨ ਦੇ ਖਿਲਾਫ਼ ਇਹ ਸੰਸਕ੍ਰਿਤਿਕ ਤਰਕ ਸਵੀਕਾਰਨਯੋਗ ਨਹੀਂ ਹਨ। ਸਾਨੂੰ ਪਹਿਚਾਣ ਕਰਨੀ ਪਵੇਗੀ ਕਿ ਇਸ ਵਿਚ ਕਿਤੇ ਅਜਿਹਾ ਸੱਚ ਹੈ ਜਿਸ ਉਪਰ ਸਵਾਲ ਨਾ ਉਠਾਇਆ ਜਾ ਸਕੇ। ਇਸ ਸਦੀ ਵਿਚ ਜਿਸ ਸੰਸਾਰ ਵਿੱਚ ਅਸੀਂ ਰਹਿੰਦੇ ਹਾਂ ਉਹ ਘੱਟ ਰੰਗੀਨ ਅਤੇ ਚਿਤਰਮਈ ਹੈ ਕਿਉਂਕਿ ਅਸੀਂ ਇਸ ਵਿਚ ਬਹੁਤ ਘੱਟ ਸਥਾਨਕ ਰੰਗ ਰਹਿਣ ਦਿੱਤੇ ਹਨ। ਤਿਉਹਾਰਾਂ, ਪਹਿਰਾਵਾ, ਰਿਵਾਜ, ਸਮਾਰੋਹ ਸੰਸਕਾਰਾਂ ਅਤੇ ਵਿਸ਼ਵਾਸਾ ਨੇ ਮਨੁੱਖਤਾ ਨੂੰ ਇਤਿਹਾਸ ਵਿੱਚ ਲੋਕ-ਕਥਾਵਾਂ ਅਤੇ ਮਾਨਵ-ਵਿਗਿਆਨ ਦਿੱਤਾ ਹੈ। ਜੋ ਹੁਣ ਜਾਂ ਤਾਂ ਤੇਜ਼ੀ ਨਾਲ ਗਾਇਬ ਹੋ ਰਿਹਾ ਹੈ ਜਾਂ ਘੱਟ-ਗਿਣਤੀ ਵਾਲੇ ਖੇਤਰਾਂ ਤੱਕ ਸੀਮਿਤ ਰਹਿ ਗਿਆ ਹੈ। ਜਦਕਿ ਸਮਾਜ ਦਾ ਵੱਡਾ ਹਿੱਸਾ ਇਨ੍ਹਾਂ ਚੀਜ਼ਾ ਤੋਂ ਵੱਖ ਹੋ ਕੇ ਵਰਤਮਾਨ ਸਮੇਂ ਦੇ ਅਨੁਰੂਪ ਤਰੀਕਿਆਂ ਨੂੰ ਅਪਣਾ ਰਿਹਾ ਹੈ। ਧਰਤੀ ਦੇ ਸਾਰੇ ਦੇਸ਼ ਇਸ ਪ੍ਰਕ੍ਰਿਆ ਦਾ ਅਨੁਭਵ ਕਰਦੇ ਹਨ। ਕੁਝ ਦੂਸਰਿਆਂ ਨਾਲੋਂ ਵੱਧ ਤੇਜ਼ੀ ਨਾਲ ਕਰਦੇ ਹਨ। ਪਰੰਤੂ ਅਜਿਹਾ ਵਿਸ਼ਵੀਕਰਨ ਦੀ ਵਜ੍ਹਾਂ ਨਾਲ ਨਹੀਂ ਹੋ ਰਿਹਾ। ਅਜਿਹਾ ਅਧੁਨਿਕਤਾ ਦੀ ਵਜ੍ਹਾਂ ਨਾਲ ਹੁੰਦਾ ਹੈ। ਜੋ ਇਸਦਾ ਪ੍ਰਭਾਵ ਹੈ ਨਾ ਕਿ ਕਾਰਣ।

ਜੀਵਨ ਦੇ ਪੁਰਾਣੇ ਤਰੀਕਿਆਂ ਦੇ ਲਈ ਵਿਸ਼ਾਦ ਨੂੰ ਅਨੁਭਵ ਕਰਨਾ ਸੰਭਵ ਹੈ ਅਤੇ ਇਸ ਪ੍ਰਕਿਰਿਆ ਵਿੱਚ ਨਿਰਾਸ਼ਾ ਹੋਵੇਗੀ। ਖਾਸ ਕਰਕੇ ਆਨੰਦ, ਵਾਸਤਵਿਕਤਾ ਅਤੇ ਰੰਗਾਂ ਨਾਲ ਭਰੇ ਅੱਜ ਦੇ ਸਹੂਲੀਅਤ ਬਰੇ ਆਰਾਮਦਾਇਕ ਰਾਹ ਤੋਂ। ਪਰੰਤੂ ਇਹ ਪ੍ਰਕਿਰਿਆ ਅਟੱਲ ਹੈ। ਕਿਊਬਾ ਅਤੇ ਕੋਰੀਆ ਵਰਗੇ ਇੱਕ ਦਲ ਵਾਲੇ ਦੇਸ਼ਾ ਲਈ ਇਹ ਡਰ ਕਾਇਮ ਰਹਿੰਦਾ ਹੈ ਕਿ ਰਸਤੇ ਖੁੱਲਣ ਤੋਂ ਉਹ ਕਤਮ ਹੋ ਜਾਣਗੇ ਅਤੇ ਇਸ ਲਈ ਉਹ ਆਧੁਨਿਕਤਾ ਦੇ ਖ਼ਿਲਾਫ ਸੈਂਸਰ ਅਤੇ ਪ੍ਰਤੀਬੰਧ ਲਗਾ ਦੇਂਦੇ ਹਨ। ਪਰੰਤੂ ਉਹ ਵੀ ਆਧੁਨਿਕਤਾ ਦੀ  ਹੌਲੀ-ਹੌਲੀ ਹੋ ਰਹੀ ਘੁਸਪੈਠ ਨੂੰ ਰੋਕਣ ਤੋਂ ਨਾਕਾਮ ਹਨ ਅਤੇ ਹੌਲੀ-ਹੌਲੀ ਆਪਣੀ ਮੌਜੂਦਾ ਸੰਸਕ੍ਰਿਤ ਪਹਿਚਾਣ ਗਵਾਉਂਦੇ ਜਾ ਰਹੇ ਹਨ। ਇਸ ਸਿਧਾਂਤ ਅਨੁਸਾਰ ਕੋਈ ਮੁਕਲ ਉਸ ਸਮੇਂ ਹੀ ਆਪਣੀ ਪਹਿਚਾਣ ਬਰਕਰਾਰ ਰੱਖ ਸਕਦਾ ਹੈ। ਜਦ ਉਹ ਅਫਰੀਕਾ ਜਾ ਐਮੇਜੌਨ ਵਿੱਚ ਕੁਝ

ਆਦਿਵਾਸੀਆਂ ਵਾਂਗ ਦੂਸਰਿਆਂ ਦੇਸ਼ਾ ਤੋਂ ਪੂਰੀ ਤਰ੍ਹਾਂ ਨਾਤਾ ਤੌੜ ਕੇ ਆਤਮਨਿਰਭਰ ਹੋ ਕੇ ਰਹੇ। ਇਸ ਤਰ੍ਹਾਂ ਨਾਲ ਬਚਾਈ ਸੰਸਕ੍ਰਿਤਿਕ ਪਹਿਚਾਣ ਸਮਾਜ ਨੂੰ ਮੁੜ ਪੱਥਰ ਯੁੱਗ ਵਿੱਚ ਲੈ ਜਾਏਗੀ। ਇਹ ਸੱਚ ਹੈ ਕਿ ਆਧੁਨਿਕਤਾ ਕਾਰਣ ਪਰੰਪਰਾਵਾਦੀ ਯੁਗ ਦੇ ਕਈ ਰੂਪ ਗਾਇਬ ਹੋ ਜਾਂਦੇ ਹਨ। ਪਰੰਤੂ ਇਸ ਨਾਲ ਸਾਰੇ ਸਮਾਜ ਨਮੂ ਅੱਗੇ ਵੱਧਣ ਲਈ ਮੌਕਾ ਅਤੇ ਮਹੱਤਵਪੂਰਨ ਕਦਮ ਮਿਲਦੇ ਹਨ। ਇਹ ਹੀ ਵਜ੍ਹਾ ਹੈ ਕਿ ਆਣਾਦੀ ਨਾਲ ਚੁਨਣ ਦਾ ਮੌਕਾ ਮਿਲਣ'ਤੇ ਕਈ ਵਾਰ ਲੋਕ ਆਪਣੇ ਨੇਤਾਵਾਂ ਜਾਂ ਪਰੰਪਰਾਵਾਦੀ ਬੁਧੀਜੀਵੀਆਂ ਦੇ ਖਿਲਾਫ਼ ਕਿਸੇ ਅਸਪੱਸ਼ਟਤਾ ਦੇ ਬਿਨਾਂ ਆਧੁਨਿਕਤਾ ਨੂੰ ਚੁਣਦੇ ਹਨ।

ਵਿਸ਼ਵੀਕਰਨ ਦੇ ਖਿਲਾਫ਼ ਅਤੇ ਸੰਸਕ੍ਰਿਤਿਕ ਪਹਿਚਾਣ ਦੇ ਪੱਖ ਵਿੱਚ ਆਰੋਪ ਸੰਸਕ੍ਰਿਤਿਕ ਸਥਿਰਤਾ ਦੀ ਧਾਰਣਾ ਦਾ ਖੁਲਾਸਾ ਕਰਦੇ ਹਨ ਜਿਸਦਾ ਕੋਈ ਇਤਿਹਾਸਿਕ ਆਧਾਰ ਨਹੀਂ ਹੈ। ਵਕਤ ਦੇ ਨਾਲ ਜਿਹੜੀ ਸੰਸਕ੍ਰਿਤੀ ਨਹੀਂ ਬਦਲੀ ਅਤੇ ਇੱਕੋ ਜਿਹੀ ਹੀ ਰਹੀ ਹੈ, ਉਹਨਾਂ ਲੋਕਾਂ (ਪੁਰਾਣੀ ਸੰਸਕ੍ਰਿਤੀ ਦੇ ਲੋਕਾਂ) ਨੂੰ ਜਾਨਣ ਲਈ ਆਧੁਨਿਕ ਕਾਲ ਦੇ ਜਾਦੂਈ ਧਾਰਮਿਕ ਸਮੁਦਾਇਆਂ ਦੀ ਖੋਜ ਕਰਨੀ ਪਵੇਗੀ ਜੋ ਗੁਫ਼ਾਵਾ ਵਿੱਚ ਰਹਿੰਦੇ ਹੋਣ, ਅਸਮਾਨੀ ਬਿਜਲੀ ਅਤੇ ਜਾਨਵਰਾਂ ਦੀ ਪੂਜਾ ਕਰਦੇ ਹੋਣ ਅਤੇ ਆਪਣੇ ਆਦਿ ਕਾਲ ਦੀ ਵਜ੍ਹਾ ਨਾਲ ਤਬਾਹੀ ਅਤੇ ਸ਼ੋਸ਼ਣ ਦੀ ਚਪੇਟ ਵਿਚ ਸਹਿਜਤਾ ਨਾਲ ਆ ਜਾਂਦੇ ਹੋਣ। ਦੂਸਰੀਆਂ ਸਾਰੀਆਂ ਸੰਸਕ੍ਰਿਤੀਆਂ, ਖਾਸ ਕਰਕੇ ਜਿਨ੍ਹਾਂ ਨੂੰ ਆਧੁਨਿਕ ਅਤੇ ਜਿਊਂਦਾ ਕਿਹਾ ਜਾ ਸਕਦਾ ਹੈ ਅਤੇ ਦੋ ਜਾਂ ਤਿੰਨ੍ਹਾਂ ਪੀੜ੍ਹੀਆਂ ਦੇ ਪਹਿਲੇ ਬਿੰਦੂਆਂ (ਵਿਸ਼ਵਾਸ਼, ਮਾਨਤਾਵਾਂ ਤੇ ਰਿਵਾਜ਼ਾ) ਨੂੰ ਛੱਡ ਕੇ ਅੱਗੇ ਵੱਧੇ ਹੋਣ। ਇਸ ਕ੍ਰਾਂਤੀ ਨੂੰ ਫ੍ਰਾਂਸ, ਸਪੇਨ ਅਤੇ ਇੰਗਲੈਂਡ ਵਰਗੇ ਦੇਸ਼ਾਂ ਨੇ ਸਾਕਾਰ ਕਰਕੇ ਵਿਖਾ ਦਿੱਤਾ ਹੈ ਅਤੇ ਇਹ ਸਾਰਾ ਕੁਝ ਪਿਛਲੀ ਅੱਧੀ ਸਦੀ ਵਿੱਚ ਹੀ ਹੋਇਆ ਹੈ। ਅੱਜ ਮਾਰਕਲ ਪਰਾਉਸਟ, ਫੈਡਰਿਕੋ ਗਰਸਿਆ ਲੋਰਕਾ ਜਾਂ ਵਰਜੀਨਿਆਂ ਵੂਲਫ਼ ਸ਼ਾਇਦ ਹੀ ਪਹਿਚਾਣ ਸਕਣਗੇ ਕਿ ਇਸੇ ਸਮਾਜ ਵਿੱਚ ਉਹਨਾਂ ਦਾ ਜਨਮ ਹੋਇਆ ਸੀ। ਇਹ ਸਮਾਜ ਜੋ ਕਿ ਉਹਨਾਂ ਦੇ ਕੰਮ ਦੀ ਵਜ੍ਹਾਂ ਨਾਲ ਬਦਲਿਆ ਹੈ।

ਸੰਸਕ੍ਰਿਤਿਕ ਪਹਿਚਾਣ ਦੀ ਧਾਰਨਾ ਖਤਰਨਾਕ ਹੈ। ਸਮਾਜਿਕ, ਨਜ਼ਰੀਏ ਤੋਂ ਇਹ ਵਿਚਾਰ ਇਕ ਭਰਮ ਦੇ ਕਾਲਪਨਿਕ ਸੰਕਲਪਨਾਂ ਨੂੰ ਦਰਸਾਉਂਦਾ ਹੈ। ਪਰੰਤੂ ਰਾਜਨੀਤਿਕ ਨਜ਼ਰੀਏ ਤੋਂ ਇਹ ਮਾਨਵਤਾ ਦੀ ਸਭ ਤੋਂ ਅਨਮੋਲ ਉਪਲਬਧੀ/ਆਜ਼ਾਦੀ ਨੂੰ ਖੋਹ ਲੈਂਦਾ ਹੈ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਜੋ ਲੋਕ ਇਕ ਭਾਸ਼ਾ ਬੋਲਦੇ ਹਨ, ਉਹ ਇਕ ਹੀ ਰਾਜ ਵਿੱਚ ਪੈਦਾ ਹੋਏ ਤੇ ਪਲੇ, ਉਹਨਾਂ ਸਾਹਮਣੇ ਇਕੋ ਜਿਹੀਆ ਸਮੱਸਿਆਵਾਂ ਆਉਂਦੀਆਂ ਹਨ। ਉਹ ਇਕ ਹੀ ਧਰਮ ਨੂੰ ਮੰਨਦੇ ਹਨ ਅਤੇ ਇੱਕੋ ਜਿਹੇ ਰਿਵਾਜ਼ ਅਪਨਾਉਂਦੇ ਹਨ। ਪਰੰਤੂ ਸਮੂਹਿਕ ਚਿੰਨ੍ਹ ਉਹਨਾਂ ਵਿੱਚੋਂ

ਹਰੇਕ ਨੂੰ ਪੂਰੀ ਤਰ੍ਹਾਂ ਪਹਿਚਾਣ ਨਹੀਂ ਦੇ ਸਕਦੇ। ਇਹ ਸਿਰਫ਼ ਦੁਜੈਲੇ ਪੱਧਰ ਦੇ ਹੋਣ ਦੀ ਹਿਕਾਰਤ ਭਰੀ ਭਾਵਨਾ ਨੂੰ ਖਤਮ ਕਰਦਾ ਹੈ ਅਤੇ ਸਮੂਹ ਦੇ ਇੱਕ ਵਿਅਕਤੀ (ਇਮਬਣਰ) ਦੀ ਦੂਸਰੇ ਵਿਅਕਤੀ ਤੋਂ ਵੱਖਰਤਾ ਨੂੰ ਗੌਣ/ਬੇਲੋੜਾ ਬਣਾ ਦੇਂਦਾ ਹੈ। ਪਹਿਚਾਣ ਦੀ ਸੰਕਲਪਨਾ ਨੂੰ ਜੇਕਰ ਵਿਅਕਤੀਗਤ ਪੈਮਾਨੇ ਓਪਰ ਨਾ ਮਾਪਿਆ ਜਾਵੇ ਤਾਂ ਇਹ ਨੀਂਵੇ ਪੱਧਰ ਦਾ ਅੱਜ ਬੇਅਰਥ ਹੁੰਦੀ ਹੈ। ਕਿਸੇ ਵਿਅਕਤੀ ਦੀ ਸਿਰਜਣਾਤਮਕਤਾ ਅਤੇ ਅਸਲੀਅਤ ਉਪਰ ਵਿਰਾਸਤ, ਭੂਗੋਲ ਅਤੇ ਸਮਾਜਿਕ ਆਦਿ ਸਮੂਹਿਕ ਅਤੇ ਵਿਚਾਰਾਤਮਕ ਚੀਜ਼ਾ ਦੇ ਦਬਾਅ ਨੂੰ ਨਹੀਂ ਥੋਪਿਆ ਜਾ ਸਕਦਾ। ਅਸਲ ਵਿੱਚ ਕਿਸੇ ਵਿਅਕਤੀ ਦੀ ਸਹੀ ਪਹਿਚਾਣ ਉਸ ਦੀ ਆਪਣੀ ਤਲਾਸ਼ ਨਾਲ ਜੁੜੇ ਸੁਤੰਤਰ ਕੰਮਾਂ ਨੂੰ ਕਰਨ ਦੀ ਸਮਰੱਥਾ ਦੁਆਰਾ ਇਹਨਾਂ ਪ੍ਰਭਾਵਾਂ ਨਾਲ ਸੰਘਰਸ਼ ਕਰਨਾ ਅਤੇ ਇਹਨਾਂ ਦਾ ਸਾਹਮਣਾ ਕਰਨ ਨਾਲ ਸਾਹਮਣੇ ਆਉਂਦੀ ਹੈ।

ਸਮੂਹਿਕ ਪਹਿਚਾਣ ਦੀ ਧਾਰਨਾ ਵਿਚਾਰਾਤਮਕ ਕਲਪਨਾ ਹੈ ਅਤੇ ਰਾਸ਼ਟਰਵਾਦ ਦਾ ਆਧਾਰ ਹੈ। ਮਨੁੱਖ ਜਾਤੀ ਦੇ ਵਿਗਿਆਨ ਅਤੇ ਵਿਗਿਆਨਕਾਂ ਲਈ ਸਭ ਤੋਂ ਪੁਰਾਣੇ ਸਮੁਦਾਇਆਂ ਵਿੱਚ ਵੀ ਸਾਮੂਹਿਕ ਪਹਿਚਾਣ ਸੱਚ ਨੂੰ ਨਹੀਂ ਦਰਸਾਉਂਦੀ। ਸੰਯੁਕਤ ਰਿਵਾਜ਼ ਅਤੇ ਇਹਨਾਂ ਦੀ ਪਾਲਣਾ ਕਿਸੇ ਸਮੂਹ ਲਈ ਬਚਾਉ ਦਾ ਕਾਰਣ ਹੋ ਸਕਦੇ ਹਨ। ਪਰੰਤੂ ਇਸਦੇ ਨਾਗਰਿਕਾਂ ਲਈ ਸਮੂਹ ਤੋਂ ਖੁਦ ਨੂੰ ਵੱਖ ਵਿਖਾਉਣ ਦੀ ਪਹਿਲ ਅਤੇ ਸਿਰਜਣਾਤਮਕਤਾ ਵਿਚਲਾ ਅੰਤਰ ਬਹੁਤ ਵਿਸ਼ਾਲ ਹੁੰਦਾ ਹੈ। ਜਦ ਕਿਸੇ ਵਿਅਕਤੀ ਨੂੰ ਸਾਮੂਹਿਕਤਾ ਦੀ ਬਾਹਰੀ ਸੀਮਾਂ ਦੇ ਤੱਤਾਂ ਨੂੰ ਨਾ ਵੇਖਦੇ ਹੋਏ ਉਸਦੀਆਂ ਆਪਣੀਆ ਸ਼ਰਤਾਂ ਦੇ ਆਧਾਰ ਤੇ ਮਾਪਿਆ ਜਾਵੇ ਤਾਂ ਸਾਮੂਹਿਕ ਵਿਸ਼ੇਸ਼ਤਾ ਓਪਰ ਵਿਅਕਤੀਗਤ ਵਿਭਿਨਤਾਵਾਂ ਭਾਰੀ ਪੈਂਦੀਆ ਹਨ। ਵਿਸ਼ਵੀਕਰਨ ਇਸ ਧਰਤੀ ਦੇ ਸਾਰਿਆ ਲੋਕਾਂ ਦੀ ਆਪਣੀਆਂ ਬੁਨਿਆਦੀ ਜ਼ਰੂਰਤਾਵਾਂ ਅਤੇ ਮਨਮਈ ਇਛਾਵਾਂ ਦੇ ਅਨੁਸਾਰ ਸਵੈ-ਇੱਛੁਕ ਕੰਮ ਦੁਆਰਾ ਵਿਅਕਤੀਗਰ ਪਹਿਚਾਣ ਬਨਾਉਣ ਦੀ ਸੰਭਾਵਨਾ ਦਿਖਾਉਂਦਾ ਹੈ। ਹੁਣ ਨਾਗਰਿਕ ਪਹਿਲਾਂ ਦੀ ਤਰ੍ਹਾਂ ਅਤੇ ਕਈ ਥਾਵਾਂ ਓਪਰ ਹੁਣ ਵੀ ਉਸ ਪਹਿਚਾਣ ਦੇ ਪ੍ਰਤੀ ਸ਼ੁਕਰਗੁਜ਼ਾਰ ਨਹੀਂ ਹੁੰਦੇ ਜੋ ਉਨ੍ਹਾਂ ਨਾਲ ਬੱਝੀ ਹੁੰਦੀ ਹੈ ਅਤੇ ਉਸ ਤੋਂ ਬਚਣ ਦਾ ਕੋਈ ਰਸਤਾ ਨਹੀਂ ਹੁੰਦਾ। ਅਜਿਹੀ ਪਹਿਚਾਣ ਉਹਨਾਂ ਓਪਰ ਉਹਨਾਂ ਦੀ ਭਾਸ਼ਾ, ਰਾਸ਼ਟਰ, ਚਰਚ ਅਤੇ ਉਹਨਾਂ ਦੇ ਜਨਮ ਸਥਾਨ ਦੇ ਰਿਵਾਜ਼ਾਂ ਤੋਂ ਮਿਲਦੀ ਹੈ। ਇਸ ਰੂਪ ਵਿੱਚ ਵਿਸ਼ਵੀਕਰਨ ਦਾ ਸਵਾਗਤ ਹੋਣਾ ਚਾਹੀਦਾ ਹੈ। ਕਿਉਂਕਿ ਇਸ ਨਾਲ ਵਿਅਕਤੀਗਤ ਆਜ਼ਾਦੀ ਦੀਆਂ ਸੀਮਾਵਾਂ ਦਾ ਪਾਸਾਰ ਹੋਇਆ ਹੈ।

## ਇੱਕ ਮਹਾਦੀਪ ਦੇ ਦੋ ਇਤਿਹਾਸ

ਸਮੂਹਿਕ ਪਹਿਚਾਣ ਸਥਾਪਿਤ ਕਰਨ ਦੀ ਮੂਰਖਤਾ ਅਤੇ ਚਾਲਾਕੀ ਦੇ ਉੱਤਮ ਉਦਾਹਰਣ ਸ਼ਾਇਦ ਲੈਟਿਨ ਅਮਰੀਕਾ ਵਿੱਚ ਵੇਖਣ ਨੂੰ ਮਿਲਦੇ ਹਨ। ਲੈਟਿਨ ਅਮਰੀਕਾ

ਦੀ ਸੰਸਕ੍ਰਿਤਿਕ ਪਹਿਚਾਣ ਕੀ ਹੋ ਸਕਦੀ ਹੈ। ਇਸ ਖੇਤਰ ਦੀਆਂ ਧਾਰਮਿਕ ਮਾਨਤਾਵਾਂ, ਪਾਲਣਾ, ਪਰੰਪਰਾ, ਰਿਵਾਜ ਅਤੇ ਵਿਸ਼ਵਾਸ਼ ਦੇ ਸੰਗਠਿਤ ਰਾਠਜੋੜ ਵਿੱਚ ਕੀ ਸ਼ਾਮਿਲ ਕੀਤਾ ਜਾ ਸਕਦਾ ਹੈ ਜੋ ਇਕਾਈ ਰੂਪ ਵਿਲੱਖਣ ਅਤੇ ਅਰੂਪਾੱਤ੍ਰਿਤ ਵਿਅਕਤਿੱਤਵ ਵਾਲਾ ਹੈ। ਸਾਡਾ ਇਤਿਹਾਸ ਬੌਧਿਕ ਬਹਿਸ-ਕਿਸੇ ਹੱਦ ਤੱਕ ਜਰੂਰਤਾ ਦੀਆਂ ਸਮੱਸਿਆ ਵਿੱਚ ਜਕੜਿਆ ਹੋਇਆ ਹੈ। ਇਸ ਸਵਾਲ ਦਾ ਉੱਤਰ ਤਲਾਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਭ ਤੋਂ ਵੱਧ ਸਫ਼ਲ ਪਿਟਡ ਹਿਸਪੈਨਿਸਟ (Pitted Hispanists) ਦੁਆਰਾ ਇਨਡਿਜਨਿਸਟ (Indigenists) ਦੀ ਖਿਲਾਫਤ ਸੀ ਜਿਸਦਾ ਅਕਸ ਪੂਰੇ ਮਹਾਂਦੀਪ ਉੱਪਰ ਨਜ਼ਰ ਆਇਆ।

ਜੋਸ ਡੀ ਲਾ ਰਿਵਾ ਅਗਯੂਰੋ (José de la Riva Agüero), ਵਿਕਟਰ ਏਡੰਰਸ ਬੇਲਾਂਦ (Victor Andrés Belaúnde) ਅਤੇ ਫ੍ਰਾਂਸਿਸਕੋ ਗਾਰਸੀਆਂ ਕਾਲਡਰ (Francisco García Calder) ਜਹੇ ਹਿਸਪੈਨਿਸਟ ਦੇ ਲਈ ਲੈਟਿਨ ਅਮਰੀਕਾ ਦਾ ਜਨਮ ਉਦੋਂ ਹੋਇਆ ਸੀ ਜਦ ਖੋਜ ਅਤੇ ਜਿੱਤ ਤੋਂ ਬਾਅਦ ਇਸਨੇ ਸਪੈਨਿਸ਼ ਅਤੇ ਪੁਰਤਗਾਲੀ ਭਾਸ਼ਾ ਨੂੰ ਅਪਨਾਇਆ ਤੇ ਈਸਾਈ ਧਰਮ ਨੂੰ ਅਪਣਾਕੇ ਪੱਛਮੀ ਸੱਭਿਅਤਾ ਦਾ ਹਿੱਸਾ ਬਣਿਆ। ਹਿਸਪੈਨਿਸਟਾਂ ਨੇ ਹਿਸਪੈਨਿਸ ਕਾਲ ਤੋਂ ਪਹਿਲਾਂ ਦੀ ਸੰਸਕ੍ਰਿਤੀ ਨੂੰ ਘੱਟ ਨਹੀਂ ਮੰਨਿਆ ਪਰੰਤੂ ਇਸਨੂੰ ਇਕ ਪਰਤ ਦੇ ਰੂਪ ਵਿਚ-ਬੁਨਿਆਦ ਦੇ ਰੂਪ ਵਿੱਚ ਨਹੀਂ-ਸਮਾਜਿਕ ਅਤੇ ਇਤਿਹਾਸਿਕ ਵਾਸਤਵਿਕਤਾ ਵਜੋਂ ਆਪਣੇ ਸੁਭਾਅ ਅਤੇ ਵਿਅਕਤਿੱਤਵ ਤੋਂ ਪੱਛਮ ਦੇ ਪ੍ਰਭਾਵ ਨੂੰ ਧੰਨਵਾਦ ਦੇਂਦੇ ਹੋਏ ਪੂਰਾ ਕੀਤਾ।

ਦੂਜੇ ਪਾਸੇ ਇੰਡੇਜਿਨਿਸਟਾਂ ਨੇ ਯੂਰੋਪੀਅਨਾਂ ਦੁਆਰਾ ਲੈਟਿਨ ਅਮਰੀਕਾ ਵਿੱਚ ਮੁਨਾਫ਼ਾ ਲਿਆਉਣ ਵਿਦਰੋਹ ਦੇ ਤਰਕਾਂ ਨੂੰ ਖਾਰਿਜ ਕਰ ਦਿੱਤਾ। ਉਹਨਾਂ ਦੇ ਪਈ ਸਾਡੀ ਪਹਿਚਾਨ, ਇਸਦੀਆਂ ਜੜ੍ਹਾਂ ਅਤੇ ਆਤਮਾ ਹਿਸਪੈਨਿਕ, ਸੰਸਕ੍ਰਿਤੀ ਅਤੇ ਸੱਭਿਅਤਾ ਤੋਂ ਪਹਿਲਾਂ ਦੀ ਜੁੜੀ ਹੈ ਜਿਸਦੇ ਵਿਕਾਸ ਅਤੇ ਆਧੁਨਿਕਤਾ ਨੂੰ ਨਾ ਸਿਰਫ਼ ਤਿੰਨ ਸਦੀਆਂ ਦੇ ਉਪਨਿਵੇਸ਼ਵਾਦ ਦੇ ਦੋਰਾਨ ਬਲਕਿ ਬਾਅਦ ਵਿੱਚ ਗਣਤੰਤਰ ਵਾਲੇ ਢਾਂਚੇ ਵਿੱਚ ਵੀ ਹਿੰਸਾ ਨਾਲ ਦਬਾਇਆ ਗਿਆ ਅਤੇ ਬੇਇੱਜ਼ਤੀ, ਦਮਨ ਤੇ ਬਹਿਸ਼ਿਕਾਰ ਕੀਤਾ ਗਿਆ। ਇਨਡਜਿਨਿਸਟ ਵਿਚਾਰਕਾਂ ਦੇ ਮੁਤਾਬਿਕ, ਪ੍ਰਮਾਣਿਕ 'ਅਮਰੀਕਨ ਅਭਿਵਿਅਕਤੀ' ਸੰਸਕ੍ਰਿਤਿਕ ਅਭਿਵਿਅਕਤੀ ਵਿੱਚ ਹੁੰਦੀ ਹੈ; ਮੂਲ ਭਾਸ਼ਾ ਤੋਂ ਵਿਸ਼ਵਾਸ, ਸੰਸਕਾਰ, ਕਲਾ ਅਤੇ ਪ੍ਰਸਿੱਧ ਚੀਜ਼ਾ ਤੱਕ ਜਿਨ੍ਹਾਂ ਨੇ ਪੱਛਮੀ ਸੰਸਕ੍ਰਿਤੀ ਦੇ ਦਬਾਉ ਦਾ ਵਿਰੋਧ ਕੀਤਾ ਅਤੇ ਸਾਡੇ ਦਿਨ ਬਣੇ ਰਹੇ। ਇਸ ਸੰਬੰਧੀ ਪੇਰੂ ਦੇ ਇੱਕ ਪ੍ਰਮੁੱਖ ਇਤਿਹਾਸਕਾਰ ਲੁਈਸ ਈ. ਵਲਕਾਰਸੇਲ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਚਰਚ, ਮੱਠ ਅਤੇ ਉਪਨਿਵੇਸ਼ੀ ਵਾਸਤੂਕਲਾ ਦੇ ਸਮਾਰਕਾਂ ਨੂੰ ਸਾੜ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਪੇਰੂ ਦੇ ਵਿਰੋਧੀਆਂ ਦੀ ਭੂਮਿਕਾ ਨਿਭਾਉਂਦੇ ਹਨ। ਜੋ ਪ੍ਰਾਚੀਨ ਅਮਰੀਕਨ ਪਹਿਚਾਣ ਦੇ ਵਿਰੋਧੀ ਸਨ, ਉਹ ਪਾਖੰਡੀ ਸਨ ਅਤੇ ਓਹ ਸਿਰਫ਼

ਸਵਦੇਸ਼ੀ ਹੀ ਹੋ ਸਕਦੇ ਹਨ। ਲੈਟਿਨ ਅਮਰੀਕਾ ਦੇ ਸਭ ਤੋਂ ਮੂਲ ਨਾਵਲਕਾਰ ਜੋਸ ਮਾਰਿਆ ਅਰਗੁਏਡ ਜੀਵੰਤ ਨੈਤਿਕ ਵਿਰੋਧ ਅਤੇ ਮਹਾਨ ਨਿਮਰਤਾ ਦੀਆਂ ਕਹਾਣੀਆਂ ਸੁਣਾਉਂਦੇ ਹੋਏ ਦੱਸਦੇ ਹਨ ਕਿ ਪੱਛਮ ਦੀ ਘੁਟਨ ਅਤੇ ਵਿਆਪਕ ਉਪਸਥਿਤੀ ਦੇ ਬਾਵੂਜਦ ਗਤੀਸ਼ੀਲ ਦੁਨੀਆਂ ਵਿੱਚ ਕਵੇਛੁਆ ਸੰਸਕ੍ਰਿਤੀ ਦਾ ਕਾਇਮ ਰਹਿਣਾ ਪ੍ਰਸ਼ੰਸਾਯੋਗ ਹੈ। ਹਿਸਪੈਨੀਸਿਜ਼ਮ ਅਤੇ ਇੰਡਿਗਏਨਿਜ਼ਮ ਨੇ ਬਿਹਤਰੀਨ ਇਤਿਹਾਸਿਕ ਨਿਬੰਧ ਲਿਖੇ ਅਤੇ ਕਥਾ ਸਾਹਿਤ ਵਿੱਚ ਉੱਚ ਸਿਰਜਣਾਤਮਕ ਕੰਮ ਕੀਤਾ। ਪਰੰਤੂ ਅੱਜ ਦੇ ਹਾਲਾਤ ਨਾਲ ਤੁਲਨਾ ਦਿੱਤੀ ਜਾਵੇ ਤਾਂ ਦੋਵੇ ਮਤ ਇਕ ਸਮਾਨ ਰਹੱਸਵਾਦੀ ਸੀਮਤ ਅਤੇ ਗਲਤ ਸਨ। ਇਨ੍ਹਾਂ ਵਿੱਚੋਂ ਕੋਈ ਵੀ ਲੈਟਿਨ ਅਮਰੀਕਾ ਦੀ ਬਹੁਪੱਖਤਾ ਨੂੰ ਵਿਚਾਰਤਮਕ ਜਾਲ ਅਤੇ ਨਸਲਵਾਦ ਦੇ ਜਹਾਜ਼ ਵਿੱਚ ਸਮੇਟ ਸਕਣ ਵਿੱਚ ਸਫ਼ਲ ਨਹੀਂ ਹੋਇਆ। ਅੱਜ ਕੌਣ ਇਹ ਦਾਅਵਾ ਕਰ ਸਕਦਾ ਹੈ ਕਿ ਹਿਸਪੈਨਿਕ ਜਾਂ ਇੰਡੀਅਨ ਹੀ ਲੈਟਿਨ ਅਮਰੀਕਾ ਦੀ ਵਿਰਾਸਤ ਨੂੰ ਦਰਸਾਉਂਦੇ ਹਨ। ਭਾਵੇਂ ਕਿ ਅੱਜ ਵੀ ਰਾਜਨੀਤਿਕ ਅਤੇ ਬੌਧਿਕ ਘੁਣ ਸਾਡੀ 'ਸੰਸਕ੍ਰਿਤਿਕ ਪਹਿਚਾਣ' ਨੂੰ ਖੰਡਿਤ ਕਰਨ ਅਤੇ ਮਿਟਾਉਣ ਵਿੱਚ ਲੱਗਾ ਹੋਇਆ ਹੈ ਜੋ ਚਿੰਤਾ ਦਾ ਵਿਸ਼ਾ ਹੈ। ਸੰਸਕ੍ਰਿਤਿਕ ਪਹਿਚਾਣ ਨੂੰ ਲੋਕਾਂ ਉੱਪਰ ਥੋਪਣਾ ਕਿਸੇ ਨੂੰ ਜੇਲ ਵਿੱਚ ਬੰਦ ਕਰਕੇ ਉਸਦੀ ਬੇਸ਼ਕੀਮਤੀ ਆਜ਼ਾਦੀ (ਕਿ ਉਹ ਕਿਵੇਂ ਤੇ ਕੀ ਬਨਣਾ ਚਾਹੁੰਦੇ ਹੈ) ਨੂੰ ਖਤਮ ਕਰਨ ਜਿਹਾ ਹੈ। ਲੈਟਿਨ ਅਮਰੀਕਾ ਦੀ ਇਕ ਬਲਕਿ ਬਹੁਤ ਸਾਰੀਆ ਸੰਸਕ੍ਰਿਤਿਕ ਪਹਿਚਾਣਾ ਹਨ। ਕੋਈ ਵੀ ਇਸ ਉੱਪਰ ਦੂਸਰੇ ਤੋਂ ਵੱਧ ਅਧਿਕਾਰ ਅਤੇ ਸ਼ੁੱਧਤਾ ਦਾ ਦਾਅਵਾ ਨਹੀਂ ਕਰ ਸਕਦਾ।

ਬੇਸ਼ੱਕ ਲੈਟਿਨ ਅਮਰੀਕਾ ਹਿਸਪੈਨਿਕ - ਪੂਰਵ ਵਿਸ਼ਵ ਅਤੇ ਇਸਦੀ ਸੰਸਕ੍ਰਿਤੀ ਦਾ ਪ੍ਰਤੀਕ ਹੈ। ਜਿਸ ਵਿੱਚ ਮੈਕਸਿਕੋ, ਗੁਆਟੇਮਾਲਾ ਅਤੇ ਐਂਡੀਅਨ (Andean) ਦੇਸ਼ਾ ਵਿੱਚ ਅਜੇ ਵੀ ਸਮਾਜਕ ਸ਼ਕਤੀ ਹੈ। ਪਰੰਤੂ ਲੈਟਿਨ ਅਮਰੀਕਾ ਵਿੱਚ ਪੰਜ ਸਦੀਆ ਤੱਕ ਸਪੈਨਿਸ਼ ਅਤੇ ਪੁਰਤਗਾਲੀ ਬੋਲਣ ਵਾਲੇ ਲੋਕਾਂ ਦੀ ਪਰੰਪਰਾ ਵੀ ਰਹੀ ਹੈ ਜਿਹਨਾਂ ਦੀ ਹੋਂਦ ਅਤੇ ਕੰਮ ਮਹਾਂਦੀਪ ਨੂੰ ਇਸਦੀਆਂ ਵਰਤਮਾਨ ਵਿਸ਼ੇਸ਼ਤਾਵਾਂ ਦਿੰਦੇ ਹਨ। ਅਤੇ ਕੀ ਲੈਟਿਨ ਅਮਰੀਕਾ ਦਾ ਅਫਰੀਕਾ ਨਾਲ ਵੀ ਕੋਈ ਸੰਬੰਧ ਹੈ ਜੋ ਯੂਰੋਪ ਦੇ ਨਾਲ ਹੀ ਸਮੁੰਦਰ ਦੇ ਕੰਢੇ ਓਪਰ ਆਇਆ ਸੀ। ਕੀ ਅਫ਼ਰੀਕਾ ਦੀ ਮੌਜ਼ੂਦਗੀ ਨੇ ਸਾਡੀ ਚਮੜੀ, ਸਾਡੇ ਸੰਗੀਤ, ਸਾਡੇ ਸੁਭਾਅ ਅਤੇ ਸਾਡੇ ਸਮਾਜ ਉੱਪਰ ਕੋਈ ਅਸਰ ਨਹੀਂ ਪਾਇਆ। ਸੰਸਕ੍ਰਿਤੀ, ਜਾਤੀ ਅਤੇ ਸਮਾਜਿਕ ਤੱਤ ਲੈਟਿਨ ਅਮਰੀਕਾ ਨੂੰ ਦੁਨੀਆਂ ਦੇ ਸਾਰੇ ਖੇਤਰਾਂ ਅਤੇ ਸੰਸਕ੍ਰਿਤੀਆਂ ਨਾਲ ਜੋੜਦੇ ਹਨ। ਸਾਡੀਆਂ ਕਈ ਸੰਸਕ੍ਰਿਤਿਕ ਪਛਾਣਾਂ ਹਨ ਅਤੇ ਇਹ ਇੱਕੋ ਜਿਹੀਆਂ ਤਾਂ ਬਿਲਕੁਲ ਨਹੀਂ। ਸੱਚਾਈ ਇਹ ਹੈ ਕਿ ਰਾਸ਼ਟਰਵਾਦੀਆਂ ਦੇ ਵਿਸ਼ਵਾਸ ਦੇ ਵਿਰੁੱਧ ਇਹ ਸਾਡੀ ਮਹਾਨਤਮ

ਵਿਰਾਸਤ ਹੈ। ਇਹ ਪ੍ਰਤੱਖ ਪ੍ਰਮਾਣ ਹੈ ਜੋ ਸਾਨੂੰ ਮਹਿਸੂਸ ਕਰਵਾਉਂਦਾ ਹੈ ਕਿ ਅਸੀਂ ਪੂਰੇ ਵਿਸ਼ਵੀਕਰਣ ਵਾਲੇ ਸੰਸਾਰ ਦੇ ਨਾਗਰਿਕ ਹਾਂ।

**ਸਥਾਨਕ ਆਵਾਜ਼, ਵਿਸ਼ਵੀ ਪਹੁੰਚ**

ਦੁਨੀਆਂ ਦੇ ਅਮਰੀਕੀਕਰਨ ਹੋਣ ਦਾ ਡਰ ਵਾਸਤਵਿਕਤਾ ਦੀ ਥਾਂ ਮਾਨਸਿਕ ਮੁੱਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਵਿਸ਼ਵੀਕਰਣ ਦੁਆਰਾ ਅੰਗ੍ਰੇਜ਼ੀ ਸਾਡੇ ਵਕਤ ਦੀ ਆਮ ਭਾਸ਼ਾ ਬਣ ਚੁੱਕੀ ਹੈ ਜਿਵੇਂ ਕਿ ਮੱਧਕਾਲ, ਵਿੱਚ ਲੈਟਿਨ ਸੀ। ਇਹ ਅੱਗੇ ਵੀ ਇਵੇਂ ਹੀ ਚਲਦਾ ਰਹੇਗਾ ਕਿਉਂਕਿ ਇਹ ਭਾਸ਼ਾ ਅੰਤਰ-ਰਾਸ਼ਟਰੀ ਵਪਾਰ ਤੇ ਵਟਾਂਦਰੇ ਦੀ ਭਾਸ਼ਾ ਬਣ ਚੁੱਕੀ ਹੈ। ਪਰੰਤੂ ਕੀ ਇਸਦਾ ਅਰਥ ਇਹ ਹੈ ਕਿ ਅੰਗ੍ਰੇਜ਼ੀ ਦਾ ਵਿਕਾਸ ਦੂਸਰੀਆਂ ਭਾਸ਼ਾਵਾਂ ਦੀ ਕੀਮਤ ਉਪਰ ਹੋਵੇ। ਨਿਸ਼ਚਿਤ ਰੂਪ ਨਾਲ ਇਸਦਾ ਉਤਰ ਨਾ ਹੈ। ਦਰਅਸਲ ਇਸਦੇ ਵਿਰੋਧ ਵਾਲੀ ਗੱਲ ਸਹੀ ਹੈ। ਸੀਮਾਵਾਂ ਦੇ ਖਤਮ ਹੋਣ ਅਤੇ ਵਿਸ਼ਵ ਦੀ ਅੰਤਰਨਿਰਭਰਤਾ ਨੇ ਦੂਸਰੀਆਂ ਸੰਸਕ੍ਰਿਤੀਆਂ ਤੋਂ ਸਿੱਖਣ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਣਾ ਸ੍ਰੋਤਾਂ ਦੀ ਸਿਰਜਣਾ ਕਰਨ ਦੇ ਚਲਨ ਨੂੰ ਵਧਾਇਆ ਹੈ। ਇਹ ਸਿਰਫ਼ ਇੱਕ ਸ਼ੌਂਕ ਨਹੀਂ ਬਲਕਿ ਜ਼ਰੂਰਤ ਦੀ ਵਜ੍ਹਾ ਨਾਲ ਹੋਇਆ ਹੈ। ਕਿਉਂਕਿ ਕਈ ਭਾਸ਼ਾਵਾ ਬੋਲਣ ਦੀ ਸਮਰੱਥਾ ਅਤੇ ਦੂਸਰੀਆਂ ਸੰਸਕ੍ਰਿਤੀਆਂ ਨਾਲ ਆਸਾਨੀ ਨਾਲ ਵਿਓਪਾਰਕ ਸੰਚਾਲਨ ਦੀ ਸਫ਼ਲਤਾ ਦੇ ਲਈ ਜ਼ਰੂਰੀ ਹੋ ਗਿਆ ਹੈ। ਸਪੇਨ ਦਾ ਉਦਾਹਰਣ ਵੇਖ ਸਕਦੇ ਹਾਂ। ਅੱਧੀ ਸਦੀ ਪਹਿਲਾਂ ਸਪੈਨਿਸ਼ ਬੋਲਣ ਵਾਲੇ ਲੋਕ ਆਪਸ ਵਿੱਚ ਰਹਿਣ ਵਾਲਾ ਸਮੁਦਾਇ ਸੀ। ਅਸੀਂ ਖੁਦ ਨੂੰ ਪਾਰੰਪਰਿਕ ਭਾਸ਼ਾਈ ਸੀਮਾਂ ਤੋਂ ਪਾਰ ਜਾਣ ਵਾਲੇ ਰਸਤਿਆਂ ਤੋਂ ਦੂਰ ਰੱਖਿਆ। ਅੱਜ ਸਪੈਨਿਸ਼ ਗਤੀਸ਼ੀਲ ਅਤੇ ਸੰਪੰਨ ਹੈ ਅਤੇ ਸਮੁੰਦਰੀ ਤੱਟਾਂ, ਇੱਥੋਂ ਤੱਕ ਕਿ ਪੰਜਾਂ ਮਹਾਂਦੀਪਾਂ ਵਿੱਚ ਵਿਸ਼ਾਲ ਜੋੜ ਦੇ ਵਾਂਗ ਵੱਧ ਰਿਹਾ ਹੈ। ਇਹ ਸੱਚ ਹੈ ਕਿ ਅੱਜ ਸੰਯੁਕਤ ਰਾਜ ਵਿੱਚ 25 ਤੋਂ 30 ਮਿਲੀਅਨ ਸਪੈਨਿਸ਼ ਬੋਲਣ ਵਾਲੇ ਲੋਕ ਹਨ। ਏਸੇ ਤੋ ਪਤਾ ਲੱਗਦਾ ਹੈ ਕਿ ਕੁਝ ਸਮਾਂ ਪਹਿਲਾ ਦੋ ਯੂ. ਐਸ. ਰਾਸ਼ਟਰਪਤੀ ਪਦ ਦੇ ਉਮੀਦਵਾਰਾਂ ਨੇ ਟੈਕਸਸ ਦੇ ਗਵਰਨਰ ਜਾਰਜ ਡਬਲਯੂ. ਬੁਸ਼ ਅਤੇ ਰਾਸ਼ਟਰਪਤੀ ਅਲ ਗੌਰ ਨੇ ਨਾਂ ਸਿਰਫ਼ ਅੰਗਰੇਜ਼ੀ ਵਿੱਚ ਬਲਕਿ ਸਪੈਨਿਸ਼ ਵਿੱਚ ਵੀ ਚੋਣਾਂ ਦਾ ਪ੍ਰਚਾਰ ਕੀਤਾ।

ਦੁਨੀਆਂ ਭਰ ਦੇ ਕਿੰਨੇ ਹੀ ਜਵਾਨ ਲੋਕਾਂ ਨੇ ਵਿਸ਼ਵੀਕਰਨ ਤੋਂ ਪੈਦਾ ਹੋਈਆਂ ਔਕੜਾਂ ਦੇ ਜੁਆਬ ਵਿੱਚ ਜਾਪਾਨੀ, ਜਰਮਨ, ਮੈਂਡਰੀਅਨ, ਕੇਂਟੋਨੀਜ, ਰੂਸੀ ਜਾਂ ਫ੍ਰੈਂਚ ਭਾਸ਼ਾ ਸਿਖੀ। ਚੰਗੇ ਭਾਗੀ ਇਹ ਸਮੱਰਥਾ ਆਉਣ ਵਾਲੇ ਦਿਨਾਂ ਵਿੱਚ ਵਧੇਗੀ ਹੀ। ਇਹ ਹੀ ਵਜ੍ਹਾ ਹੈ ਕਿ ਸਾਡੀ ਸੰਸਕ੍ਰਿਤੀ ਅਤੇ ਭਾਸ਼ਾ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਨਵੇਂ ਸੰਸਾਰ ਵਿੱਚ ਉਹਨਾਂ ਦਾ ਪ੍ਰਚਾਰ ਕਰਨਾ ਹੈ, ਨਾ ਕਿ ਅੰਗਰੇਜ਼ੀ ਦੇ ਖਿਲਾਫ ਇਹਨਾਂ ਭਾਸ਼ਾਵਾ ਨੂੰ ਹਥਿਆਰ ਬਨਾਉਣਾ। ਜੋ ਲੋਕ ਸੰਸਕ੍ਰਿਤੀ ਦੇ ਸੰਬੰਧ ਵਿੱਚ ਅਜਿਹੀਆਂ ਗੱਲਾਂ ਕਰਦੇ ਹਨ ਉਹ ਲਾਪਰਵਾਹ ਹੁੰਦੇ ਹਨ ਜੋ ਰਾਸ਼ਟਰਵਾਦ

ਦਾ ਮਖੌਟਾ ਪਾ ਲੈਂਦੇ ਹਨ। ਜੇਕਰ ਸੰਸਕ੍ਰਿਤ ਦੇ ਸਰਵਜਨਕ ਝੁਕਾਉ ਵਿੱਚ ਕੁਝ ਗਲਤ ਹੈ ਤਾਂ ਉਹ ਰਾਸ਼ਟਰਵਾਦੀਆਂ ਦਾ ਅਪਰਵਾਨਜਨਕ, ਸੰਕੀਰਣ ਅਤੇ ਭਰਮਮਈ ਨਜ਼ਰੀਆਂ ਹੈ ਜਿਸਨੂੰ ਕਿ ਸੰਸਕਿ੍ਕਿਤ ਜੀਵਨ ਉਪਰ ਥੋਪ ਰਹੇ ਹਨ। ਸੰਸਕ੍ਰਿਤੀ ਤੋਂ ਸਿਖਿਆ ਜਾਣ ਵਾਲਾ ਸਭ ਤੋਂ ਵਧੀਆ ਸਬਕ ਇਹ ਹੈ ਕਿ ਇਸਦੀ ਰੱਖਿਆ ਲਈ ਨੌਕਰਸ਼ਾਹਾਂ ਜਾਂ ਵਿਭਾਗ-ਅਧਿਆਵਾਂ ਦੀ ਜ਼ਰੂਰਤ ਨਹੀਂ ਹੈ, ਨਾ ਹੀ ਇਸਨੂੰ ਸੀਖਾਂ ਵਿੱਚ ਡੱਕ ਕੇ ਰੱਖਣ ਜਾਂ ਜੀਵਿਤ ਤੇ ਸਮਰੱਥ ਰੱਖਣ ਲਈ ਰਿਵਾਜ਼ਾ ਤੋਂ ਵੱਖ ਕਰਨ ਦੀ ਜ਼ਰੂਰਤ ਹੈ। ਇਸਦੇ ਉਲਟ ਅਜਿਹੇ ਯਤਨਾਂ ਨਾਲ ਸੰਸਕ੍ਰਿਤੀ ਬਹੁਤ ਸੁੰਘੜੀ ਹੋਈ ਤੇ ਮਹੱਤਵਹੀਣ ਹੋ ਜਾਵੇਗੀ। ਸੰਸਕ੍ਰਿਤੀ ਨੂੰ ਸੁਤੰਤਰ ਹੋਣਾ ਚਾਹੀਦਾ ਹੈ ਅਤੇ ਲਗਾਤਾਰ ਦੂਸਰੀ ਸੰਸਕ੍ਰਿਤੀ ਦੇ ਸੰਪਰਕ ਵਿੱਚ ਆਉਣਾ ਚਾਹੀਦਾ ਹੈ। ਇਸ ਨਾਲ ਇਹਨਾਂ ਵਿੱਚ ਸੁਧਾਰ ਹੁੰਦਾ ਹੈ ਅਤੇ ਨਵੀਨਤਾ ਆਉਂਦੀ ਹੈ ਨਾਲ ਹੀ ਜੀਵਨ ਦੀ ਰਫ਼ਤਾਰ ਦੇ ਨਾਲ ਚੱਲ ਸਕਣ ਦੀ ਸਮਰੱਥਾ ਵੀ ਮਿਲਦੀ ਹੈ। ਪੁਰਾਣੇ ਸਮੇਂ ਵਿੱਚ ਵੀ ਲੈਟਿਨ ਨੇ ਗ੍ਰੀਕ ਦੀ ਹੱਤਿਆ ਨਹੀਂ ਕੀਤੀ। ਇਸਦੇ ਉਲਟ ਯੂਨਾਨੀ ਸੰਸਕ੍ਰਿਤੀ ਦੀ ਬੌਧਿਕ ਗਹਿਰਾਈ ਅਤੇ ਕਲਾਤਮਕਤਾ ਰੋਮਨ ਸੱਭਿਅਤਾ ਅੰਦਰ ਸਮਾ ਗਈ। ਇਸਦੇ ਅਸਰ ਨਾਲ ਹੋਮਰ ਦੀਆ ਕਵਿਤਾਵਾਂ ਅਤੇ ਪਲੇਟੋ ਤੇ ਅਰਸਤੂ ਦੇ ਦਰਸ਼ਨ ਸ਼ਾਸ਼ਤਰ ਨੇ ਪੂਰੀ ਦੁਨੀਆਂ ਤੱਕ ਪਹੁੰਚ ਬਣਾਈ। ਵਿਸ਼ਵੀਕਰਨ ਸਥਾਨਕ ਸੰਸਕ੍ਰਿਤੀ ਨੂੰ ਲੁਪਤ ਨਹੀਂ ਹੋਣ ਦੇਵੇਗਾ। ਬਲਕਿ ਇਸ ਲਈ ਦੁਨੀਆਂ ਦੇ ਦਰਵਾਜ਼ੇ ਖੋਲੇਗਾ। ਸਥਾਨਕ ਸੰਸਕ੍ਰਿਤੀ ਦੀਆਂ ਕਦਰਾਂ ਕੀਮਤਾਂ ਅਤੇ ਅਸਤਿੱਤਵ ਬਣਾਈ ਰੱਖਣ ਲਈ ਸਮਰੱਥ ਤੱਤ ਖਿੜ ਸਕਣ ਲਈ ਉਪਜਾਊ ਭੂਮੀ ਪ੍ਰਾਪਤ ਕਰ ਸਕਣਗੇ।

ਯੂਰੋਪ ਵਿੱਚ ਇਹ ਹਰ ਥਾਂ ਹੋ ਰਿਹਾ ਹੈ। ਖਾਸ ਕਰਕੇ ਸਪੇਨ ਵਿਚ ਜਿੱਥੇ ਖੇਤਰੀ ਸੰਸਕ੍ਰਿਤੀ ਵਿਸ਼ੇਸ਼ ਸ਼ਕਤੀ ਦੇ ਨਾਲ ਉਭਰ ਰਹੀ ਹੈ। ਜਨਰਲ ਫ੍ਰਾਂਸਸਿਕੋ ਫ੍ਰਾਂਸ ਦੀ ਤਾਨਾਸ਼ਾਹੀ ਦੇ ਦੌਰਾਨ ਖੇਤਰੀ ਸੰਸਕ੍ਰਿਤੀ ਦਾ ਦਮਨ ਹੋਇਆ ਅਤੇ ਨਕਾਰਿਆ ਗਿਆ। ਪਰੰਤੂ ਲੋਕਤੰਤਰ ਦੇ ਮੁੜਨ ਦੇ ਨਾਲ ਸਪੇਨ ਦੀ ਸੰਸਕ੍ਰਿਤਿਕ ਵਿਰਾਸਤ ਨੂੰ ਉਭਾਰਿਆ ਗਿਆ ਅਤੇ ਮੁਕਤ ਰੂਪ ਨਾਲ ਵਿਕਸਿਤ ਹੋਣ ਦਿੱਤਾ ਗਿਆ। ਇਸ ਸ਼ਾਸ਼ਨ ਦੌਰਾਨ ਦੇਸ਼ ਵਿੱਚ ਸਥਾਨਕ ਸੰਸਕ੍ਰਿਤੀ ਨੂੰ ਖਾਸ ਕਰਕੇ ਕੈਟਾਲੋਨੀਆ, ਗੈਲੀਸੀਆਂ ਅਤੇ ਬੈਸਕਿਉ ਦੇ ਨਾਲ ਪੂਰੇ ਦੇਸ਼ ਨੂੰ ਹੈਰਾਨੀਜਨਕ ਪਾਸਾਰ ਮਿਲਿਆ। ਬੇਸ਼ੱਕ ਸਾਨੂੰ ਸੰਸਕ੍ਰਿਤਿਕ ਆਜ਼ਾਦੀ ਲਈ ਖਤਰਨਾਕ ਰਾਸ਼ਟਰਵਾਦ ਅਤੇ ਸਕਾਰਾਤਮਕ ਅਤੇ ਖੁਸ਼ਹਾਲੀ ਖੇਤਰੀ ਸੰਸਕ੍ਰਿਤੀ ਦੇ ਪੁਨਰ-ਜਨਮ ਦਾ ਭਰਮ ਨਹੀਂ ਪਾਣਾ ਚਾਹੀਦਾ।

ਟੀ.ਐਸ. ਈਲੀਅਟ ਨੇ 1948 ਵਿੱਚ ਆਪਣੇ ਪ੍ਰਸਾਰਿਤ ਨਿਬੰਧ 'ਸੰਸਕ੍ਰਿਤੀ ਦੀ ਪਰਿਭਾਸ਼ਾ ਲਈ ਟਿੱਪਣੀ' ਵਿੱਚ ਅੰਦਾਜ਼ਾ ਲਗਾਇਆ ਕਿ ਭਵਿੱਖ ਵਿਚ ਮਨੁੱਖ ਸਥਾਨਕ ਅਤੇ ਖੇਤਰੀ ਸੰਸਕ੍ਰਿਤੀ ਦੇ ਪੁਨਰ-ਜਨਮ ਨੂੰ ਅਨੁਭਵ ਕਰੇਗਾ। ਇਕ ਸਮੇਂ ਓਹਨਾਂ ਦੀ ਭਵਿੱਖਵਾਣੀ ਬਹੁਤ ਅਸੰਭਵ ਜਿਹੀ ਲੱਗ ਰਹੀ ਸੀ। ਹਲਾਂਕਿ ਵਿਸ਼ਵੀਕਰਨ ਨੇ

21ਵੀ ਸਦੀ ਵਿੱਚ ਇਸਨੂੰ ਸੱਚ ਕਰ ਦਿੱਤਾ ਅਤੇ ਸਾਨੂੰ ਇਸਦੇ ਲਈ ਖੁਸ਼ੀ ਹੋਣੀ ਚਾਹੀਦੀ ਹੈ। ਨਿੱਕੀਆਂ ਅਤੇ ਸਥਾਨਕ ਸੰਸਕ੍ਰਿਤੀਆਂ ਦਾ ਉਦੈ ਮਨੁੱਖਤਾ ਦੀ ਉਹੀ ਅਭਿਵਿਅਕਤੀ ਅਤੇ ਵਿਵਹਾਰ ਦੀ ਖੁਸ਼ਹਾਲੀ ਮੋੜੇਗਾ ਜਿਸਦਾ ਰਾਸ਼ਟਰ ਰਾਜਾਂ ਨੇ ਨਿਸ਼ਚਿਤ ਰਾਸ਼ਟਰੀ ਸੰਸਕ੍ਰਿਤਿਕ ਪਹਿਚਾਣ ਬਨਾਉਣ ਦੇ ਨਾਮ ਤੇ 18ਵੀਂ ਸਦੀ ਦੇ ਅੰਤ ਅਤੇ ਖਾਸ ਕਰਕੇ 19ਵੀਂ ਸਦੀ ਦੇ ਸ਼ੁਰੂ ਵਿਚ ਸੱਭਿਆਨਾਸ਼ ਕਰ ਦਿੱਤਾ ਸੀ (ਇਹ ਤੱਤ ਆਸਾਨੀ ਨਾਲ ਭੁਲਾ ਦਿੱਤਾ ਜਾਂਦਾ ਹੈ ਜਾਂ ਅਸੀਂ ਇਸਨੂੰ ਇਸਦੇ ਨੈਤਿਕ ਅਰਥ ਦੇ ਕਾਰਣ ਭੁੱਲ ਜਾਂਦੇ ਹਾਂ)।

ਰਾਸ਼ਟਰੀ ਸੰਸਕ੍ਰਿਤੀ ਹਮੇਸ਼ਾ ਖੂਨ ਤੇ ਅੱਗ ਉਪਰ ਪਲੀ ਹੈ ਅਤੇ ਇਸਨੇ ਰਾਸ਼ਟਰ ਰਾਜਾਂ ਦੁਆਰਾ ਆਦਰਸ਼ ਮੰਨੇ ਜਾਣ ਵਾਲੇ ਧਰਮਾਂ ਜਾਂ ਰਾਜਾਂ ਤੋਂ ਦੂਰੀ ਬਣਾਈ ਜਾਂ ਦੇਸੀ ਭਾਸ਼ਾਵਾ ਦੇ ਪ੍ਰਕਾਸ਼ਨ ਜਾਂ ਸਿੱਖਿਆ ਨੂੰ ਰੋਕਿਆ ਹੈ। ਇਸ ਪ੍ਰਕਾਰ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਰਾਸ਼ਟਰ ਰਾਜਾਂ ਨੇ ਜ਼ਿਆਦਾਤਰ ਜੀਵਨ ਤੋਂ ਹੀਣ ਅਤੇ ਦਬਾਏ ਗਏ ਲੋਕਾਂ ਉਪਰ ਸੰਸਕ੍ਰਿਤਿਕ ਸ਼ਕਤੀ ਦਾ ਇਸਤੇਮਾਲ ਕੀਤਾ ਹੈ। ਪਰੰਤੂ ਵਿਸ਼ਵੀਕਰਣ ਤੋਂ ਡਰਨ ਵਾਲਿਆ ਦੀਆਂ ਧਮਕੀਆਂ ਦੇ ਬਾਵਜੂਦ ਸੰਸਕ੍ਰਿਤੀ ਨੂੰ ਮਿਟਾ ਸਕਣਾ ਆਸਾਨ ਨਹੀਂ ਹੈ। (ਭਾਵੇਂ ਕਿ ਉਹਨਾਂ ਨੇ ਕੁਝ ਇੱਕ ਨੂੰ ਖਤਮ ਕਰ ਦਿੱਤਾ) ਖਾਸ ਕਰਕੇ ਜੇਕਰ ਇਸਦੇ ਪਿੱਛੇ ਮਜ਼ਬੂਤ ਪਰੰਪਰਾ ਅਤੇ ਇਸਨੂੰ ਮੰਨਣ ਵਾਲੇ ਲੋਕ ਹੋਣ। ਚਾਹੇ ਉਹ ਰਹੱਸ ਹੀ ਕਿੰਉ ਨਾ ਹੋਣ। ਅੱਜ ਅਸੀਂ ਰਾਸ਼ਟਰ ਰਾਜਾਂ ਦੇ ਕਮਜ਼ੋਰ ਹੋ ਜਾਣ ਕਾਰਨ ਭੁਲਾਈ ਜਾ ਚੁੱਕੀ, ਹਾਸ਼ੀਏ ਉਪਰ ਧਕੇਲ ਦਿੱਤੀਆਂ ਗਈਆਂ ਅਤੇ ਸ਼ਾਂਤ ਸਥਾਨਕ ਸੰਸਕ੍ਰਿਤੀਆਂ ਨੂੰ ਫਿਰ ਤੋਂ ਉਦੈ ਹੋ ਕੇ ਇਸ ਵਿਸ਼ਵੀਕਰਨ ਦੀ ਧਰਤੀ ਵਿੱਚ ਮਹਾਨ ਸਫ਼ਲਤਾ ਦੇ ਵਿਸ਼ਾਲ ਨਿਸ਼ਾਨ ਛੱਡਦੇ ਹੋਏ ਵੇਖ ਰਹੇ ਹਾਂ।

## ਮਨੋਰੰਜਨ ਅਤੇ ਲਾਭ ਲਈ ਕੁਝ ਹੋਰ ਅਧਿਐਨ ਸਮਗਰੀ (ਅਤੇ ਬੇਹਤਰ ਸਕੂਲ (ਵਿਦਿਅਕ) ਪੇਪਰ)

ਪੂੰਜੀਵਾਦ ਦੀ ਨੈਤਿਕਤਾ ਸੰਬੰਧੀ ਅਣਗਿਣਤ ਸਾਹਿਤਕ ਰਚਨਾਵਾਂ ਹਨ। ਇਹਨਾਂ 'ਚੋਂ ਬਹੁਤੀਆਂ ਫਜ਼ੂਲ ਹਨ। ਇੱਥੇ ਕੁਝ ਪੁਸਤਕਾਂ ਬਾਰੇ ਮੈਂ ਦੱਸਣ ਜਾ ਰਿਹਾ ਹਾ ਜੋ ਪੜਨ ਲਾਇਕ ਹਨ ਅਤੇ ਤੁਹਾਨੂੰ ਪੰਜੀਵਾਦ ਬਾਰੇ ਹੋਰ ਜਾਨਣ 'ਚ ਮਦਦਗਾਰ ਸਾਬਿਤ ਹੋਣਗੀਆ। ਇਹ ਸੂਚੀ ਜ਼ਿਆਦਾ ਲੰਬੀ ਹੋ ਸਕਦੀ ਹੈ। ਪਰ ਬਹੁਤ ਸਾਰੀਆਂ ਕਿਤਾਬਾਂ ਤੇ ਲੇਖਾਂ ਦੇ ਸੰਬੰਧ ਵਿੱਚ ਪੂੰਜੀਵਾਦ ਦੀ ਨੈਤਿਕਤਾ ਵਾਲੇ ਲੇਖ ਵਿੱਚ ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਦੱਸਿਆ ਗਿਆ ਹੈ। ਜਿਸ ਵਿੱਚ ਸਮਿਥ, ਮੀਸਿਸ, ਹਾਇਕ, ਰੈਂਡ, ਮੈਕਲੋਸਕੀ ਅਤੇ ਮੁਕਤ-ਬਾਜ਼ਾਰ ਪੂੰਜੀਵਾਦ ਦੇ ਸਮਰਥਕ ਸ਼ਾਮਿਲ ਹਨ। ਇਸ ਕਿਤਾਬ ਦੇ ਅੰਤ ਵਿੱਚ ਦਿੱਤੇ ਗਏ ਤੱਥਾਂ ਨੂੰ ਪੜ੍ਹਕੇ ਘਬਰਾਉਣਾ ਨਹੀਂ। ਲੇਖਕ ਜਾਂ ਐਡਿਟਰ ਦੇ ਨਾਂ ਅਨੁਸਾਰ ਵਰਣਮਾਲਾ ਮੁਤਾਬਿਕ ਹੇਠਾਂ ਦੱਸੀਆਂ ਕਿਤਾਬਾਂ ਕੁਝ ਜਰੂਰੀ ਦਿਮਾਗੀ ਅਭਿਆਸ ਦੇਣਗੀਆ। **-ਟਾੱਮ ਜੀ. ਪਾਮਰ**

*ਦ ਮੋਰਲਸ ਆਫ ਮਾਰਕੇਟਸ ਐਂਡ ਰਿਲੇਟਿਡ ਈਸੇਜ਼,* ਐਚ. ਬੀ. ਐਕਟਨ (ਇੰਡੀਆਨਾਪੋਲਿਸ: ਲਿਬਰਟੀ ਫੰਡ, 1993)। ਬ੍ਰਿਟਿਸ਼ ਤਰਕ-ਸ਼ਾਸਤ੍ਰੀ ਐਚ. ਬੀ. ਐਕਟਨ ਨੇ ਲਾਭ, ਮੁਕਾਬਲਾ, ਵਿਅਕਤੀਵਾਦ ਸੰਯੁਕਤਵਾਦ, ਯੋਜਨਾ ਤੇ ਹੋਰ ਬਹੁਤ ਸਾਰੇ ਵਿਸ਼ਿਆਂ ਉਪਰ ਸਪਸ਼ਟ ਤੇ ਸਮਝਦਾਰੀ ਨਾਲ ਲਿਖਿਆ ਸੀ।

*ਮੋਰਲਜ਼ ਐਂਡ ਮਾਰਕਿਟਜ਼: ਐਨ ਐਵੋਲਿਊਸ਼ਨਰੀ ਅਕਾਉਂਟ ਓਫ ਦ ਮੋਡਰਨ ਵਰਲਡ,* ਡੈਨੀਅਲ ਫ੍ਰੀਡਮੈਨ (ਨਿਓਯਾਰਕ: ਪਾਲਗਰੇਵ ਮੈਕਮਿਲਨ, 2008)। ਲੇਖਕ ਨੇ ਬਾਜਾਰ ਅਤੇ ਨੈਤਿਕਤਾ ਦੇ ਸਮਾਨਅੰਤਰ/ਸਮਰੂਪ ਵਿਕਾਸ ਸਬੰਧੀ ਜਾਨਕਾਰੀ ਪ੍ਰਸਤੁਤ ਕੀਤੀ ਅਤੇ ਦੋਵਾਂ ਵਿੱਚ ਸੁਧਾਰ ਦੇ ਲਈ ਕੁਝ ਵਿਵਾਦਮੂਲਕ ਸੁਝਾਅ ਵੀ ਪੇਸ਼ ਕੀਤੇ ਹਨ।

*ਦ ਫੈਟਲ ਕਨਸੀਟ: ਦ ਐਰਰਜ਼ ਆੱਫ ਸੋਸ਼ਲਿਜ਼ਮ,* ਐਫ. ਏ. ਹਾਇਕ (ਸ਼ਿਕਾਗੋ: ਸ਼ਿਕਾਗੋ ਵਿਸ਼ਵਵਿਦਿਆਲਾ ਪ੍ਰੈਸ,1988)। ਹਾਇਕ ਨੂੰ ਆਰਥਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਮਿਲਿਆ ਪਰ ਓਹ "ਕੇਵਲ ਅਰਥਸ਼ਾਸਤਰੀ" ਨਹੀਂ ਸਨ।

ਇਹ ਸੰਖਿਪਤ ਕਿਤਾਬ-ਓਸਦੀ ਆਖਰੀ-ਮੁਕਤ-ਬਾਜ਼ਾਰ ਪੂੰਜੀਵਾਦ ਦੇ ਵਿਆਪਕ ਮਸਲਿਆਂ ਲਈ ਓਹਨਾਂ ਦੀ ਰੁਚੀ ਨੂੰ ਪ੍ਰਗਟ ਕਰਨ ਲਈ ਓਹਨਾਂ ਦੇ ਸਾਰੇ ਨਿਬੰਧਾਂ ਨੂੰ ਇੱਕਠੇ ਚਿਤਰਤ ਕਰਦੀ ਹੈ।

*ਦ ਇਥਿਕਸ ਆੱਫ ਰਿਡਿਸਟ੍ਰੀਬਿਊਸ਼ਨ*, ਬੇਟ੍ਰੈਂਡ ਡੀ ਜੋਵੇਨਲ (ਇੰਡੀਆਨਾਪੋਲਿਸ: ਲਿਬਰਟੀ ਫੰਡ, 1990)। ਇਹ ਬਹੁਤ ਹੀ ਨਿੱਕੀ ਜਿਹੀ ਕਿਤਾਬ ਹੈ ਜੋ ਪ੍ਰਸਿੱਧ ਫ੍ਰਾਂਸੀਸੀ ਰਾਜਨੀਤੀ ਵਿਗਿਆਨਕ ਦੁਆਰਾ ਕੈਮਬ੍ਰਿਜ ਵਿਸ਼ਵਵਿਦਿਆਲੇ ਵਿੱਚ ਦਿੱਤੇ ਗਏ ਵਿਖਿਆਨ ਉਪਰ ਆਧਾਰਿਤ ਹੈ।ਇਸਦੇ ਅਧਿਆਇ ਛੋਟੇ ਅਤੇ ਸੰਖਿਪਤ ਹਨ ਅਤੇ ਇਹ ਨੀਤੀਪਰਕ ਬੁਨਿਆਦ ਅਤੇ ਆਮਦਨੀ ਦੀ ਬੇਹਤਰੀਨ ਸਮਾਨਤਾ ਹਾਸਿਲ ਕਰਨ ਲਈ ਮੁੜਵੰਡ ਦੀ ਕੋਸ਼ਿਸ਼ ਦੇ ਲਾਗੂ ਹੋਣ ਦੀ ਪੜਤਾਲ ਕਰਦੇ ਹਨ।

*ਡਿਸਕਵਰੀ ਐਂਡ ਦ ਕੈਪਿਟਲੀਸਟ ਪਰੋਸੈਸ*, ਇਜ਼ਰਾਈਲ ਕਿਰਜ਼ਨਰ (ਸ਼ਿਕਾਗੋ: ਸ਼ਿਕਾਗੋ ਵਿਸ਼ਵਵਿਦਿਆਲਾ ਪ੍ਰੈਸ,1985)। ਸਨਅਤਕਾਰਾਂ/ ਉਦਯੋਗਪਤੀਆਂ ਦੇ ਨਜ਼ਰੀਏ ਨੂੰ ਵਿਖਾਉਂਦੀ ਇੱਕ ਹੋਰ ਛੋਟੀ ਕਿਤਾਬ ਜੋ ਮੁਕਤ-ਬਾਜ਼ਾਰ ਪੂੰਜੀਵਾਦ ਦੀ ਨੈਤਿਕਤਾ ਨੂੰ ਬਿਆਨ ਕਰਦੀ ਹੈ।

*ਦ ਇਥਿਕਸ ਆੱਫ ਦ ਮਾਰਕਿਟ*, ਜਾੱਨ ਮੀਡੋਕਰਾਫ਼ਟ ਦੁਆਰਾ (ਨਿਓਯਾਰਕ: ਪਾਲਗਰੇਵ ਮੈਕਮਿਲਨ, 2005)। ਮੁਕਤ-ਬਾਜ਼ਾਰ ਪੂੰਜੀਵਾਦ ਦੇ ਵਿਭਿੰਨ ਵਿਰੋਧੀਆਂ ਦੁਆਰਾ ਉਠਾਏ ਗਏ ਮੁੱਦਿਆ ਸੰਬੰਧੀ ਇਕ ਸੰਖੇਪ ਵਿਵਰਣ।

*ਦ ਓਰਿਜਿਨਸ ਆੱਫ ਵਰਚਿਓ: ਹਯੂਮੈਨ ਇੰਸਟੀਂਕਟਸ ਐਂਡ ਦ ਐਵੋਲਿਊਸ਼ਨ ਕੋਆਪਰੇਸ਼ਨ*, ਮੈਟ ਰਾਇਡਲੀ ਦੁਆਰਾ (ਨਿਓਯਾਰਕ: ਵਿਕਿੰਗ, 1997)। ਰਾਇਡਲੀ ਇਕ ਜੀਵ-ਵਿਗਿਆਨੀ ਅਤੇ ਪੇਸ਼ੇਵਰ ਵਿਗਿਆਨਿਕ ਲੇਖਕ ਹਨ ਜਿਨ੍ਹਾਂ ਨੇ ਵਿਕਾਸਮੂਲਕ ਜੀਵ ਵਿਗਿਆਨ ਦੇ ਚਸ਼ਮੇ ਨਾਲ ਮਾਨਵੀ ਵਿਵਹਾਰ ਨੂੰ ਸਮਝਣ ਲਈ ਆਪਣੀ ਬੁੱਧੀਮਤਾ ਦਾ ਇਸਤੇਮਾਲ ਕੀਤਾ। ਮੂਲ, ਸੰਪਤੀ ਅਤੇ ਵਿਓਪਾਰ ਦੇ ਸੰਬੰਧ ਵਿੱਚ ਓਹਨਾਂ ਦਾ ਗਿਆਨ ਮਦਦਗਾਰ ਅਤੇ ਪੜ੍ਹਨ ਵਿੱਚ ਮੰਨੋਰੰਜਨ ਭਰਪੂਰ ਹੈ।

*ਦ ਇਕਨੋਮਿਕਸ ਆੱਫ ਰਾਇਟਸ, ਕੋਆਪਰੇਸ਼ਨ, ਐਂਡ ਵੈਲਫੇਅਰ*, ਰੋਬਰਟ ਸੂਡੇਨ (ਲੰਦਨ ਪਾਲਗਰੇਵ ਮੈਕਮਿਲਨ, 2005)। ਲੇਖਕ ਨੇ ਗੇਮ ਥਿਓਰੀ ਦੇ ਮਾਧਿਅਮ ਨਾਲ ਸੰਪਤੀ ਤੇ ਆਧਾਨ-ਪ੍ਰਧਾਨ ਦੀ ਨੈਤਿਕਤਾ ਸੰਬੰਧੀ ਆਪਣਾ ਦ੍ਰਿਸ਼ਟੀਕੋਣ ਪ੍ਰਧਾਨ ਕੀਤਾ। ਗਣਿਤ ਬਹੁਤ ਹੀ ਆਧਾਰਭੂਤ ਹੈ ਅਤੇ ਤਰਕਸ਼ਾਸਤਰੀ ਡੇਵਿਡ ਹਿਊਮ ਦੇ ਮਹਾਨ ਗਿਆਨ ਨੂੰ ਸਮਝਣ ਵਿੱਚ ਮਦਦ ਕਰਦਾ ਹੈ।

*ਮੋਰਲ ਮਾਰਕਿਟਸ: ਦ ਕਰਿਟਿਕਲ ਰੋਲ ਆੱਫ ਵੈਲਯੂਸ ਇਨ ਦ ਇਕਨੋਮੀ*, (ਸੰਪਾ.) ਪਾਲ ਜੇ, ਜੈਕ (ਪ੍ਰਿਸਟਨ, ਪ੍ਰਿਸਟਨ ਵਿਸ਼ਵਵਿਦਿਆਲਾ ਪ੍ਰੈਸ, 2008)। ਇਸ ਕਿਤਾਬ ਦੇ ਲੇਖ ਬਾਜ਼ਾਰ ਦੀ ਨੈਤਿਕਤਾ ਦੇ ਬਾਰੇ ਵਿੱਚ ਪੂਰੇ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਖੇਡ ਸਿਧਾਂਤ, ਜੀਵ ਵਿਗਿਆਨ, ਮਨੋਵਿਗਿਆਨ ਅਤੇ ਹੋਰ ਅਭਿਆਸਥ ਤੇ ਆਧੁਨਿਕ ਵਿਗਿਆਨਿਕ ਗਿਆਨ ਪ੍ਰਸਤੁਤ ਕੀਤਾ ਹੈ।

## ਅੰਮ੍ਰਿਤਸਰ ਪਾਲਿਸੀ ਗਰੁੱਪ

ਅੰਮ੍ਰਿਤਸਰ ਪਾਲਿਸੀ ਗਰੁੱਪ 2012 ਵਿੱਚ ਹੋਂਦ ਵਿੱਚ ਆਉਣ ਤੋਂ, ਲੋਕਾਂ ਨੂੰ ਖ਼ਾਸ ਤੌਰ ’ਤੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਜਨਤਕ ਨੀਤੀ (ਪਬਲਿਕ ਪਾਲਿਸੀ) ਦੇ ਵਿਸ਼ਿਆਂ ਦੀ ਬਾਰੀਕੀਆਂ ਬਾਰੇ ਜਾਣੂ ਕਰਵਾ ਰਿਹਾ ਹੈ।

ਮੁੱਖ ਰੂਪ ਵਿੱਚ ਟਰੇਨਿੰਗ ਪ੍ਰੋਗਰਾਮ, ਵਰਕਸ਼ਾਪ ਆਦਿ ਦਾ ਆਯੋਜਨ, ਜਨਤਕ ਨੀਤੀ ਤੇ ਖੋਜ ਅਤੇ ਖੋਜ ਦੇ ਨਤੀਜਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਪਿਛਲੇ ਤਿੰਨ ਸਾਲਾਂ ਵਿੱਚ ਅਸੀਂ ਪੰਜਾਬ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅੱਠ ਹਜ਼ਾਰ ਤੋਂ ਵੱਧ ਵਿਦਿਆਰਥੀਆਂ ਤੱਕ ਮੁਕਤ ਬਾਜ਼ਾਰ, ਵਿਸ਼ਵੀਕਰਨ ਅਤੇ ਉਦਾਰੀਕਰਨ ਦਾ ਸੁਨੇਹਾ ਪਹੁੰਚਾਇਆ ਹੈ।

## ਡਾ. ਟਾੱਮ ਜੀ. ਪਾੱਮਰ



ਡਾ. ਟਾੱਮ ਜੀ. ਪਾੱਮਰ ਐਟਲਸ ਨੈਟਵਰਕ ਦੇ ਅੰਤਰਰਾਸ਼ਟਰੀ ਪ੍ਰੋਗਰਾਮ ਦੇ ਕਾਰਜਕਾਰੀ ਉਪ ਮੁਖੀ ਹਨ। ਅਤੇ ਸ਼ਾਸਤਰੀ ਉਦਾਰਤਾਵਾਦ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਦੁਨੀਆਂ ਭਰ ਵਿੱਚ ਕੰਮ ਕਰ ਰਹੀਆਂ ਟੀਮਾਂ ਦਾ ਨਿਰੀਖਣ ਕਰਦੇ ਹਨ।

ਡਾ. ਪਾਮਰ ਕੈਟੋ ਇੰਸਟੀਟਿਊਟ ਦੇ ਸੀਨਿਅਰ ਫੈਲੋ ਹਨ। ਜਿੱਥੇ ਓਹ ਪਹਿਲਾਂ ਅੰਤਰਰਾਸ਼ਟਰੀ ਪ੍ਰੋਗਰਾਮ ਦੇ ਓਪ-ਮੁੱਖੀ ਅਤੇ ਮਾਨਵ-ਅਧਿਕਾਰ ਪ੍ਰਚਾਰ ਕੇਂਦਰ ਦੇ ਨਿਰਦੇਸ਼ਕ ਰਹੇ ਹਨ। ਪਾਮਰ ਆਕਸਫੋਰਡ ਵਿਸ਼ਵਵਿਦਿਆਲੇ ਦੇ ਹਾਰਟਫੋਰਡ ਕਾਲਜ ਦੇ ਐੱਚ. ਬੀ. ਏਅਰਹਾਰਟ ਫੈਲੋ ਅਤੇ ਜਾਰਜ ਮੈਸਨ ਵਿਸ਼ਵਵਿਦਿਆਲੇ ਦੇ ਮਾਨਵੀ ਅਧਿਐਨ ਸੰਸਥਾਨ ਦੇ ਓਪ-ਮੁੱਖੀ ਵੀ ਰਹੇ ਹਨ। ਓਹ ਸਟੂਡੈਂਟ ਫਾੱਰ ਲਿਬਰਟੀ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਹਨ। ਰਾਜਨੀਤੀ ਅਤੇ ਨੈਤਿਕਤਾ ਓਪਰ ਓਹਨਾਂ ਦੀਆਂ ਬਹੁਤ ਸਾਰੀਆਂ ਸਮੀਖਿਆਵਾਂ ਅਤੇ ਲੇਖ ਅਧਿਐਨਸ਼ੀਲ਼ ਜਰਨਲ ਜਿਵੇਂ ਕਿ ਹਾਰਵਰਡ ਜਰਨਲ ਆਫ਼ ਲਾਅ ਐਂਡ ਪਬਲਿਕ ਪੋਲਿਸੀ, ਐਥਿਕਸ, ਆਲੋਚਨਾਤਮਕ ਰਿਵਿਊ ਅਤੇ ਕਾਨਸਟੀਟਿਊਸ਼ਨਲ ਪਾਲੀਟੀਕਲ ਇਕੋਨਮੀ ਦੇ ਇਲਾਵਾ ਕਈ ਪ੍ਰਕਾਸ਼ਨ ਜਿਵੇਂ ਕਿ ਸਲੇਟ, ਦ ਵਾਲ ਸਟ੍ਰੀਟ ਜਰਨਲ, ਦ ਨਿਊਯਾਰਕ ਟਾਈਮਸ, ਡਾਈ ਵੈਲਟ, ਅਲ ਹਯਾਤ, ਕਾਇਕਸਿੰਗ, ਦ ਵਾਸ਼ਿੰਗਟਨ ਪੋਸਟ ਅਤੇ ਦ ਸਪੈਕਟੇਟਰ ਔੱਫ਼ ਲੰਡਨ ਵਿੱਚ ਪ੍ਰਕਾਸ਼ਿਤ ਹੋਏ ਹਨ।

ਓਹਨਾਂ ਨੇ ਐਨਾਪੋਲਿਸ, ਮੈਰੀਲੈਂਡ ਦੇ ਸੇਂਟ ਜੋਨਸ ਕਾਲਜ ਤੋਂ ਲਿਬਰਲ ਆਰਟਸ ਵਿੱਚ ਬੀ.ਏ. ਕੀਤੀ ਹੈ; ਵਾਸ਼ਿੰਗਟਨ ਡੀ. ਸੀ., ਅਮਰੀਕਾ ਦੇ ਕੈਥੋਲਿਕ ਵਿਸ਼ਵਵਿਦਿਆਲੇ ਤੋਂ ਓਹਨਾਂ ਨੇ ਤਰਕਸ਼ਾਸਤਰ ਵਿੱਚ ਐ.ਏ. ਕੀਤੀ ਐੱਮ. ਏ. ਕੀਤੀ ਹੈ ਅਤੇ ਆਕਸਫੋਰਡ ਵਿਸ਼ਵਵਿਦਿਆਲੇ ਤੋਂ ਪਾਲਿਟਿਕਸ ਵਿੱਚ ਡਾਕਟਰੇਟ ਕੀਤੀ ਹੈ। ਓਹਨਾਂ ਦੀ ਸਕਾਲਰਸ਼ਿਪ ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, ਕੈਮਬਰਿਜ ਯੂਨੀਵਰਸਿਟੀ ਪ੍ਰੈਸ, ਰੋਟਲੇਜ ਅਤੇ ਹੋਰ ਪ੍ਰਕਾਸ਼ਨਾਂ ਵਿੱਚ ਪ੍ਰਕਾਸ਼ਿਤ ਹੋਈ ਹੈ। ਅਤੇ ਓਹਨਾਂ ਦੀ ਲਿਖ਼ੀ "ਰਿਲਾਇਜਿੰਗ ਫਰੀਡਮ: ਲਿਬਰਟੇਰੀਅਨ ਥਿਉਰੀ, ਹਿਸਟਰੀ, ਐਂਡ ਪ੍ਰੈਕਟਿਸ", 2009 ਵਿੱਚ ਪ੍ਰਕਾਸ਼ਿਤ ਹੋਈ।

# ਨੋਟਸ

**ਜਾਣ ਪਹਿਚਾਣ : ਪੂੰਜੀਵਾਦ ਦੀ ਨੈਤਿਕਤਾ**

1. ਰਾਬਰਟ ਨਜਿਕ, ਅਨਾਰਕੀ, ਸਟੇਟ ਐਂਡ ਯੂਟੋਪੀਆ (ਨਿਊਯਾਰਕ ਬੇਸਿਕ ਬੁਕਸ, 1974) ਪੰ. 163.
2. ਜੋਇਸੀ ਅਪਲੇਬੀ, ਦੀ ਰੀਲੈਂਟਲੇਸ ਰੈਵੋਲਿਉਸ਼ਨ : ਏ ਹਿਸਟਰੀ ਆਫ਼ ਕੈਪਿਟਲਿਜ਼ਮ (ਨਿਊਯਾਰਕ ਡਬਲਯੂ. ਡਬਲਯੂ. ਨੋਰਟਨ ਐਂਡ ਕੰਪਨੀ, 2010) ਪੰ. 25-26.
3. ਡੇਵਿਡ ਸ਼ਵਾਬ ਅਤੇ ਏਲੀਨੋਰ ਉਸਟ੍ਰਾਮ, ਦੀ ਵਾਈਟਲ ਰੋਲ ਨਾਰਮਸ ਐਂਡ ਰੂਲਸ ਇਨ ਮੇਨਟੇਨਿੰਗ ਉਪਨ ਪਬਲਿਕ ਐਂਡ ਪ੍ਰਾਈਵੇਟ ਈਕੋਨਾਮਿਕਸ, ਐਨ ਮੋਰਲ ਮਾਰਕਿਟਸ : ਦੀ ਕ੍ਰਿਟੀਕਲ ਰੋਲ ਆਫ਼ ਵੈਲਿਊਜ਼ ਇਨ ਦੀ ਇਕੋਨਮੀ, ਪਾਲ ਜੇ. ਜੈਕ ਦੁਆਰਾ ਸੰਪਾਦਿਤ (ਪ੍ਰਿੰਸਟਨ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 2008) ਪੰ. 204-227.
4. ਡੇਰਡ੍ਰੇ ਮੈਕਲੋਸਕੀ, ਬੁਰਜੁਵਾਜੀ ਡਿਗਨਟੀ; ਵਾਈ ਇਕੋਨਾਮਿਕਸ ਕੈਨ ਨਾਟ ਐਕਸਪਲੇਨ ਦੀ ਮਾਡਰਨ ਵਰਲਡ (ਸ਼ਿਕਾਗੋ : ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2010) ਪੰ. 48.
5. ਤੁਲਨਾਤਮਕ ਫਾਇਦੇ ਦੇ ਸਿਧਾਂਤ ਦੇ ਆਸਾਨ ਸੰਖਿਆਤਮਕ ਗਣਿਤ ਲਈ ਵੇਖੋ, tomgpalmer.com/wpcontent/uploads/papers/ the%20economics%20of%20comparative%20advantage.doc
6. ਮਨੁੱਖੀ ਮਸਲਿਆਂ ਵਿੱਚ ਅਨੁਭਵ ਦੀ ਸ਼ਕਤੀ ਵਿੱਚ ਸਾਧਾਰਣ ਗਿਰਾਵਟ ਦੀ ਉੱਤਮ ਵਿਆਖਿਆ ਲਈ ਵੇਖੋ, ਜੇਮਸ ਐਲ ਪਾਇਨੇ, ਏ ਹਿਸਟਰੀ ਆਫ਼ ਫੋਰਸ (ਸੈਂਡਪੁਆਇੰਟ, ਈਡਾਹੋ : ਲਿਟ੍ਨ ਪਬਲਿਸ਼ਿੰਗ, 2004)
7. ਉਤੇਜਨਾ ਅਤੇ ਈਰਖਾ - ਸਮਾਜਿਕ ਸਹਿਯੋਗ ਅਤੇ ਮੁਕਤ ਬਾਜ਼ਾਰ ਆਧਾਰਿਤ ਪੂੰਜੀਵਾਦ ਲਈ ਇਕ ਖਤਰੇ, ਨੂੰ ਕਈ ਵਿਚਾਰਕਾ ਦੁਆਰ ਅਧਿਐਨ ਕੀਤਾ ਗਿਆ ਹੈ। ਇਕ ਹਾਲ ਹੀ ਵਿਚ ਉਪਜਿਆ ਅਤੇ ਰੌਚਕ ਦ੍ਰਿਸ਼ਟੀਕੋਣ ਜੋ ਭਾਰਤ ਦੇ ਸਨਮਾਨਿਤ ਮਹਾਕਾਵਿ ਮਹਾਭਾਰਤ ਨੂੰ ਚਿਤਰਦਾ ਹੈ। ਗੁਰਚਚਨ ਦਾਸ ਦੁਆਰਾ ਲਿਖਿਤ, ਦੀ ਡਿਫੀਕਲਟੀ ਆਫ ਬੀਂਗ ਗੁਡ : ਆਨ ਦੀ ਸਬਟਲ ਆਰਟ ਆਫ਼ ਧਰਮ (ਨਿਊਯਾਰਕ ਆਕਸਫੋਰਡ ਯੂਨੀਵਰਸਿਟੀ ਪ੍ਰੈਸ 2004) ਪੰ. 1-32.
8. ਫਰਨਾਡ ਬਰੋਡੇਲ, ਸਿਵਿਲਾਈਜ਼ੇਸ਼ਨ ਐਂਡ ਕੈਪਿਟਲਿਜ਼ਮ 15ਵੀ. ਤੋਂ 18ਵੀਂ ਸ਼ਤਾਬਦੀ : ਵਿਉਪਾਰ ਦੇ ਪਹੀਏ (ਨਿਊਯਾਰਕ ਹਾਰਧਰ ਅਤੇ ਰਾ, 1982) ਪੰ. 232.
9. ਉਪਰ, ਪੰ. 236.

10. ਲੁਈਸ ਬਲਾਨਸ, ਔਰਗੇਨਾਈਜ਼ੇਸ਼ਨ ਡੂ ਟ੍ਰਵੇਲ (ਪੇਰਿਸ : ਬਿਉਰੋ ਡੇ ਲਾ ਸੋਸਾਇਟੀ ਡੇ ਇੰਡਸਟਰੀ ਫ੍ਰੈਟਰਨੇਲ 1847), ਬਰੋਡੇਲ ਵਿੱਚ ਲਿਖਤ, ਸਿਵਿਲਾਈਜੇਸ਼ਨ ਐਂਡ ਕੈਪੀਟਲਿਜ਼ਮ, 15ਵੀਂ ਤੋਂ 18 ਵੀਂ ਸ਼ਤਾਬਦੀ ਦ ਵੀਲਸ ਆਫ਼ ਕਾਮਰਸ, ਉਪਰ, ਲਿਖਿਤ ਪੰ. 237.

11. ਕਾਰਲ ਮਾਰਕਸ ਅਤੇ ਫ੍ਰੈਡਰਿਕ ਏਂਜਲਸ, ਮੈਨੀਫੈਸਟੋ ਆਫ਼ ਦ ਕਮਿਉਨਿਸਟ ਪਾਰਟੀ, ਕਾਰਲ ਮਾਰਕਸ ਅਤੇ ਫ੍ਰੈਡਰਿਕ ਏਂਜਲਸ, ਕਲੈਕਟਿਡ ਵਰਕਸ, ਵੋਲਯੂਮ 6 (1976 : ਪ੍ਰੋਗ੍ਰੈਸ ਪਬਲਿਸ਼ਰਜ਼ ਮਾਸਕੋ) ਪੰ. 489.

12. ਮਾਰਕਸ ਦੇ ਆਰਥਿਕ ਸਿਧਾਂਤਾਂ ਦੀ ਇਕ ਵਿਨਾਸ਼ਕਾਰੀ ਮੌਲਿਕ ਆਲੋਚਨਾ ਲਈ, ਯੂਜੇਨ ਵਾੱਨ ਵਾਵਰਕ-ਕਾਰਲ ਮਾਰਕਸ ਐਂਡ ਦੀ ਕਲੋਜ਼ ਆਫ਼ ਹਿਜ਼ ਸਿਸਟਮ (1986, ਨਿਊਯਾਰਕ ਆਗਸਟਸ ਐਮ. ਕੇਲੀ, 1949)। ਬੋਹਮ ਵਾਵਰਕ ਦੇ ਕੰਮਾਂ ਦਾ ਬਿਹਤਰ ਸਿਰਲੇਖ ਹੋਵੇਗਾ "ਮਾਰਕਸਵਾਦੀ ਵਿਵਸਥਾ ਦੇ ਖਤਮ ਹੋਣ ਉਪਰੰਤ"। ਕੈਪੀਟਲ ਦੇ ਤੀਸਰੇ ਅੰਕ ਦੇ ਪ੍ਰਕਾਸ਼ਨ ਲਈ ਆਪਣੇ ਸਿਰਲੇਖ ਵਿੱਚ ਬੋਹਮ ਵਾਵਰਕ ਸੰਦਰਭ ਵਜੋਂ ਪੇਸ਼ ਕਰਦੇ ਹਨ ਜੋ ਮਾਰਕਸਵਾਦੀ ਪ੍ਰਣਾਲੀ ਦਾ ਮੂਲ-ਆਧਾਰ ਅਰਥ ਹੈ। ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਬੋਹਮ ਵਾਵਰਕ ਦੀ ਅਲੋਚਨਾ ਪੂਰੀ ਤਰ੍ਹਾਂ ਇੱਕ ਆਂਤਰਿਕ ਅਲੋਚਨਾ ਹੈ ਅਤੇ 1870 ਵਿੱਚ ਇਕੋਨਾਮਿਕ ਸਾਇੰਸ ਦੇ "ਮਾਰਜਨਲ ਰਿਵੋਲੂਸ਼ਨ" ਦੇ ਨਤੀਜ਼ਿਆਂ ਉਪਰ ਨਿਰਭਰ ਨਹੀਂ ਕਰਦਾ। ਲੁਡਵਿਗ ਵਾਨ ਮੀਸਿਸ ਦੁਆਰਾ ਲਿਖਿਤ ਨਿਬੰਧ ਇਕੋਨਾਮਿਕਸ ਕੈਲਕੁਲੇਸ਼ਨ ਇਨ ਦੀ ਸ਼ੋਸ਼ਲ ਕਾਮਨਵੈਲਥ ਨਿਬੰਧ ਵੀ ਦੇਖੋ। ਐਫ.ਏ ਹਾਇਕ ਦੁਆਰਾ ਸੰਪਾਦਿਤ ਤੇ ਆਰਥਿਕ ਸਮੱਸਿਆ ਦੀ ਗਨਣਾ ਦੇ ਹੱਲ ਲਈ ਸਮੂਹਿਕਤਾ ਦੀ ਅਪਹੁੰਚ ਉਪਰ ਆਧਾਰਿਤ ਕਲੈਕਟਿਵ ਇਕੋਨਾਮਿਕ ਪਲਾਨਿੰਗ (ਲੰਦਨ : ਜਾਰਜ ਰੂਟਲੇਜ ਐਂਡ ਸੰਜ਼, 1935).

13. ਕਾਰਲ ਮਾਰਕਸ ਦਾ "ਦ ਏਟੀਨਥ ਬ੍ਰਮੇਅਰ ਆਫ਼ ਲੁਈਸ ਬੋਨਾਪਾਰਟ", ਡੇਵਿਡ ਫਰਨਬੈਕ ਦੁਆਰਾ ਸੰਪਾਦਿਤ ਕਾਰਲ ਮਾਰਕਸ : ਸਰਵੇ ਫਰਾਮ ਐਗਜਾਇਲ : ਪੋਲਿਟਿਕਲ ਰਾਈਟਿੰਗਸ, ਭਾਗ - 2 (ਨਿਊਯਾਰਕ ਵਿੰਟੇਜ ਬੁਕਸ, 1974), ਪੰ. 186, ਮੈਂ ਮਾਰਕਸਵਾਦੀ ਅਰਥ-ਸ਼ਾਸਤਰ ਅਤੇ "ਕਲਾਸੀਕਲ ਲਿਬਰਲਿਜ਼ਮ, ਮਾਰਕਸਇਜ਼ਮ ਐਂਡ ਦੀ ਕਾਨਫਲਿਕਟ ਆਫ਼ ਕਲਾਸੇਜ : ਦੀ ਕਲਾਸਿਕਲ ਥੀਊਰੀ ਆਫ਼ ਕਲਾਸ ਕਾਨਫਲਿਕਟ ਦੇ ਸਮਾਜਿਕ ਵਿਸ਼ਲੇਸ਼ਣ, ਰੀਡਿੰਗ ਫਰੀਡਮ : ਲਿਬਰਟੇਰੀਅਨ ਥੀਊਰੀ, ਹਿਸਟਰੀ ਐਂਡ ਪ੍ਰੈਕਟਿਸ (ਵਾਸ਼ਿੰਗਟਨ : ਕੈਟੋ ਇੰਨਸਟੀਚਿਊਟ 2009) ਪੰ. 255-275 ਵਿੱਚ ਵਿਰੋਧਾਭਾਸ ਅਤੇ ਸ਼ੱਕ ਦਾ ਵਰਨਣ ਕਰਦਾ ਹਾਂ।

14. ਕਾਰਲ ਮਾਰਕਸ ਅਤੇ ਫਰੈਡ੍ਰਿਕ ਏਂਗਲਜ਼, ਮੈਨੀਫੈਸਟੋ ਆਫ਼ ਯੂਨੀਵਰਸਿਟੀ ਪਾਰਟੀ, ਪੰ. 488.

15. ਕਾਰਲ ਮਾਰਕਸ "ਦੀ ਏਟੀਨਥ ਬਰਮੇਅਰ ਆਫ਼ ਲੁਈ ਬੋਨਾਪਾਰਟ", ਪੰ. 222

16. ਕਾਰਲ ਮਾਰਕਸ, ਉਹੀ ਪੰਨਾ 238.
17. ਸ਼ਰਲੇ ਐੱਮ. ਗਰੂਨਰ, ਇਕੋਨਾਮਿਕ ਮਟੀਰੀਅਲਇਜ਼ਮ ਐਂਡ ਸ਼ੋਸ਼ਲ ਮੋਰਲਿਜ਼ਮ (ਦੀ ਹਾਰਃ ਮਾਉਂਟਨ, 1973) ਪੰ. 189-190.
18. ਉਦਾਹਰਣ ਦੇ ਲਈ, ਛੇਲਡਨ ਰਿਚਮੈਨ, "ਇਜ਼ ਕੈਪਟਲਿਜ਼ਮ ਸਮਥਿੰਗ ਗੁਡ" ਦੇਖੋ www.thefreemanonline.org/columns/tgif/is-capitalism- something-good/
19. ਜੋਸੇਫ਼ ਸ਼ਮਪੀਟਰ, ਕੈਪਿਟਲਿਜ਼ਮ, ਸ਼ੋਸਲਿਜ਼ਮ ਐਂਡ ਡੈਮੋਕਰੇਸੀ (ਲੰਦਨ : ਰੂਟਲੇਜ਼, 2006) ਪੰ. 84.
20. ਡੇਵਿਡ ਬੋਇਜ, "ਕਿਰਿਏਟਿੰਗ ਏ ਫ੍ਰੇਮਵਰਕ ਫਾਰ ਯੂਟੋਪੀਆਂ ਦੀ ਫਿਉਚਰਸਿਟ, 24 ਦਿਸੰਬਰ, 1996, www.cato.org/pub_display.Php?Pub_id=5976
21. ਕਾਨੂੰਨ ਦੇ ਇਤਿਹਾਸਕਾਰ ਹੇਨਰੀ ਸਮਨਰ ਮੇਨ "ਪ੍ਰਗਤੀਸ਼ੀਲ ਸਮਾਜਾਂ ਦੀ ਗਤੀਸ਼ੀਲਤਾ" ਦੀ ਵਿਆਖਿਆ ਇਕ ਪੀੜ੍ਹੀ ਦਰ ਪੀੜ੍ਹੀ ਸੰਬੰਧਾਂ ਤੋਂ ਪਰਿਵਾਰ ਆਧਾਰਿਤ ਸਦਸਿਅਤਾ/ਭਾਗੀਦਾਰੀ ਤੋਂ ਹੁੰਦਿਆਂ ਹੋਇਆ ਵਿਅਕਤੀਗਤ ਸੁਤੰਤਰਤਾ ਤੇ ਨਾਗਰਿਕ ਸਮਾਜ ਤੱਕ ਦੇ ਵਿਕਾਸ ਵਜੋਂ ਕਰਦਾ ਹੈ ਜੋ "ਸਥਿਤੀ/ਸਥਿਰਤਾ ਤੋਂ ਸੰਬੰਧਾਂ ਦੀ ਮੁੰਹਿਮ/ਗਤੀਸ਼ੀਲਤਾ" ਵਾਂਗ ਹੈ। ਹੇਨਰੀ ਸਮਨਰ ਮੈਨ, ਏਸ਼ੀਅੰਟ ਲਾਅ (ਬ੍ਰੰਸਵਿਕ, ਐਨ ਜੇ : ਟ੍ਰਾਂਜੇਕਸ਼ਨ ਪਬਲਿਸ਼ਰਜ, 2003) ਪੰ. 170.
22. ਲਿਉ ਮੇਲਾਮੇਡ ਦੁਆਰਾ ਫਾਰ ਕਰਾਇੰਗ ਆਉਟ ਲਾਉਡ : ਫ੍ਰਾਮ ਉਪਨ ਆਉਟਕਰਾਈ ਟੂ ਦੀ ਇਲੈਕਟ੍ਰੋਨਿਕ ਸਕ੍ਰੀਨ (ਹੋਬੋਕਨ, ਨਿਉ ਜਰਸੀ : ਜੋਨ ਵਿਲੇ ਐਂਡ ਸਨਜ 2009) ਪੰ. 136.
23. ਮੈਂ ਗਰੀਬੀ ਅਤੇ ਸੁਤੰਤਰ ਬਾਜ਼ਾਰ ਆਧਾਰਿਤ ਪੂੰਜੀਵਾਦ ਦੇ ਮੁੱਦੇ ਦਾ ਹੱਲ ਹੋਰ ਜ਼ਿਆਦਾ ਵਿਵਸਥਿਤ ਢੰਗ ਨਾਲ "ਕਲਾਸੀਕਲ ਲਿਬਰਲਿਜ਼ਮ, ਪਾਵਰਟੀ ਐਂਡ ਮੋਰੈਲਿਟੀ" ਅਤੇ ਵਿਲੀਅਮ ਦੇ ਗਲਸਟੋਨ ਐਂਡ ਪੀਟਰ ਐਚ ਗਫ਼ਨਬਰਗ ਦੁਆਰਾ ਸੰਪਾਦਿਤ, ਪਾਵਰਟੀ ਐਂਡ ਮੋਰੈਲਿਟੀ : ਰਿਲੀਜੀਅਸ ਐਂਡ ਸੈਕੂਲਰ ਪਰਸਪੈਕਟਿਕਸ ਵਿੱਚ ਕੀਤਾ ਹੈ। (ਨਿਊਯਾਰਕ ਕੈਮਬਰਿਜ਼ ਯੂਨੀਵਰਸਿਟੀ ਪ੍ਰੈਸ 2010) ਪੰ. 83-114.
24. ਇਹ ਦਾਰਸ਼ਨਿਕਾਂ ਵਿੱਚ ਵਿਸ਼ੇਸ਼ ਰੂਪ ਨਾਲ ਇੱਕ ਆਮ ਰਵੱਈਆ ਹੈ। ਜਿਸ ਵਿੱਚੋਂ ਸਭ ਤੋਂ ਵੱਧ ਦੁਖਦਾਈ ਸਵਰਗਵਾਸੀ ਜੀ.ਏ. ਕੋਹਨੇ, ਜਿਨ੍ਹਾਂ ਨੇ ਆਪਣਾ ਜ਼ਿਆਦਾਤਰ ਬੌਧਿਕ ਵਿਕਾਸ ਨਾਜ਼ਿਕ ਦੇ ਇੱਕ ਵਿਚਾਰ 'ਪ੍ਰਯੋਗ' ਦੇ ਖੰਡਨ ਦੀ ਕੋਸ਼ਿਸ਼ ਕਰਨ ਅਤੇ ਅਸਫ਼ਲ ਲੇਖ ਦੇ ਪ੍ਰਦਰਸ਼ਨ ਰੀਲਾਇਜ਼ਿੰਗ ਫ਼੍ਰੀਡਮ ਵਿਚ "ਜੀ.ਏ.ਕੋਹੇਨ ਆਨ ਸੇਲਫ਼ ਆਨਰਸ਼ਿਪ, ਪ੍ਰਾਪਟੀ ਐਂਡ ਇਕਵੈਲਿਟੀ" ਵੇਖੀ ਜਾ ਸਕਦੀ ਹੈ। ਪੰ. 139-154
25. ਮਾਇਕਲ ਸੈਂਡਲ ਦੇ "ਜਸਟਿਸਃ ਵਟ ਇਜ਼ ਦਾ ਰਾਈਟ ਥਿੰਗ ਟੂ ਡੂ?" ਦਾ ਉਲੇਖ (ਨਿਊਯਾਰਕ ਫਰਰ, ਸਟ੍ਰੋਸ, ਐਂਡ ਗਿਕਸ, 2009) ਪੰ. 61

26. ਮਿਲਟਨ ਫ੍ਰੀਡਮੈਨ, ਕੈਪਿਟਲਿਜ਼ਮ ਐਂਡ ਫ੍ਰੀਡਮ (ਸ਼ਿਕਾਗੋ: ਸ਼ਿਕਾਗੋ ਵਿਸ਼ਵਵਿਦਿਆਲੇ ਪ੍ਰੈਸ, 1962) ਪੰਨਾ 188 "ਸਲਾਨਾ ਖਰੀਦਾਰਾਂ ਦੀ ਨਿਸ਼ਚਿਤ ਖਰੀਦਦਾਰੀ ਲਈ ਉਦਾਰ ਸਿਧਾਂਤਾ ਉਪਰ ਇੱਕ ਸੰਭਵ ਓਚਿਤਤਾ ਇਹ ਹੈ ਕਿ ਦੂਰ ਦ੍ਰਿਸ਼ਟੀ ਤੋਂ ਹੀਣ ਵਿਅਕਤੀ ਆਪਣੇ ਦੁਆਰਾ ਲਏ ਗਏ ਫੈਸਲੇ ਦਾ ਨਤੀਜਾ ਖੁਦ ਭੁਗਤੇਗਾ। ਬਲਕਿ ਲਾਗਤ ਨੂੰ ਦੂਸਰਿਆ ਉਪਰ ਥੋਪ ਸਕੇਗਾ। ਅਜਿਹਾ ਕਿਹਾ ਜਾਂਦਾ ਹੈ ਕਿ ਸਾਡੀ ਸਾਰਿਆਂ ਦੀ ਇੱਛਾ ਬਜ਼ੁਰਗ ਅਵਸਥਾ ਵਿੱਚ ਗਰੀਬੀ ਵੇਖਣ ਦੀ ਨਹੀਂ ਹੁੰਦੀ। ਅਸੀਂ ਨਿੱਜੀ ਅਤੇ ਸਰਵਜਨਕ ਪਰਉਪਕਾਰ ਅਤੇ ਧਰਮ ਕਰਮ ਦੁਆਰਾ ਉਹਨਾਂ ਦੀ ਸਹਾਇਤਾ ਕਰਾਂਗੇ। ਇਸ ਪ੍ਰਕਾਰ ਇਕ ਵਿਅਕਤੀ ਜੋ ਆਪਣੀ ਬਜ਼ੁਰਗ ਅਵਸਥਾ ਦੇ ਲਈ ਖਰਚ ਨਹੀਂ ਕਰਦਾ ਉਹ ਸਰਵਜਨਕ ਖ਼ਰਚ ਦੇ ਰੂਪ ਵਿੱਚ ਬਦਲ ਜਾਵੇਗਾ।ਇਸ ਪ੍ਰਕਾਰ ਸਲਾਨਾ ਖਰੀਦਦਾਰੀ ਲਈ ਕਿਸੇ ਨੂੰ ਮਜ਼ਬੂਰ ਕਰਨਾ ਇੱਥੇ ਸਿਰਫ਼ ਉਸਦੇ ਨਿੱਜੀ ਹਿੱਤਾਂ ਲਈ ਹੀ ਨਿਆਂਸੰਗਤ ਨਹੀਂ ਬਲਕਿ ਬਾਕੀ ਸਾਰਿਆਂ ਦੀ ਭਲਾਈ ਵੀ ਇਸੇ ਵਿੱਚ ਹੈ"।

27. ਮਿਲਟਨ ਫ੍ਰੀਡਮੈਨ, ਕੌਪਿਟਲਿਜ਼ਮ ਐਂਡ ਫ੍ਰੀਡਮ (ਸ਼ਿਕਾਗੋ: ਸ਼ਿਕਾਗੋ ਵਿਸ਼ਵਵਿਦਿਆਲੇ ਪ੍ਰੈੱਸ, 1962) ਪੰ. 188.

28. ਸ਼ਪੱਸ਼ਟੀਕਰਨ ਲਈ ਐਂਥਨੀ ਡੀ ਜਸੇ ਦੀ ਕਿਰਤ "ਲਿਬਰਮਿਜ਼ਮ, ਲੁਜ਼ ਐਂਡ ਸਟ੍ਰਿਕਟ", ਇੰਡੀਪੈਂਡੇਟ ਰਿਵਿਊ,v.IX,n.3, ਵਿੰਟਰ 2005 ਪੰ. 427-432.

29. ਐਫ਼.ਏ ਹਾਇਕ, ਦੀ ਕਾਨਸਟੀਟਿਊਸ਼ਨ ਆਫ਼ ਲਿਬਰਟੀ (ਸ਼ਿਕਾਗੋ: ਸ਼ਿਕਾਗੋ ਵਿਸ਼ਵਵਿਦਿਆਲੇ ਪ੍ਰੈੱਸ, 1960) ਪੰ. 313.

## ਨੈਤਿਕਤਾ ਦਾ ਵਿਰੋਧਾਭਾਸ

30. ਕਿਸਮਤ ਨਾਲ ਭਿਖਾਰੀ ਇਕ ਬਾਹਰੀ ਵਿਅਕਤੀ ਹੈ, ਜੇਕਰ ਉਹ ਭਲੇਮਾਣਸਾਂ ਦੇ ਦੇਸ਼ ਦਾ ਹੁੰਦਾ ਤਾਂ ਵਿਵਾਦ ਅਨਿਸ਼ਚਿਤ ਕਾਲ ਤੱਕ ਜਾਰੀ ਰਹਿ ਸਕਦਾ ਸੀ।

31. ਲੀ. ਫੇਂਗ (18 ਦਿਸੰਬਰ 1940-15 ਅਗਸਤ 1962) ਪੀਪਲਸ ਲਿਬਰੇਸ਼ਨ ਆਰਮੀ ਵਿੱਚ ਇਕ ਸੈਨਿਕ ਸੀ, ਜੋ 1962 ਵਿੱਚ ਇਕ ਸੜਕ ਦੁਰਘਟਨਾ ਵਿੱਚ ਮੌਤ ਤੋਂ ਬਾਅਦ ਰਾਸ਼ਟਰੀ ਨਾਇਕ ਬਣ ਗਏ।"ਕਾਮਰੇਡ ਲੀ ਫੇਂਗ ਤੋਂ ਸਬਕ ਲਉ" ਨਾਮਕ ਇੱਕ ਰਾਸ਼ਟਰੀ ਅਭਿਆਨ 1963 ਵਿੱਚ ਸ਼ੁਰੂ ਕੀਤਾ ਗਿਆ।ਚੀਨੀ ਲੋਕਾਂ ਤੋਂ ਚੀਨੀ ਕਮਿਊਨਿਸਟ ਪਾਰਟੀ ਤੇ ਸਮਾਜਵਾਦ ਦੇ ਪ੍ਰਤੀ ਉਸਦੀ ਪ੍ਰਤੀਬੱਧਤਾ ਦਾ ਅਨੁਕਰਣ ਕਰਨ ਲਈ ਕਿਹਾ ਗਿਆ।

## ਐਡਮ ਸਮਿਥ ਅਤੇ ਲਾਲਚ ਦਾ ਮਿਥਕ

32. ਸਟੀਵਨ ਹੋਮਸ ਦੇ "ਪੈਸ਼ਨਸ ਐਂਡ ਕਾਸਟ੍ਰੇਂਟਸ: ਆਨ ਦੀ ਥਿਊਰੀ ਆਫ਼ ਲਿਬਰਲ ਡੈਮੋਕ੍ਰੇਸੀ" ਵਿੱਚ "ਸਵਾਰਥ ਦਾ ਗੁਪਤ ਇਤਿਹਾਸ" (ਸ਼ਿਕਾਗੋ: ਸ਼ਿਕਾਗੋ ਵਿਸ਼ਵਵਿਦਿਆਲੇ ਪ੍ਰੈੱਸ, 1995).

33. ਕ੍ਰਿਸਟੀਨ ਕਾਲਡਵੇਲ ਏਮਸ ਦਾ ਉਲੇਖ, ਰਾਈਟੀਅਸ ਪਰਸਿਕਿਊਸ਼ਨ: ਇਨਕਿਵਜੀਸ਼ਨ, ਡਾਮੀਨਿਕਨਸ ਐਂਡ ਕ੍ਰਿਸਚਿਐਨਿਟੀ ਇਨ ਦੀ ਮਿਡਲ ਏਜਸ (ਫਿਲਾਡੇਲਫੀਆ: ਯੂਨੀਵਰਸਿਟੀ ਆਫ ਪੇਂਸਲਿਵੇਨੀਆ ਪ੍ਰੈਸ, 2008) ਪੰ. 44.

34. ਐਡਮ ਸਮਿਥ ਦੀ ਥਿਉਰੀ ਆਫ਼ ਮੋਰਲ ਸੇਂਟੀਮੇਂਟਸ, ਡੀ.ਡੀ. ਗਫੇਲ ਅਤੇਜ਼ ਏ.ਐਲ.ਮੈਕਫੀ ਦੁਆਰਾ ਏਡਮ ਸਮਿਥ ਦੇ ਕੰਮਾਂ ਅਤੇ ਪੱਤਰਾਂ ਦੇ ਗਲਾਸਗੋ ਸੰਸਕਰਣ ਦਾ ਸੰਪਾਦਨ। ਇੰਡੀਆਨਾਪੋਲਿਸ: ਲਿਬਰਟੀ ਫੰਡ, 1982) ਅਧਿਆਏ: ਏ ਚੈਪਟਰ ਟੂ: ਪਸ਼ੰਸਾ ਵਾਲੇ ਪਿਆਰ ਦਾ ਅਤੇ ਉਸ ਪ੍ਰਸ਼ੰਸਾ ਦੀ ਯੋਗਤਾ, ਅਤੇ ਦੋਸ਼ ਆਰੋਪਣ ਦਾ ਡਰ ਅਤੇ ਉਸ ਡਰ ਦੀ ਯੋਗਤਾ ਲਈ http://oll.libertyfund.org/title/192/200125 on 2011-05-30
35. ਐਡਮ ਸਮਿਥ, ਦੀ ਥਿਊਰੀ ਆਫ਼ ਮੋਰਲ ਸੈਂਟੀਮੈਂਟਸ, ਡੀ.ਡੀ ਰਾਫੇਲ ਅਤੇ ਏ.ਐਲ. ਮੈਕਫੀ ਦੁਆਰਾ ਐਡਮ ਸਮਿਥ ਦੇ ਕੰਮਾਂ ਅਤੇ ਪੱਤਰਾਂ ਦੇ ਗਲਾਸਗੋ ਸੰਸਕਰਣ ਦਾ ਸੰਪਾਦਨ। (ਇੰਡੀਆਨਾਪੋਲਿਸ: ਲਿਬਰਟੀ ਫੰਡ, 1982) ਅਧਿਆਏ: ਬੀ ਅਧਿਆਾਏ ਆਈ.ਬੀ: ਉਸ ਸੁੰਦਰਤਾ ਦੇ ਬਾਰੇ ਵਿੱਚ ਜਿਸਦੀ ਉਪਯੋਗਤਾ ਦੀ ਪੇਸ਼ਕਾਰੀ ਸਾਰੀਆ ਕਲਾਵਾਂ ਦੇ ਉਤਪਾਦਨ ਉਪਰ ਨਿਰਭਰ ਕਰਦਾ ਹੈ ਅਤੇ ਸੁੰਦਰਤਾ ਦੀ ਇਸ ਪ੍ਰਜਾਤੀ ਦਾ ਉੱਚਤਮ ਪ੍ਰਭਾਵ http://oll.libertyfund.org/title/192/200137-2011-05-30 ਉਪਰ ਕੀਤਾ ਜਾ ਸਕਦਾ ਹੈ।
36. ਐਡਮ ਸਮਿੱਥ, ਐਨ ਇਨਕੁਆਰੀ ਇਨਟੂ ਦੀ ਨੇਚਰ ਐਂਡ ਕਾਜ਼ੇਜ਼ ਆਫ਼ ਦੀ ਵੇਲਥ ਆਫ ਨੇਸ਼ਨਸ, ਭਾਗ-1, ਆਰ. ਐਚ.ਕੰਪਬੇਲ ਤੇ ਏ.ਐਸ. ਸਿਕਨਰ ਦੁਆਰਾ ਐਡਮ ਸਮਿਥ ਦੇ ਕੰਮਾਂ ਤੇ ਪੱਤਰਾਂ ਦੇ ਰਾਲਾਸਗੋ ਸੰਸਕਰਣ ਭਾਗ-2 ਦਾ ਸੰਪਾਦਨ (ਇੰਡੀਆਨਾਪੋਲਿਸ): ਲਿਬਰਟੀ ਫੰਡ: 1981)। ਅਧਿਆਏ (IV.ii), ਅਧਿਆਏ-II: ਉਹਨਾਂ ਵਸਤੁਆਂ ਦੇ ਵਿਦੇਸ਼ੀ ਆਯਾਤ ਉਪਰ ਰੋਕ ਲਗਾਉਣ ਦੇ ਸੰਬੰਧ ਵਿੱਚ ਜਿਹਨਾਂ ਦਾ ਓਤਪਾਦਨ ਆਪਣੇ ਦੇਸ਼ ਵਿੱਚ ਕੀਤਾ ਜਾ ਸਕਦਾ ਹੈ ਨਾਲ ਸੰਬੰਧਿਤ ਸੂਚਨਾ http://oll.libertyfund.org/title/220/217458/2313890-2010-08-23 ਉਪਰ ਪ੍ਰਾਪਤ ਕੀਤੀ ਜਾ ਸਕਦੀ ਹੈ।
37. ਐਡਮ ਸਮਿਥ, ਐਨ ਇਨਕੁਆਰੀ ਇਨਟੂ ਦੀ ਨੇਚਰ ਐਂਡ ਕਾਜੇਜ ਆਫ਼ ਦੀ ਵੇਲਥ ਆਫ਼ ਨੇਸ਼ਨਸ, ਭਾਗ-1, ਆਰ ਐਚ. ਕੈਂਪਬੇਲ ਤੇ ਏ. ਐਸ. ਸਿਕਨਰ ਦੁਆਰਾ ਐਡਮ ਸਮਿਥ ਦੇ ਕੰਮਾਂ ਤੇ ਪੱਤਰਾਂ ਦੇ ਗਲਾਸਗੋ ਸੰਸਕਰਣ ਭਾਗ-2 ਦਾ ਸੰਪਾਦਨ (ਇੰਡੀਆਨਾਪੋਲਿਸ: ਲਿਬਰਟੀ ਫੰਡ:1981)। ਅਧਿਆਏ (IV.viii) ਅਧਿਆਏ VIII: ਵਿਉਪਾਰਕ ਪ੍ਰਣਾਲੀ ਦਾ ਸਿੱਟਾ।
ਇਸਨੂੰ http://oll.libertyfund.org/title/200/217484/2316261 2010-08-23 ਉੱਪਰ ਪ੍ਰਾਪਤ ਕੀਤਾ ਜਾ ਸਕਦਾ ਹੈ।
38. ਆਰਥਿਕ ਸੰਬੰਧਾ ਦੀ ਵਿਸ਼ੇਸ਼ਤਾ ਉਸਦੇ ਅਹਿੰਕਾਰ ਵਿੱਚ ਨਹੀਂ ਬਲਕਿ ਇਸਦੇ ਅਤੀ-ਵਾਦਤਾ ਨਾਲ ਹੈ।ਫਿਲਿਪ ਐਚ. ਵਿਕਸਟੀਡ. ਦੀ ਕਾਮਨਸੇਂਸ ਆਫ਼ ਪੋਲਿਟੀਕਲ ਇਕੋਨਮੀ, ਇਨਕਲੂਡਿੰਗ ਏ ਸਟੱਡੀ ਆਫ਼ ਦੀ ਹਿਊਮਨ ਬੇਸਿਸ ਆਫ਼ ਇਕੋਨਾਮਿਕ ਲਾਅ (ਲੰਡਨ: ਸੈਕਾਮਿਲਨ,1910) ਅਧਿਆਏ: ਅਧਿਆਏ ਪੰਜ: ਬਿਜਨੇਸ ਐਂਡ ਦੀ ਇਕੋਨਾਮਿਕ

ਸਕਸੈੱਸ। ਇਸਨੂੰ http://oll.libertyfund.org/title/1415/38938/104356 2010-08-23 ਉੱਪਰ ਪ੍ਰਾਪਤ ਕੀਤਾ ਜਾ ਸਕਦਾ ਹੈ।

39. ਏ.ਬੀ ਐਕਟਨ, ਦੀ ਮੌਰਲਸ ਆਫ਼ ਮਾਰਕਿਟਸ ਐਂਡ ਰਿਲੇਟਡ ਐਸੇਸ, ਡੇਵਿਡ ਗਾਰਡਨ ਤੇ ਜੇਰੇਮੀ ਸ਼ਿਅਰਮਰ ਦੁਆਰਾ ਸੰਪਾਦਿਤ (ਇੰਡਿਆਨਪੋਲਿਸ: ਲਿਬਰਟੀ ਫੰਡ 1993).

40. ਵਾਲਟੇਅਰ, ਲੇਟਰਸ ਕਨਸਰਨਿੰਗ ਦੀ ਇੰਗਲਿਸ਼ ਨੇਸ਼ਨ, ਨਿਊਪਸ ਕਰਾਕ ਦੁਆਰਾ ਸੰਪਾਦਿਤ (ਆਕਸਫੋਰਡ: ਆਕਸਫੋਰਡ ਯੂਨੀਵਰਸਿਟੀ ਪ੍ਰੈੱਸ 1999) ਪੰ. 43.

**ਭਾਰਤ ਦੀਆ ਮੁਸ਼ਕਲਾਂ: ਆਰਥਿਕ ਸੁਤੰਤਰਤਾ ਦਾ ਅਸਮਾਨ ਵਟਾਂਦਰਾ**

41. ਸੁਧਾਰਾਂ ਦੇ ਸੰਬੰਧ ਵਿੱਚ ਕੁਝ ਅਰਥ-ਸ਼ਾਸ਼ਤਰੀਆਂ ਨੇ ਕਈ ਦਹਾਕੇ ਪਹਿਲਾਂ ਹੀ ਘੋਸ਼ਣਾ ਕਰ ਦਿੱਤੀ ਸੀ। ਜਿਸ ਵਿੱਚੋਂ ਪ੍ਰਮੁੱਖ ਬੀ.ਆਰ ਸ਼ਿਨਾਏ ਸਨ। ਆਰ.ਕੇ ਅਮੀਨ ਤੇ ਪਰਥ ਜੇ. ਸ਼ਾਹ ਦੁਆਰਾ ਸੰਪਾਦਿਤ ਤੇ ਸੇਂਟਰ ਫਾਰ ਸਿਵਿਲ ਸੋਸਾਇਟੀ ਦੁਆਰਾ ਪ੍ਰਕਾਸ਼ਿਤ ਬੀ. ਆਰ ਸ਼ਿਨਾਏ ਦੇ ਲੇਖਾਂ ਦੇ ਸੰਗ੍ਰਿਹ ਦੇ ਦੋ ਭਾਗਾਂ ਨੂੰ ਵੇਖ ਸਕਦੇ ਹਾਂ।

42. ਹੁਸੈਨ ਤੇ ਕਥੂਰੀਆ 2003

43. http://www.trai.gov.in/writereaddata/trai/upload/pressreleases/859/press_release_nov-11.pdf

44. ਸੁਰਜੀਤ ਭੱਲਾ, 2003 ਉਨ੍ਹਾਂ ਗਰੀਬ ਨਹੀਂ, ਉਨ੍ਹਾਂ ਅਸਮਾਨ ਨਹੀਂ ਜਿਨ੍ਹਾਂ ਕਿ ਤੁਸੀਂ ਸੋਚਦੇ ਹੋ। ਪਾਵਰਟੀ, ਇਨਇਕੁਵੈਲਿਟੀ ਐਂਡ ਗ੍ਰੋਥ ਇਨ ਇੰਡੀਆ, 1950-2000 ਭਾਰਤ ਸਰਕਾਰ ਦੇ ਯੋਜਨ ਆਯੋਗ ਦੇ ਇੱਕ ਪ੍ਰੋਜੈਕਟ ਦੀ ਆਖਰੀ ਰਿਪੋਰਟ।

45. ਨੇਚਰਸ ਬਿਗ ਸਪੈਂਡਰਸ: ਇੰਡਿਆਜ਼ ਮਿਡਲ ਕਲਾਸ http://www.mckinsey.com/insights/mgi/in_the_news/Next_big_spenders_Indian_middle_class

46. ਭਾਰਤ ਦੇ ਵੱਖ-ਵੱਖ ਸ਼ਹਿਰਾ ਵਿੱਚ ਪਟੜੀ ਉੱਪਰ ਰੇਹੜੀ ਲਗਾਉਣ ਵਾਲੇ (Street Entrepreneurs) ਲੋਕਾਂ ਨਾਲ ਸੰਬੰਧਤ ਹੋਰ ਮਿਲਦੇ-ਜੁਲਦੇ ਅਧਿਐਨਾਂ ਲਈ ਵੇਖੋ, ਪਰਥ ਜੇ ਸ਼ਾਹ ਤੇ ਨਵੀਨ ਮਾਂਡਵਾਂ ਦੁਆਰਾ ਸੰਪਾਦਿਤ (2005) ਤੇ ਸੈਂਟਰ ਫਾਰ ਸਿਵਿਲ ਸੁਸਾਇਟੀ, ਨਵੀਂ ਦਿੱਲੀ ਦੁਆਰਾ ਪ੍ਰਕਾਸ਼ਿਤ "ਲਾਅ, ਲਿਬਰਟੀ ਐਂਡ ਲਾਈਵਲੀਹੁਡ: ਮੇਕਿੰਗ ਏ ਲਿਵਿੰਗ ਆਨ ਦੀ ਸਟ੍ਰੀਟ"।

47. ਲੇਟ ਵਾਲਮਾਰਟ ਇਨ: ਇੰਡੀਆਜ਼ ਗਵਰਨਮੈਂਟ ਛੁਡ ਫੇਵਰ ਸ਼ਾਪਰਸ, ਨਾਟ ਦੀ ਮਿਡਲ ਮੈਨ ਹੂ ਸਰਵ ਦੈਮ ਸੋ ਪੂਵਰਲੀ" http://www.economist.com/node/21541024.

48. ਵਿਆਪਿਕ ਵਿਆਖਿਆ ਅਤੇ ਆਨਲਾਈਨ ਫਰਿਆਦ 'ਬੈਂਬੂ ਇਜ ਨਾਟ ਏ ਟ੍ਰੀ' ਦੇ ਲਈ ਵੇਖੋ http://jeevika.org/Livelihood-freedom-campaign/advocacy/bamboo.

49. ਫ੍ਰੇਜ਼ਰ ਇੰਨਸਟੀਚਿਊਟ ਕਨੇਡਾ ਦੁਆਰਾ ਪ੍ਰਕਾਸ਼ਿਤ ਆਰਥਿਕ ਸੁਤੰਤਰਤਾ ਨਾਲ ਸੰਬੰਧਿਤ ਵਿਸ਼ਵ ਰਿਪੋਰਟ ਦੇ ਵੱਖ-ਵੱਖ ਸੰਸਕਰਣਾਂ ਲਈ ਵੇਖੋ http://www.freetheworld.com.

**ਬਾਜ਼ਾਰ ਆਧਾਰਿਤ ਅਰਥ-ਵਿਵਸਥਾ ਅਤੇ ਧਨ ਦੀ ਵੰਡ**

50. ਪ੍ਰੋਫੈਸਰ ਮੀਸਸ ਦੇ 'ਗਰੰਡਬਰੋਬਲਮ ਡੇਰ ਨੈਸ਼ਨਲ-ਇਕੋਨਮੀ' ਪੰਨਾ-201-14 ਦਾਸ ਫੇਸਟੈਂਜਲੇਟੇ ਕੈਪੀਟਲ ਦੁਆਰਾ ਵਿਚਾਰਾਂ ਦੇ ਸਹੀ ਸੌਦੇ ਦੇ ਅਨੁਸਰਣ ਨਾਲ ਸੰਬੰਧਿਤ ਤਰਕਾਂ ਦਾ ਪ੍ਰਸਤੁਤ ਪਹਿਲਾਂ ਸਮੁੱਚ। "ਏਪਿਸਟੋਨੋਲਾਜੀਕਲ ਪ੍ਰਾਬਲਮ ਆਫ਼ ਇਕੋਨਾਮਿਕਸ" (ਨਿਊਯਾਰਕ: ਡੀ ਵਾਨ ਨਾਸਤਗਾਂਦ, 1960 ਦਾ ਅੰਗਰੇਜ਼ੀ ਅਨੁਵਾਦ) ਪੰ. 217-31

**ਵਿਸ਼ਵੀਕਰਨ ਦੇ ਦੁਆਰਾ ਮਾਨਵ ਦੀ ਭਲਾਈ**

51. ਦ ਫਾਉਂਡੇਸ਼ਨ ਫ਼ਾਰ ਇਕਨਾਮਿਕ ਐਜੂਕੇਸ਼ਨ। http://www.fee.org